Digitized by Arya Samaj Foundation Chennai and eGangotri

ਪਿੰਡ ਵਿਉਂਤ ਅਤੇ ਸਭਿਆਚਾਰ



ਮਨਜੀਤ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7785

पुस्तकालय
गुरुकुल कांगड़ी विश्वविद्यालय

DONATION

Forwarded free of Cost, and with the Compliments of Deptt of Education, Govt. of India, New Delhi

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਵਿਉਂਤ
ਅਤੇ
ਸਭਿਆਚਾਰ

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਵਿਉਂਤ
ਅਤੇ
ਸਭਿਆਚਾਰ

पुस्तकालय
पुस्तकालय
गुरुकुल कांगड़ी विश्वविद्यालय

7785

DONATION

ਮਨਜੀਤ ਸਿੰਘ

Forwarded free of Cost, and with th
Compliments of Deptt of Education
Govt. of India, New Delhi.

ਵਾਰਿਸਸ਼ਾਹ ਫਾਉਂਡੇਸ਼ਨ
ਅੰਮ੍ਰਿਤਸਰ-143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

PIND VIYONT ATE SABHIYACHAR
(Rural Planning and Culture)

By Manjit Singh M.A., M.C.R.P., M.L. Arch.
Guru Ram Das School of Planning,
G.N.D. University, AMRITSAR—143005

ਪਹਿਲੀ ਵਾਰ : 1991

ਮੁੱਲ : 80 ਰੁਪਏ

ਟਾਈਟਲ : ਵਿਮਲ ਤਿਵਾੜੀ

ਪ੍ਰਕਾਸ਼ਕ :
ਵਾਰਿਸ ਸ਼ਾਹ ਫ਼ਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ,
ਡਾਕ. ਖਾਲਸਾ ਕਾਲਜ
ਅੰਮ੍ਰਿਤਸਰ-143002

ਛਾਪਕ :
ਬ੍ਰਾਈਟ ਪ੍ਰਿੰਟਿੰਗ ਪ੍ਰੈੱਸ,
ਕੋਟ ਮੰਗਲ ਸਿੰਘ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਣ

ਫੁੱਲ ਪੱਤੇ ਸਿਰਜਦੇ ਮਹਿੰਦੀ ਵਾਲੇ ਹੱਥਾਂ ਨੂੰ ।
ਲੋਕ ਗੀਤ ਗੁਣਗੁਣਾਉਂਦੇ ਬੁਲ੍ਹਾਂ ਨੂੰ ।
ਕੁਦਰਤ ਨੂੰ ਕਾਦਰ ਕਹਿੰਦੇ ਵਿਸ਼ਵਾਸਾਂ ਨੂੰ ।
ਸਰਬੱਤ ਦਾ ਭਲਾ ਮੰਗਦੀਆਂ ਸੋਚਾਂ ਨੂੰ ।
ਸਭਿਆਚਾਰ ਦੇ ਜਗਿਆਸੂ ਵਾਰਿਸਾਂ ਨੂੰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਕਤ ਵਿਹਾਜੀ ਦਾਸਤਾਂ

"ਲੋਕ ਹੌਲੀ ਹੌਲੀ ਅੰਤਰਮੁਖੀ ਅਤੇ ਆਪਣੇ ਆਪ ਵਿਚ ਮਸਤ ਰਹਿਣ ਦੀ ਰੁਚੀ ਵੱਲ ਵਧਣ ਲੱਗੇ ਹਨ। ਇੰਜ ਸਮਾਜਿਕ ਮੇਲ ਜੋਲ ਦੀਆਂ ਤੰਦਾਂ ਨੂੰ, ਮਨੁੱਖੀ ਮਨੋਭਾਵਾਂ ਵਿਚ ਨਿੱਘ ਅਤੇ ਖਲੂਸ ਦਾ ਅਹਿਸਾਸ ਜੋ ਜੋੜੀ ਰਖਦੇ ਸਨ, ਘੱਟਣ ਲੱਗੇ। ਜਿਵੇਂ ਜਿਵੇਂ ਇਹ ਘੱਟਣ ਲੱਗਾ, ਗਲੀ ਸ਼ਾਮ ਪੈਂਦੇ ਹੀ ਵਿਰਾਨ ਹੋਣ ਲੱਗੀ, ਲੋਕ ਟੀ. ਵੀ. ਅੱਗੇ ਬੈਠ ਕੇ ਗਲੀ ਗੁਆਂਢ ਦੇ ਦੁੱਖ ਸੁੱਖ ਨਾਲੋਂ, ਬੈਰੂਤ ਦੀ ਤਬਾਹੀ, ਇਰਾਨ-ਇਰਾਕ ਜੰਗ ਬਾਰੇ ਜ਼ਿਆਦਾ ਚਿੰਤਾਤੁਰ ਰਹਿਣ ਲੱਗੇ। ਹੌਲੀ ਹੌਲੀ, ਗਲੀ ਵਿਚ ਪਿੰਡਾਂ ਦੀ ਧੜੇਬੰਦੀ, ਵੱਟਾਂ ਨਾਲ ਵੰਡੇ ਪਿੰਡ ਦੇ ਜ਼ਖ਼ਮ ਦਿਸਣ ਲੱਗੇ, ਜੱਟਾਂ ਦਿਹਾੜੀਦਾਰਾਂ ਦੇ ਉਜਰਤ ਦੇ ਝਗੜੇ, ਨੀਵੀਂ ਪੀੜ੍ਹੀ ਤੇ ਪੁਰਾਣੀ ਦੀ ਖਿੱਚੋਤਾਣ, ਗਲੀ ਵਿਚ ਉਭਰ ਕੇ ਆਉਣ ਲੱਗੀ। ਗਲੀ ਦੀ ਠੰਢਕ ਘਟੀ, ਸ਼ਿੰਗਾਰ ਘਟਿਆ, ਲੋਕਾਂ ਦਾ ਪਿਆਰ ਘਟਿਆ ਅਤੇ ਤਰੱਕੀ ਦੇ ਨਾਂ ਉੱਤੇ ਗਲੀ ਬਾਰ ਬਾਰ ਪੁੱਟੀ ਜਾਣ ਲੱਗੀ। ਇਹ ਬਾਰ ਬਾਰ ਗਲੀ ਦਾ ਪੁੱਟਿਆ ਜਾਣਾ ਸਭਿਆਚਾਰਕ ਵਿਰਸੇ ਦੀ ਕੱਬਰ ਪੁੱਟੇ ਜਾਣ ਦਾ ਪ੍ਰਤੀਕ ਬਣ ਗਿਆ।"

ਇਹ ਮਨਜੀਤ ਸਿੰਘ ਦੀ ਪੁਸਤਕ 'ਪਿੰਡ ਵਿਉਂਤ ਅਤੇ ਸਭਿਆਚਾਰ' ਦੇ ਪੰਨਾ 72 ਦਾ ਇਕ ਚਿੰਤਨ ਵਹਾਅ ਹੈ ਅਤੇ ਇਕ ਚਿੰਤਾ, ਗਿਲਾ ਹੈ। ਉਸ ਨੂੰ ਡਰ ਹੈ ਕਿ ਇਹ ਸਭ ਕੁਝ ਜੇ ਕਰ ਨਾ ਸਮਝਿਆ ਅਤੇ ਨਾ ਪਛਾਣਿਆਂ ਗਿਆ, ਇਹ ਕਦੀ ਇਕ ਸਜ਼ਾ ਨਾ ਬਣ ਜਾਵੇ।

ਮਨਜੀਤ ਸਿੰਘ ਨਾਵਲਕਾਰ ਹੈ। 'ਮਰਜੀਵੜੇ' ਉਸ ਦਾ ਨਾਵਲ ਆਪਣਿਆਂ ਸਮਿਆਂ ਵਿਚ ਵਿਚਾਰਿਆ ਅਤੇ ਪੜ੍ਹਿਆ ਵੀ ਜਾਂਦਾ ਰਿਹਾ ਹੈ ਅਤੇ ਕਿਸੇ ਪੰਜਾਬੀ ਗਲਪਕਾਰ ਦੀ ਵੀਅਤਨਾਮ ਤੇ ਚੜ੍ਹ ਆਏ ਮੁਸ਼ਟੰਡੇ ਮੁਲਖ ਦੇ ਖਿਲਾਫ਼ ਸੂਰਮਿਆਂ ਵਾਂਗ ਜੂਝ ਮਰੇ ਸ਼ੇਰਾਂ ਲਈ, ਸੱਚੀ ਸੁੱਚੀ ਸ਼ਰਧਾਂਜਲੀ ਹੈ। ਮਨਜੀਤ ਸਿੰਘ ਅੰਗਰੇਜ਼ੀ ਵਿਚ ਕਵਿਤਾ ਵੀ ਲਿਖ ਲੈਂਦਾ ਹੈ। ਜੇਕਰ ਔਖੇ ਸੌਖੇ ਉਸ ਦੀ ਕਵਿਤਾ ਤੁਸੀਂ ਸੁਣ ਲਉਗੇ ਤਾਂ ਨਿਰਾਸ਼ ਨਹੀਂ ਹੋਵੋਗੇ, ਪ੍ਰੇਸ਼ਾਨ ਜ਼ਰੂਰ ਹੋ ਸਕਦੇ ਹੋ। ਪ੍ਰੇਸ਼ਾਨ ਤਾਂ ਤੁਹਾਨੂੰ ਉਸ ਨਾਲ ਗੱਲ ਕਰਦਿਆਂ ਸੁਣਦਿਆਂ ਵੀ ਹੋਣਾ ਹੀ ਪਵੇਗਾ। ਸੰਤ ਬਾਬਾ ਖੜਕ ਸਿੰਘ ਵਲੋਂ ਉਸਾਰੇ ਗੁਰਦੁਆਰਿਆਂ ਦੀ ਪਲਾਨਿੰਗ ਬਾਰੇ ਅਧਿਐਨ, ਗੁਰਦੁਆਰਿਆਂ ਦੇ ਦਰਸ਼ਨ ਕਰਕੇ ਤੁਸੀ ਬਾਬਾ ਖੜਕ ਸਿੰਘ ਨੂੰ ਨਤਮਸਤਕ ਤਾਂ ਹੋਵੋਗੇ ਹੀ, ਪਰ ਮਨਜੀਤ ਸਿੰਘ ਨੂੰ ਇਹ ਅਧਿਐਨ ਕਰਨਾ ਕਿਸ ਸਿਖਾ ਦਿੱਤਾ, ਇਕ ਨਿੱਕਾ ਜਿਹਾ ਚਮਤਕਾਰ ਤੁਹਾਨੂੰ ਇਹ ਵੀ ਲੱਗੇਗਾ। ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ 'ਗਲਿਆਰਾ ਯੋਜਨਾ' ਦੀ ਸਰਕਾਰੀ ਸਾਜ਼ਿਸ਼ ਨੂੰ ਅੰਮ੍ਰਿਤਸਰੀਏ ਤਾਂ ਸਾਰੇ ਸਮਝ ਸਕਦੇ ਹਨ, ਪਰ ਮੀਡੀਏ ਦੀਆਂ ਪਾਖੰਡੀ ਚਾਲਾਂ ਨੂੰ ਜੇ ਨੰਗਿਆਂ ਕਰਨਾ ਹੋਵੇ; ਦੁਨੀਆਂ ਸਾਹਮਣੇ, ਇਸ ਨੂੰ ਰਗਾਂ ਤੋਂ ਫੜਨ ਵਾਲਾ ਤਾਂ ਸ਼ਾਇਦ ਮਨਜੀਤ ਸਿੰਘ ਤੋਂ ਬਿਹਤਰ ਕੋਈ ਹੋਰ ਨਾ ਹੋਵੇ। ਅਤੇ ਹੋਰ ਕਈ ਕੁਝ ਹੋਰ, ਜੋ ਮੈਂ ਉਸ ਨਾਲ ਸਾਂਝਾ ਨਹੀਂ ਕਰ ਸਕਿਆ। ਗੱਲ ਦਰਅਸਲ ਉਹੀ ਹੈ, ਜਦੋਂ ਉਹ ਜਲੌ ਵਿਚ ਹੋਵੇ, ਉਸ ਦੀ ਕੋਈ ਗੱਲ ਸਿਰਫ਼ ਵਾਰਤਾ ਨਹੀਂ ਹੁੰਦੀ, ਉਸ ਨੇ ਪਤਾ ਨਹੀਂ ਸਿਰਜਣਾ ਦੀ ਕਿਹੜੀ ਉਹ ਨੁੱਕਰ ਕੁਰੇਂਦੀ ਹੁੰਦੀ ਹੈ ਕਿ ਤੁਸੀਂ ਸੰਬਾਦ ਦੀ ਥਾਂ, ਸਿਰ ਹਿਲਾ ਕੇ, ਦੂਰ ਤੱਕ ਵਿੰਹਦੇ, ਸਿਰਫ 'ਹੂੰ', 'ਹਾਂ' ਹੀ ਕਹਿ ਸਕੋਗੇ।

ਹਵਾ ਤੋਂ ਮਗਰੋਂ, ਪਾਣੀ ਮਨੁੱਖ ਦੀ ਪਹਿਲੀ ਵੱਡੀ ਲੋੜ ਹੈ ਅਤੇ ਇਸ ਲੋੜ ਨੇ ਪਾਣੀ ਦੇ ਸਰੋਤਾਂ ਨੂੰ ਵੱਖ ਵੱਖ ਸਭਿਆਚਾਰਕ ਪ੍ਰਸੰਗਾਂ ਨਾਲ ਜੋੜ ਦਿੱਤਾ ਹੈ। ਇਨ੍ਹਾਂ ਸਭਿਆਚਾਰਕ ਪ੍ਰਸੰਗਾਂ ਨੂੰ ਏਨੇ ਸੌਖੇ ਤਰੀਕੇ ਨਾਲ ਡੀਕੋਡ ਨਹੀਂ ਕੀਤਾ ਜਾ ਸਕਦਾ, ਜਿੰਨਾਂ ਇਸ ਨੂੰ ਮਨਜੀਤ ਸਿੰਘ ਕਹਿਣ ਦੱਸਣ ਦੇ ਸਮਰੱਥ ਹੈ। ਪਾਣੀ ਨਾਲ ਪੰਜਾਬੀ ਸਭਿਆਚਾਰ ਦਾ ਚਲਚਿਤ੍ਰ ਪਤੈ ਕਿਵੇਂ ਬਦਲਦਾ ਹੈ? ਪਹਿਲਾਂ ਪਿੰਡ ਵਿਚ ਪਾਣੀ ਦਾ ਸਰੋਤ ਜਦੋਂ ਸਿਰਫ਼ ਖੂਹ ਹੁੰਦੇ ਸਨ, ਉਦੋਂ ਪੇਂਡੂ ਸਭਿਆਚਾਰ ਦਾ ਬੁਨਿਆਦੀ ਨੁਕਤਾ ਵੀ ਜਿਵੇਂ ਖੂਹ ਹੀ ਹੁੰਦੇ ਸਨ। ਵੱਡੇ ਤੜਕੇ ਤੋਂ ਦੇਰ ਰਾਤ ਤਕ ਬੱਚੇ ਤੋਂ ਬੁੱਢੇ ਤੱਕ, ਸਮੇਤ ਨੱਢੀਆਂ ਅਤੇ ਚੋਬਰਾਂ ਦੇ ਮਿਲਣ ਗਿਲਣ ਦੇ ਸਰੋਕਾਰ ਖੂਹ ਨਾਲ ਜੁੜੀਆਂ ਮਾਨਤਾਵਾਂ ਮੰਨੀਦੀਆਂ ਰਹਿੰਦੀਆਂ ਸਨ। ਬਿੰਦੂ ਤੋਂ ਖਿਲਰ ਕੇ ਜਦੋਂ ਰਾਜਬਾਹੇ ਆ ਗਏ, ਮਿਲਣ ਵਰਤਣ ਦੇ ਸਭਿਆਚਾਰਕ ਰਿਸ਼ਤੇ ਸ਼ਾਮ ਸਵੇਰ ਦੇ ਮੋਹ ਨਾਲੋਂ ਟੁੱਟ ਕੇ ਲਕੀਰ ਬਣ ਗਏ ਅਤੇ ਜਦੋਂ ਘਰਾਂ ਵਿਚ ਟੂਟੀਆਂ ਆ ਗਈਆਂ, ਸਹੂਲਤਾਂ ਆ ਗਈਆਂ ਤਾਂ ਇਹ ਲਕੀਰਾਂ ਵੀ ਖਿੱਲਰ ਗਈਆਂ। ਕੰਧਾਂ ਉੱਚੀਆਂ, ਰਿਸ਼ਤੇ ਸਿਮਟ ਗਏ ਅਤੇ ਹੋਰ ਹੋਰ ਸਿਮਟਦੇ ਜਾ ਰਹੇ ਹਨ। ਇਨ੍ਹਾਂ ਸਹੂਲਤਾਂ ਨੇ ਕੀ ਉਹ ਸੰਗੀਤ ਬਚਿਆ ਰਹਿਣ ਦਿੱਤਾ ਹੈ ਅਤੇ ਕੀ ਹੋਰ ਹੋਰ ਨਿੱਘਾਰ ਨਹੀਂ ਆਉਂਦਾ ਜਾਵੇਗਾ? ਮਨਜੀਤ ਸਿੰਘ ਇਸ ਲੁੱਛਦੀ ਪੰਜਾਬੀ ਮਾਨਸਿਕਤਾ ਨੂੰ ਫਿਲਹਾਲ ਕੋਈ ਜਵਾਬ ਨਹੀਂ ਦੇਵੇਗਾ, ਇਹ ਉਸ ਦੀ ਸਮਰੱਥਾ ਦੀ ਸੀਮਾ ਨਹੀਂ। ਸੀਮਾ ਦੇ ਚੱਕਰ ਤੋਂ ਬਚ ਕੇ, ਉਹ ਹੋਰ ਹੋਰ ਚਿੰਤਾਵਾਂ, ਹੋਰ ਹੋਰ ਚਿੰਤਕਾਂ ਨਾਲ ਬਦੋਬਦੀ ਸਾਂਝੀਆਂ ਕਰੀ ਜਾਵੇਗਾ। ਖੂਹ ਤਾਂ ਖ਼ਤਮ ਹੋਣੇ ਹੀ ਸਨ, ਪਰ ਇਸ ਸਭਿਆਚਾਰਕ ਬਚਾਅ ਦਾ ਕੀ ਉਪਰਾਲਾ ਹੋ ਸਕਦਾ ਹੈ? ਸਹੂਲਤਾਂ ਆਦਮੀ ਨੂੰ ਅੰਤਰਮੁਖੀ ਹੋਂਦ ਦੇ ਸਰਾਪ ਤੋਂ ਕਿਵੇਂ ਬਚਾਅ ਸਕਦੀਆਂ ਹਨ? ਸ਼ਹਿਰ ਤਾਂ ਪਿੰਡਾਂ ਨੂੰ ਹੜੱਪ ਕਰ ਰਿਹਾ ਹੈ, ਪੰਜਾਬ 'ਚ ਪਿੰਡ ਆਪਣੇ ਵਿਰਸੇ ਨੂੰ ਸਕਾਰਥ ਕਰਨ ਦੇ ਕਾਬਲ ਕਿਵੇਂ ਹੋ ਸਕਣਗੇ?

ਕਿਤਾਬਾਂ ਪੜ੍ਹਾਂਗੇ, ਸਾਨੂੰ ਪਿੰਡਾਂ ਅਤੇ ਸ਼ਹਿਰਾਂ ਦੀ ਜ਼ਿੰਦਗੀ ਬਾਰੇ ਸਮਝ ਆਉਣ ਲੱਗੇਗੀ। ਪਰ ਪੰਜਾਬ ਦੇ ਪਿੰਡਾਂ ਅਤੇ ਪੰਜਾਬ ਦੇ ਸ਼ਹਿਰਾਂ ਦੇ ਕੁਝ ਬੁਨਿਆਦੀ ਅੰਤਰ-ਵਿਰੋਧ ਅਸੀਂ ਨਹੀਂ ਜਾਣ ਸਕਾਂਗੇ! ਜਦੋਂ ਤਕ ਕਿਸੇ ਯੂਰਪੀ ਵਿਦਵਾਨ ਦੀ ਖੋਜ ਨੂੰ ਸਮਝ ਕੇ ਅਸੀਂ ਦੁਬਾਰਾ ਪਿੰਡ ਜਾਣ ਦੀ ਕੋਸ਼ਿਸ਼ ਕਰਾਂਗੇ, ਪਿੰਡ ਬਿਲਕੁਲ ਗੁਆਚ ਚੁੱਕਾ ਹੋਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਦੋਂ ਯਾਦ ਆਵੇਗਾ ਤੁਹਾਨੂੰ ਮਨਜੀਤ ਸਿੰਘ । ਹਾਇਆ, ਅਸੀਂ ਉਸ ਤੋਂ ਉਹ ਕੰਮ ਕਿਉਂ ਨਾ ਲੈ ਲਿਆ । ਪਰ ਮਨਜੀਤ ਸਿੰਘ ਏਨਾ ਕੁ ਕੰਮ ਲਿਖ ਚੁੱਕਿਆ ਹੋਵੇਗਾ ਕਿ ਸ਼ਾਇਦ ਅਸੀਂ ਏਨੀ ਨਮੋਸ਼ੀ ਦੇ ਗੇੜ ਵਿਚ ਨਾ ਪਈਏ । ਉਸ ਨੇ ਕੁਝ ਕੰਮ ਕਰ ਦਿੱਤਾ ਹੈ, ਬਹੁਤ ਕਰ ਦੇਵੇਗਾ । ਉਹ ਵਿਉਂਤਕਾਰ ਤਾਂ ਹੈ ਹੀ, ਉਹ ਸ਼ੈਲੀ ਦੇ ਚੱਕਰ ਵਿਚ ਕਿਤੇ ਕਿਤੇ ਇਹ ਸਭ ਕੁਝ ਕਵਿਤਾ ਵੀ ਬਣਾ ਜਾਂਦਾ ਹੈ । ਖੋਜੀ ਲਈ ਇਹ ਸ਼ੈਲੀ ਸ਼ਾਇਦ ਗੁਨਾਹ ਬਣ ਜਾਂਦੀ ਹੋਵੇ । ਪਰ ਉਸ ਲਈ ਇਹ ਗੁਨਾਹ, ਵਰਦਾਨ ਹੋਵੇਗਾ । ਕਿਉਂ ? ਕਿਉਂਕਿ ਸਾਡੇ ਖੋਜੀ ਅਜੇ ਪਿੰਡਾਂ ਤੋਂ ਨੱਕ, ਬੁਲ੍ਹ ਵੱਟਦੇ ਹਨ । ਹਾਂ, ਇਹਨਾਂ ਖੋਜੀਆਂ ਨੂੰ ਇਹੋ ਸਰਾਪ ਹੈ । ਇਸ ਪੁਸਤਕ ਨੇ 'ਪੜ੍ਹਾਕੂ' ਨਹੀਂ, ਪਾਠਕ ਦੇਣੇ ਹਨ । ਪਾਠਕਾਂ ਦੀ ਗਿਣਤੀ ਵਧੇਗੀ ਫੇਰ ਜਦੋਂ ਪਾਠਕਾਂ ਤੋਂ 'ਪੜ੍ਹਾਕੂ' ਬਣੇ ਅਤੇ ਕਾਮਿਆਂ ਤੋਂ ਮੁਕਤ ਹੋਏ, ਮਨਜੀਤ ਸਿੰਘ ਆਪਣੀ ਮਹਿਮਾ ਕਿਸੇ ਵਕਤ ਆਪ ਵੀ ਕਰੇਗਾ ।

ਆਪਣੀ ਵਾਈਸ ਚਾਂਸਲਰੀ ਦੇ ਦੌਰਾਨ ਇਤਿਹਾਸਕਾਰ ਡਾਕਟਰ ਜਗਤਾਰ ਸਿੰਘ ਗਰੇਵਾਲ ਨੇ ਇਕ ਬੜਾ ਵੱਡਾ ਸੁਪਨਾ ਉਲੀਕਿਆ ਸੀ : ਪੰਜਾਬ ਦੇ ਸਭਿਆਚਾਰਕ ਇਤਿਹਾਸ ਦੀਆਂ ਦਸ ਜਿਲਦਾਂ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਦੀਆਂ ਗਿਆਰਾਂ ਜਿਲਦਾਂ ਬਣਾ-ਉਣੀਆਂ ਸਨ । ਪਹਿਲੀ ਮੀਟਿੰਗ ਵਿਚ ਹੀ ਉਨ੍ਹਾਂ ਕਿਹਾ ਸੀ ਕਿ ਤੁਸੀਂ ਕਹਿ ਸਕਦੇ ਹੋ ਕਿ ਮੇਰੇ ਤਿੰਨ ਸਾਲ ਦੇ ਅਰਸੇ ਵਿਚ ਏਨਾ ਕੁਝ ਕੋਈ ਕਿਵੇਂ ਕਰ ਸਕਦਾ ਹੈ, ਸ਼ਾਇਦ ਅਗਲੀ ਟਰਮ ਮੈਨੂੰ ਨਾ ਮਿਲ ਸਕੇ ? ਫੇਰ ? ਜੇਕਰ ਤੁਸੀਂ ਇਸ ਕਰਤੱਵ ਲਈ ਲੋੜੀਂਦੀ ਲਾਇਬਰੇਰੀ ਹੀ ਉਸਾਰ ਲੈਂਦੇ ਹੋ, ਸਬੰਧਤ ਵਿਸ਼ਿਆਂ ਤੇ ਪੰਜ ਪੀ. ਐਚ. ਡੀਆਂ ਅਤੇ ਪੰਝੀ ਐਮ. ਫ਼ਿਲਾਂ ਹੀ ਕਰਵਾ ਲੈਂਦੇ ਹੋ, ਤਾਂ ਅੱਗੋਂ ਜੋ ਲੜੀ ਸ਼ੁਰੂ ਹੁੰਦੀ ਰਹੇਗੀ, ਇਸ ਸੁਪਨੇ ਦਾ ਇਕ ਖ਼ਾਕਾ ਤਾਂ ਬਣ ਹੀ ਜਾਵੇਗਾ, ਬਾਅਦ ਵਿਚ ਰੰਗ ਵੀ ਭਰੀਂਦੇ ਜਾਣਗੇ । ਅਫ਼ਸੋਸ, ਡਾਕਟਰ ਸਾਹਿਬ ਦਾ ਸੁਪਨਾ ਤਾਂ ਪੂਰਾ ਨਾ ਹੋ ਸਕਿਆ, ਪਰ ਉਨ੍ਹਾਂ ਦਾ ਨਾਂ ਲਿਆਂ ਬਿਨਾ ਹੀ ਕਈਆਂ ਨੇ, ਕੁਝ ਨਾ ਕੁਝ ਕਰ ਲਿਆ, ਅਤੇ ਕਈ ਕੁਝ ਨਾ ਕੁਝ ਕਰ ਹੀ ਲੈਣਗੇ ।

ਇਸ ਕਿਸਮ ਦੇ ਮਸਲੇ ਵਿਚ ਮਨਜੀਤ ਸਿੰਘ ਖੁਸ਼ਕਿਸਮਤ ਹੈ, ਉਸ ਕੋਲ ਤਿੰਨ ਸਾਲ ਦੀ ਅਵਧੀ ਨਹੀਂ । ਫਿਲਹਾਲ ਰੋਜ਼ ਰੋਜ਼ ਦੀਆਂ ਕੁਰਸੀਚਾਰੀਆਂ ਵੀ ਉਸ ਲਈ ਬੀਮਾਰੀਆਂ ਨਹੀਂ ਬਣਨਗੀਆਂ । ਜਿਸ ਖ਼ਾਕੇ ਨੂੰ ਬਣਾਉਂਦਿਆਂ ਉਸਨੂੰ ਸਾਲਾਂ ਦੇ ਸਾਲ ਲੱਗ ਗਏ ਹਨ, ਉਸ ਖਾਕੇ ਦਾ ਪਹਿਲਾ ਫ਼ਲ ਤੁਹਾਡੀ ਭੇਟਾ ਹੈ । ਮੈਂ ਮਨਜੀਤ ਸਿੰਘ ਦੀ ਚੰਗੀ ਸਿਹਤ ਦੀ ਦੁਆ ਕਰਦਾ ਹਾਂ ਅਤੇ ਇਸ ਪ੍ਰਾਜੈਕਟ ਨੂੰ ਸਾਰੇ ਪੰਜਾਬੀਆਂ ਨਾਲ ਜਲਦੀ ਹੀ ਸਾਂਝਾ ਕਰਨ ਦੀ ਕਾਮਨਾ ਕਰਦਾ ਹਾਂ ।

ਸ਼ਹਰਯਾਰ
ਭਾਈ ਗੁਰਦਾਸ ਲਾਇਬਰੇਰੀ
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਸ਼ਬਦਾਂ ਦੀ ਸਾਂਝ 7

1. ਪਾਣੀ ਦੇ ਸਰੋਤ ਅਤੇ ਪੰਜਾਬ ਦਾ ਸਭਿਆਚਾਰ 13

(ੳ) ਪਾਣੀ ਦੇ ਰਵਾਇਤੀ ਸਰੋਤ ਅਤੇ ਪੰਜਾਬ ਦਾ ਸਭਿਆਚਾਰ/14

(1) ਦਰਿਆ, ਚੋਅ ਅਤੇ ਬੇਈਆਂ/15

(2) ਛੱਪੜ, ਢਾਬ, ਡਿੱਗੀ / 21

(3) ਖੂਹ ਅਤੇ ਸੋਮੇ / 25

(ਕ) ਸਿੰਜਾਈ ਵਾਲੇ ਖੂਹ / 25

(ਖ) ਪਿੰਡਾਂ ਵਿਚ ਪੀਣ ਵਾਲੇ ਪਾਣੀ ਦੇ ਖੂਹ / 30

(ਅ) ਪਾਣੀ ਦੇ ਆਧੁਨਿਕ ਸਰੋਤਾਂ ਦਾ ਪੰਜਾਬ ਦੇ ਸਭਿਆਚਾਰ ਉੱਤੇ ਪੈ ਰਿਹਾ ਅਸਰ / 34

2. ਪੰਜਾਬੀ ਪਿੰਡਾਂ ਦੀਆਂ ਗਲੀਆਂ : ਸਭਿਆਚਾਰਕ ਅਧਿਐਨ 52

(ੳ) ਗਲੀ ਦਾ ਰੂਪ ਅਤੇ ਆਕਾਰ / 53

(ਅ) ਗਲੀ ਦਾ ਸ਼ਿੰਗਾਰ / 60

(ੲ) ਗਲੀ ਨਾਲ ਜੁੜੀਆਂ ਸਭਿਆਚਾਰਕ ਝਲਕਾਂ / 64

(ਸ) ਗਲੀ ਦੀ ਨੁਹਾਰ ਤੇ ਪੈ ਰਿਹਾ ਪ੍ਰਭਾਵ / 70

3. ਪੰਜਾਬੀ ਪਿੰਡਾਂ ਦੇ ਘਰ : ਸਭਿਆਚਾਰਕ ਅਧਿਐਨ 75

(ੳ) ਪਹੁੰਚ ਰਸਤਾ / 76

(ਅ) ਡਿਉਢੀ / 77

(ੲ) ਵਿਹੜਾ / 80

(ਸ) ਚੌਂਕਾ ਚੁੱਲ੍ਹਾ / 86

Forwarded free of Cost, and with
Compliments of Deptt of Educati
Govt. of India, New Delhi,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਹ) ਸੂਫਾ ਜਾਂ ਬਰਾਂਡਾ / 92
(ਕ) ਕੋਠੜੀਆਂ / 95
(ਖ) ਚੁਬਾਰਾ / 97

4. ਹਵੇਲੀ : ਸਭਿਆਚਾਰਕ ਪਰਿਪੇਖ ਵਿਚ ਇਕ ਅਧਿਐਨ 103
(ੳ) ਹਵੇਲੀ ਦੀ ਸਥਿਤੀ / 104
(ਅ) ਹਵੇਲੀ ਦੇ ਮੁਖ ਅੰਸ਼ / 107
1) ਡੰਗਰਾਂ ਲਈ ਥਾਂ ਤੇ ਕੋਠੇ / 107
2) ਪੱਠੇ ਤੂੜੀ ਲਈ ਥਾਂ /110
3) ਗੋਹੇ ਕੂੜੇ ਲਈ ਥਾਂ / 111
4) ਸੰਦਾਂ, ਮਸ਼ੀਨਾਂ ਖਾਦ ਲਈ ਥਾਂ / 114
5) ਦਾਣੇ ਅਤੇ ਬੀਆਂ ਲਈ ਥਾਂ / 115
6) ਆਏ ਗਏ ਲਈ ਬੈਠਕ / 116

5. ਪੰਜਾਬ ਦੇ ਪਿੰਡਾਂ ਵਿਚ ਸੁਹਜ ਸ਼ਿੰਗਾਰ ਨਾਲ ਜੁੜੇ ਸੰਕਲਪ ਅਤੇ ਪ੍ਰਤੀਕ 122
(ੳ) ਪੰਜਾਬੀ ਸਭਿਆਚਾਰ : ਕੁਦਰਤ ਪਸ਼ੂਆਂ ਅਤੇ ਮਨੁੱਖਾਂ ਦਾ ਤਾਲਮੇਲ / !23
(ਅ) ਪਿੰਡਾਂ ਦੇ ਰੂਪ ਅਤੇ ਬਣਤਰ ਨਾਲ ਜੁੜੇ ਸੰਕਲਪ ਅਤੇ ਪ੍ਰਤੀਕ / 130
(ੲ) ਘਰਾਂ ਨੂੰ ਸ਼ਿੰਗਾਰਨ ਵਿਚ ਪੰਜਾਬਣਾਂ ਦਾ ਯੋਗਦਾਨ / 142
(i) ਇਲਾਕੇ 'ਚ ਬਹੁਲਤਾ ਵਿਚ ਮਿਲਦੇ ਵਸੀਲਿਆਂ ਨਾਲ ਵਸਤਾਂ ਸਿਰਜ ਕੇ / 143
(ii) ਦਾਜ ਨਾਲ ਜੁੜੀਆਂ ਵਸਤਾਂ ਨਾਲ ਘਰ ਨੂੰ ਸ਼ਿੰਗਾਰਨਾ / 145
(iii) ਘਰ, ਚੁੱਲ੍ਹੇ, ਚੌਂਕੇ ਨੂੰ ਲਿੰਬ ਪੋਚ ਕੇ ਸ਼ਿੰਗਾਰਨਾ । / 146

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਬਦਾਂ ਦੀ ਸਾਂਝ

ਪਿੰਡਾਂ ਦੀ ਮਿੱਟੀ ਦਾ ਮੋਹ ਅਤੇ ਪੰਜਾਬੀ ਵਿਚ ਲਿਖਣ ਦੇ ਸ਼ੌਕ ਸਦਕਾ, ਇਹ ਕਿਤਾਬ 'ਪਿੰਡ ਵਿਉਂਤ ਅਤੇ ਸਭਿਆਚਾਰ' ਆਪਣੇ ਪਾਠਕਾਂ ਦੇ ਹੱਥਾਂ ਵਿਚ ਦਿੰਦੇ ਹੋਏ ਇਕ ਪ੍ਰਾਪਤੀ, ਇਕ ਸਕੂਨ ਦਾ ਅਹਿਸਾਸ ਹੋ ਰਿਹਾ ਹੈ। ਸ਼ਾਇਦ ਮੇਰੀ ਮਾਂ-ਬੋਲੀ ਉਡੀਕਦੀ ਪਈ ਸੀ ਕਿ ਉਹਦਾ ਕੋਈ ਪੁੱਤ ਪਿੰਡਾਂ ਦੀ ਉਤਪਤੀ, ਵਿਕਾਸ, ਵਿਉਂਤ ਅਤੇ ਸਭਿਆਚਾਰ ਬਾਰੇ ਤਕਨੀਕੀ ਪੱਖੋਂ ਕੋਈ ਪੁਸਤਕ ਲਿਖੇ। ਇਸ ਪੁਸਤਕ ਨਾਲ, ਮੈਂ ਪੰਜਾਬੀ ਬੋਲੀ ਦੀ ਉਡੀਕ ਦਾ ਹੁੰਗਾਰਾ ਭਰਨ ਦਾ ਨਿਰਮਾਣ ਜਿਹਾ ਯਤਨ ਕੀਤਾ ਹੈ।

ਮਹੱਤਵ

ਪੰਜਾਬ ਦੇ ਪਿੰਡਾਂ ਬਾਰੇ ਭਾਸ਼ਾ ਵਿਭਾਗ ਵਲੋਂ ਕਰਵਾਏ ਸਰਵੇ ਅਤੇ ਕੁਝ ਪਿੰਡਾਂ ਦੀਆਂ ਸਰਵੇਖਣ ਰਿਪੋਰਟਾਂ, ਜਨ ਗਣਨਾ ਵਿਭਾਗ ਵਲੋਂ ਵੀ ਪਿੰਡਾਂ ਦੀਆਂ ਸਰਵੇ ਰਿਪੋਰਟਾਂ ਪ੍ਰਾਪਤ ਹੋਣ ਦੇ ਬਾਵਜੂਦ, ਪਿੰਡ ਨੂੰ ਇਕ ਇਕਾਈ ਮੰਨ ਕੇ ਨਿੱਠ ਕੇ ਕੀਤੇ ਅਧਿਐਨ ਦੀ ਘਾਟ ਰਹੀ ਹੈ। ਕੋਈ ਅਜਿਹਾ ਅਧਿਐਨ, ਜੋ ਪਿੰਡਾਂ ਦੇ ਮਾਹੌਲ, ਸਭਿਆਚਾਰ ਅਤੇ ਬਣਤਰ, ਇਹਨਾਂ ਤਿੰਨਾਂ ਪੱਖਾਂ ਨੇ ਇਕ ਦੂਜੇ ਨੂੰ ਕਿਵੇਂ ਪ੍ਰਭਾਵਿਤ ਕੀਤਾ, ਇਸ ਵਿਉਂਤ ਨੂੰ ਰੂਪਮਾਨ ਕਰੇ ਤਾਂ ਜੋ ਪਿੰਡਾਂ ਦੀ ਵਿਉਂਤ ਅਤੇ ਵਿਕਾਸ ਨੂੰ ਸਚਿਆਰੀਆਂ ਲੀਹਾਂ ਉਤੇ ਪਾਇਆ ਜਾ ਸਕੇ, ਇਹੋ ਜਿਹਾ ਅਧਿਐਨ ਨਾਮ-ਮਾਤਰ ਹੀ ਹੋਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਾਲ ਖੋਜ-ਪ੍ਰਾਜੈਕਟ ਦਾ ਹਿੱਸਾ

ਉਪਰੋਕਤ ਤੱਥ ਨੂੰ ਸਾਹਵੇਂ ਰੱਖ ਕੇ ਲੇਖਕ ਨੇ ਅਜ ਤੋਂ ਕੋਈ ਚਾਰ ਸਾਲ ਪਹਿਲਾਂ ਇਕ ਵਿਸ਼ਾਲ ਖੋਜ-ਪ੍ਰਾਜੈਕਟ ਦਾ ਖਾਕਾ ਤਿਆਰ ਕਰਕੇ ਅਜਿਹੇ ਖੋਜ-ਪ੍ਰਾਜੈਕਟ ਲਈ ਬਾਕੀ ਉਮਰ ਲੇਖੇ ਲਾਉਣ ਦਾ ਸੰਕਲਪ ਲਿਆ। ਪੰਜਾਬ ਦੇ ਪਿੰਡਾਂ ਦੇ ਅਜਿਹੇ ਖੋਜ-ਪ੍ਰਾਜੈਕਟ ਨੂੰ ਮੁੱਖ ਤੌਰ ਉਤੇ ਚਾਰ ਭਾਗਾਂ (1) ਪਿਛੋਕੜ (2) ਬਦਲਦੀ ਨੁਹਾਰ (3) ਅਸਰ ਅਤੇ ਨਤੀਜੇ ਅਤੇ (4) ਕੀ ਕਰਨਾ ਲੋੜੀਏ, ਵਿਚ ਵੰਡ ਕੇ ਹਰ ਭਾਗ ਦਾ ਹੇਠ ਲਿਖੇ ਅਨੁਸਾਰ ਅਗੋਂ ਵੱਖੋ ਵੱਖਰੇ ਕਾਂਡਾ ਦਾ ਵੇਰਵਾ ਵਿਉਂਤਿਆ ਗਿਆ :

ਭਾਗ (ੳ) ਪਿਛੋਕੜ

1. ਪੇਂਡੂ ਸਭਿਆਚਾਰ, ਕੁਦਰਤ, ਪਸ਼ੂਆਂ ਅਤੇ ਮਨੁੱਖਾਂ ਦਾ ਤਾਲਮੇਲ
2, ਪਾਣੀ ਦੇ ਸਰੋਤ ਅਤੇ ਪੰਜਾਬ ਦਾ ਸਭਿਆਚਾਰ
3. ਪੰਜਾਬੀ ਪਿੰਡਾਂ ਦੀਆਂ ਗਲੀਆਂ : ਇਕ ਸਭਿਆਚਾਰਕ ਅਧਿਐਨ
4, ਆਵਾਜਾਈ ਅਤੇ ਢੋਆ ਢੁਆਈ ਦੇ ਰਵਾਇਤੀ ਵਸੀਲੇ ਤੇ ਪੰਜਾਬੀ ਸਭਿਆਚਾਰ
5. ਪੇਂਡੂ ਘਰ : ਸਭਿਆਚਾਰਕ ਅਧਿਐਨ
6, ਹਵੇਲੀ : ਸਭਿਆਚਾਰਕ ਪਰਿਪੇਖ ਵਿਚ ਇਕ ਅਧਿਐਨ
7, ਪੰਜਾਬ ਦੇ ਪਿੰਡਾਂ ਵਿਚ ਸੁਹਜ ਸ਼ਿੰਗਾਰ ਨਾਲ ਜੁੜੇ ਸੰਕਲਪ ਅਤੇ ਪ੍ਰਤੀਕ
8. ਖੁਲ੍ਹੇ ਥਾਂ : ਸਮਾਜਕ ਮੇਲਜੋਲ ਦੇ ਬਿੰਦੂ
9, ਖੇਤੀਬਾੜੀ ਅਤੇ ਪੇਂਡੂ ਸਭਿਅਚਾਰ
10, ਪੰਜਾਬੀ ਸਭਿਆਚਾਰ ਵਿਚ ਵਿਆਹ
11, ਮੇਲੇ ਤੇ ਮਨ ਪਰਚਾਵੇ
12, ਘਰਾਂ ਦੀ ਵਿਉਂਤ ਅਤੇ ਤਰਤੀਬ
13, ਪਿੰਡਾਂ ਦੀ ਵਿਉਂਤ ਦੀਆਂ ਮੁੱਢ ਕਦੀਮੀ ਜੜ੍ਹਾਂ
14. ਭਵਨ ਨਿਰਮਾਣ ਕਲਾ ਦੀਆਂ ਰਵਾਇਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਗ (ਅ) ਬਦਲਦੀ ਨੁਹਾਰ

15.	ਪਿੰਡਾਂ ਉਤੇ ਸ਼ਹਿਰੀਕਰਣ ਅਤੇ ਸਨਅਤੀਕਰਣ ਦਾ ਪ੍ਰਭਾਵ	ਬਦਲ ਰਹੇ ਪੱਖ Changing Aspects	ਪਰਿਪੇਖ Context
16.	ਆਵਾਜਾਈ ਦੇ ਸਾਧਨਾਂ 'ਚ ਬਦਲੀ ਦਾ ਅਸਰ	ਊਰਜਾ Energy	ਮਨੁੱਖੀ ਆਬਾਦੀਆਂ Settlements
17.	ਬਦਲ ਰਹੇ ਮਾਪ ਦੰਡ : ਮੇਲੇ, ਮਨਪਰਚਾਵੇ, ਵਿਆਹ ਅਤੇ ਰਿਸ਼ਤੇਦਾਰੀਆਂ	ਵਿਦਿਆ Education	ਭਵਨ Structures
18.	ਸਰਕਾਰੀ, ਨੀਮ ਸਰਕਾਰੀ ਸਕੀਮਾਂ ਅਤੇ ਪ੍ਰੋਗਰਾਮਾਂ ਦੀਆਂ ਪ੍ਰਾਪਤੀਆਂ	ਧੰਦੇ Employment	ਗਲੀਆਂ Streets
19.	ਰਾਸ਼ਟਰੀ ਅਤੇ ਅੰਤਰਰਾਸ਼ਟਰੀ ਲਹਿਰਾਂ ਦਾ ਪਿੰਡਾਂ ਉਤੇ ਪ੍ਰਭਾਵ	ਆਰਥਿਕਤਾ Economy	ਖੁੱਲ੍ਹੇ ਥਾਂ ਅਤੇ ਚੌਂਕ Squares & Spaces
20.	ਖੇਤੀਬਾੜੀ ਦੀ ਬਦਲਦੀ ਨੁਹਾਰ : ਊਰਜਾ, ਫ਼ਸਲਾਂ, ਧੰਦੇ, ਮਸ਼ੀਨੀਕਰਨ	ਪ੍ਰਾਣੀ ਲੋਕ ਦੇ ਰਿਸ਼ਤੇ / Ecology	ਸਮਾਜਿਕ ਰਿਸ਼ਤੇ Social Relations
21.	ਪੰਚਾਇਤਾਂ ਤੇ ਹੋਰ ਸੰਸਥਾਵਾਂ	ਮਾਹੌਲ Enviorns	ਪ੍ਰਤੀਕ Symbols

ਭਾਗ (ੲ) ਅਸਰ ਅਤੇ ਨਤੀਜੇ

22. ਕੀ ਸਭਿਆਚਾਰਕ ਵਿਰਸਾ ਗਰਕ ਹੋ ਰਿਹਾ ਹੈ ?
23. ਕੀ ਰਵਾਇਤੀ ਧੰਦੇ ਠੱਪ ਹੋ ਰਹੇ ਹਨ ?
24. ਕੀ ਸਮਾਜਿਕ ਰਿਸ਼ਤੇ ਕਾਗਜ਼ੀ ਹੋ ਰਹੇ ਹਨ ?
25. ਪਿੰਡਾਂ ਅਤੇ ਘਰਾਂ ਵਿਚ ਬਨਾਉਟੀਪਨ ਤਾਂ ਨਹੀਂ ਆ ਰਿਹਾ ?
26. ਕੀ ਪਿੰਡ ਦਾ ਮਾਹੌਲ ਜ਼ਹਿਰੀਲਾ ਹੋ ਰਿਹਾ ਹੈ ?
27. ਕੀ ਪਿੰਡ ਇਕ ਇਕਾਈ ਵਜੋਂ ਟੁੱਟ ਤੇ ਨਹੀਂ ਰਿਹਾ ?
28. ਕੀ ਅਜੇ ਵੀ ਪੰਚਾਂ ਵਿਚ ਪਰਮੇਸ਼ਰ ਵਸਦਾ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਗ (ਸ) ਕੀ ਕਰਨਾ ਲੋੜੀਏ

		ਕੀ ਕੀ ਕਰਨਾ ਹੈ	ਕਿਥੇ ਕਰਨਾ ਹੈ ਥਾਂ ਥਿੱਪ	ਕਿਵੇਂ ਕਰਨਾ ਹੈ ਵਿਧੀ	ਕੌਣ ਕਰੇ ਜ਼ੁਮੇਂਵਾਰੀ
29.	ਸਮਾਜਿਕ ਵਿਰਸੇ ਦੀ ਸੰਭਾਲ				
30.	ਪਿੰਡਾਂ ਦੇ ਮਾਹੌਲ; ਪੌਣ ਪਾਣੀ ਦੀ ਸੰਭਾਲ				
3'.	ਠੋਸ ਆਰਥਿਕ ਆਧਾਰ				
32.	ਮੇਲ ਜੋਲ ਵਧਾਉਣ ਦੇ ਯਤਨ				
33.	ਸੰਸਥਾਵਾਂ ਦਾ ਪੁਨਰ ਸੁਰਜੀਤੀ ਕਰਨ				
34.	ਆਦਰਸ਼ ਘਰਾਂ ਅਤੇ ਪਿੰਡਾਂ ਲਈ ਵਿਉਂਤ				
35.	ਸਰਬੰਗੀ ਵਿਕਾਸ ਅਤੇ ਵਿਉਂਤ ਲਈ ਉੱਦਮ				

ਇਸ ਸਾਰੇ ਖੋਜ-ਪ੍ਰਾਜੈਕਟ ਵਿਚ ਪਿੰਡਾਂ ਦੀਆਂ ਇਮਾਰਤਾਂ, ਮਾਹੌਲ ਅਤੇ ਸਭਿਆਚਾਰ, ਇਹਨਾਂ ਤਿੰਨਾਂ ਪੱਖਾਂ ਨੇ ਇਕ ਦੂਜੇ ਨੂੰ ਕਿਵੇਂ ਪ੍ਰਭਾਵਿਤ ਕੀਤਾ ? ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹੋਏ ਆਪਣੇ ਰੂਪ, ਆਕਾਰ, ਤੱਤਾਂ, ਤੱਥਾਂ ਨੂੰ ਇਕ ਦੂਸਰੇ ਮੁਤਾਬਿਕ ਕਿਵੇਂ ਢਾਲਿਆ ? ਇਸੇ ਕੇਂਦਰੀ ਨੁਕਤੇ ਦੁਆਲੇ ਸਾਰੀ ਖੋਜ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇੰਜ ਕਰਦੇ ਹੋਏ ਕਿਆਸ ਕੀਤਾ ਜਾ ਸਕਦਾ ਹੈ ਕਿ ਉਪਰ ਦਿੱਤੇ ਗਏ 35 ਕਾਂਡ ਜਦ ਪੂਰੇ ਹੋਏ ਤਾਂ ਇਹ ਅੱਠ ਤੋਂ ਦਸ ਕਿਤਾਬਾਂ ਵਿਚ ਸਮੋ ਸਕਣਗੇ।

ਇਸ ਹੱਥ ਵਿਚਲੀ ਕਿਤਾਬ ਵਿਚ ਭਾਗ (ੳ) ਪਿਛੋਕੜ, ਵਿਚੋਂ ਪੰਜ ਕਾਂਡਾਂ ਨੂੰ ਪ੍ਰਕਾਸ਼ਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਪੰਜੇ ਲੇਖ ਵੱਖੋ ਵੱਖਰੇ ਸੈਮੀਨਾਰਾਂ ਜਾਂ ਕਾਨਫ਼੍ਰੰਸਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਪੇਸ਼ ਕੀਤੇ ਜਾ ਚੁੱਕੇ ਹਨ। ਇਹ ਲੇਖ ਜੋ ਸੈਮੀਨਾਰਾਂ ਦੇ ਪੇਪਰਾਂ ਦਾ ਸੋਧਿਆ ਰੂਪ ਹਨ ਅਤੇ ਜੋ ਪਿੰਡਾਂ ਦੀ ਵਿਉਂਤ ਨੂੰ ਸਭਿਆਚਾਰਕ ਪੱਖੋਂ ਸਮਝਣ ਦੇ ਨਾਲ ਪਿੰਡਾਂ ਦੇ ਸਭਿਆਚਾਰ ਨੂੰ, ਪਿੰਡ ਦੀ ਵਿਉਂਤ ਅਤੇ ਵਿਕਾਸ ਦੇ ਨਾਲ ਨਾਲ ਸਮਝਣ ਵਿਚ ਸਹਾਈ ਹੋਣਗੇ। ਇਸ ਲਈ ਵੀ ਇਹਨਾਂ ਨੂੰ ਪ੍ਰਕਾਸ਼ਨ ਲਈ ਚੁਣਿਆ ਗਿਆ ਹੈ ਕਿ ਪਿੰਡ ਵਿਉਂਤ ਅਤੇ ਸਭਿਆਚਾਰ ਨੂੰ ਇਕ ਦੂਸਰੇ ਦੇ ਪਰਿਪੇਖ ਵਿਚ ਸਮਝਣ ਲਈ ਪੰਜਾਬੀ ਵਿਚ ਸ਼ਾਇਦ ਇਹ ਪਹਿਲਾ ਕਦਮ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੇਤਰ ਦੀ ਸੀਮਾ ਨਿਰਧਾਰਣ

ਉਤੇ ਦਿੱਤੇ ਗਏ ਸਾਰੇ ਖੋਜ-ਪ੍ਰਾਜੈਕਟ ਦੀ ਸੀਮਾ ਨਿਰਧਾਰਣ, ਇਲਾਕਾਈ ਪ੍ਰਸੰਗ ਵਿਚ ਅੱਜ ਦੇ ਅਜੋਕੇ ਪੰਜਾਬ ਦਾ ਇਲਾਕਾ ਤਾਂ ਹੈ ਹੀ ਪਰ ਜਿਵੇਂ ਸਮੇਂ ਮੁਤਾਬਿਕ ਤੱਥਾਂ ਨੂੰ ਫੋਲਣ ਲਈ ਪਿੱਛੇ ਜਾਣ ਦੀ ਲੋੜ ਪਈ ਹੈ, ਪੰਜਾਬ ਦੀਆਂ ਹੱਦਾਂ ਹੋਰ ਵਿਸਤਰਿਤ ਅਤੇ ਹੋਰ ਵਿਸ਼ਾਲ ਹੁੰਦੀਆਂ ਚਲੀਆਂ ਜਾਂਦੀਆਂ ਹਨ। ਪਰ ਮੁੱਖ ਤੌਰ ਉਤੇ ਅਜ ਦੇ ਪੰਜਾਬ ਦੇ 12188 ਪਿੰਡਾਂ ਦਾ ਜੋ ਵੀ ਖੇਤਰਫ਼ਲ ਨਿਰਧਾਰਤ ਹੁੰਦਾ ਹੈ ਉਸੇ ਨੂੰ ਇਸ ਲੇਖ ਲੜੀ ਦਾ ਆਧਾਰ ਬਣਾਉਣ ਦਾ ਯਤਨ ਕੀਤਾ ਗਿਆ ਹੈ।

ਸਮੇਂ ਦੀ ਹੱਦਬੰਦੀ

ਸਮੇਂ ਬਾਰੇ ਇਹੀ ਨਿਰਣਾ ਕੀਤਾ ਗਿਆ ਕਿ ਜੇ ਕਿਤੇ ਬਹੁਤ ਹੀ ਜ਼ਰੂਰੀ ਨਹੀਂ ਤਾਂ ਸਮਾਂ ਪਿਛਲੇ ਸਤ ਦਹਾਕਿਆਂ ਤਕ ਸੀਮਿਤ ਰਹੇਗਾ। ਸੰਕਲਪਾਂ, ਅਸੂਲਾਂ, ਰਵਾਇਤਾਂ ਦੇ ਮੂਲ ਰੂਪ ਨੂੰ ਲੱਭਣ ਲਈ ਕਿਤੇ ਕਿਤੇ ਵੈਦਿਕ ਕਾਲ ਤਕ ਵੀ ਪੜਚੋਲਵੀਂ ਨਿਗਾਹ ਮਾਰੀ ਗਈ ਹੈ, ਪਰ ਮੁੱਖ ਤੌਰ 'ਤੇ ਪਿਛਲੇ ਸਤ ਕੁ ਦਹਾਕਿਆਂ ਵਿਚ ਪੰਜਾਬ ਦੇ ਪਿੰਡਾਂ ਵਿਚ ਕੀ ਕੀ ਤਬਦੀਲੀ ਆਈ? ਕਿੰਜ ਉਹਨਾਂ ਦੀ ਨੁਹਾਰ ਬਦਲੀ? ਇਸ ਬਦਲਦੀ ਨੁਹਾਰ ਦਾ ਕਿੱਥੇ, ਕਿੰਨਾ ਅਤੇ ਕਿਵੇਂ ਦਾ ਅਸਰ ਹੋਇਆ? ਆਦਿ ਤੱਥਾਂ ਨੂੰ ਖੋਜ ਦਾ ਵਿਸ਼ਾ ਵਸਤੂ ਬਣਾਇਆ ਗਿਆ ਹੈ।

ਅਧਿਐਨ ਵਿਧੀ

ਇਹਨਾਂ ਲੇਖਾਂ ਨੂੰ ਲਿਖਦੇ ਹੋਏ ਲੇਖਕ ਨੇ ਅਚੇਤ ਅਤੇ ਸੁਚੇਤ ਪੰਜਾਬ ਦੇ ਪਿੰਡਾਂ ਵਿਚ ਫਿਰਦੇ ਜੋ ਪ੍ਰਭਾਵ ਕਬੂਲ ਕੀਤੇ, ਜੋ ਕੁਝ ਅਖ਼ਬਾਰਾਂ, ਧਾਰਮਿਕ ਸਾਹਿਤ, ਰਸਾਲਿਆਂ ਜਾਂ ਕਿਤਾਬਾਂ ਪੜ੍ਹਨ ਉਤੇ ਮਹਿਸੂਸ ਕੀਤਾ, ਗੁਰੂ ਰਾਮਦਾਸ ਸਕੂਲ ਆਫ਼ ਪਲਾਨਿੰਗ ਵਿਚ ਪਿੰਡਾਂ ਨੂੰ ਵਿਉਂਤਣ ਬਾਰੇ ਜਿੰਨਾ ਕੁ ਸਾਹਿਤ ਮਿਲਿਆ, ਪੰਜਾਬ ਦੇ ਪਿੰਡਾਂ ਬਾਰੇ ਜਨਗਣਨਾ ਦੇ ਜੋ ਅੰਕੜੇ ਪਿਛਲੇ ਦਹਾਕਿਆਂ ਤੋਂ ਮਿਲਦੇ ਹਨ, ਆਦਿ ਸਰੋਤਾਂ ਦੇ ਆਧਾਰ ਉਤੇ ਇਸ ਖੋਜ-ਪ੍ਰਾਜੈਕਟ ਨੂੰ ਆਧਾਰਿਤ ਕਰਨ ਦਾ ਯਤਨ ਕੀਤਾ ਗਿਆ ਹੈ। ਭਾਵ ਸਿੱਧੇ ਤੌਰ 'ਤੇ ਕੋਈ ਵੀ ਅੰਕੜਾ ਇਕੱਠਾ ਨਹੀਂ ਕੀਤਾ ਗਿਆ ਜੋ ਕੁਝ ਸਾਮਗਰੀ ਵੱਖੋ ਵੱਖਰੇ ਵਿਭਾਗਾਂ ਨੇ ਇਕੱਠੀ ਕੀਤੀ ਉਸੇ ਸਾਮਗਰੀ ਨੂੰ ਆਪਣੇ ਪਰਿਪੇਖ ਵਿਚ ਵਰਤਣ ਦਾ ਯਤਨ ਕੀਤਾ ਹੈ।

ਇਸ ਕਿਤਾਬ ਦੇ ਅੰਤ ਉਤੇ ਨਤੀਜੇ ਅਤੇ ਸਿੱਟੇ ਨਹੀ ਕੱਢੇ ਗਏ। ਕਾਰਣ ਸਪਸ਼ਟ ਹੈ ਇਹ ਕਿਤਾਬ ਜਿਵੇਂ ਪਹਿਲਾਂ ਕਿਹਾ ਜਾ ਚੁੱਕਾ ਹੈ ਇਕ ਵਿਸ਼ਾਲ ਖੋਜ-ਪ੍ਰਾਜੈਕਟ ਦਾ ਹਿੱਸਾ ਹੈ ਅਤੇ ਇਸ ਖੋਜ-ਪ੍ਰਾਜੈਕਟ ਉਤੇ ,ਜੇਕਰ ਪਾਠਕ ਇਕ ਨਜ਼ਰ ਮਾਰਨ ਤਾਂ ਉਹ ਪਾਉਣਗੇ ਕਿ ਭਾਗ (ੲ) ਵਿਚ ਜਦੋਂ ਪਹਿਲੇ 21 ਕਾਂਡ ਪੂਰੇ ਹੋਣਗੇ ਤਾਂ ਹੀ ਸਿੱਟੇ ਨਿਕਲ ਕੇ ਸਾਹਮਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆ ਸਕਣਗੇ । ਇਹਨਾਂ ਲੇਖਾਂ ਵਿਚ ਕਿਤੇ ਕਿਤੇ ਨਾਵਲ ਵਰਗਾ ਰੁਮਾਂਸ ਹੈ, ਉਹ ਪੰਜਾਬੀ ਜੀਵਨ ਅਤੇ ਪੰਜਾਬੀ ਸਭਿਆਚਾਰ ਦੀ ਚਿੱਤਰਕਾਰੀ ਹੈ । ਇਹਨਾਂ ਲੇਖਾਂ ਵਿਚ ਕਿਤੇ ਕਿਤੇ ਕਾਵਿ-ਮਈ ਸਰੋਦੀ ਸੁਰ ਹੈ, ਉਹ ਪੰਜ ਦਰਿਆਵਾਂ ਦੀਆਂ ਲਹਿਰਾਂ ਦਾ ਨਾਚ ਹੈ । ਕਿਤੇ ਕਿਤੇ ਇਹ ਲੇਖ ਤਕਨੀਕੀ ਅਤੇ ਖੁਸ਼ਕ ਹੋ ਗਏ ਹਨ ਇਹ ਸ਼ਾਇਦ ਜ਼ਿੰਦਗੀ ਦੇ ਉਹ ਗੂੜ੍ਹੇ ਅਰਥ ਹਨ ਜੋ ਹੋਰ ਪੜਚੋਲ, ਹੋਰ ਅਧਿਐਨ ਦੀ ਮੰਗ ਕਰਦੇ ਹਨ । ਜੇਕਰ ਇਹ ਕਿਤਾਬ ਪਾਠਕਾਂ ਨੂੰ ਪੰਜਾਬੀ ਪਿੰਡਾਂ ਦੀ ਵਿਉਂਤ ਨਾਲ ਜੁੜੀਆਂ ਰਮਜ਼ਾਂ ਨੂੰ ਸਮਝਣ ਲਈ ਹੋਰ ਪੜਚੋਲ, ਹੋਰ ਅਧਿਐਨ ਲਈ ਪ੍ਰੇਰ ਸਕੇ ਤਾਂ ਲੇਖਕ ਸਮਝੇਗਾ ਕਿ ਉਹਦਾ ਯਤਨ ਸਕਾਰਥ ਹੋਇਆ ਹੈ ।

ਮੈਂ ਆਪਣੇ ਸੁਹਿਰਦ ਪਾਠਕਾਂ ਤੋਂ ਬੜੀ ਉਮੀਦ ਨਾਲ ਇਸ ਗੱਲ ਦੀ ਉਡੀਕ ਕਰਾਂਗਾ ਕਿ ਉਹ ਆਪਣੇ ਪ੍ਰਤਿਕਰਮ ਬਾਰੇ ਲਿਖਣ ਕਿ ਉਹਨਾਂ ਨੂੰ ਇਸ ਕਿਤਾਬ ਦਾ ਕੀ ਮਾੜਾ ਲੱਗਾ ਹੈ । ਇਹ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਪਾਠਕਾਂ ਦਾ ਪ੍ਰਤਿਕਰਮ ਨਾ ਸਿਰਫ਼ ਇਸ ਕਿਤਾਬ ਦੀ ਸੁਧਾਈ ਵਿਚ ਸਹਾਈ ਹੋਵੇਗਾ, ਸਗੋਂ ਇਹ ਵੀ ਹੋ ਸਕਦਾ ਹੈ ਕਿ ਤੁਹਾਡੇ ਪ੍ਰਤਿਕਰਮ ਨਾਲ ਸਾਰੇ ਖੋਜ-ਪ੍ਰਬੰਧ ਦੀ ਰੂਪ ਰੇਖਾ ਹੀ ਬਦਲ ਜਾਵੇ । ਤੁਹਾਡੇ ਹੁੰਗਾਰੇ ਦੀ ਉਡੀਕ ਰਹੇਗੀ ।

ਮਨਜੀਤ ਸਿੰਘ
21 ਨਵੰਬਰ, 1990 ਰੀਡਰ
ਗੁਰੂ ਰਾਮਦਾਸ ਸਕੂਲ ਆਫ਼ ਪਲੈਨਿੰਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਣੀ ਦੇ ਸਰੋਤ ਅਤੇ ਪੰਜਾਬ ਦਾ ਸਭਿਆਚਾਰ

ਪਾਣੀ ਜੀਵਨ, ਸੁੱਚ, ਸਫ਼ਾਈ, ਉਤਪਾਦਨ ਅਤੇ ਜੀਵਾਂ ਲਈ ਮੁੱਢਲੀ ਲੋੜ ਹੈ। ਸ਼ਾਂਤ ਰਮਣੀਕ ਪਾਣੀ ਦੇ ਸਰੋਤਾਂ ਕੰਢੇ, ਸੰਤਾਂ ਮਹਾਤਮਾ ਰਿਸ਼ੀਆਂ ਮੁਨੀਆਂ ਤਪ ਕੀਤੇ, ਵੇਦ ਰਚੇ। ਪਿੰਡਾਂ ਕਸਬਿਆਂ ਅਤੇ ਸ਼ਹਿਰਾਂ ਦਾ ਵਿਕਾਸ ਹੋਇਆ। ਨਹਿਰਾਂ ਬੰਬੀਆਂ ਦੇ ਜਾਲ ਨਾਲ ਹਰੀ ਕਰਾਂਤੀ ਦਾ ਸੁਪਨਾ ਹਕੀਕਤ ਬਣਿਆ। ਪਾਣੀ ਨਾਲ ਬੇੜੀਆਂ ਪੱਤਣ ਮਲਾਹ ਅਤੇ ਘਾਟਾਂ ਉਤੇ ਇਸ਼ਨਾਨ, ਧਾਰਮਿਕ ਸ਼ਹਿਰਾਂ ਅਤੇ ਇਮਾਰਤਾਂ ਦਾ ਸਭਿਆਚਾਰ ਜੁੜਿਆ ਹੈ। ਖੂਹਾਂ ਬਾਉਲੀਆਂ ਤਲਾਬਾਂ ਸਰੋਵਰਾਂ ਦੇ ਰੂਪ ਵਿਚ ਪਾਣੀ ਇਕ ਕੇਂਦਰੀ ਬਿੰਦੂ ਹੁੰਦਾ; ਜਿਹਦੇ ਚਾਰ ਚੁਫੇਰੇ ਜੀਵਨ ਦਾ ਨਿਤਨੇਮ ਅਤੇ ਧੰਦੇ ਚਲਦੇ ; ਸੁੱਚ ਸਫਾਈ ਅਤੇ ਪੈਦਾਵਾਰ ਦਾ ਪ੍ਰਤੀਕ ਹੋਣ ਕਰਕੇ ਪਾਣੀ ਦੇ ਸਰੋਤਾਂ ਦੀ ਪੂਜਾ ਕੀਤੀ ਜਾਂਦੀ; ਦੀਵਾਲੀ ਨੂੰ ਪਾਣੀ ਕੰਢੇ ਦੀਵੇ ਬਾਲੇ ਜਾਂਦੇ, ਮੇਲੇ ਮੱਸਿਆ ਗ੍ਰਹਿਣ ਸਮੇਂ ਪਾਣੀ 'ਚ ਇਸ਼ਨਾਨ ਨੂੰ ਮਹਾਤਮ ਦਿੱਤਾ ਜਾਂਦਾ ਹੈ। ਪੰਜ ਦਰਿਆਵਾਂ ਦੀ ਧਰਤੀ ਪੰਜ-ਆਬ ਦਾ ਨਾਮਕਰਣ ਪੰਜਾਬ, ਇਥੋਂ ਦੇ ਸਭਿਆਚਾਰ ਵਿਚ ਪਾਣੀ ਦੀ ਮਹੱਤਤਾ ਨੂੰ ਦਰਸਾਉਂਦਾ ਹੈ।

ਮਨੁੱਖੀ ਸਭਿਅਤਾ ਦੇ ਵਿਕਾਸ ਵਿਚ ਪਾਣੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ"[1], "ਜਲਤੇ ਤ੍ਰਿਭਵਣ ਸਾਜਿਆ"[2], "ਜਲਿ ਥਲਿ ਮਹੀਅਲਿ ਸੋਇ"[3], "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ"[4], ਆਦਿ ਗੁਰਬਾਣੀ ਦੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਨੇ ਸਾਰੀ ਧਰਤੀ ਦੀ ਉਤਪਤੀ ਅਤੇ ਵਿਕਾਸ ਵਿਚ ਪਾਣੀ ਦੇ ਯੋਗ ਦਾ ਉਲੇਖ ਕੀਤਾ ਹੈ। ਪੰਜਾਬ ਵਿਚ ਪਾਣੀ/ਬਾਰਿਸ਼ ਦੇ ਦੇਵਤੇ ਨੂੰ ਇੰਦਰ ਦੇਵਤਾ ਕਹਿ ਕੇ ਸਨਮਾਨਿਆ ਜਾਂਦਾ ਹੈ। ਖੇਤੀ ਪ੍ਰਧਾਨ ਇਲਾਕਾ ਹੋਣ ਕਰਕੇ ਸੋਕੇ ਦੇ ਦਿਨਾਂ ਵਿਚ ਬੱਚਿਆਂ ਦੇ ਮਾਸੂਮ ਦਿਲਾਂ ਵਿਚੋਂ ਇਕ ਅਰਜ਼ ਉੱਠਦੀ ਹੈ, "ਰੱਬਾ ਰੱਬਾ ਮੀਂਹ ਵਸਾ, ਸਾਡੀ ਕੋਠੀ ਦਾਣੇ ਪਾ" ਕਿਤੇ ਕਿਤੇ "ਅੱਲਾ ਮੇਘ ਦੇ, ਮੌਲਾ ਮੇਘ ਦੇ" ਦੀ ਮੰਗ ਵੀ ਕੀਤੀ ਜਾਂਦੀ ਹੈ। ਮੀਂਹ ਨਾਲ ਪੰਜਾਬ ਦੀ ਆਰਥਿਕਤਾ ਏਨੀ ਪ੍ਰਭਾਵਿਤ ਹੈ ਕਿ ਪੰਜਾਬ ਦੀ ਖੇਤੀ ਬਾਰਿਸ਼/ਮੌਨਸੂਨ ਨਾਲ ਜੂਆ ਸਮਝੀ ਜਾਂਦੀ ਹੈ।[5] ਪੰਜਾਬ ਦੇ ਰਹਿਣ ਸਹਿਣ ਵਿਚ ਜਿਨ੍ਹਾਂ ਇਲਾਕਿਆਂ ਵਿਚ ਪਾਣੀ ਦੇ ਸਰੋਤ ਘਟ ਹੁੰਦੇ ਜਾਂ ਪਾਣੀ ਖਾਰਾ ਹੁੰਦਾ, ਮਨੁੱਖਾਂ ਦੀ ਬਲੀ ਅਤੇ ਸਿੰਜਾਈ ਲਈ ਪਾਣੀ ਤੋੜਣ ਉਤੇ ਕਤਲ ਤਕ ਹੋਵੇ, ਸਭਿਆਚਾਰ ਨਾਲ ਪਾਣੀ ਦੇ ਸੰਬੰਧਾਂ ਨੂੰ ਆਪ ਮੁਹਾਰੇ ਪ੍ਰਗਟਾ ਦਿੰਦੇ ਹਨ। ਇਹ ਲੇਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਣੀ ਦੇ ਸਰੋਤਾਂ ਨਾਲ ਜੁੜੇ ਪੰਜਾਬ ਦੇ ਸਭਿਆਚਾਰ ਨੂੰ ਸਮਝਣ ਲਈ ਦੋ ਭਾਗਾਂ ਵਿਚ ਵੰਡਿਆ ਹੈ :

(ੳ) ਪਾਣੀ ਦੇ ਰਵਾਇਤੀ ਸਰੋਤ ਅਤੇ ਪੰਜਾਬ ਦਾ ਸਭਿਆਚਾਰ
(ਅ) ਪਾਣੀ ਦੇ ਆਧੁਨਿਕ ਸਰੋਤਾਂ ਨਾਲ ਪੰਜਾਬ ਦੇ ਸਭਿਆਚਾਰ ਤੇ ਪੈ ਰਿਹਾ ਅਸਰ

(ੳ) ਪਾਣੀ ਦੇ ਰਵਾਇਤੀ ਸਰੋਤ ਅਤੇ ਪੰਜਾਬ ਦਾ ਸਭਿਆਚਾਰ

ਭਾਰਤੀ ਉਪ ਮਹਾਂਦੀਪ ਵਿਚ ਸਮੁੰਦਰ ਤੋਂ ਦੂਰ ਪੰਜਾਬ ਦਾ ਮੌਸਮ ਅਤਿ ਦਾ ਗਰਮ ਖੁਸ਼ਕ ਅਤੇ ਮੌਨਸੂਨ ਨਾਲ ਗਰਮੀਆਂ ਵਿਚ ਮੀਂਹ ਦਾ ਇਲਾਕਾ ਹੈ। ਇਸ ਕਰਕੇ ਇਥੋਂ ਦਾ ਮੌਸਮ ਸੂਰਜ ਦਵਾਰਾ ਸੰਚਾਲਿਤ ਹੈ। ਗਰਮੀਆਂ ਵਿਚ ਸੂਰਜ ਦੀ ਤਪਸ਼ ਘਟ ਹਵਾ ਦਾ ਦਬਾ ਪੈਦਾ ਕਰਦੀ ਹੈ ਜਿਸਨੂੰ ਪੂਰਨ ਲਈ ਮਾਨਸੂਨ ਪੌਣਾਂ ਪਾਣੀ ਨਾਲ ਭਰੀਆਂ ਪੰਜਾਬ ਦੇ ਮੈਦਾਨ ਵਲ ਰੁਖ ਕਰਕੇ ਮੀਂਹ ਪਾਉਂਦੀਆਂ ਹਨ। ਸੂਰਜ ਸੰਚਾਲਿਤ ਮੌਸਮ ਹੋਣ ਕਰਕੇ ਪੰਜਾਬ ਦੇ ਸਭਿਆਚਾਰ ਨੂੰ ਸੂਰਜ-ਮੁਖੀ ਸਭਿਆਚਾਰ ਵੀ ਕਿਹਾ ਜਾ ਸਕਦਾ ਹੈ।[6] ਸੂਰਜ ਮੁਖੀ ਸਭਿਆਚਾਰ ਵਿਚ ਸੂਰਜ ਨੂੰ ਦੇਵਾਂ ਦੇ ਦੇਵ, ਸਚ, ਧਰਮ, ਤੇਜ਼ ਰੋਸ਼ਨੀ ਦਾ ਪ੍ਰਤੀਕ ਮੰਨ ਕੇ ਪੂਜਿਆ ਜਾਂਦਾ ਹੈ ਅਤੇ ਸੂਰਜ ਦੀ ਗਰਦਿਸ਼, ਰੁੱਤਾਂ ਦੀ ਬਦਲੀ ਨੂੰ ਸਾਹਵੇਂ ਰੱਖ ਮੁੱਖ ਖੇਤੀਬਾੜੀ ਨਾਲ ਜੁੜੀਆਂ ਕ੍ਰਿਆਵਾਂ ਅਤੇ ਧੰਦੇ ਮਿਥੇ ਜਾਂਦੇ ਹਨ। ਸੂਰਜ ਦੀ ਗਰਦਿਸ਼ ਅਤੇ ਰੁੱਤਾਂ ਦੀ ਬਦਲੀ ਨਾਲ ਜਦੋਂ ਬਾਰਿਸ਼ ਦਾ ਮੌਸਮ ਆਉਂਦਾ ਹੈ ਤਾਂ ਮੀਂਹ ਦੇ ਦੇਵਤੇ ਇੰਦਰ ਦਾ ਸਨਮਾਨ ਕੀਤਾ ਜਾਂਦਾ ਹੈ।

ਜੇ ਰਤਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਜਾਏ ਤਾਂ ਇਹ ਸੁਭਾਵਕ ਹੀ ਪ੍ਰਗਟ ਹੁੰਦਾ ਹੈ ਕਿ ਪਾਣੀ ਦੇ ਚੱਕਰ ਨੂੰ ਪੰਜਾਬ ਤੋਂ ਬਾਹਿਰ ਮੌਸਮ ਨਾਲ ਜੁੜੇ ਤੱਥ ਪ੍ਰਭਾਵਿਤ ਕਰਦੇ ਹਨ ਜਿਵੇਂ ਇਕ ਪਾਸੇ ਪਾਕਿਸਤਾਨ ਦੇ ਇਲਾਕੇ ਜਕੋਬਾਬਾਦ ਵਿਚ ਜਿੰਨੀ ਸ਼ਿੱਦਤ ਨਾਲ ਹਵਾ ਦਾ ਦਬਾ ਬੰਨ੍ਹੇਗਾ ਓਨੀ ਹੀ ਤੀਬਰਤਾ ਨਾਲ ਮੌਨਸੂਨ ਪੌਣਾਂ ਪੰਜਾਬ ਵਿਚ ਬਾਰਿਸ਼ ਕਰਨਗੀਆਂ, ਸਰਦੀਆਂ ਵਿਚ ਹਿਮਾਲਯ ਪਰਬਤ ਤੇ ਜਿੰਨੀ ਬਰਫ਼ ਪਵੇਗੀ ਅਤੇ ਗਰਮੀਆਂ 'ਚ ਜਿੰਨੀ ਤਪਸ਼ ਇਨ੍ਹਾਂ ਪਹਾੜੀਆਂ ਦੀ ਬਰਫ਼ ਤੇ ਪਵੇਗੀ ਓਨਾ ਹੀ ਬਰਫ਼ ਪਿਘਲ ਕੇ ਪਾਣੀ ਦਰਿਆਵਾਂ ਰਾਹੀਂ ਮੈਦਾਨ ਵਿਚ ਪੁਜੇਗਾ ਅਤੇ ਓਨਾ ਹੀ ਜ਼ਮੀਨ ਦੇ ਅੰਦਰ ਆਪਣੇ ਸਤਹ ਹਮਵਾਰ ਕਰਦਾ ਪੰਜਾਬ ਦੇ ਮੈਦਾਨਾਂ ਵਿਚ ਧਰਤੀ ਹੇਠਲਾ ਜਲ ਖੂਹ ਅਤੇ ਬੰਬੀਆਂ ਲਈ ਉਪਲੱਬਧ ਹੋਵੇਗਾ। ਇੰਜ ਸੂਰਜ ਦੀ ਗਰਮੀ ਪਹਾੜੀਆਂ ਦੀ ਬਰਫ਼, ਮਾਨਸੂਨ ਪੌਣਾਂ ਨਾਲ ਆਏ ਪਾਣੀ ਨਾਲ ਭਰੇ ਬੱਦਲ, ਪੰਜਾਬ ਵਿਚ ਬਾਰਿਸ਼ ਦੀ ਮਾਤਰਾ ਅਤੇ ਦਰਿਆਵਾਂ ਤੇ ਜ਼ਮੀਨ ਹੇਠਲੇ ਪਾਣੀ ਦੇ ਵਹਾ ਦੀ ਮਾਤਰਾ ਅਤੇ ਪਾਣੀ ਦੀਆਂ ਖੂਬੀਆਂ ਨੂੰ ਪ੍ਰਭਾਵਿਤ ਕਰਦੇ ਹਨ। ਧਰਤੀ ਦੀ ਸਤਹ ਤੇ ਪਾਣੀ ਦਰਿਆਵਾਂ, ਨਾਕਿਆਂ, ਚੋਆਂ, ਕੂਲਾਂ ਦੇ ਰੂਪ ਵਿਚ ਵਹਿੰਦਾ ਹੈ, ਮੀਂਹ ਪੈਣ ਅਤੇ ਹੜ੍ਹ ਆਉਣ ਉਤੇ ਛੱਪੜਾਂ, ਢਾਬਾਂ, ਡਿੱਗੀਆਂ ਅਤੇ ਛੰਭਾਂ ਦੇ ਨੀਵੇਂ ਥਾਵਾਂ ਤੇ ਭਰ ਜਾਂਦਾ ਹੈ ਅਤੇ ਜ਼ਮੀਨ ਵਿਚ ਰਿਸ ਕੇ ਧਰਤੀ ਹੇਠਲੇ ਵਿਸ਼ਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਲ ਭੰਡਾਰ ਦਾ ਹਿੱਸਾ ਬਣ ਜਾਂਦਾ ਹੈ । ਉਪਰੋਕਤ ਦੀ ਰੋਸ਼ਨੀ ਵਿਚ ਪਾਣੀ ਦੇ ਰਿਵਾਇਤੀ ਸਰੋਤਾਂ ਨੂੰ ਮੁੱਖ ਤੌਰ ਤੇ ਤਿੰਨ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ :

(1) ਦਰਿਆ, ਚੋਅ ਅਤੇ ਬੇਈਆਂ
(2) ਛੱਪੜ, ਢਾਬ, ਡਿਗੀ
(3) ਖੂਹ

(1) ਦਰਿਆ, ਚੋਅ ਅਤੇ ਬੇਈਆਂ

ਸੰਸਾਰ ਦੀਆਂ ਮਹਾਨ ਸਭਿਅਤਾਵਾਂ ਦਰਿਆਵਾਂ ਦੇ ਉਪਜਾਊ ਮੈਦਾਨਾਂ ਵਿਚ ਵਿਕਸਤ ਹੋਈਆਂ । ਸਿੰਧ ਘਾਟੀ ਦੀ ਸਭਿਅਤਾ ਜੋ ਲਗਪਗ ਨੌਂ ਸੌ ਮੀਲ ਲੰਬਾਈ ਵਿਚ ਸੀ[7] ਲੰਬਾਈ ਪੱਖੋਂ ਦੁਨੀਆਂ ਦੀ ਸਭ ਤੋਂ ਪਸਰੀ ਹੋਈ ਸਭਿਅਤਾ ਸੀ ਜਿਸ ਦੇ ਵਿਕਾਸ ਵਿਚ ਪੰਜਾਬ ਦੇ ਦਰਿਆਵਾਂ, ਜੋ ਅਗੇ ਜਾ ਕੇ ਸਿੰਧ ਦਰਿਆ ਵਿਚ ਮਿਲਦੇ ਸਨ ਦਾ ਉਘਾ ਹੱਥ ਸੀ । ਜੇ ਇਹ ਕਿਹਾ ਜਾਏ ਕਿ ਉਤਰ ਪੱਛਮੀ ਭਾਰਤ ਦੇ ਬਾਕੀ ਇਲਾਕਿਆਂ ਅਤੇ ਪੰਜਾਬ ਸਮੇਤ ਸਿੰਧ ਅਤੇ ਉਹਦੇ ਵਿਚ ਮਿਲਦੇ ਦਰਿਆ ਦੇਸ਼ ਦੀ ਤਕਦੀਰ ਸਨ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ । ਇਹੀ ਦਰਿਆ ਸਮੇਂ ਸਮੇਂ ਪੰਜਾਬ ਦੀ ਵੰਡ ਹੋਣ ਤੇ ਹੱਦਾਂ ਲਈ ਆਧਾਰ ਬਣੇ ।

ਪੰਜਾਬ ਦੇ ਦਰਿਆਵਾਂ ਦੇ ਕੰਢੇ ਸ਼ਾਂਤ ਹਰੇ ਭਰੇ ਰਮਣੀਕ ਜੰਗਲ ਸਦੀਆਂ ਤੋਂ ਹੀ ਤਪ, ਤਪੱਸਿਆ ਅਤੇ ਜੀਵਨ ਦੀਆਂ ਗੁੰਝਲਾਂ ਨੂੰ ਸਮਝਣ ਲਈ ਆਦਰਸ਼ ਰਹੇ ਹਨ । ਇਹੋ ਜਿਹੇ ਮਾਹੌਲ ਵਿਚ ਵੇਦਾਂ ਵਰਗੀਆਂ ਕਿਰਤਾਂ ਦੀ ਰਚਨਾ ਹੋਈ । ਸ਼ਾਂਤ ਹਰੇ ਭਰੇ ਜੰਗਲ ਅਤੇ ਪਾਣੀ ਦੇ ਕਿਨਾਰਿਆਂ ਤੇ ਕਿਆਸ ਕੀਤਾ ਜਾਂਦਾ ਕਿ ਦੇਵਤੇ ਵਿਚਰ ਰਹੇ ਹਨ । ਇਹੋ ਜਿਹੇ ਥਾਂ ਸ਼ਹਿਰਾਂ ਪਿੰਡਾਂ ਕਸਬਿਆਂ ਅਤੇ ਮੰਦਰਾਂ ਦੀ ਸਥਾਪਨਾ ਲਈ ਉਤਮ ਮੰਨੇ ਜਾਂਦੇ । ਕ੍ਰਮਵਾਰ ਕਰਤਾਰਪੁਰ ਰਾਵੀ ਵਿਖੇ ਸਿਖ ਧਰਮ ਦੀ ਪਹਿਲੀ ਧਰਮਸ਼ਾਲ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤੀ, ਬਿਆਸ ਕੰਢੇ ਗੋਇੰਦਵਾਲ ਵਿਖੇ ਬਾਉਲੀ ਸਾਹਿਬ, ਸ੍ਰੀ ਹਰਿ ਗੋਬਿੰਦਪੁਰ, ਕੀਰਤਪੁਰ ਸਾਹਿਬ ਅਤੇ ਸ੍ਰੀ ਆਨੰਦਪੁਰ ਸਾਹਿਬ ਧਾਰਮਿਕ ਸ਼ਹਿਰਾਂ ਦੀ ਸਥਾਪਨਾ ਹੋਈ । ਹੋਰ ਇਤਿਹਾਸਕ ਪਿਛੋਕੜ ਵਿਚ ਲਾਹੌਰ, ਰੋਪੜ, ਲੁਧਿਆਣਾ ਆਦਿ ਪੰਜਾਬ ਦੇ ਪ੍ਰਮੁੱਖ ਸ਼ਹਿਰ ਦਰਿਆਵਾਂ ਕੰਢੇ ਵਿਕਸਤ ਹੋਏ । ਸ਼ਹਿਰਾਂ ਨਾਲ ਜੁੜੇ ਪ੍ਰਮੁਖ ਕਿਲ੍ਹੇ, ਘਾਟ ਅਤੇ ਧਾਰਮਿਕ ਅਸਥਾਨ, ਪੱਤਣਾਂ ਆਦਿ ਦਾ ਵਿਕਾਸ ਹੋਇਆ । ਦਰਿਆ ਦੇ ਨਾਲ ਲਗਦੇ ਕਸਬੇ,ਸ਼ਹਿਰਾਂ ਦੀ ਸਭਿਆਚਾਰਕ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ । ਇਨ੍ਹਾਂ ਸ਼ਹਿਰਾਂ ਵਿਚ ਵਿਉਪਾਰ ਦਾ ਵਿਕਾਸ ਹੋਇਆ, ਸੁਰੱਖਿਆ ਨਿਯਮਾਂ ਅਧੀਨ ਆਮ ਸ਼ਹਿਰਾਂ ਨਾਲੋਂ ਵੱਖਰੀ ਕਿਸਮ ਦੀ ਸ਼ਹਿਰੀ ਵਿਉਂਤਬੰਦੀ ਹੋਈ ; ਕਿਉਂਕਿ ਦਰਿਆ ਵਾਲਾ ਪਾਸਾ ਹਮਲੇ ਪੱਖੋਂ ਸੁਰਖਿਅਤ ਸਮਝਿਆ ਜਾਂਦਾ ਸੀ । ਬੇੜੀਆਂ ਮਲਾਹ ਘਾਟਾਂ ਆਦਿ ਦਾ ਵਿਕਾਸ ਹੋਇਆ ਤਾਕਿ ਦਰਿਆ ਦੇ ਕੰਢੇ ਤੋਂ ਦੂਸਰੇ ਪਾਸੇ ਜਾਇਆ ਜਾ ਸਕੇ । ਇਤਿਹਾਸਕ ਪ੍ਰਮਾਣ ਮਿਲਦੇ ਹਨ ਕਿ ਪੰਜਾਬ ਦੇ ਦਰਿਆਵਾਂ ਨੂੰ ਤਜ਼ਾਰਤ ਲਈ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਰਤਿਆ ਜਾਂਦਾ ਸੀ। ਗੋਇੰਦਵਾਲ ਇਮਾਰਤੀ ਲਕੜੀ ਦੇ ਮੁਖ ਵਿਆਪਕ ਕੇਂਦਰ ਵਜੋਂ ਪ੍ਰਫੁੱਲਿਤ ਹੋਇਆ; ਦਰਿਆ ਬਿਆਸ ਵਿਚ ਇਹ ਲਕੜੀ ਅੱਜ ਦੇ ਹਿਮਾਚਲ ਪ੍ਰਦੇਸ਼ ਦੇ ਇਲਾਕੇ ਤੋਂ ਲਿਆ ਕੇ ਗੋਇੰਦਵਾਲ ਦੀ ਲਕੜ ਮੰਡੀ ਵਿਚ ਵੇਚੀ ਜਾਂਦੀ ਸੀ।[8] ਪਾਣੀ ਮਨੋਰੰਜਨ ਹੈ ਇਸ ਲਈ ਦਰਿਆਵਾਂ ਦੇ ਕੰਢਿਆਂ ਨੂੰ ਕਈ ਤਰ੍ਹਾਂ ਦੀਆਂ ਖੇਡਾਂ ਲਈ ਵਰਤਿਆ ਜਾਂਦਾ। ਕਿਤੇ ਸ਼ਿਕਾਰ ਵਜੋਂ[9], ਕਿਤੇ ਬੇੜੀ ਦੀ ਸੈਰ ਵਜੋਂ। ਦਰਿਆ ਦਾ ਪਾਣੀ ਪਵਿਤਰ ਹੈ ਇਸ ਲਈ ਦਰਿਆਵਾਂ ਕਿਨਾਰੇ ਮੇਲੇ ਲੱਗਣ ਪੂਜਾ ਅਤੇ ਮੱਸਿਆ ਸੰਗਰਾਂਦ; ਪੂਰਨਮਾਸ਼ੀ, ਦਿਨ ਤਿਉਹਾਰ ਤੇ ਇਸ਼ਨਾਨ ਦਾ ਮਹਾਤਮ ਸੀ। ਇਹ ਸੰਕਲਪ ਕਿ ਦਰਿਆ ਪਾਪ ਨਾਸ਼ਕ ਹੈ, ਦਰਿਆ ਵਿਚ ਅਸਥੀਆਂ ਪ੍ਰਵਾਹ ਦੀ ਰੀਤ ਸੀ ਅਤੇ ਕੀਰਤਪੁਰ ਸਾਹਿਬ ਵਿਖੇ ਇਹਦੇ ਲਈ ਵੱਖਰਾ ਘਾਟ ਉਸਾਰਿਆ ਗਿਆ ਹੈ। ਦਰਿਆ ਕੰਢੇ ਵੱਸੇ ਸ਼ਹਿਰ ਕਸਬੇ ਤੇ ਪਿੰਡ ਜਿਧਰੋਂ ਪਾਣੀ ਆਉਂਦਾ ਉਧਰੋਂ ਪੀਣ ਲਈ ਪਾਣੀ ਲੈਂਦੇ ਅਤੇ ਕੁਦਰਤੀ ਢਲਾਣ ਦਾ ਫ਼ਾਇਦਾ ਉਠਾ ਕੇ ਜਿਧਰ ਦਰਿਆ ਵਗ ਕੇ ਜਾ ਰਿਹਾ ਹੁੰਦਾ ਉਸ ਪਾਸੇ ਆਬਾਦੀ ਦਾ ਸਾਰਾ ਗੰਦਾ ਪਾਣੀ ਦਰਿਆ ਵਿਚ ਰੋੜ੍ਹ ਦਿੰਦੇ।

ਦਰਿਆਵਾਂ ਦੇ ਦੋਹੀਂ ਪਾਸੀਂ ਹਜ਼ਾਰਾਂ ਏਕੜ ਧਰਤੀ ਬੇਆਬਾਦ ਪਈ ਰਹਿੰਦੀ। ਇਸ ਧਰਤੀ ਦੀ ਵਰਤੋਂ ਅਤੇ ਇਲਾਕਾ ਦਰਿਆ ਵਿਚ ਵਗ ਰਹੇ ਪਾਣੀ ਨਾਲ ਪ੍ਰਭਾਵਿਤ ਹੁੰਦਾ, ਕਿਤੇ ਮੰਡ ਹੁੰਦੇ, ਕਿਤੇ ਛੰਬ ਹੁੰਦੇ, ਕਿਤੇ ਝਲਾਂ ਹੁੰਦੀਆਂ, ਜੰਗਲ ਬੇਲੇ ਹੁੰਦੇ, ਰਖਾਂ ਹੁੰਦੀਆਂ, ਇਹਨਾਂ ਜੰਗਲ ਬੇਲਿਆਂ ਦੀ ਬਹੁਮੁਖੀ ਵਰਤੋਂ ਹੁੰਦੀ। ਕਿਤੇ ਇਹ ਨਾਲ ਲੱਗਦੇ ਪਿੰਡਾਂ ਦੇ ਪਸ਼ੂਆਂ ਲਈ ਚਰਾਂਦ ਵਜੋਂ ਵਰਤੀ ਜਾਂਦੀ। ਕਿਤੇ ਇਹਨਾਂ ਝਲਾਂ ਵਿਚ ਸ਼ਿਕਾਰ ਨਿਕਲਦਾ ਅਤੇ ਸ਼ਿਕਾਰ ਲਈ ਵਰਤੀ ਜਾਂਦੀ, ਕਿਤੇ ਕਾਹਨੂੰਵਾਨ ਵਰਗੇ ਛੰਬ ਹੁੰਦੇ ਜਾਂ ਹਰੀਕੇ ਵਰਗੀ ਵਿਸ਼ਾਲ ਪਾਣੀ ਦੀ ਸਤਹ ਜਿਸ ਤੇ ਹਜ਼ਾਰ ਮੀਲ ਦੂਰੋਂ ਪ੍ਰਵਾਸੀ ਪੰਛੀ ਆਉਂਦੇ। ਦਰਿਆਵਾਂ ਕੰਢੇ ਜੋ ਘਾਹ ਉੱਗਦਾ ਉਥੇ ਰਾਂਝਾ ਹੀਰ ਦੀਆਂ ਮੱਝਾਂ ਚਾਰਦਾ, ਲੁੱਡਣ ਦੀ ਬੇੜੀ ਹੁੰਦੀ, ਪੱਤਣ ਹੁੰਦਾ, ਦਰਿਆਵਾਂ ਦੇ ਪਾਣੀ ਵਿਚ ਮੱਛੀ ਮਿਲਦੀ ਕਿਸੇ ਖਾਸ ਦਿਨ ਨਾ ਮਿਲਣ ਤੇ ਮਹੀਂਵਾਲ ਸੋਚਦਾ ਅੱਜ ਸੋਹਣੀ ਨੂੰ ਕੀ ਖੁਆਏ ? ਦਰਿਆ ਦੇ ਢਾਏ ਵਾਲੇ ਪਾਸੇ ਉਚਾ, ਦਰਿਆ ਦੇ ਤਲ ਤੋਂ ਲੱਗ ਭਗ 10 ਫੁਟ ਤੋਂ 25 ਫੁਟ ਉਚਾਈ ਵਾਲੇ ਕੰਢੇ ਸ਼ਹਿਰ ਪਿੰਡ ਤੇ ਕਸਬੇ ਉਸਰਦੇ[10] ਜਦ ਕਿ ਉਸੇ ਢਾਏ ਦੇ ਦੂਸਰੇ ਕਿਨਾਰੇ ਤੇ ਦੱਬ ਸਰਕੜਾ ਘਾਹ ਫੂਸ ਕਾਨੇ ਆਦਿ ਦੀ ਭਰਮਾਰ ਹੁੰਦੀ। ਦਰਿਆਵਾਂ ਕੰਢੇ ਘਾਹ ਫੂਸ ਨਾਲ ਵਾਣ ਵੱਟਣ ਦਾ ਕੰਮ ਚਲਦਾ। ਕਾਨੇ ਅਤੇ ਸਰਕੜਾ ਢਾਰਿਆਂ, ਛੰਨਾ ਅਤੇ ਛੱਪਰਾਂ ਲਈ ਇਮਾਰਤੀ ਸਮਾਨ ਵਜੋਂ ਵਰਤੇ ਜਾਂਦੇ। ਦਰਿਆਵਾਂ ਕੰਢੇ ਪਾਣੀ ਦਾ ਸਤਰ ਉੱਚਾ ਹੋਣ ਕਰਕੇ ਖੂਹ ਝਲਾਰ ਆਦਿ ਦੀ ਸਿੰਜਾਈ ਨਾਲ ਖੇਤੀ ਬਾੜੀ ਸੁਖਾਲੀ ਹੁੰਦੀ, ਘਾਹ ਜ਼ਿਆਦਾ ਪਾਲ ਸਕਦਾ, ਸਤਰ ਉਚਾ ਹੋਣ ਕਰਕੇ ਦਰਿਆਵਾਂ ਕੰਢੇ ਜੰਗਲ ਬੇਲੇ ਦਰਖਤਾਂ ਦੀ ਭਰਮਾਰ ਹੁੰਦੀ। ਇਹ ਜੰਗਲ ਬੇਲੇ ਜਿਥੇ ਪੰਜਾਬ ਦੇ ਪੌਣ ਪਾਣੀ ਸਵੱਛ ਰਖਦੇ ਉਥੇ ਨਾਲੋ ਨਾਲ ਚੌਗਿਰਦੇ ਨੂੰ ਹਰਾ ਭਰਾ ਵੀ ਰਖਦੇ। ਇੰਜ ਕਿਸੇ ਵੀ ਬਾਹਰੀ ਹਮਲੇ ਵੇਲੇ ਇਹ ਨਿਵਾਸੀਆਂ ਨੂੰ ਪਨਾਹ ਦੇ ਕੇ ਛਾਪਾਮਾਰ ਲੜਾਈ ਲਈ ਸੈਨਿਕ ਕੈਂਪ ਵਜੋਂ ਕੰਮ ਕਰਦੇ। ਇਹ ਜੰਗਲ ਬੇਲੇ ਕਈ ਤਰ੍ਹਾਂ ਦੇ ਜੰਗਲੀ ਜਾਨਵਰਾਂ ਨਾਲ ਭਰੇ ਰਹਿੰਦੇ, ਇਥੋਂ ਕਈ ਤਰ੍ਹਾਂ ਦੇ ਕੰਦ ਮੂਲ ਫ਼ਲ, ਜੜੀਆਂ ਬੂਟੀਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਹਿਦ, ਖੁੰਭਾਂ ਆਦਿ ਮਿਲਦੇ ਜੋ ਦਵਾਈਆਂ ਦੇ ਕੰਮ ਤਾਂ ਆਉਂਦੇ ਹੀ ਲੋਕਾਂ ਦੀ ਖੁਰਾਕ ਨੂੰ ਸਮਤੋਲ ਵੀ ਕਰਦੇ। ਇੰਜ ਦਰਿਆ ਲੋਕਾਂ ਦੇ ਪੀਣ ਨਹਾਉਣ ਅਤੇ ਸੁਚ ਸਫਾਈ ਲਈ ਪਾਣੀ ਦਾ ਵਸੀਲਾ ਹੁੰਦੇ, ਖੇਤਾਬਾੜੀ ਲਈ ਸਿੰਜਾਈ ਦਾ ਆਧਾਰ ਹੁੰਦੇ, ਦਰਿਆਵਾਂ ਦੇ ਪਾਣੀ ਆਵਾਜਾਈ ਦੇ ਸਾਧਨ ਵਜੋਂ ਵਰਤੇ ਜਾਂਦੇ, ਪੱਤਣ ਆਦਿ ਵਿਉਪਾਰਕ ਕੇਂਦਰ ਬਣਦੇ, ਦਰਿਆਵਾਂ ਦੇ ਕੰਢੇ ਇਮਾਰਤੀ ਸਮਾਨ, ਕੁਦਰਤ ਦੇ ਸਮਤੋਲ, ਪਸ਼ੂ ਪੰਛੀਆਂ ਦੇ ਸਮਤੋਲ ਅਤੇ ਮਨੁੱਖੀ ਖੁਰਾਕ ਨੂੰ ਸਮਤੋਲ ਕਰਨ ਵਿਚ ਸਹਾਇਕ ਹੁੰਦੇ।

ਜਦੋਂ ਦਰਿਆ ਕੁਦਰਤ ਦੀ ਕਰੋਪੀ ਦਾ ਪ੍ਰਤੀਕ ਬਣਦਾ, ਹੜਪਾ, ਮੋਹਨ ਜੋ ਦਾੜੋ ਵਰਗੇ ਪ੍ਰਫੁਲਿਤ ਨਗਰ ਘੜੀਆਂ ਪਲਾਂ 'ਚ ਤਬਾਹ ਹੋ ਜਾਂਦੇ[11] ਆਏ ਵਰ੍ਹੇ ਹੜ੍ਹ ਆਉਂਦੇ ਇਹਨਾਂ ਹੜ੍ਹਾਂ ਨਾਲ ਘਰਾਂ ਪਿੰਡਾਂ ਮਾਲ ਡੰਗਰਾ ਦੀ ਤਬਾਹੀ ਹੁੰਦੀ, ਆਵਾਜਾਈ ਦੇ ਰਸਤੇ ਤਹਿਸ਼ ਨਹਿਸ਼ ਹੋ ਜਾਂਦੇ, ਫਸਲਾਂ ਲਗਾਤਾਰ ਪਾਣੀ ਵਿਚ ਰਹਿਣ ਕਰਕੇ ਗਲ ਕੇ ਤਰੱਕ ਜਾਂਦੀਆਂ, ਕਿੰਨੇ ਦਿਨ ਪਾਣੀ ਖੜਾ ਰਹਿਣ ਕਰਕੇ ਪਸ਼ੂਆਂ ਲਈ ਚਾਰ ਜਵਾਰ ਬਾਜਰਾ ਆਦਿ ਮੁਸ਼ਕ ਛਡਦਾ, ਪਾਣੀ 'ਚ ਰਹਿਣ ਕਰਕੇ ਡੰਗਰਾਂ ਦੇ ਪੈਰ ਗਲ ਜਾਂਦੇ, ਡੰਗਰਾਂ ਨੂੰ ਮੂੰਹ ਖੁਰ ਦੀ ਬਿਮਾਰੀ ਆਉਂਦੀ। ਲਗਾਤਾਰ ਮੀਂਹ ਦੀ ਝੜੀ ਦਰਿਆ ਕੰਢਿਆਂ ਦੀ ਸੀਮਾਂ ਤੋੜ ਦਿੰਦੇ। ਉਹ ਸਾਵਣ ਜੋ ਤੀਆਂ, ਮਾਲ੍ਹ ਪੂੜਿਆਂ ਖੀਰਾਂ ਨਾਲ ਮਨਾਇਆ ਜਾਂਦਾ, ਸਾਉਣ 'ਚ ਨਵੀਂ ਵਿਆਹੀ ਨੂੰਹ ਨੇ ਸੱਸ ਦੇ ਮੱਥੇ ਪਹਿਲੇ ਸਾਲ ਨਾ ਲੱਗ ਕੇ ਪੇਕੇ ਪਿੰਡ ਸਹੇਲੀਆਂ ਨਾਲ ਤੀਆਂ ਮਨਾਉਣੀਆਂ ਹੁੰਦੀਆਂ। ਲਗਾਤਾਰ ਝੜੀ ਕਰਕੇ ਕੋਠੇ ਕੁਲੇ ਚੋਣ ਲੱਗ ਪੈਂਦੇ। ਬਾਲਣ ਗਿੱਲਾ ਹੋ ਜਾਂਦਾ ਘਰ ਦੇ ਅੰਦਰ ਗਿਲੇ ਬਾਲਣ ਕੌੜੇ ਧੂਏਂ ਨਾਲ ਰੋਟੀਆਂ ਪੱਕਦੀਆਂ। ਤਦੇ ਕਿਸੇ ਹਮਲਾਵਰ ਵਾਂਗ ਮੀਂਹ ਦਾ ਪਾਣੀ ਇਕੋ ਹੱਲੇ ਟੁੱਟੇ ਦਰਿਆ ਦੇ ਬੰਨ੍ਹ ਤੋਂ ਪਿੰਡ ਵਿਚ ਆ ਵੜਦਾ, ਕੁਝ ਦੇਰ ਵਿਚ ਹੀ ਗੋਡੇ ਗੋਡੇ, ਪੱਟ ਪੱਟ, ਲੱਕ ਲੱਕ ਪਾਣੀ ਹੋ ਜਾਂਦਾ। ਛੰਨਾ, ਢਾਰੇ, ਛੱਪੜ ਰੁੜ੍ਹ ਜਾਂਦੇ। ਜੇ ਪਾਣੀ ਦਾ ਰੋਹੜ ਜ਼ਿਆਦਾ ਹੁੰਦਾ, ਡੰਗਰ ਰੁੜ੍ਹ ਜਾਂਦੇ, ਗੱਡੇ ਰੁੜ੍ਹ ਜਾਂਦੇ, ਕੱਚੇ ਘਰ ਰੁੜ੍ਹ ਜਾਂਦੇ, ਕੰਧਾਂ ਢਹਿ ਕੇ ਛੱਤਾਂ ਡਿੱਗ ਪੈਂਦੀਆਂ, ਛਤੀਰ ਤਿੜਕ ਕੇ ਟੁੱਟ ਜਾਂਦੇ। ਪਿੰਡ ਕਸਬਿਆਂ ਵਿਚ ਜਾਨ ਬਚਾ ਕੇ ਨਿਕਲਣ ਲਈ ਕਾਵਾਂ ਰੌਲੀ ਪੈ ਜਾਂਦੀ ਜਿਵੇਂ ਕੋਈ ਖਰੂਦੀ ਸਾਹਨ ਤਬਾਹੀ ਮਚਾਏ ਬਿਨਾਂ ਨਹੀਂ ਹਟਦਾ, ਦਰਿਆਵਾਂ ਦੇ ਵਹਿਣ ਜਿਧਰ ਮੁੜ ਜਾਂਦੇ ਉਸ ਪਾਸੀਂ ਪਾਣੀ ਦੀ ਵਿਸ਼ਾਲ ਚਾਦਰ ਥੱਲੇ ਕੁਝ ਦਿਨਾਂ ਹਫ਼ਤਿਆਂ ਲਈ ਫ਼ਸਲਾਂ, ਸੂਈਆਂ, ਸਲਾਈਆਂ, ਕਸੂਰੀ ਜੁੱਤੀ, ਪਟਿਆਲੇ ਦੇ ਪਰਾਂਦੇ ਸਭ ਕੁਛ ਰੁੜ੍ਹ ਜਾਂਦਾਂ, ਹੌਲੀ ਹੌਲੀ ਦਰਿਆ ਫਿਰ ਆਪਣੇ ਪੁਰਾਣੇ ਵਹਿਣ ਵਿਚ ਵਗਣ ਲਗਦਾ। ਕਈ ਵਾਰੀ ਹੜ੍ਹ ਨਾਲ ਦਰਿਆ ਨੇ ਆਪਣਾ ਵਹਿਣ ਹੋਰ ਪਾਸੇ ਮੋੜ ਲਿਆ ਹੁੰਦਾ। ਕਈ ਫਰਲਾਂਗ, ਕਈ ਮੀਲ ਇੰਜ ਉਹ ਕੰਢੇ ਦੇ ਸ਼ਹਿਰ ਕਸਬੇ ਤੋਂ ਹਟਵਾਂ ਵਗਣ ਲੱਗ ਪੈਂਦਾ।[12] ਦਰਿਆ ਦਾ ਹੜ੍ਹ ਹਜ਼ਾਰਾਂ ਏਕੜ ਧਰਤੀ ਉਤੇ ਗੰਧਲੇ ਪਾਣੀ ਨਾਲ ਫ਼ੈਲ ਗਿਆ ਹੁੰਦਾ, ਇਸ ਗੰਧਲੇ ਪਾਣੀ ਵਿਚ ਮਹੀਨ ਮਹੀਨ ਉਪਜਾਊ ਮਿੱਟੀ ਦੇ ਕਣ ਜੋ ਪਹਾੜਾਂ ਤੋਂ ਰੁੜ੍ਹ ਕੇ ਆਏ ਹੁੰਦੇ ਉਹਨਾਂ ਵਿਚ ਕਈ ਤਰ੍ਹਾਂ ਦੇ ਕੀਮੀਆਈ ਤੱਤ ਵੀ ਹੁੰਦੇ ਜੋ ਹੜਾਂ ਦੀ ਮਾਰ ਹੇਠ ਆਈ ਧਰਤੀ ਤੇ ਫੈਲ ਕੇ ਉਸ ਨੂੰ ਪਹਿਲਾਂ ਨਾਲੋਂ ਹੋਰ ਉਪਜਾਊ ਬਣਾ ਦਿੰਦੇ। ਇੰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਦੀਆਂ ਤੋਂ ਵਾਹੀ ਹੇਠ ਹੋਣ ਕਰਕੇ ਧਰਤੀ ਦੇ ਜੋ ਉਪਜਾਊ ਕਣ ਘਟ ਗਏ ਹੁੰਦੇ ਹੜਾਂ ਦਾ ਪਾਣੀ ਉਹਨਾਂ ਨੂੰ ਫਿਰ ਤੋਂ ਧਰਤੀ ਤੇ ਫੈਲਾ ਕੇ ਉਪਜਾਊ ਸ਼ਕਤੀ ਨੂੰ ਫਿਰ ਤੋਂ ਵਧਾ ਦਿੰਦਾ :

ਪੰਜਾਬ ਦੇ ਦਰਿਆ ਇਥੋਂ ਦੇ ਸਭਿਆਚਾਰ ਵਿਚ ਪ੍ਰਤੀਕਾਂ ਵਜੋਂ ਖ਼ਾਸ ਖ਼ਾਸ ਕਦਰਾਂ ਕੀਮਤਾਂ ਨੂੰ ਪ੍ਰਗਟਾਉਂਦੇ ਹਨ ।

ਬਿਆਸ : ਰਿਸ਼ੀਆਂ ਮੁਨੀਆਂ ਦਾ ਹਰਮਨ ਪਿਆਰਾ ਬਿਪਸਾ ਜਾਂ ਬਿਪਤਸਾ, ਵੇਦਾਂ ਦਾ ਦਰਿਆ, ਭਗਤੀ ਧਰਮ ਅਤੇ ਮਰਯਾਦਾ ਦਾ ਪ੍ਰਤੀਕ ਤੀਰਥਾਂ ਦਾ ਦਰਿਆ ਹੈ ।

ਰਾਵੀ : ਆਜ਼ਾਦੀ ਕੁਰਬਾਨੀ ਦਾ ਪ੍ਰਤੀਕ, ਰਾਵੀ ਜਿਸ ਕੰਢੇ ਕਰਤਾਰਪੁਰ ਵਿਖੇ ਨਵੀਂ ਧਰਮਸ਼ਾਲ ਨਵੇਂ ਧਾਰਮਿਕ ਨਗਰ ਦੀ ਸਥਾਪਨਾ ਹੋਈ, ਜਿਥੇ ਗੁਰੂ ਅਰਜਨ ਦੇਵ ਜੀ ਦੀ ਧਰਮ ਲਈ ਸ਼ਹੀਦੀ ਹੋਈ, ਜਿਥੇ ਅਨਾਰਕਲੀ ਦਾ ਮਕਬਰਾ ਹੈ, ਰਾਵੀ ਜਿਥੇ ਪੂਰਨ ਆਜ਼ਾਦੀ ਦੀ ਸੌਂਹ ਖਾਦੀ ਗਈ। ਰਾਵੀ ਸਥਾਪਿਤ ਕਦਰਾਂ ਕੀਮਤਾਂ ਵਿਰੁੱਧ ਵਿਰੋਧ ਦਾ ਪ੍ਰਤੀਕ ਹੈ ਭਾਵੇਂ ਇਹ ਵਿਰੋਧ ਕਰਦੇ ਹੋਏ ਸ਼ਹੀਦੀ ਹੀ ਕਿਉਂ ਨਾ ਪਾਉਣੀ ਪਵੇ ।

ਝਨਾ : ਸਾਂਝ ਪ੍ਰੀਤ ਅਤੇ ਪੇਂਡੂ ਸਭਿਆਚਾਰ ਵਿਚ ਰੋਮਾਂਸ ਦਾ ਪ੍ਰਤੀਕ ਹੈ ਜੋ ਪੰਜਾਬ ਦੇ ਦੁਖਾਂਤਕ ਪ੍ਰੀਤ ਕਿੱਸਿਆਂ ਦਾ ਪਿੜ ਹੈ, ਝਨਾਂ ਜਿਸਦੇ ਇਕ ਕੰਢੇ ਸੋਹਣੀ ਅਤੇ ਦੂਜੇ ਕੰਢੇ ਮਹੀਂਵਾਲ ਵਿਚਕਾਰ ਕੱਚੇ ਘੜੇ ਦੀ ਬੇਵਫ਼ਾਈ ਤੇ ਅੰਤ ਸੱਜਣ ਦੇ ਰੰਗ 'ਚ ਰੰਗ ਕੇ ਉਹਦੀਆਂ ਬਾਹਾਂ ਲਈ ਤਰਸਦੇ ਡੁੱਬ ਜਾਣਾ ਜਾਣਾ ਹੈ । ਝਨਾਂ ਜਿਸਦੇ ਬੇਲਿਆਂ ਵਿਚ ਹੀਰ ਤੇ ਰਾਂਝਾ ਚੂਰੀਆਂ ਖਾਂਦੇ ਰਹੇ, ਬੂਰੀਆਂ ਮੱਝਾਂ ਚੁੰਘਦੇ ਰਹੇ, ਜਿਹਦੇ ਕੰਢੇ ਹੀਰ ਰਾਂਝੇ ਦੀ ਕਹਾਣੀ ਅਨਹਲਹੱਕ ਦੇ ਨਾਅਰੇ ਵੱਲ ਵਧੀ ।

ਜਿਹਲਮ : ਕੁਦਰਤ ਦੀ ਗੋਦ 'ਚ ਮਚਲਦੇ ਮਾਸੂਮ ਹੁਸਨ ਵਾਲੇ ਭੋਲੇ ਭਾਲੇ ਲੋਕਾਂ ਦਾ ਪ੍ਰਤੀਕਾਤਮਕ ਦਰਿਆ, ਜਿਥੇ ਲੋਕਾਂ ਦੇ ਦਿਲ ਕੁਦਰਤ ਵਾਂਙ ਸਾਫ਼ ਨਿਰਮਲ ਪਿਆਰ ਭਰੇ ।

ਸਤਲੁਜ : ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਥਾਪਨਾ, ਚਿੜੀਆਂ ਤੋਂ ਬਾਜ਼ ਤੜਾਉਣ ਦੇ ਵਾਅਦੇ ਦਾ ਪ੍ਰਤੀਕ, ਦੇਸ਼ ਲਈ ਭਗਤ ਸਿੰਘ ਦੀ ਕੁਰਬਾਨੀ ਅਤੇ ਭਾਖੜਾ ਡੈਮ ਬੰਨਣ ਤੋਂ ਬਾਅਦ ਨਹਿਰਾਂ, ਬਿਜਲੀ ਨਾਲ ਨਵੀਂ ਧਰਤੀ, ਨਵੇਂ ਸਿਆੜ, ਨਵੇਂ ਉਦਯੋਗ, ਨਵੇਂ ਧੰਧੇ, ਨਵੀਆਂ ਸੋਚਾਂ, ਦੇਸ਼ ਦਾ ਭਵਿੱਖ ਵਿਚ ਵਿਸ਼ਵਾਸ ਦਾ ਪ੍ਰਤੀਕ ਹੈ ।

ਪਾਣੀ ਦੇ ਰਿਵਾਇਤੀ ਸਰੋਤ ਵਜੋਂ ਦਰਿਆ ਵਿਚ ਪਾਣੀ ਦੀ ਮਾਤਰਾ ਸੂਰਜ ਮੌਸਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁੱਤਾਂ ਦੀ ਬਦਲੀ ਨਾਲ ਪ੍ਰਭਾਵਿਤ ਹੁੰਦੀ ਰਹੀ ਹੈ। ਪਾਣੀ ਦੀ ਮਾਤਰਾ ਚਾਲ ਹੜ੍ਹ ਦਾ ਸੱਤਰ ਭਾਵ ਕਿੰਨਾਂ ਕੁਝ ਹੈ ਜੋ ਦਰਿਆ ਦੀ ਗਤੀਸ਼ੀਲਤਾ ਨੂੰ ਸਮਝਣ ਲਈ ਜ਼ਰੂਰੀ ਹੈ। ਹਰ ਦਰਿਆ ਦਾ ਇਕ ਸ਼ਾਸ਼ਨ ਹੁੰਦਾ ਹੈ ਜਿਹਨੂੰ ਕਿਹਾ ਜਾਂਦਾ ਹੈ ਕਿ ਇਹ ਸ਼ਾਸ਼ਨ ਬੜਾ ਹੀ ਭਾਵੁਕ ਹੁੰਦਾ ਹੈ। ਦਰਿਆ ਇਹ ਬਰਦਾਸ਼ਤ ਨਹੀਂ ਕਰਦੇ ਕਿ ਉਹਦੇ ਸ਼ਾਸ਼ਤ ਇਲਾਕੇ ਉੱਤੇ ਕੋਈ ਹੇਰ ਫੇਰ ਤੋੜ ਫੋੜ ਜਾਂ ਡੈਮ ਆਦਿ ਦੀ ਉਸਾਰੀ ਕੀਤੀ ਜਾਏ ਪਰ ਪੱਛਮੀ ਦੇਸ਼ਾਂ ਦੀ ਸਭਿਅਤਾ ਅਧੀਨ ਦਰਿਆਵਾਂ ਦੀ ਪ੍ਰਭੂਸੱਤਾ ਨੂੰ ਡੈਮ ਬੰਨ੍ਹ ਆਦਿ ਬਣਾ ਕੇ ਲਲਕਾਰਿਆ ਗਿਆ ਹੈ। ਜਿਵੇਂ ਤਕੜਾ ਸ਼ਾਸ਼ਕ ਕਰਦਾ ਹੈ ਉਹਦੀ ਸ਼ਾਸ਼ਤ ਰਿਆਸਤ ਨੂੰ ਛੇੜਨ ਤੇ ਉਹ ਰੋਹ ਵਿਚ ਆਉਂਦਾ ਹੈ ਤੇ ਕਈ ਤਰ੍ਹਾਂ ਦੀ ਉਥਲ ਪੁਥਲ ਕਰਦਾ ਹੈ। ਇੰਜ ਕੁਦਰਤੀ ਸਮਤੋਲ ਪੱਖੋਂ ਜੰਗਲ ਬੇਲਿਆਂ ਛੰਭਾਂ ਆਦਿ ਨੂੰ ਛੇੜ ਕੇ ਆਧੁਨਿਕ ਤਕਨੀਕਾਂ ਅਨੁਸਾਰ ਦਰਿਆ ਦੇ ਰਕਬੇ ਨੂੰ ਵਾਹੀ ਥੱਲੇ ਲਿਆਂਦਾ ਗਿਆ ਹੈ। ਨਹਿਰਾਂ ਆਦਿ ਦਾ ਜਾਲ ਵਿਛਾਇਆ ਗਿਆ ਹੈ। ਵੱਡੇ ਵੱਡੇ ਜਲ ਭੰਡਾਰ ਬਣਾਏ ਗਏ ਹਨ। ਦਰਿਆਵਾਂ ਨੂੰ ਪੰਜਾਬੀਆਂ ਛੇੜ ਲਿਆ ਹੈ। ਉਹਨਾਂ ਦਾ ਰੋਹ ਹਰ ਸਾਲ ਨਵੇਂ ਤੋਂ ਨਵੇਂ, ਜ਼ਿਆਦਾ ਤੋਂ ਜ਼ਿਆਦਾ ਤਬਾਹੀ ਵਾਲੇ ਹੜ੍ਹਾਂ ਦੀ ਸੂਰਤ ਵਿਚ ਸਾਹਮਣੇ ਆ ਰਿਹਾ ਹੈ। ਦਰਿਆਵਾਂ ਨੂੰ ਬੰਨ੍ਹ ਮਾਰ ਕੇ ਜੋ ਨਵਾਂ ਨਹਿਰਾਂ ਬਿਜਲੀ ਦਾ ਜਾਲ ਫੈਲਾਇਆ ਗਿਆ ਹੈ ਉਹਦਾ ਪੰਜਾਬੀ ਸਭਿਆਚਾਰ ਤੇ ਅਸਰ ਇਕ ਵੱਖਰੇ ਲੇਖ ਦਾ ਹਿੱਸਾ ਹੈ।

ਚੋਅ : ਪੰਜਾਬ ਦੇ ਪਹਾੜੀ ਇਲਾਕਿਆਂ ਅਤੇ ਖਾਸ ਕਰ ਸ਼ਿਵਾਲਕ ਪਹਾੜੀਆਂ ਦਾ ਸਿਲਸਲਾ ਜੋ ਗੁਰਦਾਸਪੁਰ ਜ਼ਿਲੇ ਦੇ ਧਰ ਬਲਾਕ ਤੋਂ ਸ਼ੁਰੂ ਹੋ ਕੇ ਘਗਰ ਦਰਿਆ ਤਕ ਪਸਰਿਆ ਪਿਆ ਹੈ ਵਿਚ ਇਕ ਅਧਿਐਨ ਮੁਤਾਬਿਕ ਲਗਭਗ ਇਕ ਸੌ ਦੇ ਕਰੀਬ ਚੋਅ ਹਨ। ਸ਼ਿਵਾਲਕ ਪਹਾੜੀਆਂ ਦੇ ਇਹਨਾਂ ਚੋਆਂ ਵੱਲ ਪਾਣੀ ਰੋਹੜਦੀਆਂ ਢਲਾਣਾਂ ਉੱਤੇ ਜਦੋਂ ਮੀਂਹ ਪੈਂਦਾ ਹੈ ਤਾਂ ਤਿੱਖੀਆਂ ਢਲਾਣਾਂ ਹੋਣ ਕਰਕੇ ਇਹ ਚੋਅ ਗੁਰਦਾਸਪੁਰ ਦੇ ਕੁਝ ਇਲਾਕੇ ਹੁਸ਼ਿਆਰਪੁਰ ਅਤੇ ਰੋਪੜ ਦੇ ਇਲਾਕਿਆਂ ਵਿਚ ਉਛਲ ਕੇ ਵਹਿ ਤੁਰਦੇ ਹਨ। ਤਿਖੇ ਵੇਗ ਨਾਲ ਇਹ ਚੋਅ ਸ਼ਿਵਾਲਕ ਪਹਾੜੀਆਂ ਦੀਆਂ ਢਲਾਣਾਂ ਤੋਂ ਮਿੱਟੀ ਨੂੰ ਕਟਦੇ ਹਨ ਫਿਰ ਮਣਾਂ ਮੂੰਹੀਂ ਮਿੱਟੀ ਕੰਕਰ ਪੱਥਰ ਲੈ ਕੇ ਜਦੋਂ ਇਹ ਪੱਧਰੇ ਮੈਦਾਨੀ ਇਲਾਕੇ ਵਿਚ ਆ ਜਾਂਦੇ ਹਨ ਤਾਂ ਪਾਣੀ ਦੀ ਚਾਲ ਅਚਾਨਕ ਘਟ ਹੋਣ ਕਰਕੇ ਮਿੱਟੀ ਕੰਕਰ ਪੱਥਰ ਆਪਣੇ ਨਾਲ ਵਹਾ ਕੇ ਲਿਆਉਂਦੇ। ਉਹ ਭਾਰ ਹੋਰ ਅਗਾਂਹ ਨਹੀਂ ਲੈ ਕੇ ਤੁਰ ਸਕਦੇ ਤੇ ਇਹ ਆਪਣੇ ਹੜ੍ਹ ਦਾ ਮਲਬਾ ਵੀਹ ਪੰਜੀ ਮੀਲ ਦੇ ਫ਼ਾਸਲੇ ਤੋਂ ਪਹਿਲਾਂ ਨਾਲ ਲਗਦੇ ਇਲਾਕੇ ਉੱਤੇ ਫੈਲਾ ਦਿੰਦੇ ਹਨ।[13] ਕਈ ਥਾਵਾਂ ਉੱਤੇ ਖਾਸ ਕਰਕੇ ਹੁਸ਼ਿਆਰਪੁਰ ਜ਼ਿਲੇ ਵਿਚ ਸਦੀਆਂ ਤੋਂ ਇਹ ਰੇਤਾ ਅਤੇ ਪੱਥਰਾਂ ਨਾਲ ਇਹਨਾਂ ਚੋਆਂ ਨੇ ਹਜ਼ਾਰ ਏਕੜ ਧਰਤੀ ਨੂੰ ਬੰਜਰ ਬਣਾਈ ਰਖਿਆ ਹੈ। ਦੋ ਚੋਆਂ ਦੇ ਵਿਚਕਾਰ ਉਹ ਇਲਾਕਾ ਜਿਥੇ ਚੋਆਂ ਦੀ ਮਾਰ ਬਹੁਤ ਨਹੀਂ ਸੀ ਹੁੰਦੀ ਉਥੇ ਹੀ ਅੰਬਾਂ ਦੇ ਰੁਖ ਅਤੇ ਹੋਰ ਫ਼ਸਲ ਹੁੰਦੀ। ਇਹਨਾਂ ਅੰਬੀਆਂ ਕਰਕੇ ਉਹ ਲੋਕ ਬੋਲੀ ਮਕਬੂਲ ਹੋਈ "ਅੰਬੀਆਂ ਨੂੰ ਤਰਸੇਂਗੀ ਛਡ ਕੇ ਦੇਸ਼ ਦੁਆਬਾ।" ਚੋਆਂ ਦੀ ਪਾਰ ਹੇਠਲਾ ਇਲਾਕਾ ਅਤੇ ਦੋ ਚੋਆਂ ਦੇ ਇਕ ਦੂਸਰੇ ਤੋਂ ਦੂਰੀ ਨੇ ਦੁਆਬੇ ਵਿਚ ਵਾਹੀ ਹੇਠਲੇ ਇਲਾਕੇ ਮਨੁੱਖੀ ਆਬਾਦੀਆਂ ਦਾ ਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਕਾਰ, ਵਸੋਂ ਅਤੇ ਧੰਦੇ/ਕਿੱਤਿਆਂ ਆਦਿ ਨੂੰ ਪ੍ਰਭਾਵਿਤ ਕੀਤਾ । ਇਹਨਾਂ ਚੋਆਂ ਕਰਕੇ ਮੀਂਹ ਦਾ ਪਾਣੀ ਸ਼ਿਵਾਲਕ ਪਹਾੜੀਆਂ ਨੂੰ ਦਿਨੋ ਦਿਨ ਮਿੱਟੀ ਖੋਰ ਕੇ ਨੰਗੇ ਕਰਦਾ ਗਿਆ । ਪਹਾੜੀਆਂ ਤੇ ਪਾਣੀ ਦਾ ਸਤਰ (ਜ਼ਮੀਨ ਹੇਠਲੇ) ਬਹੁਤ ਨੀਵਾਂ ਹੋਣ ਕਰਕੇ ਬਹੁਤ ਘਟ ਫ਼ਸਲਾਂ ਜੰਗਲ-ਬੇਲੇ ਬੂਟੇ ਆਦਿ ਪਨਪ ਸਕਦੇ । ਮੈਦਾਨਾਂ ਵਿਚ ਆਉਂਦੇ ਹੀ ਰੇਤ ਦੀਆਂ ਤਹਿਆਂ ਵਿਸ਼ਾਲ ਇਲਾਕੇ ਤੇ ਖਿਲਾਰ ਕੇ ਚੋਅ ਨਾ ਸਿਰਫ ਧਰਤੀ ਨੂੰ ਵਾਹੀ ਲਈ ਬੇਕਾਰ ਕਰਦੇ ਸਗੋਂ ਇਹਨਾਂ ਚੋਆਂ ਕਰਕੇ ਸੜਕਾਂ ਰੇਲਾਂ ਆਦਿ ਦਾ ਵਿਕਾਸ ਅਤੇ ਪ੍ਰਸਾਰ (ਰੇਤਲੇ ਆਧਾਰ ਅਤੇ ਕਈ ਚੋਅ ਹੋਣ ਕਰਕੇ ਥਾਂ ਥਾਂ ਪੁਲ ਬਣਾਉਣ ਦੇ ਖਰਚੇ ਕਾਰਣ), ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਜਿਸਦੇ ਨਤੀਜੇ ਵਜੋਂ ਇਹਨਾਂ ਚੋਆਂ ਦੀ ਮਾਰ ਹੇਠਲੇ ਇਲਾਕੇ ਪਛੜੇ ਇਲਾਕੇ ਘੋਸ਼ਿਤ ਕੀਤੇ ਗਏ । ਕੁਝ ਦਹਾਕੇ ਪਹਿਲਾਂ ਤਕ ਦੁਆਬੇ ਵਿਚ ਰੋਪੜ ਤੋਂ ਬਲਾਚੌਰ-ਮਹਿਲਪੁਰ, ਹੁਸ਼ਿਆਰਪੁਰ, ਹਰਿਆਣਾ, ਗੜ੍ਹਦੀਵਾਲ, ਦਸੂਆ ਸੜਕ ਦੇ ਉਤਰ ਵਾਲੇ ਪਾਸੇ ਚੋਅ ਦੇ ਹੜ੍ਹਾਂ ਨਾਲ ਆਏ ਪੱਥਰ-ਰੇਤ ਹੇਠ ਦਬਿਆ ਵਿਸ਼ਾਲ ਇਲਾਕਾ, ਚੋਅ ਦੇ ਨਾਲ ਕਾਨੇ ਸਰਕੜੇ ਆਦਿ ਦੇ ਬੂਚ 'ਤੇ ਕਿਤੇ ਕਿਤੇ ਪੰਜ ਪੰਜ ਸਤ ਸਤ ਅੰਬਾਂ ਦੇ ਬੂਟਿਆਂ ਦੇ ਝੁੰਡ ਦਿਸਦੇ ਸਨ । ਇਸ ਇਲਾਕੇ ਤੋਂ ਬਗੜ ਘਾਹ ਪੰਡਾਂ ਵਿਚ ਬੰਨ ਕੇ ਦੂਰ ਦੁਰਾਡੇ ਕਾਗਜ਼ ਦੀਆਂ ਮਿੱਲਾਂ ਨੂੰ ਭੇਜਿਆ ਜਾਂਦਾ ਸੀ। ਸ਼ਿਵਾਲਕ ਪਹਾੜੀਆਂ ਤੇ ਜਿਥੇ ਪਾਣੀ ਦਾ ਸਤਰ ਉੱਚਾ ਹੁੰਦਾ ਉਥੇ ਗੰਦੇ ਬਿਰੋਜੇ ਅਤੇ ਜੰਗਲਾਂ ਦੀ ਲੱਕੜ ਹੁਸ਼ਿਆਰਪੁਰ ਦੀਆਂ ਸਨਅਤਾਂ ਚਲਾਉਂਦੀਆਂ । ਖਾਸ ਕਰਕੇ ਹੁਸ਼ਿਆਰਪੁਰ ਵਿਖੇ ਲੱਕੜੀ ਦੇ ਹੁਨਰਮਈ ਕੰਮ ਵਾਲੇ ਕਾਰੀਗਰਾਂ ਦਾ ਬਣਾਇਆ ਸਮਾਨ ਦੂਰ ਦੂਰ ਤਕ ਸਲਾਹਿਆ ਜਾਂਦਾ । ਇਹਨਾਂ ਚੋਆਂ ਦੀ ਹੋਰ ਸਮੱਸਿਆ ਇਹ ਸੀ ਕਿ ਬਹੁਤੀ ਵੇਰ ਇਹ ਇਕ ਅੱਧ ਦਿਨ ਜਾਂ ਕੁਝ ਘੰਟਿਆਂ ਵਿਚ ਹੀ ਤਬਾਹੀ ਮਚਾ ਕੇ ਪਾਣੀ ਦਾ ਹੜ੍ਹ ਤੀਹ ਕੁ ਮੀਲ ਤਕ ਚਲਦਾ ਅਤੇ ਫਿਰ ਇਹ ਇਕਦਮ ਧਰਤੀ ਵਿਚ ਹੀ ਵਲੀਨ ਹੋ ਜਾਂਦੇ । ਇਹਨਾਂ ਚੋਆਂ ਨੂੰ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਵਿਉਂਤ ਕੇ ਪਾਣੀ ਦੀ ਸਚਾਰੂ ਸਕੀਮ ਅਧੀਨ ਕੰਮ ਹੋ ਰਿਹਾ ਹੈ । ਇਹਨਾਂ ਸਕੀਮਾਂ ਨਾਲ ਚੋਆਂ ਹੇਠਲਾ ਇਲਾਕਾ ਆਬਾਦ ਕਰਕੇ ਪਾਣੀ ਨੂੰ ਡੈਮ ਬਣਾ ਛੋਟੀਆਂ ਛੋਟੀਆਂ ਨਹਿਰਾਂ ਨਾਲ ਸਿੰਚਾਈ ਅਤੇ ਮੱਛੀ ਪਾਲਣ ਬਾਗ਼ਬਾਨੀ ਆਦਿ ਲਈ ਵਰਤਿਆ ਜਾਵੇਗਾ । ਸਭਿਆਚਾਰ ਤੇ ਇਹਦਾ ਕੀ ਅਸਰ ਹੋਵੇਗਾ ਅਜੇ ਠੀਕ ਕੁਝ ਵੀ ਨਹੀਂ ਕਿਹਾ ਜਾ ਸਕਦਾ ।

ਬੇਈਆਂ : ਉਪਰੋਕਤ ਵਲੀਨ ਹੋਇਆ ਪਾਣੀ ਪੰਜਾਬ ਦੀਆਂ ਦੋ ਪ੍ਰਮੁੱਖ ਕਾਲੀ ਬੇਂਈ ਅਤੇ ਚਿੱਟੀ ਬੇਂਈ ਦੀ ਸ਼ਕਲ ਵਿਚ ਰਿਸ ਰਿਸ ਕੇ ਆਉਂਦਾ ਹੈ । ਕਾਲੀ ਬੇਂਈ ਦਸੂਏ ਦੇ ਕੋਲੋਂ ਸ਼ੁਰੂ ਹੁੰਦੀ ਟਾਂਡੇ ਦੇ ਕੋਲੋਂ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਾਲੀ ਸੜਕ ਦੇ ਥਲਿਉਂ ਨਿਕਲ ਸੁਭਾਨਪੁਰ ਅਤੇ ਹਮੀਰੇ ਦੇ ਵਿਚਕਾਰੋਂ ਜੀ. ਟੀ. ਰੋਡ ਅਤੇ ਅੰਮ੍ਰਿਤਸਰ ਜਲੰਧਰ ਰੇਲ ਗੱਡੀ ਦੀ ਲਾਇਨ ਨੂੰ ਕੱਟਦੀ ਕਪੂਰਥਲੇ ਕੋਲ ਆ ਕੇ ਕਾਂਜਲੀ ਦੇ ਪਿਕਨਿਕ ਅਸਥਾਨ ਕੋਲੋਂ ਲੰਘਦੀ ਸੁਲਤਾਨਪੁਰ ਲੋਧੀ ਦੇ ਇਤਿਹਾਸਕ ਥਾਂ ਤੋਂ ਨਿਕਲਦੀ ਅੱਗੇ ਦਰਿਆ ਸਤਲੁਜ ਵਿਚ ਮਿਲ ਜਾਂਦੀ । ਇਹਦੇ ਲਗਭਗ ਸਮਾਂਤਰ ਹੀ ਦੂਸਰੀ ਬੇਂਈ ਚਲਦੀ । ਇਹ ਬੇਂਈਆਂ ਹੁਸ਼ਿਆਰਪੁਰ ਜ਼ਿਲੇ ਦੇ ਚੋਆਂ ਦੇ ਲਗਭਗ ਸਮਕੋਣ ਤੇ ਚਲਦੀਆਂ ਅਤੇ ਜੋ ਪਾਣੀ ਧਰਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਇਹਨਾਂ ਚੋਆਂ ਦਾ ਜ਼ੋਰ ਲਿਆ ਹੁੰਦਾ ਜਿੰਨਾ ਧਰਤੀ ਅਤੇ ਫ਼ਸਲਾਂ ਨੂੰ ਚਾਹੀਦਾ ਹੁੰਦਾ ਕੁਦਰਤੀ ਨਿਜ਼ਾਮ ਅਨੁਸਾਰ ਉਹ ਖੇਤਾਂ ਵਿਚ ਰਹਿ ਕੇ ਬਾਕੀ ਰਿਸ ਰਿਸ ਕੇ ਬ੍ਰਿਹਨ/ਬੇੜੀਆਂ ਵਿਚੋਂ ਵਗਦਾ ਆਖ਼ੀਰ ਸਤਲੁਜ ਵਿਚ ਅਤੇ ਹਰੀਕੇ ਬਿਆਸ ਸਤਲੁਜ ਦੇ ਸੰਗਮ ਵਿਚ ਮਿਲ ਜਾਂਦਾ। ਇਹਨਾਂ ਬੇਈਆਂ ਦੇ ਨਾਲ ਨਾਲ ਪੰਜਾਬ ਵਿਚ ਸਬਜ਼ੀਆਂ ਦੀ ਕਾਸ਼ਤ ਜ਼ਿਆਦਾ ਹੁੰਦੀ ਤੇ ਉਹ ਜਾਤਾਂ ਜਿਵੇਂ ਸੈਣੀ, ਲੁਬਾਣੇ ਆਦਿ ਜ਼ਿਆਦਾ ਵਸੇ। ਦੁਆਬੇ ਦੇ ਵਿਚਕਾਰੋਂ ਨਿਕਲਣ ਕਰਕੇ ਇਹਨਾਂ ਬੇਈਆਂ ਦੇ ਨਾਲ ਜੰਗਲਾਂ ਅਤੇ ਸ਼ਿਕਾਰਗਾਹਾਂ ਦੀ ਭਰਮਾਰ ਸੀ। ਇਹੋ ਜਿਹੀ ਇਕ ਸ਼ਿਕਾਰਗਾਹ ਵਿਚ ਸ਼ਿਕਾਰ ਖੇਡਦੇ ਹੋਏ ਉਹ ਚੌਗਿਰਦਾ ਮਿਲਿਆ ਜਿਸ ਦੀ ਖ਼ੂਬਸੂਰਤੀ ਕਰ ਕੇ ਸੁਲਤਾਨਪੁਰ ਲੋਧੀ ਕਸਬੇ ਦੀ ਨੀਂਹ ਰਖੀ ਗਈ ਤੇ ਉਹਦਾ ਵਿਕਾਸ ਹੋਇਆ। ਦੁਆਬੇ ਵਿਚ ਜਿਵੇਂ ਬੇਈਆਂ ਦਾ ਚਰਿਤਰ ਸੀ, ਵਿਰੋਂ ਇਹੋ ਜਿਹੇ ਪਾਣੀ ਦੇ ਸਰੋਤਾਂ ਨੂੰ ਰੋਹੀਆਂ ਅਤੇ ਨਾਲੇ ਕਿਹਾ ਜਾਂਦਾ। ਇਸ ਤਰ੍ਹਾਂ ਦੀ ਇਕ ਰੋਹੀ ਪੱਟੀ ਕੋਲੋਂ ਅਤੇ ਇਸ ਤਰ੍ਹਾਂ ਦਾ ਇਕ ਨਾਲਾ ਸ੍ਰੀ ਤਰਨ ਤਾਰਨ ਸਾਹਿਬ ਦੇ ਕੋਲੋਂ ਲੰਘਦਾ ਹੈ। ਇੰਜ ਦਾ ਇਕ ਹੋਰ ਨਾਲਾ ਗੁਰਦਾਸਪੁਰ ਜ਼ਿਲੇ ਵਿਚ ਕਿਰਨ ਸਕੀ ਨਾਲਾ ਕਰ ਕੇ ਮਸ਼ਹੂਰ ਹੈ। ਔੜ ਮਾਰੇ ਇਲਾਕੇ ਵਿਚ ਇਸ ਤਰ੍ਹਾਂ ਦੇ ਨਾਲੇ ਅਤੇ ਰੋਹੀਆਂ ਨੇ ਸ਼ਹਿਰਾਂ ਅਤੇ ਕਸਬਿਆਂ ਦੀ ਉਤਪਤੀ ਅਤੇ ਵਿਕਾਸ ਵਿਚ ਬੜਾ ਉਘਾ ਯੋਗਦਾਨ ਪਾਇਆ।

7785

(2) ਛੱਪੜ, ਢਾਬ, ਡਿੱਗੀ : ਮੁਖ ਦਰਿਆਵਾਂ ਤੋਂ ਦੂਰ ਜਿਥੇ ਵੀ ਨਵੇਂ ਪਿੰਡ ਲਈ ਮੋਹੜੀ ਗੱਡੀ ਜਾਂਦੀ ਉਥੇ ਪਾਣੀ ਦਾ ਤਲ, ਪਾਣੀ ਦੀ ਮਿਕਦਾਰ, ਪਾਣੀ ਦਾ ਸੁਆਦ ਅਤੇ ਨੀਵੇਂ ਥਾਂ ਜਿਥੇ ਇੰਨਾ ਪਾਣੀ ਇਕੱਠਾ ਹੋ ਸਕੇ ਕਿ ਸਾਰਾ ਸਾਲ ਵਰਤਿਆ ਜਾ ਸਕੇ ਆਦਿ ਤੱਥ ਕਿਸੇ ਪਿੰਡ ਅਤੇ ਕਸਬੇ ਲਈ ਥਾਂ ਦੀ ਚੋਣ ਕਰਨ ਵਿਚ ਮੁੱਖ ਭੂਮਿਕਾ ਨਿਭਾਹੁੰਦੇ। ਛੱਪੜ, ਢਾਬ ਤੇ ਡਿੱਗੀ ਬਹੁਤੀਆਂ ਹਾਲਤਾਂ 'ਚ ਕਿਉਂਕਿ ਪਿੰਡ, ਕਿਸੇ ਥੇਹ ਨੁਮਾ ਉਚੀ ਥਾਂ ਤੇ ਉਸਾਰਿਆ ਜਾਂਦਾ ਉਸ ਥੇਹ ਦੇ ਕੋਲ ਉਸ ਟਿੱਬੇ ਕੋਲ ਮਿਲਦੀ ਕੁਦਰਤੀ ਨੀਵੀਂ ਥਾਂ ਹੁੰਦੀ ਜਿਥੇ ਪਿੰਡ ਦਾ ਸਾਰਾ ਪਾਣੀ ਮੀਂਹ ਪੈਣ ਉਤੇ ਰੁੜ ਕੇ ਆਉਂਦਾ। ਵੱਡੇ ਪਿੰਡਾਂ ਕਸਬਿਆਂ ਦੇ ਚਾਰ-ਚੁਫੇਰੇ ਇਕ ਤੋਂ ਜ਼ਿਆਦਾ ਛੱਪੜ ਜਾਂ ਢਾਬਾਂ ਹੁੰਦੀਆਂ ਜਿਵੇਂ ਚੱਕ ਰਾਮਦਾਸ ਪੁਰਾ ਦੇ ਇਕ ਪਾਸੇ ਟੋਭਾ ਭਾਈ ਸਾਲੋ ਸੀ, ਇਕ ਪਾਸੇ ਢਾਬ ਖਟੀਕਾਂ ਸੀ। ਇਕ ਪਾਸੇ ਢਾਬ ਵਸਤੀ ਰਾਮ ਸੀ ਤੇ ਹੋਰ ਕਈ ਕੁਦਰਤੀ ਨੀਵੇਂ ਥਾਂ ਸਨ ਜਿਥੇ ਬਾਅਦ ਵਿਚ ਸ੍ਰੀ ਸੰਤੋਖਸਰ, ਸ੍ਰੀ ਅੰਮ੍ਰਿਤਸਰ, ਕੌਲਸਰ, ਬਿਬੇਕਸਰ, ਰਾਮਸਰ, ਲਛਮਣਸਰ, ਸਰੋਵਰ ਬਣੇ, ਟੂੰਡਾ ਤਲਾਬ ਬਣਿਆ। ਜਿਥੇ ਪੱਧਰਾ ਮੈਦਾਨੀ ਇਲਾਕਾ ਹੁੰਦਾ ਟੋਏ ਟਿੱਬੇ ਨਾ ਹੁੰਦੇ ਉਥੇ ਪਿੰਡ/ਕਸਬੇ ਕੋਲ ਇਕ ਸਾਂਝੀ ਥਾਂ ਛੱਪੜ ਲਈ ਛੱਡ ਲਈ ਜਾਂਦੀ ਅਤੇ ਪਧਰੇ ਥਾਂ ਉੱਤੇ ਛੱਪੜ ਵਾਲੀ ਥਾਂ ਤੋਂ ਮਿੱਟੀ ਪੁੱਟ ਪੁੱਟ ਕੇ ਭਰਤੀ ਪਾ ਲਈ ਜਾਂਦੀ। ਇਸ ਪੁੱਟੀ ਹੋਈ ਮਿੱਟੀ ਨਾਲ ਛੱਪੜ ਵਾਲੀ ਥਾਂ ਨੀਵੀਂ ਹੋ ਜਾਂਦੀ ਅਤੇ ਪਿੰਡ ਦੀ ਕੁਰਸੀ ਉੱਚੀ ਹੋ ਜਾਂਦੀ। ਫਿਰ ਕੱਚੀਆਂ ਕੰਧਾਂ, ਕੋਠੇ, ਖੁਰਲੀਆਂ, ਗਲੀਆਂ, ਘਰਾਂ ਨੂੰ ਬਣਾਉਣ ਲਿੰਬਣ ਪੋਚਣ ਲਈ ਹਜ਼ਾਰਾਂ ਮਣ ਮਿੱਟੀ ਛੱਪੜ ਵਿਚੋਂ ਪੁੱਟੀ ਜਾਂਦੀ, ਗੱਡੇ, ਖੋਤਿਆਂ, ਬੂਘੀਆਂ, ਠੇਲੀਆਂ ਨਾਲ ਢੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦੀ। ਇੰਜ ਛੱਪੜ ਨੀਵਾਂ ਹੋ ਕੇ ਪਿੰਡ ਲਈ ਕੱਚੀ ਮਿੱਟੀ ਦਾ ਸਰੋਤ ਬਣ ਜਾਂਦਾ ਹੈ। ਇਸ ਮਿੱਟੀ ਨੂੰ ਗੋਹੇ ਤੂੜੀ ਨਾਲ ਰਲਾ ਕੇ ਘਾਣੀ ਕੀਤੀ ਜਾਂਦੀ ਤੇ ਪਿੰਡ ਦੇ ਘਰਾਂ, ਕੰਧਾਂ ਦੀ ਉਸਾਰੀ ਛੱਤਾਂ ਤੇ ਗਾਰਾ ਆਦਿ ਪਾਇਆ ਜਾਂਦਾ। ਛੱਪੜ ਥੋੜੇ ਪਾਣੀ ਦਾ ਆਕਾਰ ਹੁੰਦਾ ਦੋ ਤਿੰਨ ਏਕੜ ਵਿਚ ਫੈਲਿਆ ਹੋਇਆ, ਜਦੋਂ ਇਹ ਛੱਪੜ ਡੂੰਘਾ ਵੀ ਨਾ ਹੁੰਦਾ ਤਾਂ ਗਰਮੀਆਂ ਵਿਚ ਸੁੱਕ ਜਾਂਦਾ, ਪਹਿਲਾਂ ਪਾਣੀ ਤਰੱਕ ਜਾਂਦਾ ਫਿਰ ਮਛਲੀਆਂ ਅਤੇ ਪੂੰਗ ਮਰ ਜਾਂਦੇ। ਫਿਰ ਮੋਈਆਂ ਮੱਛੀਆਂ ਦੀ ਬੋ ਚਾਰ ਚੁਫੇਰੇ ਫੈਲ ਜਾਂਦੀ, ਜਿਥੇ ਸੰਭਵ ਹੁੰਦਾ (ਨੇੜੇ ਕੋਈ ਨਹਿਰ ਕੋਈ ਸੂਆ) ਲੰਘ ਰਿਹਾ ਹੁੰਦਾ, ਨਹਿਰ ਸੂਆ ਤੋੜ ਕੇ ਪਾਣੀ ਛਪੜ ਭਰ ਲਿਆ ਜਾਂਦਾ। ਕਈ ਪਿੰਡਾਂ ਵਿਚ ਲਗਾਤਾਰ ਪੰਜ ਸਤ ਖੂਹ ਜੋਅ ਕੇ ਛੱਪੜ ਭਰਿਆ ਜਾਂਦਾ। ਇੰਜ ਕੁਛ ਦਿਨ ਤਾਂ ਰਾਹਤ ਮਿਲਦੀ। ਸੜਦੀ ਲੋ ਨਾਲ ਪਾਣੀ ਉਡ ਜਾਂਦਾ, ਕੁਝ ਜ਼ਮੀਨ ਵਿਚ ਜੀਰ ਹੋ ਜਾਂਦਾ, ਛੱਪੜ ਫਿਰ ਖਾਲੀ ਦਾ ਖਾਲੀ। ਫਿਰ ਮੀਂਹ ਲਈ ਕਈ ਪਿੰਡਾਂ 'ਚ ਛੱਪੜ ਕੰਢੇ ਚੌਲਾਂ ਦੀ ਦੇਗ਼ ਚੜ੍ਹਾ ਕੇ ਵਰਤਾਈ ਜਾਂਦੀ। ਕਈ ਪਿੰਡਾਂ ਵਿਚ ਸੋਕੇ ਵੇਲੇ ਕੰਜ ਕੁਆਰੀਆਂ ਗੋਹਾਂ ਰੋਲੀ ਪਾਣੀ 'ਚ ਘੋਲ ਕੇ ਕਿਸੇ ਬਜ਼ੁਰਗ ਉਤੇ ਡੋਲ੍ਹ ਦੀਆਂ ਉਸ ਬਜ਼ੁਰਗ ਉਤੇ ਜੋ ਬੜੇ ਗਰਮ ਸੁਭਾ ਦਾ ਹੁੰਦਾ ਤਾਂ ਖ਼ਿਆਲ ਕੀਤਾ ਜਾਂਦਾ ਕਿ ਗੋਹੇ ਨਾਲ ਕਪੜੇ ਲਿਬੜਣ ਉਤੇ ਜਿੰਨਾ ਗੁੱਸੇ 'ਚ ਆ ਕੇ ਬਜ਼ੁਰਗ ਕੁੜੀਆਂ ਨੂੰ ਮੰਦਾ ਚੰਗਾ ਬੋਲੇਗਾ ਓਨਾ ਜ਼ਿਆਦਾ ਮੀਂਹ ਪਵੇਗਾ।

ਛੱਪੜ ਪਿੰਡ ਦੀ ਜ਼ਿੰਦਗੀ ਦਾ ਸਮਾਜਕ ਮੇਲਜੋਲ ਦਾ ਮੁੱਖ ਕਾਰਜ ਕੇਂਦਰ ਹੁੰਦਾ। ਛੱਪੜ ਕੋਲ ਕੋਈ ਇੱਟਾਂ ਬਣਾਉਣ ਲਈ ਮਿੱਟੀ ਪੁੱਟ ਰਿਹਾ ਹੁੰਦਾ, ਕੋਈ ਘਰ ਬੂਹੇ ਲਿੰਬਣ ਲਈ ਘਾਣੀ ਬਣਾ ਰਿਹਾ ਹੁੰਦਾ। ਵਾਗੀ ਮੱਝਾਂ ਨੂੰ ਛੱਪੜ ਵਿਚ ਮਲ ਮਲ ਕੇ ਨੁਹਾਉਂਦੇ, ਛੱਪੜ ਕੰਢੇ ਪੜੱਲ ਬੰਨ੍ਹ ਕੇ ਛਾਲਾਂ ਮਾਰਦੇ, ਹੋਰ ਕਈ ਖੇਡਾਂ ਖੇਡਦੇ। ਕੋਈ ਮੱਝ ਛੱਪੜ ਕੰਢੇ ਸੂ ਪੈਂਦੀ, ਕੋਈ ਟਾਹਲੀ ਦੀ ਸ਼ਤੀਰੀ ਨੂੰ ਛੱਪੜ ਵਿਚ ਨੱਪ ਦਿੰਦਾ ਕਿ ਉਹ ਪਾਣੀ ਪੀ ਕੇ ਪੱਕੀ ਹੋ ਜਾਏ, ਕੋਈ ਸਣ ਜਾਂ ਸਨ੍ਹਕੜੇ ਦੇ ਗਰਨੇ ਛੱਪੜ 'ਚੋਂ ਨੱਪੇ ਹੋਏ ਕੱਢ ਰਿਹਾ ਹੁੰਦਾ, ਕੋਈ ਜੰਗਲ ਹੋ ਕੇ ਆਇਆ ਹੱਥ ਸੁੱਚੇ ਕਰਨ ਲਈ ਉਹਲਾ ਭਾਲ ਰਿਹਾ ਹੁੰਦਾ। ਛੱਪੜ ਧਾਗੇ ਤਵੀਤ, ਟੂਣੇ ਦਾ ਵੀ ਮਰਕਜ ਹੁੰਦਾ। ਡੰਗਰਾਂ ਦੀ ਬਿਮਾਰੀ ਫ਼ੈਲਣ ਉੱਤੇ ਛੱਪੜ ਕੰਢੇ ਦੋ ਬਾਂਸ ਗੱਡ ਕੇ ਬਾਂਸਾਂ ਦੇ ਉਤਲੇ ਸਿਰੇ ਉੱਤੇ ਸਿਆਣੇ ਤੋਂ ਧਾਗਾ ਕਰਾਕੇ ਚੱਪਣੀ ਵਿਚ ਬੰਨ੍ਹ ਕੇ ਲਮਕਾਇਆ ਜਾਂਦਾ, ਖਿਆਲ ਸੀ ਕਿ ਜੋ ਡੰਗਰ ਬਾਂਸਾਂ ਦੇ ਵਿਚਕਾਰੋਂ ਚੱਪਣੀ ਦੇ ਥਲਿਓਂ ਨਿਕਲੇਗਾ ਉਹਨੂੰ ਬੀਮਾਰੀ ਛੋਹ ਨਹੀਂ ਸਕੇਗੀ। ਜਿਹਨੇ ਧਾਗਾ ਤਵੀਤ ਗਲੋਂ/ ਬਾਂਹ ਨਾਲੋਂ ਲਾਹ ਦੇਣਾ ਹੁੰਦਾ ਉਹ ਲਾਹ ਕੇ ਛੱਪੜ ਦੇ ਪਾਣੀ ਵਿਚ ਦਬ ਆਉਂਦਾ। ਕਈ ਛੱਪੜਾਂ ਕੋਲ ਮਾਤਾ ਰਾਣੀ ਦੀ ਥਾਂ ਹੁੰਦੀ, ਲਾਕੜਾਂ (ਛੋਟੀ ਮਾਤਾ) ਨਿਕਲਣ ਤੇ ਬੱਚੇ ਨੂੰ ਮਾਤਾ ਰਾਣੀ ਦੀ ਸਮਾਧ ਦੇ ਨਾਲ ਛੱਪੜ ਤੇ ਵੀ ਮੱਥਾ ਟਿਕਾਇਆ ਜਾਂਦਾ। ਛੱਪੜ ਕੰਢੇ ਸੰਘਣੀ ਛਾਂ ਵਾਲੇ ਰਹੇ ਭਰੇ ਦਰੱਖਤ ਹੁੰਦੇ, ਗਰਮੀਆਂ ਵਿਚ ਇਥੇ ਜਦੋਂ ਮੱਝਾਂ ਸੰਢੇ ਛੱਪੜ 'ਚ ਚੁੱਭੀਆਂ ਲਾ ਰਹੇ ਹੁੰਦੇ ਇਹਨਾਂ ਦਰੱਖਤਾਂ ਥੱਲੇ ਵਾਗੀ ਬੈਠਕੇ ਬਾਰਾਂ ਟਾਹਣੀ ਚੁੜੇਲ ਮਾਰ ਡੰਡਾ ਖੇਡਾਂ ਖੇਡਦੇ, ਜੇ ਛੱਪੜ ਪਿੰਡ ਦੇ ਨੇੜੇ ਹੁੰਦਾ ਪਿੰਡ ਦੀਆਂ ਤੀਵੀਆਂ ਇਥੇ ਕਪੜਾ ਲੀੜਾ ਧੋਣ ਆ ਜਾਂਦੀਆਂ। ਜਿੰਨਾਂ ਦਿਨਾਂ ਵਿਚ ਫ਼ਸਲ ਪਕਦੀ ਛੱਪੜ ਕੰਢੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿੱਕੇ ਨਿੱਕੇ ਪਿੜ ਬਣਾ ਕੇ ਖਲਵਾੜੇ ਲੱਗ ਜਾਂਦੇ, ਪਿੰਡ ਅਤੇ ਪਾਣੀ ਦੇ ਨੇੜੇ ਹੋਣ ਕਰਕੇ ਕਣਕ, ਛੋਲੇ, ਜੌਂ ਆਦਿ ਛੱਪੜ ਕੰਢੇ ਹੀ ਗਾਹੇ ਜਾਂਦੇ। ਸ਼ਾਮ ਨੂੰ ਖੇਤਾਂ ਤੋਂ ਪਰਤਦੇ ਹਾਲੀ ਛੱਪੜ ਉੱਤੇ ਆ ਕੇ ਲੱਤਾਂ ਪੈਰ ਧੋਂਦੇ।

ਢਾਬ : ਉਹ ਕੁਦਰਤੀ ਡੂੰਘੀ ਥਾਂ ਹੁੰਦੀ ਜੋ ਛੱਪੜ ਨਾਲੋਂ ਲੰਬਾਈ ਚੌੜਾਈ ਅਤੇ ਡੂੰਘਾਈ ਪੱਖੋਂ ਵੱਡੀ ਹੁੰਦੀ। ਗੱਲ ਸਿਰਫ ਆਕਾਰ ਅਤੇ ਫੈਲਾਅ ਦੀ ਹੀ ਨਹੀਂ, ਢਾਬ ਵਿਚੋਂ ਕਦੀ ਵੀ ਪਾਣੀ ਨਹੀਂ ਮੁਕੇਗਾ, ਇਹ ਆਸ ਕੀਤੀ ਜਾਂਦੀ। ਜਿਆਦਾ ਵੱਡੀ ਅਤੇ ਡੂੰਘੀ ਹੋਣ ਕਰਕੇ ਢਾਬ ਦਾ ਪਾਣੀ ਜ਼ਿਆਦਾ ਸਾਫ਼ ਅਤੇ ਪਵਿੱਤਰ ਤਸੱਵਰ ਕੀਤਾ ਜਾਂਦਾ। ਜਿਵੇਂ ਉਪਰ ਕਿਹਾ ਗਿਆ ਹੈ ਢਾਬ ਨਾਲ ਵੀ ਉਹੀ ਭੋਂ ਵਰਤੋਂ ਅਤੇ ਲੋੜਾਂ ਜੁੜੀਆਂ ਹੁੰਦੀਆਂ ਜੋ ਛੱਪੜ ਨਾਲ ਜੁੜੀਆਂ ਹੁੰਦੀਆਂ। ਢਾਬ ਵੱਡੀ ਹੋਣ ਕਰਕੇ ਇਸ ਵਿਚ ਮੱਛੀ ਦੀ ਪੂੰਗ ਛੱਡੀ ਜਾਂਦੀ। ਕਈ ਪਿੰਡਾਂ ਵਿਚ ਢਾਬ ਕੋਲ ਸ਼ਮਸ਼ਾਨ ਭੂਮੀ ਹੁੰਦੀ। ਸੰਸਕਾਰ ਤੋਂ ਬਾਅਦ ਨੜੋਏ ਨਾਲ ਆਏ ਹਮਦਰਦ ਢਾਬ ਵਿਚ ਹੀ ਨਹਾਉਂਦੇ ਜਾਂ ਹੱਥ ਪੈਰ ਧੋਂਦੇ। ਢਾਬ ਕੰਢੇ ਇੱਟਾਂ ਪੱਥ ਪੱਥ ਕੇ ਪੱਕੀਆਂ ਇੱਟਾਂ ਬਣਾਉਣ ਲਈ ਭੱਠੀ ਲਾਈ ਜਾਂਦੀ। ਢਾਬ ਕੰਢੇ ਘੁਮਿਆਰ ਨੇ ਭਾਂਡੇ ਪਕਾਉਣ ਲਈ ਆਵਾ ਤਪਾਇਆ ਹੁੰਦਾ। ਕਿਉਂਕਿ ਢਾਬ ਨੇੜੇ ਆ ਕੇ ਡੰਗਰਾਂ ਨੂੰ ਗੋਹਾ ਕਰਨ ਦੀ ਆਦਤ ਹੁੰਦੀ ਜਿਸ ਕਰਕੇ ਇਹ ਗੋਹਾ ਇਕੱਠਾ ਕਰਕੇ ਕਈ ਗਰੀਬ ਘਰਾਂ ਢਾਬ ਦੇ ਕੋਲ ਹੀ ਪਾਥੀਆਂ ਦੇ ਗਹੀਰੇ ਬਣਾਏ ਹੁੰਦੇ। ਸਾਰਾ ਸਾਲ ਢਾਬ ਦੇ ਕੰਢਿਆਂ ਤੋਂ ਪਿੰਡ ਦੀਆਂ ਲੋੜਾਂ ਲਈ ਮਿੱਟੀ ਕੱਢੀ ਜਾਂਦੀ। ਫਿਰ ਜਦੋਂ ਜ਼ੋਰ ਦੀ ਮੀਂਹ ਪੈਂਦਾ ਘਰਾਂ ਦੀਆਂ ਕੰਧਾਂ, ਛੱਤਾਂ, ਵਿਹੜੇ ਤੋਂ ਮਿੱਟੀ ਖੁਰਦੀ, ਲੇਅ ਉੱਚੜ ਕੇ ਡਿੱਗ ਪੈਂਦੇ, ਮੀਂਹ ਦੇ ਪਾਣੀ ਵਿਚ ਘੁਲ ਜਾਂਦੇ, ਗਲੀ ਵਿਚੋਂ ਮਿੱਟੀ ਖੁਰਦੀ, ਗਲੀ ਦਾ ਕੱਖ ਕਾਨ, ਮਲ੍ਹੀ, ਭਰਭਰੀ ਮਿੱਟੀ ਪਾਣੀ ਵਿਚ ਵਹਿ ਤੁਰਦੇ ਅਤੇ ਫ਼ਿਰ ਢਾਬ ਵਿਚ ਆ ਜਾਂਦਾ ਮਣਾ ਮੂੰਹੀ ਮਲਬਾ। ਇਹ ਮਲਬਾ ਉਹਨਾਂ ਟੋਇਆਂ ਨੂੰ ਜਿਥੋਂ ਮਿੱਟੀ ਕੱਢੀ ਹੁੰਦੀ ਆ ਕੇ ਪੂਰ ਦਿੰਦਾ। ਇੰਜ ਪਿੰਡ ਦੀਆਂ ਚਿਕਨੀ ਮਿੱਟੀ ਦੀਆਂ ਲੋੜਾਂ ਵਿਚ ਅਤੇ ਮੀਂਹ ਦੇ ਪਾਣੀ ਨਾਲ ਰੁੜ੍ਹ ਕੇ ਆਈ ਮਿੱਟੀ ਦਾ ਇਕ ਚੱਕਰ ਚਲਦਾ ਜੇ ਮਿੱਟੀ ਘੱਟ ਕੱਢੀ ਹੁੰਦੀ ਤਾਂ ਢਾਬ ਹੌਲੀ ਹੌਲੀ ਪੂਰੀ ਜਾਣ ਲੱਗ ਪੈਂਦੀ, ਜੇ ਜ਼ਿਆਦਾ ਕੱਢੀ ਹੁੰਦੀ ਤਾਂ ਢਾਬ ਹਰ ਸਾਲ ਡੂੰਘੀ ਹੁੰਦੀ ਜਾਂਦੀ।

7785

ਢਾਬ ਡੂੰਘੀ ਹੋਣ ਕਰਕੇ ਕਈ ਵਾਰੀ ਵਾਗੀ ਜਾਂ ਮੁੰਡੀਰ ਇਹਦੇ ਵਿਚ ਛਾਲਾਂ ਮਾਰਦੇ, ਕਦੀ ਕਦੀ ਇੰਜ ਹੁੰਦਾ ਕਿ ਛਾਲ ਮਾਰਨ ਵਾਲਾ ਪਾਣੀ ਉਤੇ ਕਿੰਨੀ ਦੇਰ ਵਾਪਸ ਨਾ ਆਉਂਦਾ, ਉਹ ਪਾਣੀ ਵਿਚ ਦਮ ਘੁੱਟ ਕੇ ਮਰ ਜਾਂਦਾ। ਜੇਕਰ ਕਿਸੇ ਢਾਬ ਕੋਲ ਲਗਾਤਾਰ ਦੋ ਤਿੰਨ ਸਾਲਾਂ ਵਿਚ ਦੋ ਤਿੰਨ ਮੌਤਾਂ ਡੁੱਬਣ ਕਰਕੇ ਹੁੰਦੀਆਂ ਤਾਂ ਪਿੰਡ ਵਿਚ ਇਕ ਦੰਦ ਕਥਾ ਹੁੰਦੀ ਸੀ, ਢਾਬ ਹਰ ਸਾਲ ਇਕ ਬਲੀ ਮੰਗਦੀ ਹੈ। ਢਾਬ ਖੂਨੀ ਹੈ, ਢਾਬ ਦੇ ਮੂੰਹ ਨੂੰ ਖ਼ੂਨ ਲੱਗ ਗਿਆ ਹੈ, ਆਦਿ। ਕਿਸੇ ਕਿਸੇ ਪਿੰਡ ਬਹੁਤ ਵੱਡੀ ਢਾਬ ਹੋਣ ਕਰਕੇ ਢਾਬ ਤੋਂ ਝਲਾਰ ਲਈ ਪਾਣੀ ਲਿਆ ਜਾਂਦਾ। ਮੁੱਖ ਤੌਰ ਤੇ ਢਾਬ ਨਾਲ ਵੀ ਉਹ ਸਭਿਆਚਾਰ ਕਦਰਾਂ ਕੀਮਤਾਂ ਅਤੇ ਲੋੜਾਂ ਅਤੇ ਮਨੁੱਖੀ ਕ੍ਰਿਆਵਾਂ ਜੁੜੀਆਂ ਹੁੰਦੀਆਂ ਜੋ ਛੱਪੜ ਨਾਲ ਜੁੜੀਆਂ ਹੁੰਦੀਆਂ। ਕੁਝ ਪਿੰਡਾਂ ਵਿਚ ਢਾਬ ਦੇ ਕੰਢੇ ਕੋਈ ਸਿਵਲਯ, ਠਾਕੁਰ ਦਵਾਰਾ, ਦੇਵੀ ਦਵਾਰਾ ਜਾਂ ਖਾਨਗਾਹ, ਪੀਰ ਆਦਿ ਦਾ ਮਜਾਰ ਹੁੰਦਾ ਜਾਂ ਮਸੀਤ ਹੁੰਦੀ। ਢਾਬ ਦੇ ਸੰਘਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਾਂ ਦਾਰ ਦਰੱਖ਼ਤਾਂ ਦੇ ਹਿੱਸੇ ਕੋਲ ਪੀਲੇ ਮਿੱਟੀ ਰੰਗੇ ਸੱਪ ਆਮ ਵੇਖਣ ਨੂੰ ਮਿਲਦੇ; ਪਾਣੀ ਵਿਚ ਹਰ ਪਲ ਰਹਿਣ ਕਰਕੇ ਜਿੰਨਾ ਚਿਰ ਇਹਨਾਂ ਉਤੇ ਕਿਸੇ ਡੰਗਰ ਜਾਂ ਮਨੁੱਖ ਦਾ ਪੈਰ ਨਾ ਆਉਂਦਾ ਇਹ ਪਾਣੀ ਵਿਚ ਇਧਰ ਉਧਰ ਤਿਲਕ ਜਾਂਦੇ। ਛੱਪੜ ਢਾਬ ਕੰਢੇ ਪੈਰਾਂ ਦੀ ਬਿੜਕ ਆਉਣ ਉਤੇ ਇਹ ਸੁਰਲ ਕਰ ਕੇ ਪਾਣੀ ਵਿਚ ਜਾ ਵੜਦੇ, ਢਾਬ ਵਿਚ ਇਹਨਾਂ ਨੂੰ ਮਾਰਨਾ ਔਖਾ ਹੁੰਦਾ, ਢਾਬ ਵਿਚ ਪੈਰ ਪਾਉਂਦੇ ਹੀ ਪਾਣੀ ਗੰਧਲ ਜਾਂਦਾ ਤੇ ਇਹ ਗੰਧਲੇ ਪਾਣੀ ਵਿਚ ਇਕਮਿਕ ਹੋ ਜਾਂਦੇ।

ਜਿਵੇਂ ਜਿਵੇਂ ਪੰਜਾਬ ਵਿਚ ਛੱਪੜ ਢਾਬਾਂ ਆਦਿ ਦੇ ਹੋਰ ਵਿਕਲਪ ਨਹਿਰਾਂ, ਸੂਏ ਅਤੇ ਬੰਬੀ ਆਦਿ ਆਏ ਹਨ; ਹੁਣ ਬੰਬੀ ਤੇ ਡੰਗਰਾਂ ਨੂੰ ਨੁਹਾ ਲਿਆ ਜਾਂਦਾ ਹੈ ਤਿਵੇਂ ਤਿਵੇਂ ਛੱਪੜ ਅਤੇ ਢਾਬਾਂ ਦੀ ਉਪਯੋਗਿਤਾ ਘਟ ਗਈ ਸਮਝ ਕੇ ਛੱਪੜ ਢਾਬ ਪੂਰ ਕੇ ਇਹ ਇਲਾਕਾ ਵਾਹੀ ਹੇਠ ਲਿਆਉਣ ਦਾ ਰੁਝਾਣ ਵਧ ਰਿਹਾ ਹੈ। ਛੱਪੜ ਢਾਬਾਂ ਦੀ ਹੜ੍ਹਾਂ ਨੂੰ ਠੱਲ੍ਹ ਪਾਉਣ ਦੀ ਸਮਰੱਥਾ ਕਦੀ ਵੀ ਘੱਟ ਨਹੀਂ ਹੋਵੇਗੀ, ਇਹ ਹੜ੍ਹਾਂ ਦਾ ਬੇਸ਼ੁਮਾਰ ਪਾਣੀ ਆਪਣੇ ਆਪ ਵਿਚ ਸਮੋ ਕੇ ਢਲਾਣ ਵਲ ਹੜ੍ਹ ਦੀ ਮਾਰ ਦੀ ਮਿਕਦਾਰ ਘਟਾ ਦਿੰਦੇ। ਜਿਵੇਂ ਛੱਪੜ ਢਾਬਾਂ ਖੇਤੀ ਵਾਲੀ ਧਰਤੀ ਵਿਚ ਵਲੀਨ ਹੋ ਰਹੇ ਹਨ ਤਿਵੇਂ ਤਿਵੇਂ ਹੜ੍ਹਾਂ ਨਾਲ ਤਬਾਹੀ ਵਧ ਰਹੀ ਹੈ।

ਡਿੱਗੀ : ਜਿੰਨ੍ਹਾਂ ਇਲਾਕਿਆਂ ਵਿਚ ਪਾਣੀ ਦਾ ਚੋਆ ਡੂੰਘਾ ਹੁੰਦਾ ਜਾਂ ਧਰਤੀ ਹੇਠਲਾ ਪਾਣੀ ਖਾਰਾ ਹੁੰਦਾ, ਜਿਥੇ ਖੂਹ ਲਾਉਣੇ ਮੁਸ਼ਕਿਲ ਅਤੇ ਮਹਿੰਗੇ ਪੈਂਦੇ, ਅਜਿਹੇ ਇਲਾਕਿਆਂ ਵਿਚ ਪਿੰਡ ਦੇ ਕੋਲ ਪਾਣੀ ਦੀ ਜਰੂਰਤ ਲਈ ਡਿੱਗੀ ਬਣਾਈ ਜਾਂਦੀ। ਮਾਲਵੇ ਦੇ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਸੰਗਰੂਰ ਆਦਿ ਜ਼ਿਲਿਆਂ ਵਿਚ ਇਸ ਤਰ੍ਹਾਂ ਦੀਆਂ ਡਿੱਗੀਆਂ ਆਮ ਵੇਖਣ ਨੂੰ ਮਿਲਦੀਆਂ। ਕਿਤੇ ਕਿਤੇ ਡਿੱਗੀ ਪੱਕੀ ਹੁੰਦੀ, ਕਿਤੇ ਉਹ ਕਿਨਾਰਾ ਜਿਧਰੋਂ ਜ਼ਿਆਦਾ ਪਾਣੀ ਲੈਣਾ ਹੁੰਦਾ ਉਹੀ ਪੱਕਾ ਹੁੰਦਾ। ਕਈਆਂ ਪਿੰਡਾਂ ਵਿਚ ਪਸ਼ੂਆਂ ਲਈ ਵੱਖਰੀ ਅਤੇ ਮਨੁੱਖਾਂ ਲਈ ਵੱਖਰੀ ਡਿੱਗੀ ਹੁੰਦੀ। ਅਤੇ ਕਈ ਪਿੰਡਾਂ ਵਿਚ ਕੰਮੀਆਂ ਲਈ ਵੱਖਰੀ ਡਿੱਗੀ ਹੁੰਦੀ। ਪਰ ਜਿਥੇ ਪਾਣੀ ਦੀ ਥੋੜ ਹੁੰਦੀ ਉਥੇ ਇਕੋ ਡਿੱਗੀ ਨਾਲ ਹੀ ਮਨੁੱਖ ਅਤੇ ਪਸ਼ੂਆਂ ਨੂੰ ਗੁਜ਼ਾਰਾ ਕਰਨ ਦੀ ਮਜਬੂਰੀ ਹੁੰਦੀ। ਜਿਵੇਂ ਜਿਵੇਂ ਰਾਜਸਥਾਨ ਦੇ ਮਾਰੂ ਸਥਲ ਦੇ ਪ੍ਰਭਾਵ ਹੇਠਲੇ ਇਲਾਕੇ ਵਲ ਜਾਈਦਾ ਹੈ ਪਿੰਡ ਤੋਂ ਬਹੁਤ ਦੂਰ ਤੋਂ ਪਾਣੀ ਕਿਸੇ ਡਿੱਗੀ ਜਾਂ ਟੋਏ ਵਿਚੋਂ ਲਿਆਉਣ ਲਈ ਤੀਵੀਂਆਂ ਨੂੰ ਮੀਲਾਂ ਦਾ ਸਫ਼ਰ ਕਰਨਾ ਪੈਂਦਾ। ਕੁਝ ਪਿੰਡਾਂ ਵਿਚ ਡਿੱਗੀ ਤੋਂ ਪਾਣੀ ਊਠਾਂ ਦੀ ਮੱਦਦ ਨਾਲ ਗਰਾਰੀ ਨੁਮਾ ਚਰਖੀ ਦੀ ਮੱਦਦ ਨਾਲ ਕੱਢਿਆ ਜਾਂਦਾ। ਇਹਨਾਂ ਇਲਾਕਿਆਂ ਵਿਚ ਸਾਲਾਂ ਬੱਧੀ ਮੀਂਹ ਨਾ ਪੈਂਦਾ ਤੇ ਜਦੋਂ ਮੀਂਹ ਪੈਂਦਾ ਲੋਕ ਮੀਂਹ ਪੈਣ ਨੂੰ ਇਕ ਉਤਸਵ ਵਾਂਗ ਮਨਾਉਂਦੇ ਕਿਉਂ ਜੋ ਡਿੱਗੀ ਦਾ ਘੱਟ ਹੋ ਰਿਹਾ ਪਾਣੀ ਹੁਣ ਫਿਰ ਡਿੱਗੀ ਦੇ ਕੰਢਿਆਂ ਤਕ ਆ ਜਾਏਗਾ। ਅਜਿਹੇ ਪਿੰਡਾਂ ਵਿਚ ਪਾਣੀ ਘਿਉ ਵਾਂਗ ਵਰਤਿਆ ਜਾਂਦਾ ਅਤੇ ਪਾਣੀ ਅਜਾਈਂ ਨਾ ਡੋਲ੍ਹਿਆ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(੩) ਖੂਹ ਅਤੇ ਸੋਮੇ : ਪਾਣੀ ਦੇ ਰਿਵਾਇਤੀ ਸਰੋਤ ਖੂਹ ਦੋ ਤਰ੍ਹਾਂ ਦੇ ਹੁੰਦੇ :

(ਕ) ਸਿੰਜਾਈ ਵਾਲੇ ਖੂਹ

(ਖ) ਪੀਣ ਵਾਲੇ ਪਾਣੀ ਦੇ ਖੂਹ

(ਕ) ਖੇਤਾਂ ਦੀ ਸਿੰਜਾਈ ਵਾਲੇ ਖੂਹ : ਇਹ ਖੂਹ ਕੁਝ ਵਿਦਵਾਨਾਂ ਅਨੁਸਾਰ ਮੁਗਲਾਂ ਵੇਲੇ ਭਾਰਤ ਅਤੇ ਪੰਜਾਬ ਵਿਚ ਲੱਗਣੇ ਸ਼ੁਰੂ ਹੋਏ ਇਹ ਕਿਉਂਕਿ ਅਸਲ ਵਿਚ ਪਹਿਲਾਂ ਟਿੰਡਾਂ ਵਾਲੇ ਖੂਹ ਫਾਰਸ ਇਲਾਕੇ ਵਿਚ ਵਿਕਸਤ ਹੋਏ । ਟਿੰਡਾਂ ਗੇੜ ਉੱਤੇ ਘੁੰਮਣ ਕਰਕੇ ਇਹਨਾਂ ਖੂਹਾਂ ਨੂੰ ਟਿੰਡਾਂ ਵਾਲੇ ਖੂਹ ਕਿਹਾ ਜਾਂਦਾ । ਸਿੰਜਾਈ ਲਈ ਖੇਤ ਵਿਚ ਖੂਹ ਲਾਉਣਾ ਕਿਰਸਾਣ ਲਈ ਇਕ ਵੱਡਾ ਹੰਭਲਾ ਹੁੰਦਾ । ਭੈਣ ਭਰਾਵਾਂ ਅੰਗਾਂ ਸਾਕਾਂ ਤੋਂ ਖੂਹ ਲਾਉਣ ਲਈ ਪੈਸੇ ਮੰਗੇ ਜਾਂਦੇ । ਪਿੰਡ ਦੇ ਸੂਦਖੋਰ ਮਹਾਜਨ ਤੋਂ ਉਚੀ ਸੂਦ ਦਰ ਉੱਤੇ ਕਰਜ਼ਾ ਲਿਆ ਜਾਂਦਾ । ਖੂਹ ਭਾਵੇਂ ਜਿਹਦੇ ਖੇਤ ਵਿਚ ਲੱਗਦਾ, ਹੁੰਦਾ ਤਾਂ ਉਹਦੀ ਮਲਕੀਅਤ ਹੀ ਪਰ ਗੁਆਂਢੀ ਖੇਤਾਂ ਵਾਲੇ ਵੀ ਖੂਹ ਲੱਗਣ ਦੇ ਚਾਅ ਵਿਚ ਫਿਰਦੇ, ਇਹ ਸਮਝਦੇ ਕਿ ਵੇਲਾ ਪੈਣ ਤੇ ਉਹ ਵੀ ਖੂਹ ਜੋ ਕੇ ਰੌਣੀ ਕਰਕੇ ਆਪਣਾ ਵੱਤਰ ਸਾਂਭ ਲੈਣਗੇ । ਇਸ ਪਖੋਂ ਖੂਹ ਲਾਉਣਾ ਬੜੇ ਪੁੰਨ ਦਾ ਕੰਮ ਸਮਝਿਆ ਜਾਂਦਾ । ਗੁਰਦੁਆਰੇ ਦੇ ਭਾਈ ਕੋਲੋਂ, ਕਿਸੇ ਸਿਆਣੇ ਬਜ਼ੁਰਗ ਕੋਲੋਂ ਮਿੱਠਾ ਪਾਣੀ ਨਿਕਲਣ ਲਈ ਅਰਦਾਸ ਕਰਕੇ, ਪਹਿਲਾ ਟੱਪ ਲੁਆਇਆ ਜਾਂਦਾ । ਗੁੜ, ਪਤਾਸੇ ਮਿੱਠੇ ਚੌਲ ਜਾਂ ਲੱਡੂ ਪਹਿਲਾ ਟੱਪ ਲਾ ਕੇ ਵੰਡੇ ਜਾਂਦੇ । ਜਿੰਨੇ ਦਿਨ ਖੂਹ ਲਈ ਪੁਟਾਈ ਹੁੰਦੀ, ਕਾਮਿਆਂ ਅਤੇ ਮਿਸਤਰੀਆਂ ਨੂੰ ਚੰਗਾ ਚੋਖਾ ਖੁਆਇਆ ਜਾਂਦਾ, ਸੇਵਾ ਕੀਤੀ ਜਾਂਦੀ । ਖੂਹ ਲਈ ਪੁਟਾਈ ਅਤੇ ਚੱਕ ਗਾਲਣਾ ਬੜੀ ਕੁਸ਼ਲਤਾ ਦਾ ਕੰਮ ਹੁੰਦਾ । ਖੂਹ ਦੇ ਚੱਕ ਗਾਲਣ ਨਾਲ ਘਰ ਦੀ ਵੱਡੀ ਨੂੰਹ ਦੀ ਬਲੀ ਦੇਣ ਬਾਰੇ ਵੀ ਲੋਕ ਗੀਤ ਮਿਲਦੇ ਹਨ ।[14] ਪੁਟਾਈ ਕਰਦੇ ਹੋਏ ਧਰਤੀ ਦਾ ਉਹ ਤਲ ਜਿਸਨੂੰ ਪੁਟਦੇ ਹੀ ਪਾਣੀ ਦਾ ਸੋਮਾ ਫੁਟ ਕੇ ਖੂਹ ਨੂੰ ਲਬੋਲਬ ਭਰ ਦਿੰਦਾ, ਇਸ ਤਲ ਨੂੰ ਕੜ ਤੋੜਣਾ ਕਿਹਾ ਜਾਂਦਾ, ਕੜ ਟੁੱਟਣ ਵੇਲੇ ਵੀ ਬਹੁਤ ਸਾਵਧਾਨੀ ਦੀ ਲੋੜ ਹੁੰਦੀ ਕਿਉਂਕਿ ਧਰਤੀ ਹੇਠਲਾ ਪਾਣੀ ਕਈ ਵਾਰ ਬੜੇ ਜੋਰ ਦੀ ਉੱਛਲ ਕੇ ਫੁਟਦਾ ਅਤੇ ਕਦੀ ਕਦੀ ਜੋ ਕਾਮੇ ਜਾਂ ਮਿਸਤਰੀ ਕੜ ਟੁੱਟਣ ਵੇਲੇ ਖੂਹ ਵਿਚ ਧਰਤੀ ਦੇ ਤਲ ਤੋਂ ਚਾਲੀ ਪੰਜਾਹ ਫੁੱਟ ਥਲੇ ਹੁੰਦੇ ਉਹਨਾਂ ਦੇ ਡੁੱਬਣ ਦਾ ਖਤਰਾ ਹੁੰਦਾ ।[15] ਖੂਹ ਦੇ ਕੜ ਟੁੱਟਣ ਨੂੰ ਬੜੀ ਇਤਿਹਾਸਕ ਘਟਨਾ ਦਾ ਪ੍ਰਤੀਕ ਮੰਨਿਆ ਜਾਂਦਾ । ਮਿੱਠਾ ਪਾਣੀ ਨਿਕਲਣ ਉੱਤੇ ਪ੍ਰਸ਼ਾਦ ਫਿਰ ਵੰਡਿਆ ਜਾਂਦਾ । ਲਗਾਤਾਰ ਤਜ਼ਰਬੇ ਤੋਂ ਬਿਨਾਂ ਚਟਾਨਾਂ ਦੀ ਵਿਦਿਆ ਪੜ੍ਹੇ ਹੀ ਮਿਸਤਰੀ ਨੂੰ, ਬਜ਼ੁਰਗਾਂ ਨੂੰ ਪਤਾ ਹੁੰਦਾ ਕਿ ਕਿੰਨੀ ਕੁ ਪੁਟਾਈ ਉੱਤੇ ਰੇਤ ਆਵੇਗੀ ਹੋਰ ਕਿੰਨੀ ਪੁਟਾਈ ਤੇ ਪਾਣੀ ਫੁਟ ਆਵੇਗਾ ।

ਖੂਹ ਕਿੰਨੇ ਕਿੱਲੇ ਖੇਤੀ ਲਈ ਲਾਇਆ ਜਾ ਰਿਹਾ ਹੈ ਅਤੇ ਇਲਾਕੇ ਵਿਚ ਸਿੰਜਾਈ ਕਿੰਨੀ ਵਾਰੀ ਕਰਨੀ ਹੋਵੇਗੀ । ਕਿਹੜੀਆਂ ਮੁਖ ਫਸਲਾਂ ਹਨ ਆਦਿ ਤੱਥਾਂ ਦੀ ਰੋਸ਼ਨੀ ਵਿਚ ਖੂਹ ਦਾ ਘੇਰਾ ਨਿਰਧਾਰਿਤ ਕੀਤਾ ਜਾਂਦਾ, ਬਹੁਤੀਆਂ ਹਾਲਤਾਂ ਵਿਚ ਖੂਹ ਦਾ ਘੇਰਾ ਪੰਜ ਹੱਥਾਂ ਤੋਂ ਪੰਦਰਾਂ ਹੱਥਾਂ ਤਕ ਰਖਿਆ ਜਾਂਦਾ । ਪੰਦਰਾਂ ਹੱਥ, ਉੱਥੇ ਜਿੱਥੇ ਖੂਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਇਕ ਤੋਂ ਜ਼ਿਆਦਾ ਟਿੰਡਾਂ ਦੀਆਂ ਮਾਹਲਾਂ ਪਾਈਆਂ ਜਾਣੀਆਂ ਹੁੰਦੀਆਂ। ਇਕੋ ਖੂਹ ਤੋਂ ਜ਼ਿਆਦਾ ਪਾਣੀ ਖਿੱਚ ਸਕਣ ਦੀ ਸਮਰੱਥਾ ਵਧਾਉਣ ਲਈ ਪੰਜਾਬ ਵਿਚ ਦੋ ਮਾਹਲਾਂ ਤੋਂ ਲੈ ਕੇ ਛੇ ਮਾਹਲਾਂ ਤਕ ਮਿਲਦੀਆਂ ਸਨ। ਇੰਜ ਦੋਹਰਟਾ ਤੋਂ ਲੈਕੇ ਛੇਹਰਟੇ ਤਕ ਖੂਹ ਮਿਲਦੇ। ਉਹਨਾਂ ਇਲਾਕਿਆਂ ਵਿਚ ਸ਼ਹਿਰ ਦੇ ਨੇੜੇ ਜਿਵੇਂ ਜਲੰਧਰ ਦੇ ਦੱਖਣ ਪੱਛਮ ਵੱਲ ਬਸਤੀਆਂ ਦਾ ਇਲਾਕਾ, ਜਿਥੇ ਥੋੜੀ ਜ਼ਮੀਨ ਵਿਚ ਸਬਜ਼ੀਆਂ ਉਗਾਈਆਂ ਜਾਂਦੀਆਂ ਨਿੱਕੀ ਖੂਹੀ, ਨਿੱਕੀਆਂ ਟਿੰਡਾਂ ਵਾਲੀ ਮਾਹਲ ਜਿਸਨੂੰ ਬਜਾਏ ਜੋਗ ਦੇ ਇਕੋ ਝੋਟਾ ਖਿੱਚ ਸਕਦਾ ਲਾਈਆਂ ਜਾਂਦੀਆਂ। ਇਹ ਸੰਢਾ/ਝੋਟਾ ਜਾਂ ਬਲਦ ਨੂੰ ਖੋਪੇ ਲਾ ਕੇ ਖੂਹ ਤੇ ਜੋਇਆ ਜਾਂਦਾ। ਇਹ ਲਗਾਤਾਰ ਕਦੀ ਤੁਰ ਪਿਆ, ਕਦੀ ਮਾਲਿਕ ਦੀ ਬਿੜਕ ਨਾ ਆਉਣ ਤੇ ਖਲੋ ਗਿਆ, ਇੰਜ ਚਲਦਾ ਰਹਿੰਦਾ, ਥੋੜ੍ਹਾ ਥੋੜ੍ਹਾ ਪਾਣੀ ਸਬਜ਼ੀਆਂ ਦੀਆਂ ਖੇਲਾਂ ਵਿਚ ਚਲਦਾ ਰਹਿੰਦਾ। ਇਹੋ ਜਿਹੇ ਖੂਹ ਖਾਸ ਕਰਕੇ ਉਸ ਇਲਾਕੇ ਵਿਚ ਜਿਥੇ ਮੁਸਲਿਮ ਅਰਾਈਂ ਹੁੰਦੇ ਸਨ, ਆਮ ਦੇਖਣ ਨੂੰ ਮਿਲਦੇ ਹਨ।

ਖੂਹ ਦੀ ਉਸਾਰੀ ਤੋਂ ਬਾਅਦ ਕਿਸੇ ਪਿੱਪਲ, ਤੂਤ, ਕਿੱਕਰ ਦੇ ਮੋਟੇ ਤਣੇ ਉਤੇ ਵਿੱਢ ਬਣਾ ਕੇ ਖੂਹ ਦੀ ਲੱਠ ਬੀੜੀ ਜਾਂਦੀ। ਲੱਠ ਨਾਲ ਬੈੜ ਨੂੰ ਚਾਬੀ ਲਾ ਕੇ (ਲੱਠ ਵਿਚ ਇਕ ਵਿਢ ਰੱਖ ਕੇ ਬੈੜ ਵਿਚ ਚੂਕਨੁਮਾ ਲੋਹੇ ਦੀ ਕਿੱਲੀ ਲੱਠ ਦੇ ਵਿੱਢ ਵਿਚ ਫਸਾ ਕੇ) ਝੰਡ ਕੀਤੀ ਜਾਂਦੀ। ਲੱਠ ਦੇ ਦੂਜੇ ਸਿਰੇ ਤੇ ਗਰਾਰੀਨੁਮਾ ਚੱਕਰ ਹੁੰਦਾ ਜੋ ਗਾਦੀ ਦੇ ਚੱਕਰ ਦੀਆਂ ਗਰਾ-ਰੀਆਂ ਵਿਚ ਫਸਿਆ ਹੁੰਦਾ ਜਦੋਂ ਡੰਗਰ ਗਾਦੀ ਖਿੱਚ ਕੇ ਤੁਰਦੇ ਗਾਦੀ ਨਾਲ ਜੁੜੇ ਚਕਰ ਦੀਆਂ ਗਰਾਰੀਆਂ ਚਲਦੀਆਂ। ਇਹਨਾਂ ਗਰਾਰੀਆਂ ਦੇ ਚਲਣ ਨਾਲ ਇਹਨਾਂ ਵਿਚ ਫਸੀਆਂ ਲੱਠ ਵਾਲੀਆਂ ਗਰਾਰੀਆਂ ਚਲਦੀਆਂ, ਗਰਾਰੀਆਂ ਘੁੰਮਣ ਕਰਕੇ ਲੱਠ ਘੁੰਮਦੀ, ਲੱਠ ਘੁੰਮਣ ਕਰਕੇ ਬੈੜ ਘੁੰਮਦਾ, ਬੈੜ ਘੁੰਮਣ ਨਾਲ ਉਤੇ ਬੈੜ ਵਿਚ ਫਸੀ ਟਿੰਡਾਂ ਦੀ ਮਾਹਲ ਘੁੰਮਦੀ। ਇੰਜ ਡੰਗਰ ਤੁਰਨ ਉਤੇ ਖਾਲੀ ਟਿੰਡਾਂ ਖੂਹ ਵਿਚ ਡੁਬਦੀਆਂ, ਪਾਣੀ ਨਾਲ ਭਰ ਕੇ ਚੱਕਰ ਵਿਚ ਉਤੇ ਆਉਂਦੀਆਂ ਕਿੱਕਰ, ਤੂਤ ਦੇ ਤਣੇ ਉਤੇ ਟਿਕਾਏ ਪਾੜਛੇ ਵਿਚ ਉਲਟ ਕੇ ਖਾਲੀ ਹੁੰਦੀਆਂ, ਪਾੜਛੇ ਤੋਂ ਪਾਣੀ ਆਉਲੂ ਵਿਚ ਡਿੱਗਦਾ ਤੇ ਆਉਲੂ ਤੋਂ ਖਾਲੀ ਰਾਹੀਂ ਉਸ ਖੇਤ ਵਿਚ ਪੁੱਜਦਾ ਜਿਸ ਦੀ ਸਿੰਜਾਈ ਕਰਨੀ ਹੁੰਦੀ। ਬੈੜ ਪੁਠਾ ਨਾ ਘੁੰਮੇ ਕਿਉਂਕਿ ਟਿੰਡਾਂ ਵਿਚਲੇ ਪਾਣੀ ਦਾ ਭਾਰ ਹੁੰਦਾ ਜਾਂ ਪਾਣੀ ਨਾਲ ਭਰੀਆਂ ਟਿੰਡਾਂ ਫਿਰ ਤੋਂ ਖੂਹ ਵਿਚ ਨਾ ਜਾ ਡੁੱਬਣ, ਇਸ ਲਈ ਲੱਠ ਵਾਲੀ ਗਰਾਰੀ ਨਾਲ ਇਕ ਗੇਅਰ ਨੁਮਾ ਜੰਤਰ ਜਿਹਨੂੰ ਖੂਹ ਦਾ ਕੁੱਤਾ ਕਿਹਾ ਜਾਂਦਾ, ਲਾਇਆ ਜਾਂਦਾ। ਜਦੋਂ ਖੂਹ ਚਲਦਾ ਇਹ ਲੀਵਰ ਨੁਮਾ ਜੰਤਰ ਉਤਲੀ ਗਰਾਰੀ ਤੋਂ ਤਿਲਕ ਹੇਠਲੀ ਗਰਾਰੀ ਤੇ ਵੱਜਦਾ ਠੱਕ ਠੱਕ। ਜਿੰਨੀ ਤੇਜ਼ ਡੰਗਰ ਤੁਰਦੇ ਉਨਾਂ ਤੇਜ਼ ਹੀ ਇਸ ਕੁੱਤੇ ਦੀ ਆਵਾਜ਼ ਆਉਂਦੀ, ਠੱਕ ਠੱਕ। ਇਸ ਕੁੱਤੇ ਕਰਕੇ ਜਦੋਂ ਖੂਹ ਛਡਿਆ ਜਾਂਦਾ ਟਿੰਡਾਂ ਵਿਚ ਪਾਣੀ ਭਰਿਆ ਰਹਿੰਦਾ ਇਹ ਟਿੰਡਾਂ ਦਾ ਪਾਣੀ ਚਿੜੀਆਂ, ਕਾਂ, ਘੁੱਗੀਆਂ, ਕਬੂਤਰ ਪੀਂਦੇ ਅਤੇ ਖੂਹ ਦੀਆਂ ਇੱਟਾਂ ਦੀਆਂ ਵਿਰਲਾਂ ਵਿਚ ਜਾਂ ਨੇੜੇ ਦੇ ਦਰਖ਼ਤਾਂ ਉਤੇ ਆਪਣੇ ਆਹਲਣੇ ਬਣਾ ਲੈਂਦੇ। ਜੋਗਾਂ ਦੇ ਗਲ ਪਏ ਘੁੰਗਰੂ ਛਣਕਦੇ, ਟਿੰਡਾਂ ਦਾ ਖੜਾਕ, ਪਾੜਛੇ ਦੇ ਪੈਂਦੇ ਪਾਣੀ ਦੀ ਆਵਾਜ਼, ਇਹ ਪਾਣੀ ਕਿਉਂਕਿ ਬੈੜ ਦੀ ਉਚਾਈ ਤੋਂ ਗਿਰਦਾ ਇਹ ਹਵਾ ਨਾਲ ਛਿੱਟਾਂ ਦੇ ਰੂਪ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਡ ਕੇ ਖੂਹ ਦੇ ਚਾਰ ਚੁਫੇਰੇ ਖੂਹ ਦੀ ਨਮੀ ਵਧਾ ਦਿੰਦਾ ਜਿਸ ਕਰਕੇ ਗਰਮੀਆਂ ਵਿਚ ਖੂਹ ਦੇ ਨੇੜੇ ਪਾਣੀ ਦੀ ਨਮੀ ਕਰਕੇ ਹਵਾ ਠੰਡੀ ਹੋ ਜਾਂਦੀ।

ਖੂਹ ਦੀ ਗਾਦੀ ਸਿੱਧੀ ਨਾ ਹੋ ਕੇ ਦੋਸਾਂਗੜ ਹੁੰਦੀ। ਇਸ ਦੇ ਸਿਰੇ ਉਤੇ ਕਈ ਵਾਰੀ ਖਬੜ ਦੇ ਰੱਸੇ ਵੱਟ ਕੇ ਦੋਸਾਂਗੜ ਦੀ ਬੁਣਤੀ ਕਰਕੇ ਰੱਸਿਆਂ ਨਾਲ ਪੀੜ੍ਹੀ ਨੁਮਾ ਬੈਠਣ ਲਈ ਥਾਂ ਬਣਾ ਲਈ ਜਾਂਦੀ। ਇਸ ਪੀੜ੍ਹੀ ਤੇ ਬੈਠ ਕੇ ਬੱਚੇ ਡੰਗਰਾਂ ਨੂੰ ਹਿੱਕਣਾ ਸਿੱਖਦੇ ਨਿੱਕੇ ਬੱਚਿਆਂ ਲਈ ਖੂਹ ਇਕ ਸੁਪਨਾ ਹੁੰਦਾ। ਉਹ ਕਿਸੇ ਵਡੇ ਵਡੇਰੇ ਨਾਲ ਖੂਹ ਤੇ ਆਉਂਦੇ ਇਹ ਤਾਂ ਯਾਦ ਹੁੰਦਾ ਫਿਰ ਗਾਦੀ ਤੇ ਬੇਠਦੇ ਹੀ, ਗਾਦੀ ਦੇ ਚੱਕਰ, ਹਵਾ ਦੀ ਨਮੀ, ਘੁੰਘਰੂ ਟੱਲੀਆਂ, ਪਾਣੀ ਦੀਆਂ ਉਡਦੀਆਂ ਛਿਟਾਂ ਦੀ ਨਮੀ ਨੁਮਾ ਭੂਰ ਬੱਚੇ ਗਾਦੀ ਤੇ ਬੈਠਦੇ ਹੀ ਸੌਂ ਜਾਂਦੇ। ਮਾਂ ਦੀ ਗੋਦ ਤੋਂ ਬਾਅਦ ਪੇਂਡੂ ਮਾਹੌਲ ਵਿਚ ਸਭ ਤੋਂ ਮਿੱਠੀ, ਸਭ ਤੋਂ ਗੂੜ੍ਹੀ ਨੀਂਦ ਖੂਹ ਦੀ ਗਾਦੀ ਤੇ ਆਉਂਦੀ ਜੋ ਲੋਕ ਨੀਂਦ ਨਾ ਆਉਣ ਦੇ ਰੋਗੀ ਨੇ ਕਾਸ਼ ਉਹ ਖੂਹ ਦੀ ਗਾਦੀ ਤੇ ਸਾਉਣ ਦਾ ਤਜ਼ਰਬਾ ਕਰ ਸਕਦੇ।

ਸਿੰਚਾਈ ਦਾ ਵਸੀਲਾ ਹੋਣ ਕਰਕੇ ਖੂਹ ਖੇਤੀ ਦੀ ਆਰਥਿਕਤਾ ਦਾ ਧੁਰਾ ਹੁੰਦਾ। ਸਿੰਚਾਈ ਕਰਕੇ ਖੂਹ ਉੱਤੇ ਫ਼ਸਲਾਂ ਦੀ ਬਹਾਰ ਹੁੰਦੀ ਰੰਗ ਹੁੰਦੇ ਅੰਨ ਦੇ ਬੋਹਲ ਲੱਗਦੇ ਇਸ ਕਰਕੇ ਕਵੀ ਬੋਲ ਉੱਠਦੇ "ਮੇਰੇ ਖੂਹ ਤੇ ਵੱਸਦਾ ਰੱਬ ਨੀ।" ਖੂਹ ਨਾਲ ਫ਼ਸਲਾਂ ਉਗਦੀਆਂ ਪਲਦੀਆਂ ਤੇ ਪੱਕਦੀਆਂ ਖੇਤਾਂ ਵਿਚ ਨੂਰ ਵਸਦਾ, ਹਰੀਆਂ ਫ਼ਸਲਾਂ, ਦੋਧਲ ਛਲੀਆਂ ਰਸ ਨਾਲ ਭਰ ਕੇ ਪਾਟਣ ਤੇ ਆਏ ਖਰਬੂਜੇ, ਛੋਲੀਏ ਨਾਲ ਭਰੇ ਡੱਡੇ, ਘੋੜੀ ਤੇ ਸਵਾਰ ਵੀ ਨਾ ਦਿਸੇ ਇੰਨਾ ਉੱਚਾ, ਕਮਾਦ ਖਿੜ ਖਿੜ ਹੱਸਦੀ ਕਪਾਹ, ਲਹਿਰਾ ਕੇ ਨੱਕ ਵੱਲ ਆਉਂਦੀ ਬਾਸਮਤੀ ਦੀ ਮਹਿਕ, ਭੂੰਡਾਂ ਦੇ ਡੰਗ ਵਰਗੀਆਂ ਕੌੜੀਆਂ ਹਰੀਆਂ ਮਿਰਚਾਂ, ਉਂਗਲਾਂ ਵਰਗੀਆਂ ਮੁਲਾਇਮ ਗਾਜਰਾਂ ਮੂਲੀਆਂ ਫਿਰ ਕੋਈ ਜੱਟ ਗੱਭਰੂ ਖੇਤਾਂ ਤੇ ਮਾਣ ਕਰ ਸਕਦਾ ਦੇ ਹੀ ਜਿੰਦਾ "ਮੇਰੇ ਖੇਤੀ ਖਿੜੀ ਬਹਾਰ ਕੁੜੇ, ਖੇਤਾਂ ਵੱਲ ਫੇਰਾ ਮਾਰ ਕੁੜੇ" ਖੂਹ ਦੇ ਕੋਲ ਜਿਥੇ ਆਰਥਿਕਤਾ ਸਾਥ ਦਿੰਦੀ ਇਕ ਅੱਧ ਕਮਰਾ ਖੇਤੀ ਦੇ ਸੰਦਾਂ ਲਈ, ਖੂਹ ਅਗੇ ਕਈ ਘੰਟੇ ਜੁਪੇ ਬਲਦਾਂ ਝੋਟਿਆਂ ਦੇ ਆਰਾਮ ਲਈ ਛੱਤ ਲਿਆ ਜਾਂਦਾ। ਇਸ ਕਮਰੇ ਵਿਚ ਖੁਰਲੀ ਹੁੰਦੀ ਕਈ ਵਾਰੀ ਨੇੜੇ ਹੀ ਤੂੜੀ ਦਾ ਕੁੱਪ ਜਾਂ ਧੜ ਹੁੰਦੀ ਘਰੋਂ ਵੰਡ ਲਿਆ ਕੇ ਜੋਗਾਂ ਨੂੰ ਉਥੇ ਹੀ ਗਤਾਵਾ ਕਰ ਦਿੱਤਾ ਜਾਂਦਾ, ਪੱਠੇ ਪਾ ਦਿੱਤੇ ਜਾਂਦੇ। ਪਸ਼ੂਆਂ ਦੇ ਫਿਰਨ ਨਹਾਉਣ ਪਾਣੀ ਪੀਣ ਲਈ ਖੂਹ ਦੇ ਨੇੜੇ ਕੁਛ ਮਰਲੇ ਥਾਂ ਛੱਡੀ ਹੁੰਦੀ। ਇਥੇ ਸਵੇਰੇ ਆ ਕੇ ਗੱਡਾ ਖਲੋ ਜਾਂਦਾ। ਕਈ ਵਾਰੀ ਇਸ ਗੱਡੇ ਉਤੇ ਘਰੋਂ ਪਾਣੀ ਵਿਚ ਧੋਣ ਲਈ ਕਪੜੇ, ਦਾਣੇ ਆਦਿ ਵੀ ਆ ਜਾਂਦੇ। ਛਾਹ ਵੇਲਾ ਲੈ ਕੇ ਔਰਤਾਂ ਆਉਂਦੀਆਂ ਉਹ ਕਪੜੇ ਦਾਣੇ ਆਦਿ ਖੂਹ ਦੇ ਪਾੜਛੇ ਕੋਲ ਬੈਠ ਕੇ ਧੋ ਲੈਂਦੀਆਂ, ਜਾਂਦੀ ਵਾਰੀ ਸਬਜ਼ੀ ਵਾਲੀ ਕਿਆਰੀ ਵਿਚੋਂ ਸਬਜ਼ੀ, ਸਾਗ ਤੋੜ ਲੈਂਦੀਆਂ। ਸ਼ਾਮ ਨੂੰ ਗੱਡੇ ਉਤੇ ਪੱਠੇ ਪਿੰਡ ਚਲੇ ਜਾਂਦੇ। ਕਈ ਇਲਾਕਿਆਂ ਵਿਚ ਖੂਹ ਦੇ ਕੋਲ ਉਸ ਖੇਤ ਵਿਚ ਜਿਹਦੇ 'ਚ ਕਪਾਹ ਜਾਂ ਕਮਾਦ ਬੀਜਣਾ ਹੁੰਦਾ ਵੱਗ ਬਿਠਾਉਣ ਦਾ ਰਿਵਾਜ਼ ਸੀ; ਸਾਰੀਆਂ ਮੱਝਾਂ ਗਾਵਾਂ ਨੂੰ ਖੁਲ੍ਹੇ ਮੌਸਮ ਵਿਚ ਖੇਤਾਂ ਵਿਚ ਲਿਆਂਦਾ ਜਾਂਦਾ। ਇਹ ਡੰਗਰ ਖੇਤਾਂ ਵਿਚ ਹੀ ਗੋਹਾ ਤੇ ਪੇਸ਼ਾਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਦੇ। ਇੰਜ ਇਕ ਪਾਸੇ ਖੇਤਾਂ ਨੂੰ ਪੇਸ਼ਾਬ ਅਤੇ ਗੋਹੇ ਦੇ ਉਪਜਾਊ ਤੱਤ ਮਿਲਦੇ, ਦੂਸਰੇ ਪਾਸੇ ਪਿੰਡੋਂ ਗੱਡੇ ਉਤੇ ਰੂੜੀ ਲੱਦ ਕੇ ਲਿਆਉਣ ਦੀ ਮੁਸ਼ੱਕਤ ਮੁੱਕ ਜਾਂਦੀ।

ਜਿਹੜੀ ਜੋਗ ਖੂਹ ਉਤੇ ਜੋਣੀ ਹੁੰਦੀ ਉਹਦੇ ਸ਼ਿੰਗਾਰ ਵਲ ਉਚੇਚਾ ਧਿਆਨ ਦਿੱਤਾ ਜਾਂਦਾ। ਜੋਗਾਂ ਦੀਆਂ ਨੱਥਾਂ ਰੰਗਦਾਰ ਹੁੰਦੀਆਂ, ਸਿੰਗਾਂ ਨੂੰ ਤੇਲ ਨਾਲ ਚੋਪੜਿਆ ਜਾਂਦਾ। ਰੰਗ ਬਿਰੰਗੀਆਂ ਕੌਡੀਆਂ ਲਿਆ ਕੇ ਖੋਪਿਆਂ ਉਤੇ ਜੜੀਆਂ ਜਾਂਦੀਆਂ। ਪਿੰਡਾਂ ਵਿਚ ਕਈ ਤਰ੍ਹਾਂ ਦੇ ਖੋਪੇ ਬਣਾਏ ਜਾਂਦੇ, ਦੱਬ ਦੀਆਂ ਤੀਲਾਂ ਨੂੰ ਖਜੂਰ ਦੇ ਪੱਤਿਆਂ ਨਾਲ ਵਲ ਮਾਰਕੇ, ਚਮੜੇ ਦੇ ਖੋਪੇ ਬਣਾਏ ਜਾਂਦੇ, ਕਿਤੇ ਕਪੜੇ ਦੇ ਸਖ਼ਤ ਆਕੜੇ ਖੋਪੇ, ਕਿਤੇ ਖੋਪਿਆਂ ਤੇ ਕੌਡੀਆਂ ਜੜੀਆਂ ਜਾਂਦੀਆਂ, ਕਿਤੇ ਰੰਗ ਕੇ ਖਜੂਰ ਦੇ ਪੱਤਿਆਂ ਨਾਲ ਪਿੜੀਆਂ ਬਣਾਈਆਂ ਜਾਂਦੀਆਂ, ਕਿਤੇ ਕਪੜੇ ਦੀ ਸਿਲਾਈ ਕਢਾਈ ਕੀਤੀ ਜਾਂਦੀ। ਜੋਗਾਂ ਦੇ ਗਲ ਵਿਚ ਟੱਲੀਆਂ, ਘੁੰਗਰੂ, ਮਣਕੇ, ਮਖੇਰਣੇ, ਆਂਡਿਆਂ ਜਿੱਡੇ ਜਿੱਡੇ ਘੁੰਗਰੂ ਪਟੇਨੁਮਾ ਕੌਡੀਆਂ ਦੀਆਂ ਮਹੇਲਾਂ, ਬਲਦਾਂ ਦੇ ਸਿੰਗਾਂ ਦੀਆਂ ਨੋਕਾਂ ਉਤੇ ਪਾਉਣ ਵਾਲੀਆਂ ਪਿੱਤਲ ਦੀਆਂ ਨੋਕਾਂ, ਕਿਤੇ ਕਿਤੇ ਚੁਸਤ ਜੋਗਾਂ ਦੇ ਪੈਰਾਂ ਵਿਚ ਝਾਜਰਾਂ। ਸਿਆਲ ਦੀਆਂ ਰਾਤਾਂ ਵਿਚ ਬਲਦਾਂ ਉਤੇ ਪਾਉਣ ਵਾਲੀਆਂ ਝੁਲਾਂ ਰੰਗ ਬਿਰੰਗੇ ਕਪੜਿਆਂ ਨੂੰ ਜੋੜ ਜੋੜ ਕੇ, ਕਪੜਿਆਂ ਵਿਚ ਸ਼ੀਸ਼ੇ ਦੇ ਟੁਕੜੇ ਜੜ ਜੜ ਕੇ; ਕੌਡੀਆਂ ਜੜ ਕੇ ਬਣਾਈਆਂ ਜਾਂਦੀਆਂ। ਝੁਲਾਂ ਨਾਲ ਲਮਕਦੇ ਵਖੋ ਵੱਖ ਰੰਗਾਂ ਦੇ ਵੱਟੇ ਹੋਏ ਫੁੰਮਣ, ਰੰਗਦਾਰ ਡੋਰੀਆਂ, ਡੋਰੀਆਂ ਨਾਲ ਬੱਝੀਆਂ ਨਿੱਕੀਆਂ ਟੱਲੀਆਂ, ਜਦੋਂ ਜੋਗਾਂ ਤੁਰਦੀਆਂ ਗਲ ਵਿਚ ਘੁੰਗਰੂ ਛਣਕਦੇ, ਪੈਰਾਂ ਦੀਆਂ ਝਾਂਜਰਾਂ, ਝੁਲਾਂ ਦੀਆਂ ਟੱਲੀਆਂ, ਫੁੰਮਣਾਂ ਸ਼ੀਸ਼ਿਆਂ ਦੇ ਰੰਗ ਲਿਸ਼ਕਦੇ। ਖੂਹ ਅਗੇ ਜੁਪੀਆਂ ਜੋਗਾਂ ਇਕ ਮਟਕ ਹੁਲਾਰੇ ਨਾਲ ਪੈਰ ਪੁੱਟਦੀਆਂ ਤੇ ਉਹਨਾਂ ਦੀ ਚਾਲ ਨਾਲ ਤਾਲ ਮੇਲਦੀਆਂ ਟੱਲੀਆਂ ਟੁਣਕਦੀਆਂ ਟੁਣਕ ਟੁਣ ਟੁਣ, ਟੁਣਕ ਟੁਣ ਟੁਣ।

ਕਿਸੇ ਕਿਸੇ ਖੂਹ ਤੇ ਗੱਭਰੂ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ। ਉਹ ਖੂਹ ਉਤੇ ਮੁਗਧਰ, ਗੋਲ ਪੱਥਰ, ਸੁਹਾਗੇ ਲਿਆ ਸੁੱਟਦੇ, ਕੋਈ ਕਹੀ ਲੈ ਕੇ ਗੋਡ ਗੋਡ ਕੇ ਅਖਾੜਾ ਬਣਾ ਦਿੰਦਾ। ਸਿੰਜਾਈ ਵਾਲੇ ਖੂਹ ਤੇ ਜ਼ੋਰ ਕਰਨਾ ਅਤੇ ਘੋਲ ਸ਼ੁਰੂ ਹੋ ਜਾਂਦੇ, ਕੋਈ ਬੁੱਢਾ ਪਹਿਲਵਾਨ ਸ਼ਾਮ ਹੁੰਦੇ ਹੀ ਪਟ ਚੋਪੜ ਕੇ ਨਵੇਂ ਪੱਠਿਆਂ ਨੂੰ ਜ਼ੋਰ ਕਰਵਾ ਅਤੇ ਦਾਅ ਲਾਉਣੇ ਸਿਖਾਉਂਦਾ। ਢੇਮਾਂ ਦੀਆਂ ਢੇਰੀਆਂ ਨਾਲ ਦਾਹੀਆਂ ਬਣਾ ਕੇ ਕਬੱਡੀ ਸ਼ੁਰੂ ਹੋ ਜਾਂਦੀ। ਚਾਂਦਨੀਆਂ ਰਾਤਾਂ ਵਿਚ ਰਕੜ ਪਏ ਖੇਤ ਵਿਚ ਖਿੱਦੋ ਖੂੰਡੀ ਸ਼ੁਰੂ ਹੋ ਜਾਂਦੀ। ਕੋਈ ਸਰਦਾਰ ਖਾਂਦਾ ਪੀਂਦਾ ਬਜ਼ੁਰਗ ਸ਼ਾਮ ਨੂੰ ਟਹਿਲਦਾ ਆ ਨਿਕਲਦਾ, ਮੁੰਡਿਆਂ ਨੂੰ ਜ਼ੋਰ ਕਰਦੇ ਵੇਖ ਲਲਕਾਰ ਕੇ ਕਹਿੰਦਾ, 'ਪੁੱਤਰੋ ਜੇ ਐਤਕੀਂ ਵਿਸਾਖੀ ਤੇ ਇਲਾਕੇ ਵਿਚੋਂ ਕਬੱਡੀ ਜਿੱਤ ਕੇ ਵਿਖਾਓ, ਮੈਂ ਦੇਸੀ ਘਿਓ ਦਾ ਪੀਪਾ ਦਿਊਂ।' ਮੁੰਡਿਆਂ ਦੀ ਕਲਪਨਾ ਵਿਚ ਨੱਕੋ ਨੱਕ ਭਰਿਆ ਘਿਉ ਦਾ ਪੀਪਾ ਨੱਚਣ ਲੱਗਦਾ ਉਹ ਹੋਰ ਹੱਡ ਭੰਨਵੀ ਵਰਜਿਸ਼ ਕਰਨ ਲੱਗ ਪੈਂਦੇ।

ਕਿਸੇ ਖੂਹ ਕੋਲ ਵਾਹ ਵਾਹ ਕੇ ਸ਼ਕਰ ਵਰਗੀ ਕੀਤੀ ਪੋਲੀ ਪੈਲੀ ਵਿਸਾਖੀ ਵਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਨ ਖੇਡਾਂ ਦਾ ਕੇਂਦਰ ਬਣ ਜਾਂਦੀ। ਘੋੜਿਆਂ, ਊਠਾਂ, ਟੱਟੂਆਂ ਦੀਆਂ ਦੌੜਾਂ, ਗੱਡੇ ਟਾਂਗਿਆਂ ਦੀ ਦੌੜਾਂ, ਸੁਹਾਗੇ ਜ਼ਮੀਨ ਉਤੇ ਸਿੱਧੀ ਰਾਹਲ ਮਾਰਨ ਦੇ ਮੁਕਾਬਲੇ, ਕੁਕੜਾਂ ਦੀ ਲੜਾਈ, ਭੇਡੂਆਂ, ਤਿੱਤਰ, ਬਟੇਰਾਂ ਦੀ ਲੜਾਈ, ਗਤਕੇ, ਨੇਜੇ ਬਾਜੀ, ਸਾਂਡ ਮਾਰਣ ਦੇ ਮੁਕਾਬਲੇ, ਗੱਲ ਕੀ ਖੂਹ ਦੇ ਦੁਆਲੇ ਮੇਲਾ ਲਗ ਜਾਂਦਾ। ਖੂਹ ਕੋਲ ਲਡੂਆਂ, ਜਲੇਬੀਆਂ, ਬਰਫ਼ੀ, ਵੇਸਣਾਂ ਵਾਲੇ ਹਲਵਾਈ ਆ ਕੇ ਮਿਠਿਆਈ ਬਣਾਉਣ ਲੱਗਦੇ। ਢੋਲਕੀ ਢੋਲ ਉਤੇ ਡਗਾ ਮਾਰਦਾ ਮੁੰਡਿਆਂ ਦੇ ਪੈਰ ਭੰਗੜਾ ਪਾ ਕੇ ਪਾਸੇ ਧੂੜ ਉਡਾ ਦਿੰਦੇ। ਇਸ ਮੇਲੇ ਦੀ ਟੀਸੀ ਉਹ ਕੁਸ਼ਤੀ ਹੁੰਦੀ ਜਿਹਦੇ ਨਾਲ ਮਾਲੀ ਦਾ ਹੋਣਾ ਹੁੰਦਾ। ਢੋਲ ਦਾ ਡਗਾ ਜਿਵੇਂ ਖਰੂਦ ਪਾ ਦਿੰਦਾ, ਘੋਲ ਹੋ ਕੇ ਫ਼ੈਸਲਾ ਹੋ ਜਾਂਦਾ। ਜੇਤੂ ਭਲਵਾਨ ਨੂੰ ਪਿੰਡ ਦੇ ਸ਼ੌਕੀਨ ਮੋਢਿਆਂ ਤੇ ਚੁੱਕ ਕੇ ਤੁਰਦੇ। ਕਬੱਡੀ ਦੀਆਂ ਆਖਰੀ ਟੀਮਾਂ ਮੈਦਾਨ ਵਿਚ ਆ ਜਾਂਦੀਆਂ, ਬਾਹਰੋਂ ਆਈ ਕਿਸੇ ਪਿੰਡ ਦੀ ਟੀਮ ਕੋਲੋਂ ਇਸ ਪਿੰਡ ਦੀ ਟੀਮ ਹਾਰਨ ਲਗਦੀ, ਇਸ ਪਿੰਡ ਦੇ ਲੋਕਾਂ ਦੇ ਮੂੰਹ ਝੂਠੇ ਹੋ ਜਾਂਦੇ, ਬੁਲਾਂ ਕੇ ਜਿਵੇਂ ਪਪੜੀ ਜੰਮ ਜਾਂਦੀ, ਫਿਰ ਕੋਈ ਮੇਲੇ ਚੋਂ ਕਹਿੰਦਾ, 'ਤਾਰਿਆ ਪਿੰਡ ਦੀ ਆਬ ਰੱਖ ਲੈਂ', ਛਟੀਕਾ ਜਿਹਾ ਤਾਰਾ (ਜਾਂ ਕੋਈ ਹੋਰ ਨਾਂ) ਬੱਸ ਜਿਵੇਂ ਬਿਜਲੀ ਹੋ ਜਾਂਦਾ। ਉਹ ਵਲ ਵਲ ਕੇ ਕੌਡੀ ਪਾਉਂਦਾ, ਜਿੰਨੇ ਕੁ ਨੰਬਰਾਂ ਤੇ ਪਿੰਡ ਹਾਰ ਰਿਹਾ ਹੁੰਦਾ ਉਹ ਬਰਾਬਰ ਕਰ ਲੈਂਦਾ (ਕਈ ਵਾਰੀ ਰੌਲ ਘਚੋਲਾ ਵੀ ਹੋ ਜਾਂਦਾ) ਤਾਅ ਵਿਚ ਆਏ ਖਿਡਾਰੀ ਖਹਿਬੜ ਵੀ ਪੈਂਦੇ, ਫਿਰ ਵਿਚੋਂ ਸੁਲਾਹ ਹੁੰਦੀ ਫਿਰ ਆਖਰੀ ਕਉਡੀ ਪੈਂਦੀ ਉੱਚੀ ਬਾਂਹ ਕਰਕੇ, ਪਿੰਡ ਦੀ ਟੀਮ ਜਿੱਤ ਜਾਂਦੀ। ਲੋਕਾਂ ਦੇ ਮੂੰਹਾਂ ਤੇ ਖੇੜਾ ਆ ਜਾਂਦਾ, ਖਿਡਾਰੀ ਬਜ਼ੁਰਗਾਂ ਦੇ ਪੈਰਾਂ ਨੂੰ, ਉਸਤਾਦਾਂ ਦੇ ਪੈਰਾਂ ਨੂੰ ਹੱਥ ਲਾਉਂਦੇ। **ਕਿਸੇ ਗੂਹੜੇ ਯਾਰ ਨੂੰ ਤਾਰਾ ਦਸਦਾ ਕਿ ਜਦੋਂ ਟੀਮ ਹਾਰ ਰਹੀ ਸੀ ਉਹਨੇ ਪ੍ਰੀਤੋ ਦੀਆਂ ਉਦਾਸ ਅੱਖਾਂ ਆਪਣੇ ਵਲ ਟਿਕਟਿਕੀ ਲਾ ਕੇ ਵੇਂਹਦੀਆਂ ਵੇਖ ਲਈਆਂ। ਉਹਦੇ ਤੋਂ ਪ੍ਰੀਤੋ ਦੀਆਂ ਉਦਾਸ ਅੱਖਾਂ ਦਾ ਜਿਤ ਲੈਣ ਲਈ ਤਰਲਾ ਨਹੀਂ ਸੀ ਵੇਖਿਆ ਗਿਆ, ਬਸ 'ਮਰ ਜਾਂ ਮਾਰਦੇ' ਸਮਝ ਕੇ ਉਸ ਕਬੱਡੀ ਖੇਡੀ ਸੀ ਤੇ ਪਿੰਡ ਨੂੰ ਜਿਤਾ ਦਿਤਾ ਸੀ। ਪ੍ਰੀਤੋ ਨੂੰ ਵੀ ਪਤਾ ਹੁੰਦਾ ਉਹਦੇ ਨੈਣਾਂ ਕਿਵੇਂ ਸੁੱਤੀਆਂ ਕਲਾ ਜਗਾਈਆਂ ਹਨ, ਉਹ ਮਾਣ ਨਾਲ ਪੈਰ ਟਿਕਾ ਕੇ ਤੁਰਦੀ ਪਰ ਇਹ ਰੁਮਾਂਸ ਲੋਕ ਚਰਚਾ ਦਾ ਵਿਸ਼ਾ ਨਾ ਬਣਦਾ ਚਰਚਾ ਹੁੰਦੀ ਤਾਰੇ ਦੀ ਕਬੱਡੀ ਦੀ, ਉਹਦੇ ਛੀਟਕੇ ਸਰੀਰ ਦੀ, ਉਹਦੀ ਚੁਸਤੀ ਦੀ।** ਹੌਲੀ ਹੌਲੀ ਮੇਲਾ ਉਖੜਨ ਲੱਗਦਾ। ਜਿਸਮ ਘੱਟੇ, ਪਸੀਨੇ ਨਾਲ ਗੜੁੱਚ ਸਾਰੇ ਪਹਿਲਵਾਨ, ਖਿਡਾਰੀ ਹੌਲੀ ਹੌਲੀ ਖੂਹ ਦੇ ਚੁਬੱਚੇ ਕੋਲ ਆ ਜਾਂਦੇ, ਖੂਹ ਕੋਲ ਬੈਠ ਕੇ ਉਹ ਆਪਣੀਆਂ ਪ੍ਰਾਪਤੀਆਂ ਦੀਆਂ ਗੱਲਾਂ ਕਰਦੇ। ਮੇਲੇ ਤੋਂ ਵਾਪਸ ਘਰਾਂ ਨੂੰ ਜਾਂਦੇ, ਲੋਕਾਂ ਕਰਕੇ ਉਠਿਆ ਧੂੜ ਦਾ ਗੁਬਾਰ ਹੌਲੀ ਹੌਲੀ ਬੈਠਦਾ, ਸ਼ਾਮ ਦਾ ਹਨੇਰਾ ਹੋਣ ਕਰਕੇ ਹੌਲੀ ਹੌਲੀ ਠੰਢੀ ਹਵਾ ਰੁਮਕਦੀ, ਸਾਹ ਲੈ ਕੇ ਜਿਸਮ ਜਦੋਂ ਥੋੜ੍ਹੇ ਠੰਢੇ ਹੁੰਦੇ, ਫਿਰ ਉਹ ਸਾਰੇ ਨਹਾਉਣ ਲੱਗ ਪੈਂਦੇ। ਅਗਲੇ ਮੁਕਾਬਲੇ ਬਾਰੇ ਵਿਉਂਤਾਂ ਬਣਾਉਂਦੇ ਕਿ ਉਸ ਪਿੰਡ ਕਦੋਂ ਕਿਹੜਾ ਮੇਲਾ ਲਗਣਾ ਏ। ਕਿੱਥੋਂ ਕਿੱਥੋਂ ਦੇ ਪਹਿਲਵਾਨ ਆਉਣਗੇ, ਕਿਹੜੇ ਕਿਹੜੇ ਪਿੰਡ ਦੀਆਂ ਟੀਮਾਂ ਆਉਣਗੀਆਂ। ਇੰਜ ਖੂਹ ਦੇ ਕੋਲ ਬੈਠੇ ਗੱਲਾਂ ਕਰਦੇ ਖਿਡਾਰੀਆਂ ਵਿਚ ਗੂੜ੍ਹੀਆਂ ਯਾਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈ ਜਾਂਦੀਆਂ, ਰਿਸ਼ਤੇਦਾਰੀਆਂ ਨਿਕਲ ਆਉਂਦੀਆਂ ।

ਪਿੰਡ ਦੀ ਨਿਆਈਂ ਜ਼ਮੀਨ ਕੋਲ ਜੋ ਸਿੰਜਾਈ ਲਈ ਖੂਹ ਹੁੰਦਾ ਉਥੇ ਹਰ ਵੇਲੇ ਚਹਿਲ ਪਹਿਲ ਹੁੰਦੀ । ਜਦੋਂ ਕੋਈ ਜੰਞ ਆਉਂਦੀ ਖੂਹ ਵਾਲਾ ਘਰ ਤੜਕੇ ਉਠਕੇ ਖੂਹ ਜੋੜ ਦਿੰਦਾ । ਖੂਹ ਤੇ ਸਾਬਣ, ਤੇਲ, ਪਰਨੇ ਰੱਖ ਦਿੱਤੇ ਜਾਂਦੇ । ਇਸ ਖੂਹ ਉਤੇ ਕਿਸੇ ਚਾਟੀ, ਬਲਣੇ ਜਾਂ ਕੁੱਜੇ ਵਿਚ ਲੋਕ ਬੇਹੀ ਖੱਟੀ ਲੱਸੀ ਪਾ ਛੱਡਦੇ । ਜਦੋਂ ਕੋਈ ਖੂਹ ਤੇ ਨਹਾਉਣ ਆਉਂਦਾ ਇਸ ਕੁੱਜੇ ਵਿਚੋਂ ਦੋ ਲੱਪਾਂ ਲੱਸੀ ਪਿੰਡੇ ਨੂੰ ਮਲ ਲੈਂਦਾ, ਲੱਸੀ ਦੀ ਖਟਾਸ ਨਾਲ ਪਿੰਡੇ ਦੀ ਮੈਲ ਉੱਗਲ ਉੱਠਦੀ, ਜਿਸ ਕਿਸੇ ਸਿਰ ਨਹਾਉਣਾ ਹੁੰਦਾ ਉਹ ਸਿਰ ਵਿਚ ਕੁੱਜੇ 'ਚੋਂ ਲੱਸੀ ਪਾ ਕੇ ਵਾਲਾਂ ਨੂੰ ਮਲਦਾ, ਫਿਰ ਚਲਦੇ ਖੂਹ ਦੇ ਪਾੜਛੇ ਥੱਲੇ ਹੋ ਜਾਂਦੇ । ਪਿੰਡ ਦੀ ਨਿਆਂਈ ਵਾਲੇ ਖੂਹ ਦਾ ਚੁਬੱਚਾ ਪੱਕਾ ਹੁੰਦਾ । ਕਿਤੇ ਕਿਤੇ ਆਰੀ ਨਾਲ ਪੱਧਰੇ ਕਰਕੇ ਵੱਡੇ ਵੱਡੇ ਮੁੱਢ ਖੂਹ ਦੀ ਆੜ ਨਾਲ ਗੱਡੇ ਹੁੰਦੇ ਕਿ ਪਿੰਡ ਦੀਆਂ ਨਾਰੀਆਂ ਇਹਨਾਂ ਮੁੱਢਾਂ ਉਤੇ ਕਪੜੇ ਧੋ ਲੈਣ । ਡੰਗਰਾਂ ਦੇ ਪਾਣੀ ਪੀਣ ਲਈ ਖੁਰਲੀ ਬਣੀ ਹੁੰਦੀ ! ਖੂਹ ਤੋਂ ਪਾਣੀ ਭਰਣ ਲਈ ਘੜੇ ਟਿਕਾਉਣ ਲਈ ਥਾਂ ਰਾਖਵੀਂ ਹੁੰਦੀ । ਬਾਰ ਬਾਰ ਉਥੇ ਹੀ ਘੜੇ ਰੱਖਣ ਕਰਕੇ ਘਾਸੀ ਪੈ ਕੇ ਥਾਂ ਨੀਵਾਂ ਹੋ ਗਿਆ ਹੁੰਦਾ ਕਿ ਉਥੋਂ ਘੜਾ ਰਿੜ ਕੇ ਟੁੱਟ ਨਾ ਜਾਵੇ, ਸਵੇਰੇ ਸ਼ਾਮ ਨਿਆਂਈ ਦੇ ਸਿੰਜਾਈ ਵਾਲੇ ਖੂਹ ਨੂੰ ਜੋਣਾ ਪੁੰਨ ਦਾ ਦਾ ਕੰਮ ਸਮਝਿਆ ਜਾਂਦਾ । ਇਸੇ ਖੂਹ ਉਤੇ ਪਿੰਡ ਵਿਚ ਜੋ ਵੀ ਸਰਕਾਰੀ ਕਰਿੰਦਾ ਆਉਂਦਾ ਉਹਨੂੰ ਨਹਾਉਣ ਦੀ ਸੇਵਾ ਕੀਤੀ ਜਾਂਦੀ ।

ਇੰਜ ਪਿੰਡ ਦਾ ਖੂਹ ਸਿੰਜਾਈ ਵਾਲਾ ਮੇਲੇ ਦਾ ਕੇਂਦਰ ਸਮਾਜਿਕ ਰਿਸ਼ਤਿਆਂ ਦਾ ਮੁੱਢ, ਖੇਤੀ ਦੀ ਆਰਥਿਕਤਾ ਦਾ ਆਧਾਰ, ਆਏ ਗਏ ਲਈ ਸੇਵਾ ਅਤੇ ਲੋਕਯਾਨ ਦੀਆਂ ਕੀਮਤਾਂ ਦਾ ਪ੍ਰਗਟਾ ਹੁੰਦਾ ।

(ਖ) ਪਿੰਡਾਂ ਵਿਚ ਪੀਣ ਵਾਲੇ ਪਾਣੀ ਦੇ ਖੂਹ : ਜ਼ਾਤ ਪਾਤ ਦੇ ਹਿਸਾਬ ਨਾਲ, ਪਿੰਡ ਵਿਚ ਸਥਿਤੀ ਦੇ ਹਿਸਾਬ, ਜੰਨ ਸੰਖਿਆ ਦੇ ਹਿਸਾਬ, ਪਿੰਡ ਵਿਚ ਕਈ ਖੂਹਾਂ ਤੋਂ ਪੀਣ ਲਈ ਪਾਣੀ ਲਿਆ ਜਾਂਦਾ । ਉਹ ਖੂਹ ਜੋ ਮੰਦਿਰ ਜਾਂ ਗੁਰਦੁਆਰੇ ਦੇ ਨਾਲ ਹੁੰਦਾ ਉਥੇ ਸਵੇਰੇ ਇਸ਼ਨਾਨ ਕਰਦੇ ਧਾਰਮਿਕ ਥਾਂ ਤੇ ਮੱਥਾ ਟੇਕਿਆ ਜਾਂਦਾ । ਇਕੋ ਜਿਹੇ ਖੂਹ ਦੇ ਨਾਲ ਔਰਤਾਂ ਮਰਦਾਂ ਦੇ ਨਹਾਉਣ ਲਈ ਪ੍ਰਬੰਧ ਹੁੰਦਾ, ਗੁਸਲਖਾਨੇ ਬਣੇ ਹੁੰਦੇ, ਟੂਟੀਆਂ ਲੱਗੀਆਂ ਹੁੰਦੀਆਂ । ਸਵੇਰੇ ਉਠਕੇ ਸੇਵਾ ਭਾਵ ਅਧੀਨ ਵੱਡੀ ਸਾਰੀ ਪਾਣੀ ਦੀ ਹੌਦੀ (ਟੰਕੀ) ਨੂੰ ਭਰ ਦਿੱਤਾ ਜਾਂਦਾ । ਉਹ ਖੂਹ ਜੋ ਪਿੰਡ ਦੇ ਕੇਂਦਰ ਵਿਚ ਹੁੰਦਾ ਉਹਦੇ ਨਾਲ ਸੱਥ ਹੁੰਦੀ (ਜਾਂ ਪੰਚਾਇਤ ਤੇ ਪਿੰਡ ਦੇ ਫ਼ੈਸਲਿਆਂ ਲਈ ਥਾਂ ਹੁੰਦੀ) ਪਰ ਮੁੱਖ ਖੂਹ ਪਿੰਡ ਦਾ ਉਹ ਹੁੰਦਾ ਜੋ ਫਿਰਨੀ ਦੇ ਮੁੱਖ ਰਸਤੇ ਦੇ ਮੋੜ ਉਤੇ ਹੁੰਦਾ । ਢਲਾਣ ਪਖੋਂ ਪਿੰਡ ਉਚੇ ਥਾਂ ਤੇ ਖੂਹ ਨਿਵਾਣ ਵਲ ਹੁੰਦਾ । ਖੂਹ ਦਾ ਪਾਣੀ ਵਰਤੋਂ ਤੋਂ ਬਾਅਦ ਨੇੜੇ ਦੇ ਖੇਤਾਂ ਵਲ ਰੁੜ੍ਹ ਜਾਂਦਾ ਅਤੇ ਪਿੰਡ ਦੀਆਂ ਗਲੀਆਂ ਵਿਚ ਚਿੱਕੜ ਨਾ ਕਰਦਾ । ਇਸੇ ਖੂਹ ਤੇ (ਜਦੋਂ ਸਿੰਜਾਈ ਵਾਲਾ ਖੂਹ ਨਿਆਈਂ ਵਿਚ ਨਾ ਹੁੰਦਾ ਜਾਂ ਵਗ ਨਾ ਰਿਹਾ ਹੁੰਦਾ) ਕਪੜੇ ਧੁਪਦੇ, ਦਾਣੇ ਧੁੱਪਦੇ, ਨਿਵਾਰ ਧੁਪਦੀ, ਨਵੀਂ ਬਣੀ ਦਰੀ ਨੂੰ ਧੋ ਕੇ ਵੇਖਿਆ ਜਾਂਦਾ ਕਿ ਰੰਗ ਕਿਵੇਂ ਦੇ ਉਘੜੇ ਹਨ । ਇਸੇ ਖੂਹ ਦੇ ਨੇੜੇ ਜੇ ਦਰੱਖਤਾਂ ਦਾ ਝੁਰਮੁਟ ਹੁੰਦਾ ਤਾਂ ਉੱਚੇ ਟਾਹਣਾ ਉਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੀਂਘ ਪੈਂਦੀ, [illegible] ਆਂ । ਪੀਂਘ ਦੇ ਹੁਲਾਰੇ ਨਾਲ ਉਚੀਆਂ ਟਾਹਣੀਆਂ ਨੂੰ ਛੋਹ ਕੇ ਆਉਣ ਦੀ ਕੋਸ਼ਿਸ਼ ਹੁੰਦੀ ਤੀਆਂ, ਦਾ ਨਾਚ ਗਿੱਧਾ ਹੁੰਦਾ ।

ਖੂਹ ਜ਼ਾਤ ਪਾਤ ਦਾ ਵਕਾਰ ਸੀ । ਹਰ ਜਾਤ ਪਾਤ ਲਈ ਵੱਖਰੇ ਖੂਹ ਜਾਂ ਵੱਖਰੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੁੰਦਾ । ਖੂਹ ਸਭਿਆਚਾਰ ਦਾ ਕੇਂਦਰੀ ਧੁਰਾ, ਮੇਲ ਮਿਲਾਪ ਦੀ ਥਾਂ, ਸਮਾਜਿਕ ਦੁਖ ਸੁਖ ਸਾਂਝਾ ਕਰਨ ਦਾ ਵਸੀਲਾ ਸੀ, ਖੂਹ ਪਾਣੀ ਦਾ ਸਰੋਤ, ਸੁੱਚ ਦਾ ਪ੍ਰਤੀਕ ਸੀ । ਖੂਹ ਵਿਚ ਚਾਰ ਚੁਫੇਰੇ ਤੋਂ ਗੰਦਾ ਪਾਣੀ ਨਾ ਪੈ ਜਾਏ, ਇਸ ਲਈ ਖੂਹੀ ਦੀ ਮਣ ਉੱਚੀ ਹੁੰਦੀ, ਆਮ ਤੌਰ ਤੇ ਦੋ ਤੋਂ ਪੰਜ ਫੁਟ ਤਕ । ਖੂਹ 'ਚੋਂ ਪਾਣੀ ਖਿੱਚਣ ਦੀ ਸੌਖ ਲਈ ਵਧਾਵੇ ਕਰਕੇ ਬਣਾਏ ਲੋਹੇ ਦੇ ਗਾਰਡਰ ਲਕੜੀ ਦੀਆਂ ਗੇਲੀਆਂ ਜਾਂ ਚੂਨੇ ਸੁਰਖੀ ਨਾਲ ਬਣਾਏ ਥੰਮਲਿਆਂ ਵਿਚਕਾਰ ਚਰੱਖੜੀ ਬੀੜੀ ਜਾਂਦੀ । ਚਰੱਖੜੀ ਤੇ ਵਲੇਟੀ ਲੱਜ ਜਾਂ ਸੰਗਲੀ ਨਾਲ ਡੋਲ ਬੱਝਾ ਹੁੰਦਾ ਜਾਂ ਝੰਡ ਕੀਤੀ ਹੁੰਦੀ । ਵੱਡੇ ਖੂਹਾਂ ਦੀਆਂ ਕਈ ਕਈ ਚਰੱਖੜੀਆਂ ਹੁੰਦੀਆਂ ਕਿ ਇਕੋ ਵੇਲੇ ਜ਼ਿਆਦਾ ਪਾਣੀ ਖਿਚਿਆ ਜਾ ਸਕੇ । ਕਈ ਖੂਹਾਂ ਉਤੇ ਛੋਟੀਆਂ ਟਿੰਡਾਂ ਵਾਲੀ ਹਲਟੀ ਲੱਗੀ ਹੁੰਦੀ, ਇੰਨੀ ਛੋਟੀ ਕਿ ਔਰਤਾਂ ਵੀ ਗੇੜ ਕੇ ਪਾਣੀ ਕੱਢ ਸਕਣ । ਖੂਹ ਉਤੇ ਸਾਰਾ ਦਿਨ ਆਵਾਜਾਈ ਰਹਿਣ ਕਰਕੇ ਖੂਹ ਦੇ ਰੂਪ ਦਾ ਆਕਾਰ ਅਤੇ ਸਜਾਵਟ ਦਾ ਖ਼ਿਆਲ ਕੀਤਾ ਜਾਂਦਾ, ਜਦੋਂ ਆਕਾਰ ਪੱਖੋਂ ਲਗਦਾ ਕਿ ਖੂਹ ਦਾ ਬੇਲੋੜਾ ਆਕਾਰ (ਚੋਗਿਰਦੇ ਉਤੇ ਦਿੱਖ ਪੱਖੋਂ ਭਾਰੂ) ਹੋ ਗਿਆ ਹੈ ਤਾਂ ਖੂਹ ਉਤੇ ਜਾਣ ਲਈ ਪੌੜੀਆਂ ਛੱਡੀਆਂ ਜਾਂਦੀਆਂ, ਮਣ ਦੇ ਚਾਰ ਚੁਫੇਰੇ ਪੱਥਰ ਦੀ ਜਾਲੀ ਲਾਈ ਜਾਂਦੀ । ਇਸ ਜਾਲੀ ਦੇ ਨਮੂਨੇ ਵਿਚ ਪਾਉਂਦੇ, ਫੈਲਾਅ ਜ਼ਿਆਦਾ ਅਤੇ ਅੰਦਰੋਂ ਖ਼ਾਲੀ । ਮਣ ਦੇ ਚੌਗਿਰਦੇ ਦੇ ਨਾਲ ਨਾਲ ਕਈ ਤਰ੍ਹਾਂ ਦੀਆਂ ਮੂਰਤਾਂ ਅਤੇ ਆਕਾਰ ਉਕਰੇ ਜਾਂਦੇ । ਥੰਮਲਿਆਂ ਦਾ ਰੂਪ ਆਕਾਰ ਦਿਲ ਖਿੱਚਵਾਂ ਬਣਾਇਆ ਜਾਂਦਾ । ਮਾਲਵੇ ਦੇ ਪਿੰਡਾਂ ਵਲ ਊਠ ਦੀ ਮੱਦਦ ਨਾਲ ਪਾਣੀ ਦੀ ਵੱਡੀ ਸਾਰੀ ਮਸ਼ਕ ਖਿੱਚੀ ਜਾਂਦੀ । ਇਸ ਮਸ਼ਕ ਨਾਲ ਕਈ ਕਈ ਘੜੇ ਪਾਣੀ ਨਾਲ ਭਰ ਜਾਂਦੇ । ਮਾਲਵੇ ਵਲ ਖੂਹ ਏਨੇ ਡੂੰਘੇ ਹੁੰਦੇ ਕਿ ਮਣ ਉਤੇ ਦੇਖਣ ਤੇ ਖੂਹ ਦਾ ਪਾਣੀ ਇਕ ਤਾਰੇ ਵਾਂਗ ਬੜੀ ਦੂਰ ਧੁਰ ਥਲੇ ਲਿਸ਼ਕਦਾ । ਮਾਲਵੇ ਵਲ ਪਾਣੀ ਦੀਆਂ ਗੱਡੇ ਨੁਮਾ ਟੈਂਕੀਆਂ ਨੂੰ ਪਾਣੀ ਨਾਲ ਭਰਕੇ ਪਿੰਡ ਵਿਚ ਘਰੀਂ ਪਾਣੀ ਦਿੱਤਾ ਜਾਂਦਾ । ਪੰਜਾਬ ਦੇ ਪਿੰਡਾਂ ਵਿਚ ਖੂਹ ਇਕ ਸਮਾਜਿਕ ਰੁਤਬੇ ਦਾ ਵੀ ਪ੍ਰਤੀਕ ਸੀ, ਇਸ ਕਰਕੇ ਖਾਂਦੇ ਪੀਂਦੇ ਘਰਾਂ ਵਿਚ ਆਪਣੇ ਖੂਹ ਹੁੰਦੇ । ਪਰ ਕਈ ਪਿੰਡਾਂ ਵਿਚ ਬਹੁਤੇ ਖੂਹਾਂ ਦਾ ਪਾਣੀ ਖ਼ਾਰਾ ਹੁੰਦਾ ਤੇ ਕਿਸੇ ਇਕ ਅੱਧੇ ਖੂਹ ਦਾ ਪੀਣ ਵਾਲਾ ਪਾਣੀ ਹੀ ਮਿੱਠਾ ਹੁੰਦਾ । ਖਾਰੇ ਖੂਹ ਦਾ ਪਾਣੀ ਰਸੋਈ ਦੇ ਕੰਮਾਂ ਵਿਚ ਨਾ ਵਰਤਿਆ ਜਾਂਦਾ ਪਰ ਇਹਦੇ ਨਾਲ ਧੋਣ ਧੁਆਈ ਹੋ ਜਾਂਦੀ, ਡੰਗਰਾਂ ਨੂੰ ਪਿਆ ਦਿੱਤਾ ਜਾਂਦਾ ।

ਪਿੰਡ ਦੇ ਸਭਿਆਚਾਰ ਵਿਚ ਮੇਲ ਮਿਲਾਪ ਦੀ ਥਾਂ ਵਜੋਂ ਖੂਹ ਉਚਤਮ ਸਰਦਾਰੀ ਸੀ । ਪਿੰਡਾਂ ਦੇ ਸੰਗ ਭਰੇ ਮਾਹੌਲ ਵਿਚ ਖੂਹ ਖੁਲ੍ਹ ਦਿੰਦਾ ਸੀ ਕਿ ਕਿਸੇ ਪਾਣੀ ਭਰਦੇ ਕੋਲੋਂ ਨਿਸ਼ੰਗ ਮੰਗ ਕੇ ਪਾਣੀ ਪੀ ਲਿਆ ਜਾਵੇ ਘੁਟ ਪਾਣੀ ਪਿਆ ਦੇ ਨੀ ਸੋਹਣੀਏ ਘੜਾ ਭਰੇਂਦੀ ਏ ਨਾਰੇ" । ਖੂਹ ਹੀ ਸੀ ਜਿਥੇ ਆਪਣੇ ਗੁੰਦਵੇਂ ਪੱਟ ਵਿਖਾਉਣ ਲਈ ਚੋਬਰ ਉਹਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਫੁੱਲ-ਮੋਰ ਜਾਂ ਗੁੰਦਵਾਂ ਨਾਂ ਖਿਦਵਾਉਂਦੇ । ਖੂਹ ਤੇ ਕਿਸੇ ਨੂੰ ਘੜਾ ਚੁਕਾਉਣ ਲਈ ਇੰਨੀ ਹੌਲੀ ਆਵਾਜ਼ 'ਚ ਕਹਿਣਾ ਕਿ ਜਿਵੇਂ ਆਪਣੇ ਕੰਨਾਂ ਵੀ ਨਾ ਸੁਣਿਆ ਹੋਵੇ । ਘੜਾ ਚੁਕਾਉਂਦੇ ਸੁਤੇ ਸਿਧ ਅੱਖਾਂ ਦਾ ਉਲਝ ਜਾਣਾ, ਹੱਥਾਂ ਨਾਲ ਹੱਥ ਛੋਹ ਜਾਣੇ, ਚੁੰਨੀ ਵਲ੍ਹੇਟਦੇ ਵਲ੍ਹੇਟਦੇ ਚੁੰਨੀ ਦਾ ਸਰਕ ਜਾਣਾ, ਗੱਭਰੂ ਦਾ ਗੁਆਚ ਜਾਣਾ, ਮੁਟਿਆਰ ਦਾ ਪਿਘਲ ਜਾਣਾ । ਨਾ ਕੰਨਾਂ ਨੂੰ ਸੁਣਨ ਦੀ ਝਾਕ, ਨਾ ਜੀਭ ਨੂੰ ਬੋਲਣ ਦੀ ਲੋੜ, ਇਹ ਗੂੰਗੀ ਪ੍ਰੀਤ ਬੜੀ ਚੇਤੰਨ, ਕਿਸੇ ਬਜ਼ੁਰਗ ਰਿਸ਼ਤੇਦਾਰ ਦੀ ਖੂਹ ਵੱਲ ਆਉਣ ਦੀ ਪੈਰ ਚਾਪ ਨਾਲ ਹੀ ਇੰਜ ਵਿਉਹਾਰ ਜਿਵੇਂ ਇਕ ਦੂਜੇ ਨਾਲ ਕੋਈ ਤੁਅੱਲਕ ਹੀ ਨਹੀਂ ।

ਪਿੰਡ ਵਿਚ ਖੂਹ ਦੇ ਚਾਰ ਚੁਫੇਰੇ ਸਮਾਜਿਕ ਜ਼ਿੰਦਗੀ ਮਚਲਦੀ । ਲੰਬੜਾਂ ਦੀ ਕੁੜੀ ਡੋਰੀਏ ਵਾਲੀ ਚੁੰਨੀ ਲੈ ਕੇ ਪਾਣੀ ਭਰਨ ਜਾਂਦੀ । ਪਟਵਾਰੀਆਂ ਦੀ ਕੁੜੀ ਸ਼ੀਸ਼ਿਆਂ ਵਾਲੀ ਕੁੜਤੀ ਪਾ ਕੇ ਖੂਹ ਦੀ ਮਣ ਉਤੇ ਪੈਰ ਨਾਲ ਛਮਕ ਮਾਰ ਕੇ ਚੜ੍ਹਦੀ । ਹੌਲਦਾਰਨੀ ਅੱਜੀਂ ਪੱਜੀਂ ਖੂਹ ਤੇ ਉਸ ਵੇਲੇ ਪਾਣੀ ਲੈਣ ਆਉਂਦੀ ਜਦੋਂ ਉਹਨੂੰ ਲੱਗਦਾ ਕਿ ਕੋਈ ਉਹਦੇ ਫ਼ੌਜੀ ਦੀ ਚਿੱਠੀ ਪੜ੍ਹ ਦੇਵੇਗਾ । ਕਿਸੇ ਨੂੰ ਪਿੰਡ ਵਲ ਆਉਂਦੇ ਪਹੇ ਉਤੇ ਸਹੁਰਿਆਂ ਦੇ ਪਿੰਡੋਂ ਕੋਈ ਆਉਂਦਾ ਦਿੱਸ ਪੈਂਦਾ, ਉਹ ਹਰਨੀ ਵਾਂਗ ਘਰ ਨੂੰ ਉੱਡ ਪੈਂਦੀ । ਫਿਰ ਖੂਹ ਉਤੇ ਖ਼ਬਰ ਆਉਂਦੀ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਲਈ ਮੋਰਚਾ ਲਾ ਦਿੱਤਾ, ਭਾਰਤੀ ਫ਼ੌਜ ਨੇ ਗੋਆ ਜਿੱਤ ਲਿਆ । ਉਸ ਸ਼ਹਿਰ ਵੋਟਾਂ ਲਈ ਜਵਾਹਰ ਲਾਲ ਭਾਸ਼ਨ ਕਰੇਗਾ । ਖੂਹ ਉਤੇ ਕੋਈ ਨਾ ਕੋਈ ਚਹਿਲ ਪਹਿਲ ਹੁੰਦੀ ਹੀ ਰਹਿੰਦੀ, ਕੋਈ ਨਹਾ ਰਿਹਾ ਹੁੰਦਾ, ਕੋਈ ਕਪੜੇ ਧੋ ਰਿਹਾ, ਕੋਈ ਖਾਲੀ ਘੜਾ ਲੈ ਕੇ ਇਸ ਉਡੀਕ ਵਿਚ ਕਿ ਕੋਈ ਲੱਜ ਬਾਲਟੀ ਵਾਲਾ ਆਵੇ ਤੇ ਉਹ ਘੜਾ ਭਰ ਦੇਵੇ । ਦੁਪਹਿਰੇ ਖੂਹ ਦੇ ਕੋਲ ਦਰੱਖਤਾਂ ਥੱਲੇ ਵਾਗੀ ਡੰਗਰ ਬਿਠਾ ਦਿੰਦੇ, ਪਕਰੋੜ ਤਾਸ਼ ਵਗੈਰਾ ਖੇਡਣ ਬੈਠ ਜਾਂਦੇ । ਰਾਹੇ ਰਾਹ ਆਉਂਦਾ ਜਾਂਦਾ ਪਿੰਡਾਂ, ਸ਼ਹਿਰਾਂ, ਦੇਸ਼ ਅਤੇ ਦੁਨੀਆਂ ਦੀ ਕੋਈ ਖ਼ਬਰ, ਕੋਈ ਅਫ਼ਵਾਹ ਸੁਣਾ ਜਾਂਦਾ । ਇਥੋਂ ਫਿਰ ਖ਼ਬਰ ਲੂਣ, ਮਿਰਚ, ਮਸਾਲਾ ਲੱਗ ਕੇ ਪਿੰਡ ਵਿਚ ਪੁੱਜਦੀ । ਜਦੋਂ ਇਹੋ ਜਿਹੀ ਖ਼ਬਰ ਨਾ ਹੁੰਦੀ, ਫਿਰ ਪਿੰਡ ਦੀ ਨੂੰਹ ਧੀ ਦੀ ਕਥਾ ਤੁਰਦੀ । ਖੂਹ ਪਿੰਡ ਦੀ ਜ਼ਿੰਦਗੀ ਦਾ ਧੁਰਾ ਹੋ ਨਿੱਬੜਦਾ । ਇਕ ਬਿੰਦੂ ਜਿਥੇ ਪਿੰਡ ਦੇ ਦੁੱਖ ਸੁੱਖ ਬਾਰੇ ਹਰ ਗੱਲ ਪੁੱਜਦੀ, ਗੱਲ ਭਾਵੇਂ ਸਾੜੇ ਵਜੋਂ ਹੁੰਦੀ, ਭਾਵੇਂ ਸਰਗੋਸ਼ੀ ਵਿਚ, ਭਾਵੇਂ ਅਫ਼ਵਾਹ ਵਜੋਂ, ਭਾਵੇਂ ਖ਼ਬਰ ਵਜੋਂ ਤੇ ਭਾਵੇਂ ਸੁਖ ਸੁਨੇਹੇ ਵਜੋਂ ।

ਪਿੰਡ ਦੇ ਖੂਹ ਦੀ ਜ਼ਿੰਦਗੀ ਨਾਲ ਕਿੱਤਾ ਜੁੜਿਆ ਹੁੰਦਾ, ਪੈਂਚਾਂ ਦਾ ਜਾਂ ਝਿਓਰਾਂ ਦਾ/ਸਰਦੇ ਪੁੱਜਦੇ ਘਰਾਂ ਦੀਆਂ ਔਰਤਾਂ ਖੂਹ ਉਤੇ ਪਾਣੀ ਭਰਨ ਨਹੀਂ ਸੀ ਆਉਂਦੀਆਂ (ਕੁੜੀਆਂ/ਧੀਆਂ ਕਦੀ ਕਦੀ ਚਾਅ ਵਜੋਂ ਆ ਜਾਂਦੀਆਂ ਸਨ) । ਪਿੰਡਾਂ ਵਿਚ ਥੋੜੇ ਜਿਹੇ ਘਰ ਪੈਂਚਾਂ ਦੇ ਹੁੰਦੇ ਤੇ ਕਈ ਘਰਾਂ ਦਾ ਪਾਣੀ ਭਰਨਾ ਹੁੰਦਾ । ਔਸਤਨ ਆਮ ਘਰ ਵਿਚ ਚਾਰ ਪੰਜ ਘੜੇ ਸਵੇਰੇ ਅਤੇ ਦੋ ਤਿੰਨ ਘੜੇ ਸ਼ਾਮ ਨੂੰ ਪਾਣੀ ਚਾਹੀਦਾ ਹੁੰਦਾ (ਇਕ ਘੜਾ ਤਕਰੀਬਨ ਤੀਹ ਪੈਂਤੀ ਸੇਰ ਪਾਣੀ ਵਾਲਾ) । ਪੈਂਚ ਇਹ ਪਾਣੀ ਬਾਂਸ ਦੀ ਵਹਿੰਗੀ ਤੇ ਭਰਦੇ । ਲੰਮੀ ਸਾਰੀ ਬਾਂਸ ਦੀ ਖਪਚੀ ਦੋਹਾਂ ਸਿਰਿਆਂ ਤੇ ਤਲਾਵਾਂ ਬੰਨ੍ਹ ਕੇ ਸੱਚੇ ਲਟਕਾਏ ਜਾਂਦੇ । ਇਕ ਸੱਚੇ ਤੇ ਦੋ ਘੜੇ ਅਤੇ ਦੂਸਰੇ ਸੱਚੇ ਤੇ ਦੋ ਜਾਂ ਤਿੰਨ ਘੜੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਂਚ ਵਹਿੰਗੀ ਮੋਢੇ ਤੇ ਰੱਖ ਕੇ ਤੁਰਦੇ। ਪੈਂਚਣੀਆਂ ਇਕ ਦੋ ਘੜੇ ਸਿਰ ਉੱਤੇ ਚੁੱਕ ਕੇ, ਇਕ ਦੇ ਉੱਤੇ ਦੂਸਰਾ ਟਿਕਾ ਕੇ ਅਤੇ ਇਕ ਘੜਾ ਕੁੱਛੜ ਚੁੱਕ ਕੇ ਘਰਾਂ ਵਿਚ ਪਾਣੀ ਭਰਦੀਆਂ। ਨਹਾਉਣ, ਧੋਣ, ਸੁੱਚ ਅਤੇ ਸਫ਼ਾਈ ਨਾਲ ਜੁੜੀਆਂ ਬਹੁਤ ਸਾਰੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ। ਘਰਾਂ ਵਿਚ ਜੋ ਪੈਂਚ ਪਾਣੀ ਭਰਦੇ ਉਹਦੇ ਨਾਲ ਰੋਟੀ ਟੁੱਕ ਦਾ ਆਹਰ ਪਾਹਰ ਹੁੰਦਾ। ਜਿੰਨ੍ਹਾਂ ਘਰਾਂ ਦੀਆਂ ਆਪਣੀਆਂ ਖੂਹੀਆਂ ਸਨ ਉਹ ਵੀ ਪਾਣੀ ਨੂੰ ਅਜਾਇਆ ਨਾ ਡੋਲ੍ਹਦੇ। ਜੇ ਥੋੜ੍ਹਾ ਬਹੁਤ ਪਾਣੀ ਡੋਲਣ ਦੀ ਲੋੜ ਹੁੰਦੀ, ਉਹ ਵੇਹੜੇ ਵਿਚ ਖਲਾਰ ਕੇ ਡੋਲ੍ਹ ਦਿੱਤਾ ਜਾਂਦਾ। ਇੰਜ ਪੰਜਾਬ ਦੇ ਬਹੁਤੇ ਪਿੰਡਾਂ ਵਿਚ ਖੂਹ ਦੇ ਸਭਿਆਚਾਰ ਵੇਲੇ ਉਹ ਗਲੀ ਜਿਸ ਵਿਚ ਖੂਹ ਹੁੰਦਾ ਉਹਦੇ ਚਾਰ ਚੁਫੇਰੇ ਭਾਵੇਂ ਚਿੱਕੜ ਹੁੰਦਾ, ਪਰ ਬਹੁਤੀਆਂ ਗਲੀਆਂ ਵਿਚ ਗੰਦੇ ਪਾਣੀ ਦੇ ਨਿਕਾਸ ਦੀ ਸਮੱਸਿਆ ਅਤੇ ਚਿੱਕੜ ਨਹੀਂ ਸੀ ਹੁੰਦਾ। ਗਲੀਆਂ ਵਿਚ ਗੰਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਦੀ ਲੋੜ ਪੈਦਾ ਹੋਈ ਹੱਥ ਵਾਲੇ ਨਲਕੇ ਅਤੇ ਟੂਟੀ ਵਾਲੇ ਖੂਹ ਦਾ ਗੰਦਾ ਪਾਣੀ ਨਾਲੀਆਂ ਰਾਹੀਂ ਨਾਲ ਦੇ ਖੇਤ ਵਿਚ ਰਿੜ੍ਹ ਜਾਂਦਾ। ਖੂਹ ਦੀ ਵਰਤੋਂ ਵੇਲੇ ਅੱਜ ਨਾਲੋਂ ਪਿੰਡ ਦੀ ਗਲੀ ਅਤੇ ਨਾਲੀ ਜ਼ਿਆਦਾ ਸਾਫ਼ ਹੁੰਦੀ। ਕਿਉਂਕਿ ਉਹ ਪਾਣੀ ਜਿਸ ਨਾਲ ਗਲੀ 'ਚ ਚਿੱਕੜ ਹੁੰਦਾ ਬੜੀ ਥੋੜ੍ਹੀ ਮਾਤਰਾ ਵਿਚ ਕਿਸੇ ਘਰ ਦੇ ਬੂਹੇ ਕੋਲ ਹੀ ਪੁੱਜਦਾ, ਅਤੇ ਗਲੀ ਵਿਚ ਆ ਕੇ ਚਿੱਕੜ ਨਾ ਕਰਦਾ। ਖੂਹ ਪਿੰਡ ਦੀ ਸਮਾਜਿਕ ਜ਼ਿੰਦਗੀ ਨੂੰ ਆਪਣੀ ਚਰੱਖੜੀ ਨਾਲ ਵਲ ਕੇ ਰੱਖਦਾ। **ਖੂਹ ਸਮਾਜਿਕ ਰੁਤਬਾ ਸੀ, ਜ਼ਾਤ ਪਾਤ ਦਾ ਵਿਕਾਰ ਸੀ, ਹਰ ਉਸ ਜਾਤ, ਜਿਹਦੇ ਨਾਲ ਭਿੱਟ ਦਾ ਸੰਕਲਪ ਜੁੜਦਾ, ਲਈ ਵੱਖਰਾ ਖੂਹ ਦੇ ਪਾਣੀ ਦਾ ਕੋਈ ਹੋਰ ਸਰੋਤ ਹੁੰਦਾ। ਪਾਣੀ ਦੇ ਸਰੋਤ ਵਜੋਂ ਖੂਹ ਪਿੰਡ ਦੀ ਧੜਕਣ, ਪਿੰਡ ਦਾ ਦਿਲ ਸੀ। ਖੂਹ ਸਭਿਆਚਾਰਕ ਕਦਰਾਂ ਕੀਮਤਾਂ ਦਾ ਵੇਗ ਸੀ ਦੋ ਘੜੇ ਚੁੱਕੇ ਹੋਣ ਤੇ ਵੀ ਦਿਉਰ ਨੂੰ ਮਖੌਲ ਕਰਕੇ ਲੰਘਣਾ ਹੈ, ਜੇਠ ਵਲ ਪਾਸਾ ਕਰਕੇ ਘੁੰਢ ਕੱਢਣ ਦਾ ਉਪਰਾਲਾ ਕਰਨਾ ਹੈ।** ਕਿਸੇ ਰਾਹੀ ਦੀਆਂ ਢੀਠ ਅੱਖਾਂ ਨੂੰ ਆਪਣੇ ਚੇਹਰੇ ਉਤੇ ਜਲੂਣ ਕਰਦੇ ਹੋਣ ਤੇ ਵੀ ਪਾਣੀ ਪਿਆਉਣਾ ਹੈ, ਕਿਸੇ ਭੂਆ, ਮਾਸੀ ਦਾ ਦੋਹਰਾ ਖੇਸ ਉਹਦੇ ਨਾ ਨਾ ਕਹਿਣ ਤੇ ਵੀ ਥਾਪੀ ਨਾਲ ਕੁੱਟ ਛੰਡ ਕੇ, ਧੋ ਹੰਗਾਲ ਕੇ ਸੁੱਕਣੇ ਪਾਉਣਾ ਹੈ, ਕਿਸੇ ਬਜ਼ੁਰਗ ਉੱਤੇ ਦੋ ਬਾਲਟੀਆਂ ਪਾਣੀ ਪਾ ਕੇ ਉਹਨੂੰ ਨੁਹਾਉਣਾ ਅਤੇ ਉਹਦੇ ਤੋਂ ਅਸੀਸ ਲੈਣਾ, ਕਿਸੇ ਬੱਚੇ ਨੂੰ ਝਿੜਕਣਾ ਕਿ ਉਹ ਖੂਹ ਦੀ ਮਣ ਉਤੇ ਨਾ ਚੜ੍ਹੇ। ਕਿਸੇ ਹਾਣੀ ਦੇ ਦਿੱਸਣ ਉੱਤੇ ਸੰਗ ਨਾਲ ਗੁਲਾਨਾਰੀ ਹੁੰਦੇ ਹੱਸੂ ਹੱਸੂ, ਖਿੜੂੰ ਖਿੜੂੰ ਕਰਦੇ ਚੇਹਰੇ ਨੂੰ ਲੁਕਾਉਣ ਦਾ ਅਹਿਸਾਸ ਸੀ। ਮੌਸਮ, ਮਾਹੌਲ, ਉਮਰ, ਜ਼ਾਤ ਪਾਤ, ਰਿਸ਼ਤਿਆਂ ਦੀ ਤੰਦਾਂ ਦੀ ਖਿੱਚ ਨਾਲ ਖੂਹ ਇਕ ਵੱਖਰੇ ਵਿਉਹਾਰ, ਇਕ ਵੱਖਰੇ ਸੰਜਮ ਦੀ ਮੰਗ ਕਰਦਾ, ਪਿੰਡ ਦੇ ਲੋਕ ਇਸ ਬਦਲਦੇ ਵਿਉਹਾਰ ਨੂੰ ਸਮਾਜਿਕ ਮਾਣਤਾਵਾਂ ਦੀ ਕਸਵੱਟੀ ਮੁਤਾਬਿਕ ਅਪਣਾਉਂਦੇ।

ਪਾਣੀ ਦੇ ਰਿਵਾਇਤੀ ਸਰੋਤਾਂ ਨਾਲ ਪੰਜਾਬ ਦਾ ਚੌਗਿਰਦਾ/ਮਾਹੌਲ ਹਰਾ ਭਰਾ, ਛੰਭਾਂ, ਮੰਡਾਂ, ਦਰਿਆਵਾਂ, ਜੰਗਲਾਂ, ਬੇਲਿਆਂ ਨਾਲ ਰਮਣੀਕ ਸੀ। ਪੰਜਾਬ ਦੇ ਦਰਿਆਵਾਂ ਇਥੋਂ ਦੀ ਧਾਰਮਿਕ, ਸਮਾਜਿਕ ਅਤੇ ਆਰਥਿਕ ਜ਼ਿੰਦਗੀ ਨੂੰ ਨਿਰਧਾਰਤ ਕੀਤਾ। ਪਾਣੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਰਿਵਾਇਤੀ ਸਰੋਤਾਂ ਨੇ ਇਥੋਂ ਦੀਆਂ ਮਨੁਖੀ ਆਬਾਦੀ, ਸ਼ਹਿਰਾਂ, ਪਿੰਡਾਂ ਅਤੇ ਨਗਰਾਂ ਦੇ ਵਿਕਾਸ ਦੀ ਦਰ, ਇਕ ਦੂਜੇ ਤੋਂ ਦੂਰੀ ਨੂੰ ਨਿਰਧਾਰਤ ਕੀਤਾ। ਪਾਣੀ ਦੇ ਸਰੋਤਾਂ ਇਥੋਂ ਦੀਆਂ ਫ਼ਸਲਾਂ ਅਤੇ ਫ਼ਸਲਾਂ ਨਾਲ ਜੁੜੇ ਸਭਿਆਚਾਰ ਦੀਆਂ ਸੀਮਾਵਾਂ ਨਿਸ਼ਚਿਤ ਕੀਤੀਆਂ। ਪਾਣੀ ਦੇ ਸਰੋਤਾਂ ਨਾਲ ਖੇਡਾਂ, ਮਨਪਰਚਾਵਾ, ਜੰਗਲ ਦਰਗਾਹਾਂ, ਮੱਛੀਆਂ, ਸ਼ਿਕਾਰ ਲਈ ਮਿਲਦੇ ਤਿੱਤਰ, ਬਟੇਰ, ਖਰਗੋਸ਼ ਹਿਰਨਾਂ ਆਦਿ ਨਾਲ ਇਥੋਂ ਦੀ ਖੁਰਾਕ ਜ਼ਿਆਦਾ ਚੰਗੀ ਅਤੇ ਸਮਤੋਲ ਹੁੰਦੀ। ਛੱਪੜ ਡਿੱਗੀਆਂ, ਟੋਭਿਆਂ ਅਤੇ ਢਾਬਾਂ ਨਾਲ ਪੰਜਾਬ ਦੀ ਪੇਂਡੂ ਸਭਿਆਚਾਰਕ ਜ਼ਿੰਦਗੀ ਵਿਚ ਹਰ ਪਲ ਬਦਲ ਰਹੀਆਂ ਕ੍ਰਿਆਵਾਂ ਅਤੇ ਕਾਰਜ ਜੁੜੇ ਹੁੰਦੇ। ਕਿਤੇ ਪਾਣੀ ਕੰਢੇ ਖੇਡਾਂ ਹੋ ਰਹੀਆਂ ਹੁੰਦੀਆਂ, ਕਿਤੇ ਕੁਸ਼ਤੀਆਂ, ਕਿਤੇ ਮਿਰਜ਼ੇ ਦੀ ਹੇਕ, ਕਿਤੇ ਹੀਰ ਦੀ ਸੁਰ। **ਖੂਹ ਇਕ ਕੇਂਦਰੀ ਬਿੰਦੂ ਵਜੋਂ ਪਿੰਡ ਦੀ ਜ਼ਿੰਦਗੀ ਦੇ ਚੱਕਰ ਨੂੰ ਆਪਣੇ ਚਾਰ ਚੁਫੇਰੇ, ਇਕ ਰੌਣਕ ਵਾਂਗ, ਇਕ ਮੇਲੇ ਵਾਂਗ, ਇਕ ਖ਼ਬਰ ਵਾਂਗ, ਇਕ ਸੁਨੇਹੇ ਵਾਂਗ, ਕਿਸੇ ਨੂੰ ਕੁਝ ਵਿਖਾ ਕੇ, ਲੋਕ ਕਲਾ ਦੀਆਂ ਪ੍ਰਾਪਤੀਆਂ ਤੋਂ ਲੈ ਕੇ ਆਪਣੇ ਕਪੜਿਆਂ ਤਕ, ਕਿਸ ਤੋਂ ਕੁਝ ਵੇਖ ਕੇ ਸਿਖ ਕੇ, ਸਮੋਈ ਰੱਖਦਾ। ਪਾਣੀ ਦੇ ਰਿਵਾਇਤੀ ਸਰੋਤਾਂ ਦੇ ਥਾਂ ਲੈਣ ਲਈ ਜਦ ਆਧੁਨਿਕ ਸਰੋਤਾਂ ਦਾ ਵਿਕਾਸ ਹੋਇਆ ਪਿੰਡਾਂ ਦੇ ਲੋਕ ਅੰਤਰਮੁੱਖੀ ਆਪੋ ਆਪਣੇ ਘੇਰਿਆਂ ਵਿਚ ਸੀਮਿਤ ਰਹਿਣ ਲੱਗੇ, ਪਿੰਡ ਦੇ ਸਭਿਆਚਾਰਕ ਜੀਵਨ ਦੀਆਂ ਆਧੁਨਿਕ ਪਾਣੀ ਦੇ ਸਰੋਤਾਂ ਨੇ ਚੂਲਾਂ ਹਿਲਾ ਕੇ ਰੱਖ ਦਿੱਤੀਆਂ।** ਪਾਣੀ ਦੇ ਆਧੁਨਿਕ ਸਰੋਤਾਂ ਨਾਲ ਪਿੰਡਾਂ ਦੀ ਆਰਥਿਕਤਾ ਕਿਵੇਂ ਪ੍ਰਭਾਵਿਤ ਹੁੰਦੀ ਹੈ ਅਤੇ ਇਹਦੇ ਸਿੱਟੇ ਵਜੋਂ ਸਭਿਆਚਾਰ ਉਤੇ ਕੀ ਅਸਰ ਪੈ ਰਿਹਾ ਹੈ। ਅਗਲੇ ਭਾਗ ਵਿਚ ਇਹ ਵਿਸ਼ਲੇਸ਼ਣ ਕੀਤਾ ਗਿਆ ਹੈ।

(ਅ) ਪਾਣੀ ਦੇ ਆਧੁਨਿਕ ਸਰੋਤਾਂ ਦਾ ਪੰਜਾਬ ਦੇ ਸਭਿਆਚਾਰ ਤੇ ਪੈ ਰਿਹਾ ਅਸਰ

ਇਤਿਹਾਸਕ ਪ੍ਰਮਾਣ ਮਿਲਦੇ ਹਨ ਕਿ ਦੇਸ਼ ਵਿਚ ਪਰਜਾ ਪਾਲਕ ਬਾਦਸ਼ਾਹ ਨਹਿਰਾਂ ਬਣਾਉਂਦੇ ਸਨ। ਪਰ ਦਰਿਆਵਾਂ ਨੂੰ ਬੰਨ੍ਹ ਕੇ, ਦਰਿਆ ਦੇ ਹੜ੍ਹ ਨੂੰ ਰੋਕਣਾ, ਉਹ ਪਾਣੀ ਕਿਸੇ ਵੱਡੀ ਝੀਲ ਵਿਚ ਇਕੱਠਾ ਕਰਕੇ ਸਾਰਾ ਸਾਲ ਵਰਤੋਂ ਵਿਚ ਲਿਆਉਣਾ ਅਤੇ ਬਿਜਲੀ ਵਰਤਣਾ, ਬਿਜਲੀ ਨਾਲ ਪਿੰਡਾਂ ਸ਼ਹਿਰਾਂ ਨੂੰ ਰੋਸ਼ਨ ਕਰਨਾ, ਉਦਯੋਗ ਚਲਾਉਣੇ, ਟਿਊਬਵੈੱਲ ਚਲਾਉਣੇ ਅਤੇ ਨਹਿਰਾਂ ਦਾ ਜਾਲ ਵਿਛਾ ਕੇ ਪਾਣੀ ਸਿੰਜਾਈ ਲਈ ਵਰਤਣਾ, ਇਹ ਬਹੁਮੁਖੀ ਪਾਣੀ ਦੀ ਵਰਤੋਂ ਅੰਗਰੇਜ਼ਾਂ ਦੇ ਆਉਣ ਨਾਲ ਸ਼ੁਰੂ ਹੋਈ। ਮਾਧੋਪੁਰ ਵਿਚ ਵਾਟਰ ਵਰਕਸ ਬਣਿਆ' ਅਪਰ-ਬਾਰੀ ਨਹਿਰ ਅਤੇ ਹੋਰ ਨਹਿਰਾਂ ਦਾ ਜਾਲ ਵਿਛਣਾ ਸ਼ੁਰੂ ਹੋ ਗਿਆ। ਜੋਗਿੰਦਰ ਨਗਰ ਵਿਖੇ ਪਾਣੀ ਤੋਂ ਬਿਜਲੀ ਪੈਦਾ ਕਰਨ ਦਾ ਬਿਜਲੀ ਘਰ ਲੱਗਿਆ। ਅੰਗਰੇਜ਼ਾਂ ਨੇ ਹੀ ਸ਼ਿਕਾਰ ਖੇਡਦੇ ਦੇਖਿਆ ਕਿ ਭਾਖੜੇ ਕੋਲ ਦੋ ਪਹਾੜੀਆਂ ਇਕ ਦੂਜੇ ਕੋਲ ਇੰਨੀਆਂ ਨੇੜੇ ਆ ਜਾਂਦੀਆਂ ਹਨ ਕਿ ਉਹਨਾਂ ਵਿਚਕਾਰ ਜੇ ਡੈਮ ਬਣਾਇਆ ਜਾਏ ਤਾਂ ਦਰਿਆ ਸਤਲੁਜ ਨੂੰ ਉੱਤਰੀ ਭਾਰਤ ਦੇ ਬਹੁਪੱਖੀ ਵਿਕਾਸ ਲਈ ਵਰਤਿਆ ਜਾ ਸਕਦਾ ਹੈ। ਦਰਿਆ ਉੱਤੇ ਬੰਨ੍ਹ ਮਾਰ ਕੇ ਹੈਡ ਵਰਕਸ ਬਣਾ ਕੇ ਨਹਿਰਾਂ, ਸੂਏ, ਮੋਘੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾਲ ਆਦਿ ਨਹਿਰਾਂ ਦੇ ਜਾਲ ਨਾਲ ਜੁੜੇ। ਕਈ ਤਰ੍ਹਾਂ ਦੇ ਉਸਾਰੀ ਦੇ ਰੂਪ ਉੱਭਰ ਕੇ ਸਾਹਵੇਂ ਆਉਣ ਲੱਗੇ। ਨਹਿਰਾਂ ਨਾਲ ਹਜ਼ਾਰਾਂ ਏਕੜ ਬੰਜਰ ਬੇ-ਆਬਾਦ ਇਲਾਕਾ ਵਾਹੀ ਦੇ ਕਾਬਿਲ ਹੋ ਗਿਆ। ਕਈ ਇਲਾਕਿਆਂ ਵਿਚ ਨਵੇਂ ਪਿੰਡ, ਸ਼ਹਿਰ, ਸੜਕਾਂ ਦੀ ਉਤਪਤੀ ਅਤੇ ਵਿਕਾਸ ਹੋਇਆ ਜਿਵੇਂ ਰਾਜਸਥਾਨ ਵਿਚ ਨਹਿਰਾਂ ਦੇ ਨਾਲ ਨਾਲ ਕਰਨਪੁਰ, ਗੰਗਾ ਨਗਰ, ਬੀਕਾਨੇਰ ਦੇ ਇਲਾਕੇ। ਨਹਿਰ ਪਿੰਡ ਵਿਚ ਆਉਣ ਤੋਂ ਪਹਿਲਾਂ ਥਾਣੇਦਾਰ ਅਤੇ ਤਹਿਸੀਲਦਾਰ ਮੁੱਖ ਕਰਿੰਦੇ ਸਨ, ਜਿਨ੍ਹਾਂ ਦੀ ਪਿੰਡ ਵਿਚ ਖ਼ਾਤਰਦਾਰੀ ਹੁੰਦੀ। ਨਹਿਰ ਆਉਣ ਦੇ ਨਾਲ, ਮੋਘੇ ਆਦਿ ਲੁਆਣ ਲਈ ਜ਼ਿਮੀਂਦਾਰ ਨਹਿਰੀ ਇੰਜੀਨੀਅਰ (ਐਸ. ਡੀ. ਓ.) ਦੀ ਖ਼ੁਸ਼ਾਮਦ ਕਰਨ ਲੱਗੇ ਕਿ ਮੋਘਾ ਥੋੜਾ ਠੀਕ ਟਿਕਾਣੇ ਉਤੇ ਅਸਲ ਨਾਲੋਂ ਥੋੜਾ ਚੌੜਾ ਲਵਾ ਦੇਵੇ ਤੇ ਸੂਏ, ਨਹਿਰ 'ਚ ਇੰਜ ਲੁਆਏ ਕਿ ਪਾਣੀ ਸ਼ਰਬਲ ਸ਼ਰਬਲ ਕਰਦਾ ਖੇਤਾਂ ਵਿਚ ਫਿਰ ਜਾਵੇ। ਨਹਿਰੀ ਪਾਣੀ ਨਾਲ ਦੂਰ ਦਿਹਾਤ ਦੇ ਉਹ ਇਲਾਕੇ ਜਿੰਨਾ ਕਦੀ ਵਿਕਾਸ ਬਾਰੇ ਸੁਪਨਾ ਵੀ ਨਹੀਂ ਸੀ ਲਿਆ, ਵਿਕਾਸਸ਼ੀਲ ਹੋ ਗਏ। ਇਹਨਾਂ ਨਹਿਰਾਂ ਨਾਲ ਖੇਤੀ ਦੀ ਪੈਦਾਵਾਰ ਅਤੇ ਕਈ ਇਲਾਕਿਆਂ ਵਿਚ ਵਿਉਪਾਰਕ ਫ਼ਸਲਾਂ ਜਿਵੇਂ ਨਰਮਾ, ਕਮਾਦ ਦੀ ਖੇਤੀ ਦੇ ਨਾਲ ਨਾਲ ਬਾਗਾਂ ਅਤੇ ਫ਼ਲਦਾਰ ਬੂਟੇ ਲਾਉਣ ਦਾ ਰਿਵਾਜ ਸ਼ੁਰੂ ਹੋਇਆ।

ਦਰਿਆ ਉਤੇ ਬੰਨ੍ਹ ਮਾਰ ਕੇ ਇਕੱਠੇ ਕੀਤੇ ਪਾਣੀ ਨੂੰ ਸੈਂਕੜੇ ਫੁੱਟਾਂ ਦੀ ਉਚਾਈ ਤੋਂ ਟਰਬਾਇਨਾਂ ਰਾਹੀਂ ਜਨਰੇਟਰਾਂ ਦੇ ਪੱਖਿਆਂ ਉੱਤੇ ਸੁੱਟ ਕੇ ਪਾਣੀ ਦੀ ਤਾਕਤ ਨਾਲ ਬਿਜਲੀ ਪੈਦਾ ਹੋਣ ਲੱਗੀ। ਇਸ ਬਿਜਲੀ ਨਾਲ ਨਾ ਸਿਰਫ਼ ਘਰ ਅਤੇ ਸ਼ਹਿਰ ਹੀ ਰੌਸ਼ਨ ਹੋਏ, ਪਿੰਡਾਂ ਅਤੇ ਘਰਾਂ ਵਿਚੋਂ ਦੀਵੇ, ਲਾਲਟੈਣ, ਲੈਂਪ, ਆਦਿ ਦੀ ਵਰਤੋਂ ਮੁੱਕੀ, ਸਗੋਂ ਇਹ ਬਿਜਲੀ ਹਜ਼ਾਰਾਂ ਪਿੰਡਾਂ ਵਿਚ, ਲੱਖਾਂ ਬਿਜਲੀ ਨਾਲ ਚੱਲਣ ਵਾਲੇ ਟਿਊਬਵੈੱਲ ਚਲਾਉਣ ਲੱਗੀ। ਖੂਹ ਉੱਤੇ ਜੋਗ ਜੋ ਕੇ ਜੋ ਪਾਣੀ ਦੀ ਸਿੰਜਾਈ ਹੁੰਦੀ ਸੀ ਹੁਣ ਉਹ ਪਾਈਪਾਂ ਵਾਲੇ ਖੂਹ ਨਾਲ, ਬਿਜਲੀ ਦੀ ਮੋਟਰ ਅਤੇ ਪੱਖੇ ਦੀ ਮੱਦਦ ਨਾਲ, ਬਿਜਲੀ ਦਾ ਬਟਨ ਨੱਪਦੇ ਹੀ ਸ਼ੁਰੂ ਹੋਣ ਲੱਗਾ। ਇਕ ਇਕ ਟਿਊਬਵੈੱਲ ਖੂਹ ਨਾਲੋਂ ਦੋ ਤੋਂ ਤਿੰਨ ਗੁਣਾਂ ਜ਼ਿਆਦਾ ਕਿੱਲੇ ਸਿੰਜਾਈ ਕਰਨ ਲੱਗਾ, ਉਹ ਵੀ ਉਸ ਹਾਲਤ ਵਿਚ ਜਦੋਂ ਖੇਤੀ ਵਿਚ ਅੱਗੇ ਨਾਲੋਂ ਜ਼ਿਆਦਾ ਪਾਣੀ ਮੰਗਦੀ ਕਣਕ ਦੀਆਂ ਮੈਕਸੀਕਨ ਕਿਸਮਾਂ ਦੇ ਨਾਲ ਨਾਲ ਝੋਨੇ ਦੀਆਂ ਵੀ ਜ਼ਿਆਦਾ ਪਾਣੀ ਮੰਗਣ ਵਾਲੇ ਬੀਆਂ ਨਾਲ ਤਿਆਰ ਫ਼ਸਲਾਂ ਖੇਤੀ ਵਿਚ ਜ਼ਿਆਦਾ ਹਰਮਨ ਪਿਆਰੀਆਂ ਹੋਈਆਂ।

ਦਰਿਆਵਾਂ ਉਤੇ ਬੰਨ੍ਹ ਮਾਰ ਕੇ ਆਏ ਸਾਲ ਦਰਿਆ ਜੋ ਹਜ਼ਾਰਾਂ ਏਕੜ ਫ਼ਸਲਾਂ ਹੜ੍ਹਾਂ ਨਾਲ ਤਬਾਹ ਕਰਦਾ, ਹੁਣ ਉਹ ਤਬਾਹੀ ਤੋਂ ਬਚਾ ਲਈਆਂ ਗਈਆਂ। ਸਗੋਂ ਇਹ ਕਿਆਸ ਹੋਈ ਕਿ ਦਰਿਆ ਦੇ ਬੰਨ੍ਹ ਨਾਲ ਬਣੀ ਝੀਲ ਹੜ੍ਹਾਂ ਨੂੰ ਰੋਕਣ ਦੇ ਸਮਰੱਥ ਹੈ। ਇਸ ਕਰਕੇ ਦਰਿਆ ਦੇ ਨਾਲ ਲੱਗਦੇ ਜੰਗਲ, ਬੇਲੇ, ਮੰਡ, ਝਲਾਂ, ਰੱਖਾਂ, ਆਦਿ ਨੂੰ ਵੀ ਹੌਲੀ ਹੌਲੀ ਆਬਾਦ ਕਰਕੇ ਵਾਹੀ ਦੇ ਯੋਗ ਬਣਾ ਲਿਆ ਗਿਆ। ਰੋਪੜ ਕੋਲ ਸਥਿਤ ਬਿਰਲਾ ਫ਼ਾਰਮ ਇਕ ਅਜਿਹਾ ਫ਼ਾਰਮ ਹੈ ਜੋ ਦਰਿਆ ਦੇ ਵਹਿਣ ਵਿਚ ਆਬਾਦ ਹੋਇਆ। ਪੰਜਾਬ ਦੇ ਦਰਿਆਵਾਂ ਦਾ ਵਹਾ ਬਾਰਿਸ਼ਾਂ ਦੇ ਦਿਨਾਂ ਵਿਚ ਕਈ ਥਾਵਾਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀਹ ਕਿਲੋ ਮੀਟਰ ਚੌੜਾਈ ਵਿਚ ਪਸਰ ਜਾਂਦਾ ਸੀ। ਬੰਨ੍ਹਾਂ ਅਤੇ ਡੈਮਾਂ ਨਾਲ ਇਹ ਚੌੜਾਈ ਘੱਟ ਕੇ ਡੇਢ ਦੋ ਕਿਲੋ ਮੀਟਰ ਤੱਕ ਰਹਿ ਗਈ। ਬਾਕੀ ਸਾਰਾ ਇਲਾਕਾ ਵਾਹੀ ਹੇਠ ਆ ਗਿਆ, ਜਿਸ ਨਾਲ ਖੇਤੀ ਦੀ ਪੈਦਾਵਾਰ ਵਿਚ ਵਾਧਾ ਹੋਇਆ।

ਦਰਿਆ ਉੱਤੇ ਬੰਨ੍ਹ ਮਾਰ ਕੇ ਨਹਿਰਾਂ, ਬਿਜਲੀ, ਉਦਯੋਗ ਦੇ ਵਿਕਾਸ ਦੇ ਨਾਲ ਨਾਲ ਪਿੰਡਾਂ ਵਿਚ ਨਾ ਸਿਰਫ਼ ਬੇ-ਆਬਾਦ ਧਰਤੀ ਵਾਹੀ ਹੇਠ ਆਈ, ਬਿਜਲੀ ਉਦਯੋਗ ਕਰਕੇ ਨਵੇਂ ਮਸ਼ੀਨੀ ਔਜ਼ਾਰ ਅਤੇ ਖਾਦਾਂ, ਖੇਤੀਬਾੜੀ ਦੇ ਸੰਦ, ਨਵੇਂ ਬੀਅ ਅਤੇ ਨਵੀਆਂ ਤਕਨੀਕਾਂ ਨਾਲ ਪੰਜਾਬ ਦੀ ਬਹੁਮੁੱਖੀ ਖੇਤੀ ਦੇ ਵਿਕਾਸ ਦਾ ਆਧਾਰ ਬਣਿਆ ਜਿਸ ਨਾਲ ਪੰਜਾਬ ਵਿਚ ਹਰੀ ਕ੍ਰਾਂਤੀ ਸੰਭਵ ਹੋ ਸਕੀ। ਇਸ ਹਰੀ ਕ੍ਰਾਂਤੀ ਨਾਲ ਪ੍ਰਤੀ ਏਕੜ ਪੈਦਾਵਾਰ ਵਧੀ, ਜਿਸ ਦੇ ਨਤੀਜੇ ਵਜੋਂ ਪਿੰਡਾਂ ਵਿਚ ਆਮਦਨ ਵਧੀ। ਦੇਸ਼ ਅੰਨ ਦੇ ਉਤਪਾਦਨ ਵਿਚ ਆਤਮ ਨਿਰਭਰ ਹੋ ਸਕਿਆ। ਨਹਿਰਾਂ ਅਤੇ ਬਿਜਲੀ ਦੇ ਆਉਣ ਨੂੰ "ਭਾਖੜੇ ਤੋਂ ਆਈ ਮੁਟਿਆਰ ਨੱਚਦੀ" ਕਹਿ ਕੇ ਪੰਜਾਬ ਦੇ ਗੀਤਾਂ ਵਿਚ ਇਸ ਬਿਜਲੀ ਨਾਲ ਰੌਸ਼ਨ ਮੂੰਹ ਮੁਟਿਆਰ ਨਾਲ ਆਈ ਖੇਤੀ ਦੀਆਂ ਫ਼ਸਲਾਂ ਦੇ ਝੂਮ ਝੂਮ ਕੇ ਪਲਰਣ ਦੇ ਨਾਚ ਦਾ ਪ੍ਰਤੀਕ ਸਮਝ ਕੇ ਗਾਇਆ ਗਿਆ। ਬਿਜਲੀ ਆਉਣ ਨੂੰ ਜਹਾਲਤ, ਗ਼ਰੀਬੀ, ਅੰਧ-ਵਿਸ਼ਵਾਸ, ਜਗੀਰੂ ਰਿਵਾਇਤਾਂ ਖ਼ਿਲਾਫ਼, ਰੌਸ਼ਨੀ ਦੇ, ਵਿਦਿਆ, ਅਗਾਂਹ-ਵਧੂ ਕੀਮਤਾਂ ਦੇ ਪ੍ਰਤੀਕ ਵਜੋਂ ਪੰਜਾਬੀ ਸਭਿਆਚਾਰ ਨੇ ਅਪਣਾਇਆ। ਨਹਿਰਾਂ ਕਰਕੇ ਉਹ ਇਲਾਕੇ ਜਿਥੇ ਮੀਲਾਂ ਤਕ ਪਾਣੀ ਨਹੀਂ ਸੀ ਮਿਲਦਾ, ਜੇ ਮਿਲਦਾ ਤਾਂ ਖਾਰਾਂ, ਉਥੇ ਪਾਣੀ ਲੋੜ ਮੁਤਾਬਿਕ ਮਿਲਣ ਲੱਗ ਪਿਆ। ਨਹਿਰਾਂ ਕੰਢੇ ਖੂਹ ਨਲਕੇ ਲਾਉਣ ਉੱਤੇ ਪਾਣੀ ਮਿੱਠਾ ਨਿਕਲਣ ਲੱਗ ਪਿਆ। ਗੰਗਾ ਨਗਰ ਦੇ ਇਲਾਕੇ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਵਲੋਂ ਮਾਝੇ ਦੇ ਮਝੈਲਾਂ ਨੂੰ ਨਹਿਰਾਂ ਦੇ ਨਾਲ ਨਾਲ ਜ਼ਮੀਨਾਂ ਅਲਾਟ ਕੀਤੀਆਂ ਗਈਆਂ, ਬਿਲਕੁਲ ਉਵੇਂ ਜਿਵੇਂ ਅੰਗਰੇਜ਼ਾਂ ਨੇ ਨਹਿਰਾਂ ਦੇ ਨਾਲ ਨਾਲ ਪੱਛਮੀ ਪੰਜਾਬ (ਪਾਕਿਸਤਾਨ ਵਿਚ) ਇਲਾਕਾ ਵਸਾਇਆ ਸੀ।

ਦਰਿਆ ਦੇ ਵਹਿਣ ਨੂੰ ਆਧੁਨਿਕ ਤਕਨੀਕਾਂ (ਇੰਜਨੀਅਰਿੰਗ) ਅਨੁਸਾਰ ਮਨੁੱਖ ਨੇ ਕੁਦਰਤੀ ਨਹੀਂ ਰਹਿਣ ਦਿੱਤਾ। ਦਰਿਆ ਨੂੰ ਆਧੁਨਿਕ ਤਕਨਾਲੋਜੀ ਦੇ ਨਸ਼ੇ ਅਧੀਨ ਮਨੁੱਖ ਨੇ ਗ਼ੁਲਾਮ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਦਰਿਆ ਦੀ ਸਤਾ ਨੂੰ ਬੰਨ੍ਹ, ਪੁਲੀਆਂ, ਡੈਮ ਸਪਿਲ ਉਵਰਾ, ਝੀਲਾਂ, ਸਾਗਰ ਬਣਾ ਕੇ ਕੁਦਰਤੀ ਮਾਹੌਲ ਦੇ ਪਖੋਂ ਕੁਦਰਤ ਦੀਆਂ ਉਲਾਰੂ ਪ੍ਰਵਿਰਤੀਆਂ ਨੂੰ ਸੱਦਾ ਦਿੱਤਾ ਹੈ। ਕੁਦਰਤੀ ਮਾਹੌਲ ਪੱਖੋਂ ਦੁਨੀਆਂ ਭਰ ਵਿਚ ਦਰਿਆ ਦੇ ਕੁਦਰਤੀ ਵਹਿਣ ਨੂੰ ਬਦਲਣ ਕਰਕੇ ਜੋ ਕਰੋਪੀ ਮਨੁੱਖ ਭੋਗ ਰਿਹਾ ਹੈ ਅਤੇ ਜੋ ਕਰੋਪੀ ਉਸ ਨੂੰ ਭਵਿੱਖ ਵਿਚ ਭੋਗਣੀ ਪੈ ਸਕਦੀ ਹੈ, ਇਹਦੇ ਬਾਰੇ ਪਿਛਲੇ ਦੋ ਦਹਾਕਿਆਂ ਵਿਚ ਬੜੇ ਵਿਸਤਰਿਤ ਅਧਿਐਨ ਛਪੇ ਹਨ।[16] ਇਸ ਲੇਖ ਵਿਚ ਉਸ ਪਾਸੇ ਜਾਣਾ ਰਾਹੋਂ ਖੁੰਜਣ ਵਾਲੀ ਗੱਲ ਹੋਵੇਗੀ। ਫਿਰ ਵੀ ਉਹ ਧਾਰਨਾਵਾਂ ਜਿੰਨ੍ਹਾ ਦਾ ਸਭਿਆਚਾਰ ਨਾਲ ਸੰਬੰਧ ਹੈ, ਉਹਨਾਂ ਦਾ ਵਿਸ਼ਲੇਸ਼ਣ ਹੇਠ ਲਿਖੇ ਨੁਕਤੇ ਉਘਾੜਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਿਆ ਤੇ ਡੈਮ ਬਣਾ ਕੇ ਜਿਥੇ ਪਾਣੀ ਇਕੱਠਾ ਕੀਤਾ ਜਾਂਦਾ ਹੈ ਉੱਥੋਂ ਦੀ ਹਜ਼ਾਰਾਂ ਏਕੜ ਧਰਤੀ ਕਈ ਪਿੰਡ ਅਤੇ ਕਸਬੇ ਸਦਾ ਸਦਾ ਲਈ ਪਾਣੀ ਹੇਠ ਦਬੇ ਜਾਂਦੇ ਹਨ। ਹਜ਼ਾਰਾਂ ਲੋਕ ਬੇਘਰ ਬੇਜ਼ਮੀਨੇ ਹੋ ਕੇ ਭਾਵੇਂ ਉਹ ਭਾਖੜੇ ਦੇ ਕਿਰਸਾਣ ਸਨ, ਭਾਵੇਂ ਤਲਵਾੜੇ ਦੇ, ਭਾਵੇਂ ਹੁਣ ਥੀਨ ਡੈਮ ਦੇ, ਮੁਆਵਜ਼ੇ ਲਈ ਸਾਲਾਂ ਦੇ ਸਾਲ ਚੱਕਰ ਲਾਉਂਦੇ ਹਨ। ਇਹ ਲੋਕ ਧਰਤੀ ਅਤੇ ਖੇਤੀ ਨਾਲ ਜੁੜੀਆਂ ਕਦਰਾਂ ਕੀਮਤਾਂ ਦੇ ਸਦੀਆਂ ਤੋਂ ਧਾਰਨੀ ਹਨ। ਇਹਨਾਂ ਨੂੰ ਖੇਤੀ ਅਤੇ ਨਾਲ ਜੁੜੇ ਧੰਦਿਆਂ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ ਆਉਂਦਾ। ਇਹ ਲੋਕ ਹਨੇਰੀ ਵਿਚ ਉਡੇ ਤੀਲੇ ਵਾਂਗ ਵੱਖੋ ਵੱਖਰੇ ਥਾਵਾਂ ਉੱਤੇ ਖਿਲਰ ਕੇ ਆਪਣੇ ਇਲਾਕੇ ਦੇ ਸਭਿਆਚਾਰ ਤੋਂ ਟੁੱਟ ਕੇ, ਕਦਰਾਂ ਕੀਮਤਾਂ ਤੋਂ ਟੁੱਟ ਕੇ, ਬਹੁਤੀਆਂ ਹਾਲਤਾਂ ਵਿਚ ਮਜ਼ਬੂਰੀ ਵਜੋਂ ਉਹਨਾਂ ਇਲਾਕਿਆਂ ਵਿਚ ਜਾ ਕੇ ਰਹੇ ਜਿਥੇ ਇਹਨਾਂ ਦੇ ਜਾਣੂਆਂ ਦਾ ਘੇਰਾ ਬੜਾ ਸੀਮਿਤ ਸੀ ਤੇ ਇਹੋ ਜਿਹੇ ਕਿਤੇ ਅਤੇ ਧੰਦੇ ਕਰਨ ਲਈ ਬੇਵੱਸ ਹੋਏ ਜੋ ਇਹਨਾਂ ਦੀ ਅਣਖ ਗੁਆਰਾ ਨਹੀਂ ਸੀ ਕਰਦੀ। ਕੁਝ ਸਾਲ ਪਹਿਲਾਂ ਚੰਡੀਗੜ੍ਹ ਕੱਲੀ ਲਈ ਕੁਝ ਇਹੋ ਜਿਹੇ ਮਜ਼ਦੂਰ ਮਿਲਦੇ ਸਨ ਜਿਹਨਾਂ ਨੂੰ ਗੋਬਿੰਦਸਾਗਰ ਥੱਲੇ ਆਉਣ ਵਾਲੇ ਪਿੰਡਾਂ ਕਰਕੇ ਉਜੜਨਾ ਪਿਆ।

ਦਰਿਆਵਾਂ ਉੱਤੇ ਬੰਨ੍ਹ ਬੰਨਣ ਨਾਲ ਕੰਢਿਆਂ ਨਾਲ ਲੱਗਦੀ ਹਜ਼ਾਰਾਂ ਏਕੜ ਜ਼ਮੀਨ ਜਿਹਦੇ ਵਿਚ ਪਹਿਲਾਂ ਜੰਗਲ, ਬੇਲੇ, ਮੰਡ, ਛੰਬ, ਝੱਲਾਂ, ਰੱਖਾਂ ਆਦਿ ਹੁੰਦੀਆਂ ਸਨ, ਵਾਹੀ ਹੇਠ ਆ ਗਏ। ਇਹਨਾਂ ਮੰਡਾਂ ਝੱਲਾਂ ਵਿਚ ਜੰਗਲੀ ਜੀਵਾਂ ਦੀ ਇਕ ਪੂਰੀ ਕਾਇਨਾਤ ਵੱਸਦੀ ਸੀ। ਤਿੱਤਰ, ਬਟੇਰ, ਖਰਗੋਸ਼, ਜੰਗਲੀ ਸੂਰ, ਹਿਰਨ, ਕੂੰਜਾਂ, ਨੀਲ ਗਾਵਾਂ, ਰਾਮ ਚੋਣੇ ਦੀਆਂ ਗਾਵਾਂ ਵੱਛੀਆਂ, ਨੜੀਆਂ ਤੇ ਕਈ ਥਾਈਂ ਹਿੰਸਕ ਜਾਨਵਰ ਬਘਿਆੜ, ਗਿੱਦੜ, ਰਿੱਛ ਆਦਿ ਵੀ ਹੁੰਦੇ। ਜੰਗਲ ਬੇਲਿਆਂ ਦੇ ਖ਼ਤਮ ਹੋਣ ਉੱਤੇ ਪੰਜਾਬ ਵਿਚੋਂ ਇਹਨਾਂ ਜੰਗਲੀ ਜੀਵਾਂ ਦੀਆਂ ਨਸਲਾਂ ਹੀ ਅਲੋਪ ਹੋ ਗਈਆਂ ਹਨ ਜਾਂ ਹੋ ਰਹੀਆਂ ਹਨ। ਇਹ ਜੀਵ ਸ਼ਿਕਾਰ ਵਜੋਂ ਮਨੁੱਖ ਦੀ ਖੁਰਾਕ ਨੂੰ ਸਮਤੋਲ ਰਖਦੇ। ਕੁਦਰਤ ਦੇ ਕਈ ਤਰ੍ਹਾਂ ਦੇ ਚੱਕਰਾਂ ਨੂੰ ਸਮਤੋਲ ਰਖਦੇ। ਜਿਵੇਂ ਜੰਗਲਾਂ ਅਧੀਨ ਇਲਾਕੇ ਦੀ ਪ੍ਰਤਿਸ਼ਤ ਜ਼ਿਆਦਾ ਹੋਣ ਉੱਤੇ ਮੌਸਮ ਖੁਸ਼ਗੁਆਰ ਹੁੰਦਾ, ਮੌਸਮ ਵਿਚ ਅਤਿ ਦੀ ਗਰਮੀ ਸਰਦੀ ਨਾ ਹੁੰਦੀ। ਇਹ ਜੀਵ-ਜੰਤੂ ਫ਼ਸਲਾਂ ਨੂੰ ਨੁਕਸਾਨ ਪੁਚਾਉਂਦੇ, ਕੀੜੇ ਮਕੌੜੇ ਖਾ ਕੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ। ਜਿਵੇਂ ਜਿਵੇਂ ਫ਼ਸਲਾਂ ਨੂੰ ਨੁਕਸਾਨ ਪੁਚਾਣ ਵਾਲੇ ਕੀੜੇ ਮਕੌੜੇ ਮਾਰ ਕੇ ਖਾਣ ਵਾਲੇ ਜੰਗਲੀ ਜੀਵ ਜੰਤੂ ਪੰਜਾਬ ਵਿਚੋਂ ਖ਼ਤਮ ਹੋ ਰਹੇ ਹਨ। ਖੇਤੀ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਹਜ਼ਾਰਾਂ ਟਨ ਕੀੜੇ ਮਾਰ ਦਵਾਈਆਂ ਦਾ ਪ੍ਰਯੋਗ ਖੇਤੀ ਵਿਚ ਵਧ ਰਿਹਾ ਹੈ। ਇਹ ਦੁਆਈਆਂ ਕੀਮਤੀ ਤਾਂ ਲੋਹੜੇ ਦੀਆਂ ਹਨ ਹੀ, ਜ਼ਹਿਰੀਲੀਆਂ ਵੀ ਅਤਿ ਦਰਜੇ ਦੀਆਂ ਹਨ। ਇਹਨਾਂ ਦੇ ਪ੍ਰਯੋਗ ਕਰਨ ਵੇਲੇ ਜੋ ਸਾਵਧਾਨੀ ਚਾਹੀਦੀ ਹੈ ਜਦੋਂ ਉਹ ਨਹੀਂ ਹੁੰਦੀ ਤਾਂ ਕਈ ਤਰ੍ਹਾਂ ਦੇ ਅਸਰ ਦ੍ਰਿਸ਼ਟੀਗੋਚਰ ਹੁੰਦੇ ਹਨ।

ਦਰਿਆ ਵਿਚ ਜਦੋਂ ਹੜ੍ਹ ਆਉਂਦਾ ਤਬਾਹੀ ਤਾਂ ਬੇਸ਼ਕ ਹੁੰਦੀ, ਪਰ ਹਜ਼ਾਰਾਂ ਏਕੜ ਜ਼ਮੀਨ ਉਤੇ ਹੜ੍ਹ ਨਾਲ ਆਈ ਮਹੀਨ ਉਪਜਾਊ ਭਲ ਦੀ ਤਹਿ ਦੀ ਪਰਤ ਜੰਮ ਜਾਂਦੀ। ਪਹਾੜੀ ਚਟਾਨਾਂ ਦੇ ਕਈ ਤਰ੍ਹਾਂ ਤੱਤ ਕਿਉਂਕਿ ਇਸ ਭਲ ਵਿਚ ਘੁਲੇ ਹੁੰਦੇ, ਇਸ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਭਲ ਖੇਤਾਂ ਵਿਚ ਖਾਦ ਦਾ ਕੰਮ ਕਰਦੀ। ਹੁਣ ਜਦੋਂ ਦਰਿਆ ਦਾ ਪਾਣੀ ਇਸ ਤਰ੍ਹਾਂ ਖੇਤਾਂ ਵਿਚ ਨਹੀਂ ਫ਼ੈਲਦਾ, ਹਰ ਸਾਲ ਵਾਹੀ ਹੇਠ ਹੋਣ ਕਰਕੇ ਖੇਤਾਂ ਦੀ ਉਪਜਾਊ ਸ਼ਕਤੀ ਜੋ ਨਾਸ ਹੋ ਰਹੀ ਹੈ, ਉਹਨੂੰ ਪੂਰਾ ਕਰਨ ਲਈ ਲੱਖਾਂ ਟਨ ਖਾਦਾਂ ਦੀ ਵਰਤੋਂ ਹੋ ਰਹੀ ਹੈ। ਇਹ ਖਾਦਾਂ ਜਿਥੇ ਬਣਦੀਆਂ ਹਨ ਉਥੋਂ ਦਾ ਚੌਗਿਰਦਾ ਪਾਣੀ ਅਤੇ ਹਵਾ ਪੱਖੋਂ ਏਨਾ ਪਲੀਤ ਕਰਦੀਆਂ ਹਨ ਕਿ ਕਈ ਵਾਰੀ ਮਾਲ ਡੰਗਰ, ਮਨੁੱਖਾਂ ਦੀ ਮੌਤ ਵੀ ਹੋ ਜਾਂਦੀ ਹੈ।

ਹੜ੍ਹ ਦਾ ਪਾਣੀ ਜਦੋਂ ਫੈਲ ਕੇ ਪਿੰਡਾਂ ਵਿਚ ਦਾਖ਼ਲ ਹੁੰਦਾ, ਇਹ ਦੋ ਕੰਮ ਕਰਦਾ, ਇਕ ਤੇ ਛੱਪੜ, ਢਾਬਾਂ, ਡਿੱਗੀਆਂ ਨੂੰ ਨੱਕੋ ਨੱਕ ਭਰ ਦਿੰਦਾ ਜਿਹਦੇ ਨਾਲ ਇਹ ਪਾਣੀ ਦੇ ਰਿਵਾਇਤੀ ਸਰੋਤ ਕਈ ਸਾਲ ਪਾਣੀ ਦੀਆਂ ਲੋੜਾਂ ਪੂਰੀਆਂ ਕਰਦੇ। ਨੀਵੇਂ ਟੋਏ ਟਿੱਬਿਆਂ ਵਿਚ ਭਰਕੇ ਇਹ ਕਿਸੇ ਵੀ ਇਲਾਕੇ ਦੇ ਧਰਤੀ ਹੇਠਲੇ ਜਲ-ਸਤਰ ਨੂੰ ਵੀ ਨਿਰਧਾਰਤ ਕਰਦਾ। ਭਾਵ ਇਹ ਧਰਤੀ ਹੇਠਲੇ ਜਲ-ਸਤਰ ਨੂੰ ਸਥਿਰ ਰੱਖਣ ਲਈ ਧਰਤੀ ਵਿਚ ਜੀਰ ਕੇ ਪਾਣੀ ਦੇ ਸੋਮੇ ਨੂੰ ਨਵੇਂ ਪਾਣੀ ਦੇ ਭੰਡਾਰ ਨਾਲ ਲਬਾ ਲਬ ਭਰੀ ਰੱਖਦਾ।

ਦਰ ਅਸਲ ਰਿਵਾਇਤੀ ਖੂਹ ਵਿਚੋਂ ਪਾਣੀ ਖਿੱਚਣ ਦੀ ਸਮਰੱਥਾ ਇਕ ਜੋਗ ਦੀ ਲਗਾਤਾਰ ਖੂਹ ਗੇੜਨ ਦੀ ਸਮਰੱਥਾ ਨਾਲ ਨਿਰਧਾਰਤ ਹੁੰਦੀ। ਪੰਜ ਛੇ ਘੰਟੇ ਲਗਾਤਾਰ ਖੂਹ ਗੇੜ ਕੇ ਕੋਈ ਵੀ ਜੋਗ ਥੱਕ ਜਾਂਦੀ। ਉਦੋਂ ਤੱਕ ਖੂਹ ਵਿਚੋਂ ਲਗਾਤਾਰ ਪਾਣੀ ਟਿੰਡਾਂ ਰਾਹੀਂ ਨਿਕਲਣ ਕਰਕੇ ਖੂਹ ਵਿਚ ਪਾਣੀ ਦਾ ਸਤਰ ਪੰਜ ਸਤ ਫੁੱਟ ਨੀਵਾਂ ਹੋ ਗਿਆ ਹੁੰਦਾ। ਇਸ ਪ੍ਰਕਿਰਿਆ ਨੂੰ ਪਿੰਡਾਂ ਵਿਚ ਟਿੰਡਾਂ ਦਾ ਤਰ ਜਾਣਾ ਕਿਹਾ ਜਾਂਦਾ। ਜਦੋਂ ਟਿੰਡਾਂ ਤਰ ਜਾਂਦੀਆਂ, ਖੂਹ ਛੱਡ ਦਿੱਤਾ ਜਾਂਦਾ। ਪੰਜ ਛੇ ਘੰਟੇ ਬਾਅਦ ਜੋਗ ਆਰਾਮ ਕਰ ਕੇ ਤਿਆਰ-ਬਰ-ਤਿਆਰ ਹੋ ਜਾਂਦੀ ਤੇ ਇੱਨੇ ਚਿਰ ਵਿਚ ਸੋਮੇ ਫੁਟ ਫੁਟ ਕੇ ਖੂਹ ਵਿਚ ਪਾਣੀ ਪੰਜ ਸਤ ਫੁੱਟ ਫਿਰ ਉੱਚਾ ਹੋ ਗਿਆ ਹੁੰਦਾ। ਦੂਜੇ ਅਰਥਾਂ ਵਿਚ ਖੂਹ ਜਿੰਨਾ ਪਾਣੀ ਵਰਤੋਂ ਲਈ ਪ੍ਰਦਾਨ ਕਰ ਸਕਦਾ ਅਤੇ ਜਿੰਨਾ ਇਕ ਜੋਗ ਨਾਲ ਖਿੱਚਿਆ ਜਾ ਸਕਦਾ, ਵਿਚ ਇਕ ਤਾਲਮੇਲ ਸੀ, ਇਕ ਸਮਤੋਲ ਸੀ। ਪਰ ਬਿਜਲੀ ਆਉਣ ਨਾਲ ਟਿਊਬਵੈੱਲ ਦੀ ਪਾਣੀ ਸਿੰਮਣ ਦੀ ਸਮਰੱਥਾ ਤਾਂ ਲਗਭਗ ਉਹੀ ਰਹੀ ਹੈ ਪਰ ਬਿਜਲੀ ਦੀ ਮੋਟਰ ਕਰਕੇ ਪਾਣੀ ਖਿੱਚ ਸਕਣ ਦੀ ਸਮਰੱਥਾ ਕਈ ਗੁਣਾਂ ਵਧ ਗਈ ਹੈ। ਉਤੋਂ ਹੜ੍ਹਾਂ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਨੀਵਾਂ ਜੀਰਿਆ ਵੀ ਹੋਰ ਪਾਣੀ ਨਹੀਂ ਮਿਲਿਆ ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਉਹ ਇਲਾਕੇ ਜਿਥੇ ਟਿਊਬਵੈੱਲਾਂ ਦੀ ਭਰਮਾਰ ਹੈ ਉੱਥੇ ਪਾਣੀ ਦਾ ਧਰਤੀ ਹੇਠਲਾ ਜਲ ਸਤਰ ਬੜੀ ਤੇਜ਼ੀ ਨਾਲ ਘਟ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਬਿਜਲੀ ਦੀ ਮੋਟਰ ਖੂਹੀ ਕੱਢ ਕੇ ਨੀਵੀਂ ਕਰਕੇ ਲਾਈ ਜਾਂਦੀ ਹੈ। ਪਾਣੀ ਦੇ ਮਾਹਿਰਾਂ ਦੇ ਕਹਿਣ ਮੁਤਾਬਿਕ ਅਜੇਹੇ ਇਲਾਕੇ ਬੜੀ ਤੇਜ਼ੀ ਨਾਲ ਪਾਣੀ ਦੀ ਔੜ ਵਾਲੇ ਇਲਾਕੇ ਹੋ ਕੇ ਬੰਜਰ ਜ਼ਮੀਨਾਂ ਦੇ ਭਵਿੱਖ ਵਲ ਵਧ ਰਹੇ ਹਨ। ਸਾਲੋ ਸਾਲ ਨੀਵੇਂ ਹੋ ਰਹੇ ਜਲ ਸਤਰ ਕਰਕੇ ਦੋ ਤਿੰਨ ਸਾਲ ਬਾਅਦ ਖੂਹੀ ਪੁੱਟਣੀ ਅਤੇ ਨੀਵੀਂ ਕਰਨ ਦੀ ਲੋੜ ਉੱਪਜਦੀ ਹੈ। ਲਗਾਤਾਰ ਪਾਣੀ ਖਿੱਚੀ ਜਾਣ ਕਰਕੇ ਕਈ ਥਾਵਾਂ ਉੱਤੇ ਟਿਊਬਵੈੱਲ ਬੈਠ ਜਾਂਦੇ ਹਨ। ਅਖ਼ਬਾਰਾਂ ਵਿਚ ਸਮਾਚਾਰ ਆਉਂਦੇ ਹਨ, ਖੂਹੀ ਹੀ ਬੈਠ ਜਾਂਦੀ ਹੈ, ਵਿਚ ਮੋਟਰ ਨੂੰ ਠੀਕ ਕਰਦੇ ਕਾਮੇ ਮਿੱਟੀ ਦੀਆਂ ਢਿੱਗਾਂ ਥੱਲੇ ਜੀਉਂਦੇ-ਜੀ ਨੱਪੇ ਜਾਂਦੇ ਹਨ। ਜ਼ਿਆਦਾ ਫ਼ਸਲ ਲੈਣ ਲਈ ਕੀਤੇ ਜਾ ਰਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾਦਾਂ ਦੇ ਪ੍ਰਯੋਗ, ਖਾਦ ਨਾਲ ਜੋ ਗੈਸ ਬਣਦੀ ਹੈ, ਉਹ ਖੂਹੀ ਦੇ ਨੀਵੇਂ ਥਾਂ ਵਿਚ ਭਰੀ ਜਾਂਦੀ ਹੈ, ਜਦੋਂ ਨੀਵੇਂ ਥਾਂ ਤੇ ਖੂਹੀ ਵਿਚ ਕਾਮੇ ਉਤਰਦੇ ਹਨ, ਜ਼ਹਿਰੀਲੀ ਗੈਸ ਕਰਕੇ ਖੂਹੀ ਵਿਚ ਦਮ ਘੁਟ ਕੇ ਮਰ ਜਾਂਦੇ ਹਨ ।[17] ਬਿਜਲੀ ਨਾਲ ਚਲਣ ਵਾਲੀ ਮੋਟਰ ਜਿੰਨੀ ਤਾਕਤ ਨਾਲ ਜ਼ਮੀਨ ਵਿਚੋਂ ਲਗਾਤਾਰ ਪਾਣੀ ਖਿੱਚ ਰਹੀ ਹੈ, ਉਨੀ ਹੀ ਤਾਕਤ ਨਾਲ ਆਪਣੇ ਚੌਗਿਰਦੇ ਨੂੰ ਸੋਕੇ ਮਾਰੇ ਬੰਜਰ ਬਣਾਉਣ ਵਲ ਧੱਕ ਰਹੀ ਹੈ । ਕਿਉਂਕਿ ਮੋਟਰ ਨੇ ਪਾਣੀ ਖਿੱਚਣ ਦੀ ਸਮਰੱਥਾ ਅਤੇ ਰਿਵਾਇਤੀ ਖੂਹ ਵਿਚ ਪਾਣੀ ਸਿੰਮਣ ਦੀ ਸਮਰੱਥਾ ਦਾ ਜੋ ਸਮਤੋਲ ਪੰਜਾਬੀਆਂ ਨੇ ਸਦੀਆਂ ਦੇ ਤਜ਼ਰਬੇ ਤੋਂ ਬਾਅਦ ਸਥਾਪਿਤ ਕੀਤਾ ਸੀ ਉਸ ਸਮਤੋਲ ਨੂੰ ਲਗਭਗ ਤਿੰਨ ਗੁਣਾਂ ਉਲਾਰ ਕੀਤਾ ਹੈ । ਪਾਣੀ ਸਿੰਮਣ ਦੀ ਸਮਰੱਥਾ ਨਾਲੋਂ ਲਗਭਗ ਤਿੰਨ ਗੁਣਾਂ ਜੋ ਪਾਣੀ ਪੰਜਾਬ ਦੇ ਟਿਊਬਵੈੱਲ ਧਰਤੀ ਵਿਚੋਂ ਖਿੱਚ ਰਹੇ ਹਨ, ਇਸ ਨਾਲ ਪੰਜਾਬ ਦੀ ਖੇਤੀ ਦਾ ਭਵਿੱਖ ਕਿਆਸ ਕੇ ਇਕ ਕੰਬਣੀ ਆਉਂਦੀ ਹੈ ।

ਉਹ ਇਲਾਕੇ ਜਿੱਥੇ ਹੈੱਡ ਵਰਕਸ ਬੰਨ੍ਹਣ ਤੋਂ ਬਾਅਦ ਨਹਿਰਾਂ ਦਾ ਜਾਲ ਵਿਛ ਗਿਆ ਅਤੇ ਜਿੱਥੇ ਟਿਊਬਵੈੱਲ ਘੱਟ ਸਨ, (ਹੇਠਲਾ ਪਾਣੀ ਖਾਰਾ ਨਿਕਲਦਾ, ਟਿਊਬਵੈੱਲ ਡੂੰਘਾ ਲਗਣ ਕਰਕੇ ਮਹਿੰਗਾ ਪੈਂਦਾ ਜਾਂ ਧਰਤੀ ਹੇਠਲੇ ਤਲ ਵਿਚ ਰੋੜ ਕੰਕਰ ਆਦਿ ਕਰਕੇ ਟਿਊਬਵੈੱਲ ਨਾ ਲੱਗ ਸਕਦੇ) ਇਹੋ ਜਿਹੇ ਇਲਾਕਿਆਂ ਵਿਚ ਨਹਿਰਾਂ ਨੇ ਸੇਮ ਦੀ ਸਮੱਸਿਆ ਨੂੰ ਉਭਾਰਿਆ ਹੈ । ਉਪਰਲੇ ਪਹਿਰੇ ਤੋਂ ਬਿਲਕੁਲ ਉਲਟ ਅਜਿਹੇ ਇਲਾਕਿਆਂ ਵਿਚ ਧਰਤੀ ਹੇਠਲੇ ਪਾਣੀ ਦਾ ਸਤਰ ਹਰ ਸਾਲ ਉੱਚਾ ਹੋ ਕੇ ਇੰਨਾ ਉੱਚਾ ਹੋ ਜਾਂਦਾ ਹੈ ਕਿ ਉਹ ਡੂੰਘਾਈ ਜਿਥੇ ਬੀ ਨੇ ਫੁੱਟਣਾ ਹੁੰਦਾ ਹੈ ਉਥੇ ਵੀ ਪਾਣੀ ਰਿਸਣ ਲੱਗ ਪੈਂਦਾ ਹੈ । ਅਜਿਹੀ ਹਾਲਤ ਵਿਚ ਉਹ ਇਲਾਕੇ ਜਿਥੇ ਸੇਮ ਵਧ ਜਾਵੇ ਉਥੇ ਫ਼ਸਲਾਂ ਨੂੰ ਬਦਲਣਾ ਮਜਬੂਰੀ ਹੋ ਜਾਂਦੀ ਹੈ । ਹਰ ਇਲਾਕੇ ਵਿਚ ਮੁੱਖ ਫ਼ਸਲਾਂ ਨਾਲ ਨਾਲ ਰਹਿਣ ਸਹਿਣ ਧੰਦੇ ਤੇ ਭਵਿੱਖ ਦੇ ਵਿਕਾਸ ਦੀਆਂ ਸੰਭਾਵਨਾਵਾਂ ਜੁੜੀਆਂ ਹੁੰਦੀਆਂ ਹਨ । ਸੇਮ ਕਰਕੇ ਜਿਵੇਂ ਅੱਜ ਕੱਲ ਜ਼ੀਰਾ, ਫ਼ਰੀਦਕੋਟ, ਮੁਕਤਸਰ, ਫਾਜ਼ਿਲਕਾ ਦੀ ਲੰਮੀ ਪਟੀ ਵਿਚ ਹੈ ਕਈ ਰਿਵਾਇਤੀ ਫ਼ਸਲਾਂ ਜੋ ਖੁਸ਼ਕੀ ਪਸੰਦ ਕਰਦੀਆਂ, ਜਿਵੇਂ ਸਰੋਂ, ਤੋਰੀਆ, ਮਕੱਈ, ਛੋਲੇ, ਬਾਜਰਾ, ਗੁਆਰਾ, ਕਪਾਹ, ਨਰਮਾ, ਆਦਿ ਇਲਾਕੇ ਚੋਂ ਹੌਲੀ ਹੌਲੀ ਘਟ ਰਹੀਆਂ ਹਨ ਅਤੇ ਇਹਨਾਂ ਦੀ ਥਾਂ ਉਤੇ ਜ਼ਿਆਦਾ ਪਾਣੀ ਨਾਲ ਪਲਰਣ ਵਾਲੀਆਂ ਫ਼ਸਲਾਂ ਜਿਵੇਂ ਝੋਨਾ, ਬਰਸੀਮ, ਸ਼ਟਾਲਾ, ਕਮਾਦ ਆਦਿ ਹੇਠਲਾ ਰਕਬਾ ਵਧ ਰਿਹਾ ਹੈ । ਹੁਣ ਸਰੋਂ ਤੋਰੀਏ ਲਈ ਜੋ ਕੋਹਲੂ ਖਲ੍ਹ ਦਾ ਵਿਉਪਾਰ, ਤੇਲ ਦਾ ਵਿਉਪਾਰ ਵੜੇਂਵੇਂ, ਸੂਤ ਆਦਿ ਨਾਲ ਜੁੜੇ ਕੰਮ ਧੰਦੇ ਇਸ ਪਟੀ ਵਿਚੋਂ ਘਟ ਰਹੇ ਹਨ । ਇਕ ਅੰਦਾਜ਼ੇ ਮੁਤਾਬਿਕ ਜਲਾਲਾਬਾਦ ਤੋਂ ਫਾਜ਼ਿਲਕਾ ਵਲ ਲਗਭਗ ਦੋ ਸਾਲਾਂ ਬਾਅਦ ਝੋਨੇ ਹੇਠਲਾ ਇਲਾਕਾ ਇਕ ਮੀਲ ਹੋਰ ਫਾਜ਼ਿਲਕਾ ਵਲ ਵਧ ਰਿਹਾ ਹੈ; ਜਿਸ ਦਾ ਮਤਲਬ ਹੈ ਇਹ ਇਲਾਕਾ ਉਸ ਰਕਬੇ ਤੇ ਵਧ ਰਿਹਾ ਹੈ ਜਿਸਦੀ ਮੁਖ ਵਿਉਪਾਰਕ ਫ਼ਸਲ ਕਪਾਹ/ਨਰਮਾ ਸੀ । ਇਸ ਤੋਂ ਥੋੜ੍ਹੀ ਘੱਟ ਰਫ਼ਤਾਰ ਉੱਤੇ ਮੁਕਤਸਰ ਵਲੋਂ ਅਬੋਹਰ ਅਤੇ ਫਾਜ਼ਿਲਕਾ ਵਲ ਝੋਨੇ ਹੇਠਲਾ ਰਕਬਾ ਸੇਮ ਦੇ ਵਧਣ ਕਰਕੇ ਵਧ ਰਿਹਾ ਹੈ ਅਤੇ ਕਪਾਹ ਅਤੇ ਨਰਮਾ ਹੌਲੀ ਹੌਲੀ ਘਟ ਰਹੇ ਹਨ । ਕੁਝ ਹੀ ਸਾਲ ਪਹਿਲਾਂ ਮੁਕਤਸਰ ਨੂੰ ਨਰਮੇ ਦੀ ਇਕ ਵੱਡੀ ਮੰਡੀ ਵਜੋਂ ਵਿਉਂਤਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਕਿਰਿਆ ਸ਼ੁਰੂ ਹੋਈ ਸੀ ਹੁਣ ਇਸ ਪ੍ਰਸੰਗ ਵਿਚ ਉਥੇ ਨਰਮੇ ਨਾਲ ਜੁੜੇ ਉਦਯੋਗ ਆਉਣੇ ਚਾਹੀਦੇ ਸਨ। ਪਰ ਵਧ ਰਹੀ ਸੇਮ ਕਰਕੇ ਉਥੇ ਨਰਮੇ ਆਧਾਰਿਤ ਉਦਯੋਗ ਨਹੀਂ ਝੋਨੇ ਆਧਾਰਤ ਸ਼ੈਲਰ ਆਉਣੇ ਸ਼ੁਰੂ ਹੋ ਰਹੇ ਹਨ। ਜੇ ਸਭਿਆਚਾਰਕ ਭੂਗੋਲ ਦੇ ਵਿਦਵਾਨਾਂ ਦੇ ਇਸ ਮਤ ਨੂੰ ਆਧਾਰ ਬਣਾਇਆ ਜਾਏ ਕਿ ਹਰ ਮੁੱਖ ਫ਼ਸਲ ਦਾ ਆਪਣਾ ਸਭਿਆਚਾਰ ਹੁੰਦਾ ਹੈ ਤਾਂ ਸੇਮ ਨੇ ਕਪਾਹ ਦੇ ਸਭਿਆਚਾਰ ਨੂੰ ਇਸ ਇਲਾਕੇ ਵਿਚ ਝੋਨੇ ਦੇ ਸਭਿਆਚਾਰ ਵਿਚ ਬਦਲ ਦਿੱਤਾ ਹੈ। ਪੰਜਾਬ ਦੇ ਖੇਤੀ ਬਾੜੀ ਮਾਹਿਰ ਪਤਾ ਨਹੀਂ ਕਿੰਨੇ ਚੌਕੰਨੇ ਹਨ। ਇਸ ਵਧ ਰਹੀ ਸੇਮ ਕਰਕੇ ਅਬੋਹਰ, ਫ਼ਾਜ਼ਿਲਕਾ ਪੱਟੀ ਵਿਚ ਕਿਨੂੰ, ਮਾਲਟਾ, ਅੰਗੂਰ, ਬਦਾਮ, ਆਦਿ ਦੇ ਬਾਗ਼ ਨੂੰ ਜੇ ਅੱਜ ਨਹੀਂ ਤਾਂ ਅੱਜ ਤੋਂ ਦਸ ਸਾਲ ਬਾਅਦ ਖ਼ਤਰਾ ਹੈ, ਕਿਉਂਕਿ ਸੇਮ ਉਸ ਇਲਾਕੇ ਵੱਲ ਵਧ ਰਹੀ ਹੈ ਜਿੱਧਰ ਬਾਗਾਂ ਦੀ ਬਹੁਤਾਤ ਹੈ। ਕੀ ਬਦਾਮ, ਕਿਨੂੰ, ਮਾਲਟਾ, ਸੰਗਤਰਾਂ, ਨਿੰਬੂ, ਖੱਟਾ, ਆੜੂ ਦੀਆਂ ਜੜ੍ਹਾਂ ਇਸ ਵਧ ਰਹੀ ਸੇਮ ਵਿਚ ਗਲ ਤਾਂ ਨਹੀਂ ਜਾਣਗੀਆਂ ? ਕੀ ਸਾਡੇ ਬਾਗ਼ਬਾਣੀ ਦੇ ਮਾਹਿਰ ਇਹੋ ਜਿਹੀਆਂ ਕਿਸਮਾਂ ਇਜਾਦ ਕਰ ਸਕਣਗੇ ਜੋ ਸੇਮ ਦਾ ਪ੍ਰਕੋਪ ਸਹਾਰ ਸਕਣ ਤੇ ਜੇ ਨਹੀਂ ਤਾਂ ਫਿਰ ਅਬੋਹਰ ਕੋਲ ਫ਼ਲਾਂ ਦੇ ਰਸਾਂ ਨੂੰ ਤਿਆਰ ਕਰਦੇ ਪਲਾਂਟ ਲਾਉਣ ਦਾ ਕੀ ਅਰਥ ਹੈ। ਜੇ ਮੰਨ ਲਉ ਨਵੀਂ ਕਿਸਮਾਂ ਬਾਗ਼ਬਾਣੀ ਮਾਹਿਰਾਂ ਨੇ ਇਜਾਦ ਕਰ ਵੀ ਲਈਆਂ ਕਿਰਸਾਣੀ ਕਿੰਨੇ ਸਾਲਾਂ ਵਿਚ ਹੁਣ ਵਾਲੇ ਬਾਗ਼ ਪੁੱਟ ਕੇ ਨਵੇਂ ਲਾ ਸਕੇਗੀ ? ਆਦਿ ਕਈ ਸਵਾਲ ਸ਼ੰਕੇ ਉਠਦੇ ਹਨ।

ਦਰਿਆ ਉਤੇ ਡੈਮ ਬਣਾ ਕੇ ਪੱਤਣ-ਘਾਟ-ਮਲਾਹ, ਬੇੜੀਆਂ, ਮੱਛੀਆਂ, ਦਰਿਆਵਾਂ ਰਾਹੀਂ ਇਮਾਰਤੀ ਲੱਕੜੀ ਲਿਆਉਣ ਦੀ ਆਵਾਜ਼ਾਈ ਇਮਾਰਤੀ ਲੱਕੜੀ ਦਾ ਵਿਉਪਾਰ ਅਤੇ ਗੋਇੰਦਵਾਲ ਸਾਹਿਬ ਵਰਗੇ ਉਹ ਕੇਂਦਰ ਜਿੱਥੇ ਇਮਾਰਤੀ ਲੱਕੜੀ ਦਾ ਵਿਉਪਾਰ ਹੁੰਦਾ ਇਹ ਤੇ ਇਹਨਾਂ ਤੱਥਾਂ ਨਾਲ ਜੁੜਿਆ ਸਭਿਆਚਾਰ ਕੰਮ, ਧੰਦੇ, ਰਹੁ ਰੀਤਾਂ, ਆਚਾਰ, ਵਿਹਾਰ, ਤਹਿਸ਼ ਨਹਿਸ਼ ਹੋ ਗਿਆ। ਦਰਿਆਵਾਂ ਦੇ ਕਿਨਾਰਿਆਂ ਉੱਤੇ ਮਿੱਟੀ ਦੇ ਬੰਨ੍ਹ ਬਣਾਏ ਗਏ ਕਿ ਹੜ੍ਹਾਂ ਦਾ ਪਾਣੀ ਖੇਤਾਂ, ਪਿੰਡਾਂ, ਕਸਬਿਆਂ ਨੂੰ ਤਬਾਹ ਨਾ ਕਰੇ। ਨਤੀਜੇ ਵਜੋਂ ਨੇੜੇ ਦੇ ਇਲਾਕਿਆਂ ਵਿਚੋਂ ਦਰਖ਼ਤ ਘਾਹ ਫ਼ੂਸ ਸਰਕੜਾ ਘਟ ਰਿਹਾ ਹੈ। ਇਹ ਜੋ ਧੁੱਸੀ ਬੰਨ੍ਹ ਹਨ ਕਿਉਂਕਿ ਘਾਹ ਫ਼ੂਸ ਆਦਿ ਦੀਆਂ ਜੜ੍ਹਾਂ ਅਤੇ ਵਨਸਪਤਿ ਦੀ ਬਹੁਲਤਾ ਇਨ੍ਹਾਂ ਬੰਨ੍ਹਾਂ ਨੂੰ ਹੜ੍ਹਾਂ ਨਾਲ ਲੜਨ ਦੀ ਤਾਕਤ ਨਹੀਂ ਦਿੰਦੀ, ਇਹ ਬੰਨ੍ਹ ਬਾਰਿਸ਼ਾਂ ਵਿਚ ਟੁੱਟ ਜਾਂਦੇ ਹਨ। ਨਿੱਕੀ ਜਿਹੀ ਘਾਰੀ ਪੈਂਦੇ ਸੈਂਕੜੇ ਫੁੱਟ ਬੰਨ੍ਹ ਰੁੜ੍ਹ ਜਾਂਦਾ ਹੈ ਕਿਉਂਕਿ ਇਹ ਟੁੱਟਣਾ ਅਚਾਨਕ ਅਤੇ ਅਣਕਿਆਸਿਆ ਹੁੰਦਾ ਹੈ ਇਸ ਲਈ ਨੁਕਸਾਨ ਜ਼ਿਆਦਾ ਹੁੰਦਾ, ਜਿਵੇਂ ਉਨੀ ਸੌ ਅਠਾਸੀ ਦੇ ਹੜ੍ਹਾਂ ਸਮੇਂ ਪੰਜਾਬ ਵਿਚ ਹੋਇਆ।

ਰਿਵਾਇਤੀ ਸਿੰਜਾਈ ਵਾਲੇ ਖੂਹ ਦੇ ਦੋ ਬਦਲ ਆਏ। ਨਹਿਰ ਅਤੇ ਬਿਜਲੀ ਨਾਲ ਚਲਦੀ ਬੰਬੀ। ਨਹਿਰਾਂ, ਸੂਏ ਅਤੇ ਖਾਲਾਂ ਨਾਲ ਉਹ ਫ਼ਸਲਾਂ ਜੋ ਪਾਣੀ ਦੀ ਘਾਟ ਕਰਕੇ ਨਹੀਂ ਸੀ ਬੀਜੀਆਂ ਜਾਂਦੀਆਂ ਹੁਣ ਉਹਨਾਂ ਦੀ ਖੇਤੀ ਹੋਣ ਲੱਗ ਪਈ। ਸਣ, ਸੰਦੂਕੜਾ, ਝੋਨਾ ਤੇ ਸੰਦੂਕੜਾ ਵੱਢ ਕੇ ਛੱਪੜ ਵਿਚ ਦੱਬ ਦਿੱਤਾ ਜਾਂਦਾ, ਕਿੰਨਾ ਕਿੰਨਾ ਚਿਰ ਇਹ ਪਾਣੀ ਵਿਚ ਗਲਦੇ ਰਹਿੰਦੇ। ਫ਼ਿਰ ਜਦੋਂ ਇਹ ਗਲ ਜਾਂਦੇ ਇਹਨੂੰ ਸੁਕਾ ਕੇ ਸਣ ਸੰਦੂਕੜੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰਨੇ ਤੀਲਾ ਤੋੜ ਕੇ ਸਣ ਅਤੇ ਸੰਦੂਕੜਾ ਵੱਖਰਾ ਕਰ ਲਿਆ ਜਾਂਦਾ। ਇਹਨਾਂ ਦੇ ਅੱਟੇ (ਜਿਵੇਂ ਸੂਤ ਦੇ ਹੁੰਦੇ) ਬਣਾ ਲਏ ਜਾਂਦੇ, ਫਿਰ ਇਹਨਾਂ ਨਾਲ ਰੱਸੇ ਵੱਟੇ ਜਾਂਦੇ। ਵਾਣ ਵੱਟਿਆ ਜਾਂਦਾ। ਗਰਨੇ ਦੀ ਇਕ ਤੀਲ ਚੁੱਕ ਕੇ ਉਹਦੇ ਨਾਲੋਂ ਸਣ ਅਤੇ ਸੰਦੂਕੜਾ ਤੀਲਾ ਤੋੜ ਕੇ ਇਕ ਲਿਟ ਵਾਂਗ ਲਾਹੁਣਾ ਸਭਿਆਚਾਰ ਵਿਚ ਕਈ ਕਹਾਣੀਆਂ ਦਾ ਮੁੱਢ ਬਣ ਜਾਂਦਾ। ਆਮ ਤੌਰ ਤੇ ਇਹ ਸਰਦੀਆਂ ਵਿਚ ਸਵੇਰੇ ਸ਼ਾਮ ਗਰਨਿਆਂ ਦੀ ਸਣ ਕੱਢੀ ਜਾਂਦੀ, ਤੀਲ ਤੋੜ ਕੇ ਲਿਟ ਵੱਖਰੀ ਕਰਕੇ, ਉਹ ਤੀਲ ਜਿਸ ਨਾਲੋਂ ਸਣ ਸੰਦੂਕੜਾ ਵੱਖ ਹੋ ਗਏ ਹੁੰਦੇ ਉਹਨੂੰ ਧੁੱਖਦੀ ਧੂਣੀ ਉੱਤੇ ਸੁੱਟ ਦਿੱਤਾ ਜਾਂਦਾ, ਨਾਲੇ ਧੂਣੀ ਧੁਖਦੀ ਨਾਲੇ ਦੁਖ ਸੁਖ ਦੀ ਕਹਾਣੀ ਤੁਰਦੀ। ਆਮ ਹੀ ਵੇਖਣ ਵਿਚ ਆਉਂਦਾ ਜਿਥੇ ਸਣ ਨਿਖੇੜੀ ਜਾ ਰਹੀ ਹੁੰਦੀ ਉਥੇ ਨਿੱਕੀ ਜਿਹੀ ਢਾਣੀ ਬਣ ਕੇ ਲੋਕ ਗੱਲਾਂ ਕਰਨ ਲੱਗ ਪੈਂਦੇ ਧੂਣੀ ਦਾ ਸੇਕ ਮਾਨਣ ਲੱਗ ਪੈਂਦੇ।

ਨਹਿਰਾਂ, ਸੂਏ ਅਤੇ ਖਾਲ ਵਿਚ ਕਈ ਕਈ ਦਿਨ ਲਗਾਤਾਰ ਪਾਣੀ ਵਗਣ ਕਰਕੇ ਨਹਿਰਾਂ ਦਾ ਪਾਣੀ ਰਿਸ ਰਿਸ ਕੇ ਉਹਨਾਂ ਖਤਾਨਾਂ ਵਿਚ ਜੋ ਨਹਿਰਾਂ ਦੀ ਪਟੜੀ ਉੱਚੀ ਤੇ ਮਜ਼ਬੂਤ ਕਰਨ ਲਈ ਪੁਟੇ ਗਏ ਹੁੰਦੇ, ਵਿਚ ਰਿਸ ਰਿਸ ਪਾਣੀ ਆ ਜਾਂਦਾ। ਇਹਨਾਂ ਖਤਾਨਾਂ ਦੇ ਨਾਲ ਨਾਲ ਨੜੂ ਘਾਹ ਉੱਗ ਪੈਂਦਾ, ਹੋਰ ਫੁੱਲਦਾਰ ਰੁੱਖ਼ ਉੱਗ ਪੈਂਦੇ। ਪਾਣੀ ਲਗਾਤਾਰ ਰਿਸਣ ਕਰਕੇ ਇਹਨਾਂ ਖਤਾਨਾਂ ਦੀ ਮਿੱਟੀ ਚੀਕਣੀ ਹੋ ਜਾਂਦੀ, ਇਸ ਚੀਕਣੀ ਮਿੱਟੀ 'ਚ ਮੋਟੀਆਂ ਨਲੀਆਂ ਵਾਲਾ ਨੜੂ ਫੈਲ ਜਾਂਦਾ। ਇਹ ਨੜੂ ਘਾਹ ਮੱਝਾਂ ਗਾਵਾਂ ਲਈ ਮਨ ਭਾਉਂਦੀ ਚਰਾਂਦ ਹੁੰਦੀ।[18] ਇਹ ਵੀ ਖ਼ਿਆਲ ਕੀਤਾ ਜਾਂਦਾ ਕਿ ਨੜੂ ਖਾ ਕੇ ਮੱਝਾਂ ਗਾਵਾਂ ਦਾ ਦੁੱਧ ਵੱਧ ਜਾਂਦਾ ਹੈ, ਹਾਲਾਂ ਕਿ ਮਹਿਕਮਾ ਨਹਿਰ ਵਲੋਂ ਅਤੇ ਸੂਏ ਦੇ ਨਾਲ ਨਾਲ ਆਮ ਤੌਰ ਉੱਤੇ ਡੰਗਰ ਚਾਰਨ ਦੀ ਪਾਬੰਦੀ ਹੁੰਦੀ (ਕਿਉਂਕਿ ਡੰਗਰਾਂ ਦੇ ਸਖਤ ਖੁਰਾ ਨਾਲ ਨਹਿਰ/ਸੂਏ ਦੀ ਪਟੜੀ ਕੱਟ ਕੱਟ ਕੇ ਕਮਜ਼ੋਰ ਹੋ ਜਾਂਦੀ ਅਤੇ ਇਹਦੇ ਕਦੀ ਵੀ ਟੁੱਟ ਕੇ ਫ਼ਸਲਾਂ ਅਤੇ ਪਿੰਡਾਂ ਦੇ ਨੁਕਸਾਨ ਦਾ ਖ਼ਤਰਾ ਹੁੰਦਾ) ਪਰ ਫਿਰ ਵੀ ਜਦੋਂ ਵਾਗੀਆਂ ਅਤੇ ਵੱਗ ਦਾ ਦਾਅ ਲੱਗਦਾ ਵਾਗੀ ਚਾਰ ਚੁਫੇਰੇ ਵੇਖ ਕੇ ਨਹਿਰ ਦੇ ਨਾਲ ਨਾਲ ਡੰਗਰਾਂ ਨੂੰ ਇਹ ਹਰਾ ਕਚੂਰ ਘਾਹ ਚਾਰ ਕੇ ਰਜਾ ਲੈਂਦੇ। ਡੰਗਰ ਘਾਹ ਚਰ ਕੇ ਡੂੰਘੇ ਖਤਾਨਾਂ ਵਿਚ ਨਹਾਉਂਦੇ, ਕਿਤੇ ਕਿਤੇ ਵਾਗੀ ਉਹਨਾਂ ਨੂੰ ਨਹਿਰ ਸੂਏ ਵਿਚ ਬਿਠਾ ਕੇ ਨਹਾਉਂਦੇ। ਦੁਪਹਿਰੇ ਜਦੋਂ ਡੰਗਰ ਕਿਸੇ ਛਾਂ ਦਾਰ ਰੁੱਖ਼ ਥੱਲੇ ਬੈਠ ਜਾਂਦੇ, ਵਾਗੀ ਨਹਿਰ ਦੇ ਕਿਸੇ ਪੁਲ ਤੋਂ ਅਤੇ ਜੇ ਕਿਤੇ ਨਹਿਰ ਸੂਆ ਘਟ ਡੂੰਘਾ ਹੁੰਦਾ ਤਾਂ ਉਸ ਵਿਚ ਚੁੰਘ ਬਣਾ ਕੇ ਛਾਲਾਂ ਮਾਰਦੇ ਅਤੇ ਤਰਨਾ ਸਿੱਖ ਲੈਂਦੇ। ਇਹ ਆਮ ਹੀ ਵੇਖਣ ਵਿਚ ਆਉਂਦਾ, ਇਹ ਵਾਗੀ ਜੇ ਦਸ ਬਾਰਾਂ ਸਾਲ ਤੋਂ ਘਟ ਉਮਰ ਦੇ ਹੁੰਦੇ ਤਾਂ ਨੰਗ ਧੜੰਗੇ ਨਹਾਉਂਦੇ ਅਤੇ ਜੇ ਵੱਡੀ ਉਮਰ ਦੇ ਹੁੰਦੇ ਤਾਂ ਇਹਨਾਂ ਲੱਕ ਪਰਨਾ ਵਲ੍ਹੇਟਿਆ ਹੁੰਦਾ। ਇਹ ਛਾਲਾਂ ਮਾਰਦੇ, ਨਹਿਰ ਸੂਏ ਤੋਂ ਬਾਹਰ ਆ ਕੇ ਪਟੜੀ ਉਤਲੀ ਪਈ ਭੁੱਬਲ ਵਰਗੀ ਗਰਮ ਮਿੱਟੀ (ਜੋ ਚੀਕਣੀ ਤਾਂ ਹੁੰਦੀ ਪਰ ਜੋ ਲਤਾੜੇ ਜਾਣ ਕਰਕੇ ਬਰੀਕ ਹੁੰਦੀ) ਨੂੰ ਪਿੰਡੇ ਉਤੇ ਸਾਬਣ ਵਾਂਙ ਮਲਦੇ। ਫਿਰ ਪਾਣੀ 'ਚ ਛਾਲ ਮਾਰ ਦਿੰਦੇ, ਇਹ ਵਾਗੀਆਂ ਦੀ ਬੜੀ ਆਮ ਖ਼ੇਡ ਸੀ। ਇਹ ਖੇਡ ਉਦੋਂ ਤਕ ਚਲਦੀ ਜਦੋਂ ਤਕ ਕੋਈ ਉਜਾੜੇ ਖੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਨਵਰ ਕਿਸੇ ਫ਼ਸਲ ਵਲ ਨਾ ਤੁਰ ਪੈਂਦਾ। ਅੱਜ ਦੇ ਸਫ਼ਾਈ ਦੇ ਪੈਰੋਕਾਰਾਂ ਨੂੰ ਜਿਸਮ ਉੱਤੇ ਮਿੱਟੀ ਦਾ ਸਾਬਣ ਵਾਂਗ ਲੇਪ ਜਹਾਲਤ ਅਤੇ ਅਨਪੜ੍ਹਤਾ ਦੀ ਨਿਸ਼ਾਨੀ ਲੱਗ ਸਕਦੀ ਹੈ ਪਰ ਅਚੇਤ ਹੀ ਮਿੱਟੀ ਜਿਸਮ ਨੂੰ ਮਲ ਮਲ ਕੇ ਜਿਸਮ ਨੂੰ ਲੋੜੀਂਦੇ ਤੱਤ 'ਸਿਲਕਾਂ' ਨੂੰ ਇੰਨੀ ਮਾਤਰਾ ਵਿਚ ਆਪਣੇ ਜਿਸਮ ਵਿਚ ਜਜ਼ਬ ਕਰ ਲੈਂਦੇ ਉਹਨਾਂ ਬੱਚਿਆਂ ਨੂੰ ਜਿਨ੍ਹਾਂ ਬਚਪਨ ਵਿਚ ਮਿੱਟੀ ਨੂੰ ਸਾਬਣ ਵਾਂਗ ਵਰਤਿਆ ਹੁੰਦਾ, ਕਦੀ ਵੀ ਚਮੜੀ ਦੇ ਰੋਗ, ਖ਼ੁਰਕ ਵਗੈਰਾ ਨਾਲ ਪੀੜਤ ਨਾ ਹੋਣਾ ਪੈਂਦਾ। ਹੋਮਿਉਪੈਥੀ ਇਲਾਜ਼ ਪਦਤੀ ਅਨੁਸਾਰ ਚਮੜੀ ਦੇ ਰੋਗੀ ਨੂੰ ਭਾਰੀ ਮਾਤਰਾ ਵਿਚ 'ਸਿਲਕਾਂ' ਦੀ ਖ਼ੁਰਾਕ ਦਿੱਤੀ ਜਾਂਦੀ ਹੈ।

ਪਹਾੜਾਂ ਤੋਂ ਜਦੋਂ ਦਰਿਆ ਦਾ ਪਾਣੀ ਰੁੜਦਾ ਤਾਂ ਆਪਣੇ ਨਾਲ ਕਈ ਪੱਥਰ ਗੀਟੇ ਤੇ ਮਿੱਟੀ ਰੋਹੜ ਕੇ ਤੁਰਦਾ, ਸੈਕੜੇ ਮੀਲ ਤੁਰ ਕੇ ਮਿੱਟੀ ਪੱਥਰ ਗੀਟੇ ਰੁੜ ਰੁੜ ਕੇ ਇਕ ਦੂਜੇ ਨਾਲ ਵੱਜਦੇ ਘਿੱਸਰਦੇ ਮਹੀਨ ਮਿੱਟੀ ਦੇ ਕਣਾਂ ਵਿਚ ਬਦਲ ਜਾਂਦੇ। ਇਹ ਗੀਟੇ ਕਣ ਜਿਵੇਂ ਜਿਵੇਂ ਨਹਿਰ ਦੀ ਦਰਿਆ ਅਤੇ ਪਹਾੜ ਤੋਂ ਦੂਰੀ ਵਧਦੀ ਜਾਂਦੀ ਭਲ ਦੀ ਸ਼ਕਲ ਵਿਚ ਨਹਿਰ ਦੀ ਤਲੀ ਤੇ ਬੈਠਦੇ ਜਾਂਦੇ। ਇਹ ਭਲ ਜਾਂ ਗਾਬ੍ਹ ਨਹਿਰ ਸੂਏ ਦੇ ਤਲ ਨੂੰ ਹੌਲੀ ਹੌਲੀ ਜਮ ਜਮ ਕੇ ਉੱਚਾ ਕਰਦੀ, ਨਹਿਰ ਸੂਏ ਵਿਚ ਪਾਣੀ ਦੀ ਰਵਾਨਗੀ ਨੂੰ ਤਿੱਖੀ ਚਾਲੇ ਰਖਣ ਲਈ ਸਾਲ ਵਿਚ ਦੋ ਤਿੰਨ ਵਾਰੀ ਇਹ ਭਲ/ਗਾਬ੍ਹ ਕੱਢੀ ਜਾਂਦੀ ਅਤੇ ਨਹਿਰ ਸੂਏ ਅਤੇ ਖਾਲ ਦੇ ਨਾਲ ਕੱਢ ਕੇ ਸੁੱਟੀ ਜਾਂਦੀ ਜਿਸਦੇ ਨਤੀਜੇ ਵਜੋਂ ਨਹਿਰਾਂ, ਖਾਲਾਂ ਦੇ ਕੰਢੇ ਕਈ ਕਈ ਫੁੱਟ ਉੱਚੇ ਹੋ ਜਾਂਦੇ ਅਤੇ ਇਨ੍ਹਾਂ ਕੰਢਿਆਂ ਉੱਤੇ ਦੱਬ, ਸਰਕੜਾ, ਝਾੜੀਆਂ ਬੂਟੀਆਂ ਉਗ ਖਲੋਂਦੀਆਂ। ਵੱਡੀਆਂ ਨਹਿਰਾਂ ਕੰਢੇ ਵੱਡੇ ਵੱਡੇ ਦਰਖ਼ਤ ਤੀਹ ਚਾਲੀ ਫੁੱਟ ਉਚਾਈ ਦੇ ਟਾਹਲੀਆਂ, ਕਿੱਕਰਾਂ, ਨਿੰਮਾਂ ਆਦਿ ਉੱਗ ਖਲੋਂਦੇ। **ਦਰਖ਼ਤਾਂ ਦੀ ਇਹ ਉਚੀ ਕਤਾਰ ਪਿੰਡਾਂ ਦੇ ਭੂ ਦ੍ਰਿਸ਼ (LANDSCAPE) ਵਿਚ ਇਕ ਨਾਟਕੀ ਅਤੇ ਆਕਰਸ਼ਕ ਖਿਕ ਪੈਦਾ ਕਰਦੀ। ਸਪਾਟ ਪੱਧਰੇ ਮੈਦਾਨਾਂ ਵਿਚ ਦਰਖ਼ਤਾਂ ਦੀ ਕਤਾਰ ਕਰਕੇ ਨਜ਼ਰ ਅਸਮਾਨ ਛੋਹਦੀ ਰੇਖਾ ਕਰਕੇ ਅਚਾਨਕ ਉਪਰ ਨੂੰ ਉੱਛਲਦੀ। ਦਰਖ਼ਤਾਂ ਦੀ ਕਤਾਰ ਕਰਕੇ ਦੂਰੋਂ ਹੀ ਇਹ ਕਿਆਸ ਲਾਉਣਾ ਸੌਖਾ ਹੁੰਦਾ ਕਿ ਉਹ ਦਰਖ਼ਤਾਂ ਦੀ ਕਤਾਰ ਨਹਿਰ, ਖਾਲ ਦੇ ਨਾਲ ਹੈ। ਦਰਿਆਵਾਂ ਉੱਤੇ ਬੰਨ੍ਹ ਬੰਨ੍ਹਣ ਕਰਕੇ ਇਹਨਾਂ ਦਰਖ਼ਤਾਂ ਵਿਚ ਹੀ ਪੰਜਾਬ ਦੇ ਜੰਗਲੀ ਜੀਵ ਜੰਤੂਆਂ ਖ਼ਰਗੋਸ਼ ਤਿੱਤਰ, ਬਟੇਰ ਆਦਿ ਦੀ ਜ਼ਿੰਦਗੀ ਸਿਮਟ ਕੇ ਰਹਿ ਗਈ ਹੈ।** ਭਲ ਦੀ ਰੇਤੀਲੀ ਠੰਡੀ ਪੋਲੀ ਪੋਲੀ ਮਿੱਟੀ ਵਿਚ ਜੰਗਲੀ ਜਾਨਵਰ ਆਪਣੇ ਘੁਰਨੇ ਬਣਾ ਲੈਂਦੇ ਅਤੇ ਦਰਖ਼ਤਾਂ ਉੱਤੇ ਆਪਣੇ ਆਹਲਣੇ। ਦਰਖ਼ਤਾਂ ਦੇ ਡੂੰਡਾਂ ਵਿਚ ਮਾਖਿਉਂ ਦੇ ਛੱਤੇ ਵੀ ਹੁੰਦੇ, ਡੂੰਮਣੇ ਵਾਲੀ ਵੱਡੀ ਮੱਖੀ ਦਾ ਕਈ ਕਿਲੋ ਸ਼ਹਿਦ ਦਾ ਛੱਤਾ ਵੀ ਤੇ ਡੂੰਡਾਂ ਦੀਆਂ ਖੱਖਰਾਂ ਵੀ।

ਇਹ ਭਲ ਜੋ ਬਾਰ ਬਾਰ ਨਹਿਰਾਂ ਖਾਲਾਂ ਵਿਚੋਂ ਪੁੱਟ ਕੇ ਬਾਹਰ ਸੁਟੀ ਜਾਂਦੀ, ਇਹ ਖੇਤਾਂ ਵਿਚ ਪਾਈ ਜਾਂਦੀ, ਖਾਸ ਕਰਕੇ ਉਹਨਾਂ ਖੇਤਾਂ ਦੇ ਟੋਇਆਂ ਵਿਚ ਜਿਥੇ ਫ਼ਲਾਂ ਵਾਲੇ ਬੂਟਿਆਂ ਦੇ ਬਾਗ਼ ਲਾਉਣੇ ਹੁੰਦੇ। ਇਹ ਭਲ ਕਿੰਨੂੰ, ਮੌਸਮੀ, ਸੰਗਤਰਾ, ਮਾਲਟਾ, ਨਿੰਬੂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਸਦਾਰ ਫਲਾਂ ਦੇ ਨਾਲ ਨਾਲ ਆੜੂ ਅਤੇ ਬਦਾਮ ਦੇ ਬਾਗ਼ ਲਾਉਣ ਲਈ ਜ਼ਿਆਦਾ ਉਪਯੋਗੀ ਹੁੰਦੀ। ਇਹ ਭਲ ਜੇ ਇਸ ਵਿਚ ਰੇਤ ਦੇ ਮੋਟੇ ਕਣ ਜ਼ਿਆਦਾ ਹੋਣ ਤਾਂ ਸੀਮਿੰਟ ਵਿਚ ਰਲਾ ਕੇ ਇਮਾਰਤੀ ਸਮਾਨ ਵਜੋਂ ਘਰਾਂ, ਕੰਧਾਂ, ਗਲੀਆਂ, ਪੁਲਾਂ ਪਿੰਡਾਂ ਦੀ ਉਸਾਰੀ ਵਿਚ ਕੰਮ ਆਉਂਦੀ। ਇਹ ਭਲ ਡੰਗਰਾਂ ਦੇ ਥੱਲੇ ਪਾਉਣ ਉੱਤੇ ਹਵੇਲੀਆਂ ਵਿਚ ਗਾਰਾ, ਚਿੱਕੜ ਘਟ ਆਉਂਦਾ। ਇਹ ਭਲ ਘਰਾਂ ਦੀ ਭਰਤੀ ਅਤੇ ਕੁਰਸੀ (PLINTH LEVEL) ਨੂੰ ਉੱਚਾ ਚੁੱਕਣ ਲਈ ਵਰਤੀ ਜਾਂਦੀ ਜਿਹਨਾਂ ਪਿੰਡਾਂ ਕੋਲ ਨਹਿਰਾਂ ਅਤੇ ਸੂਏ ਆਏ ਹਨ ਉਹਨਾਂ ਪਿੰਡਾਂ ਵਿਚ ਘਰਾਂ, ਗਲੀਆਂ ਅਤੇ ਹਵੇਲੀਆਂ ਦੀ ਭਰਤੀ ਵਿਚ ਇਹ ਨਹਿਰੀ ਭਲ ਪੈਣ ਕਰਕੇ ਛੱਪੜ ਵਿਚੋਂ ਮਿੱਟੀ ਭਰਤੀ ਲੈਣ ਦੀ ਰੁਚੀ ਘੱਟ ਰਹੀ ਹੈ। ਇਹ ਰੇਤਲੀ ਭਲ ਛੱਪੜ ਦੀ ਚਿਕਨੀ ਮਿੱਟੀ ਨਾਲੋਂ ਪਾਣੀ ਨੂੰ ਜਲਦੀ ਜੀਰ ਲੈਂਦੀ ਹੈ ਅਤੇ ਚਿੱਕੜ ਨਹੀਂ ਹੋਣ ਦਿੰਦੀ। ਜਿੱਥੇ ਛੱਪੜਾਂ ਵਿਚੋਂ ਮਿੱਟੀ ਕੱਢਣ ਦਾ ਰੁਝਾਣ ਘਟਿਆ ਹੈ ਉੱਥੇ ਸਾਲੋ ਸਾਲ ਛੱਪੜਾਂ ਦਾ ਆਕਾਰ ਛੋਟਾ ਹੋ ਰਿਹਾ ਹੈ। ਹੌਲੀ ਹੌਲੀ ਛੱਪੜ ਪੂਰੇ ਜਾ ਰਹੇ ਹਨ, ਕਿਉਂਕਿ ਪਾਣੀ ਦੀਆਂ ਲੋੜਾਂ ਲਈ ਨਹਿਰ, ਸੂਆ ਪਿੰਡ ਕੋਲੋਂ ਵਗ ਹੀ ਰਿਹਾ ਹੈ।[19] ਜਿੱਥੇ ਜਿੱਥੇ ਇੰਜ ਹੋਇਆ ਹੈ ਉੱਥੇ ਉੱਥੇ ਛੱਪੜ ਨਾਲ ਜੁੜਿਆ ਸਮਾਜਿਕ ਮੇਲ ਜੋਲ ਦਾ ਸਭਿਆਚਾਰ ਤਹਿਸ਼ ਨਹਿਸ਼ ਹੋ ਗਿਆ ਹੈ। ਛੱਪੜ ਦੀਆਂ ਮੱਛੀਆਂ ਜਾਲ ਆਦਿ ਅਲੋਪ ਹੋ ਰਹੇ ਹਨ।

ਸੂਏ ਖਾਲਾਂ ਕੰਢੇ ਉੱਗੇ ਰੁੱਖਾਂ ਨਾਲ ਛੋਟੇ ਮੋਟੇ ਸੰਦ, ਜਿਵੇਂ ਪੰਝਾਲੀ ਦੀਆਂ ਫ਼ਾਟਾਂ ਅਰਲੀਆਂ ਹਲਾਂ ਦੀਆਂ ਬੇਲਾਂ-ਮੁੰਨੇ ਆਦਿ ਦੀ ਮੁਰੰਮਤ ਚਲਦੀ ਹੈ। ਰੰਬਾ, ਕਹੀ, ਦਾਤਰੀ, ਕਸੋਲੇ, ਸਾਂਘ, ਤਰੰਗਲੀ ਆਦਿ ਦੇ ਦਸਤੇ ਬਣਦੇ। ਸੂਏ ਤੇ ਖਾਲਾਂ ਦੇ ਕੰਢੇ ਡੰਗਰਾਂ ਦੀ ਚਰਾਗਾਹਾਂ ਵਜੋਂ ਵਰਤੇ ਜਾਂਦੇ। ਇਹ ਪਿੰਡ ਦੇ ਭੂ ਦ੍ਰਿਸ਼ ਨੂੰ ਪ੍ਰਭਾਵਿਤ ਕਰਦੇ, ਇਹਨਾਂ ਵਿਚ ਜੰਗਲੀ ਜੀਵ ਆਪਣੇ ਘੁਰਣੇ ਬਣਾ ਲੈਂਦੇ, ਦਰਖ਼ਤਾਂ ਦੇ ਨਾਲ ਜੋ ਜੜੀਆਂ ਬੂਟੀਆਂ ਉਗਦੀਆਂ ਉਹ ਦਵਾਈਆਂ ਲਈ ਵਰਤੀਆਂ ਜਾਂਦੀਆਂ। ਨਹਿਰਾਂ ਦੀ ਭਲ ਭਰਤੀ ਲਈ ਇਮਾਰਤੀ ਸਮਾਨ ਵਜੋਂ ਅਤੇ ਖਾਦ ਵਜੋਂ ਵਰਤੀ ਜਾਂਦੀ। ਖਾਲਾਂ ਕੰਢੇ ਉੱਗੇ ਕਾਨੇ, ਸਰਕੜੇ, ਸਰਕੰਡਾ ਛੰਨਾਂ, ਛੱਪਰਾਂ, ਢਾਰਿਆਂ ਦੀ ਉਸਾਰੀ ਅਤੇ ਮੁਰੰਮਤ ਵਜੋਂ ਕੰਮ ਆਉਂਦਾ।

ਹੁਣ ਜਦੋਂ ਵਿਸ਼ਵ ਬੈਂਕ ਤੋਂ ਕਰਜ਼ਾ ਲੈ ਕੇ ਪੰਜਾਬ ਵਿਚ ਨਹਿਰਾਂ, ਸੂਏ, ਖਾਲ, ਪੱਕੇ ਕਰਨ ਦੀ ਯੋਜਨਾ ਅਧੀਨ ਅਮਲ ਹੋ ਰਿਹਾ ਹੈ। ਨਹਿਰਾਂ ਦਾ ਰਿਸਣਾ, ਨੜੂ ਘਾਹ, ਖਤਾਨ, ਖਤਾਨਾਂ ਵਿਚ ਚਿਕਨੀ ਮਿੱਟੀ, ਖਤਾਨ ਵਿਚ ਬੈਠੇ ਡੰਗਰ, ਨਹਿਰ ਕੰਢੇ ਦੀਆਂ ਚਰਾਂਦਾਂ, ਵਾਗੀ, ਵਾਸੀਆਂ ਦਾ ਮਿੱਟੀ ਮਲ ਮਲ ਕੇ ਨਹਿਰ ਵਿਚ ਛਾਲਾਂ ਮਾਰਨਾ, ਕਾਨੇ, ਸਰਕੜੇ, ਭਲ ਆਦਿ ਸਭ ਅਲੋਪ ਹੋ ਰਹੇ ਹਨ। ਪਾਣੀ ਦਾ ਵੇਗ ਤਿੱਖਾ ਹੁੰਦਾ, ਵੱਡੀਆਂ ਨਹਿਰਾਂ ਵਿਚ ਨਹਾਉਣਾ ਮਨੁੱਖਾਂ ਅਤੇ ਡੰਗਰਾਂ ਲਈ ਖ਼ਤਰੇ ਤੋਂ ਖਾਲੀ ਨਹੀਂ। ਨਹਿਰ ਪੱਕੀ ਹੋਣ ਕਰਕੇ ਪਾਣੀ ਦਾ ਰੰਗ ਘਸਮੈਲਾ ਨਹੀਂ ਸਾਫ਼ ਹੈ। ਹੁਣ ਨਹਿਰ ਵਿਚ ਨਾਮ ਮਾਤਰ ਹੀ ਭਲ ਆਉਂਦੀ ਹੈ। ਕਈ ਪਿੰਡਾਂ ਵਿਚ ਖਤਾਨ ਨਾਲ ਦੇ ਖੇਤਾਂ ਵਿਚ ਰਲਾ ਲਏ ਗਏ ਹਨ। ਹੁਣ ਨਹਿਰ ਸੂਏ ਕੰਢੇ ਜੰਗਲਾਤ ਵਾਲੇ ਰਿਵਾਇਤੀ ਰੁੱਖ ਟਾਹਲੀਆਂ, ਕਿੱਕਰਾਂ, ਤੂਤ ਨਾ ਲਾ ਕੇ ਛੇਤੀ ਵੱਧਣ ਵਾਲੇ ਰੁੱਖ ਜਿਵੇਂ ਸਫ਼ੈਦਾ ਪਾਪੂਲਰ ਆਦਿ ਲਾ ਰਹੇ ਹਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਰੁੱਖਾਂ ਦੀਆਂ ਟਹਿਣੀਆਂ ਇੰਨੀ ਲੋੜੀਂਦੀ ਛਾਂ ਨਹੀਂ ਦਿੰਦੀਆਂ ਕਿ ਪੰਛੀ ਇਨ੍ਹਾਂ ਉਤੇ ਆਹਲਣੇ ਬਣਾ ਲੈਣ। ਸੰਘਣੇ ਲੱਗੇ ਸਫੈਦੇ ਉਤੇ ਕਾਵਾਂ ਅਤੇ ਬਗਲਿਆਂ ਦੇ ਆਹਲਣੇ ਜ਼ਰੂਰ ਵੇਖਣ ਵਿਚ ਆਉਂਦੇ ਹਨ। ਇੱਟਾਂ ਨਾਲ ਬੀੜੀ ਨਹਿਰ ਕੰਢੇ ਰੁੱਖਾਂ ਦੇ ਉਹ ਝੁੰਡ ਹੀ ਨਹੀਂ ਬਣਦੇ ਕਿ ਖਰਗੋਸ਼ ਤਿਤਰ ਬਟੇਰ ਘੁੱਗੀਆਂ ਚਿੱੜੀਆਂ ਆਦਿ ਸੁਰੱਖਿਆ ਮਹਿਸੂਸ ਕਰਕੇ ਉਥੇ ਆਪਣੇ ਟਿਕਾਣੇ ਬਚਾਉਣ।

ਨਹਿਰ ਦਾ ਪਾਣੀ ਪਿੰਡ ਵਿਚ ਆਉਣ ਤੇ ਵਾਰਾਬੰਦੀ ਦੇ ਝਗੜੇ, ਜਿਹਦੇ ਖੇਤਾਂ ਵਿਚੋਂ ਖਾਲ ਲੰਘ ਰਿਹਾ ਹੈ ਉਹਨੇ ਪਾਣੀ ਤੋੜ ਲਿਆ ਜਾਂ ਪਾਣੀ ਘੁਰਲ ਪੈਣ ਕਰਕੇ ਆਪੇ ਟੁੱਟ ਗਿਆ, ਕਈ ਤਰ੍ਹਾਂ ਦੇ ਪਾਣੀ ਨਾਲ ਝਗੜੇ ਵਧ ਗਏ। ਨਹਿਰੀ ਪਾਣੀ ਲਾਉਣ ਲਈ ਸਿਰ ਵਢਵੇਂ ਵੈਰ ਅਤੇ ਕਤਲ ਹੋਣੇ ਸ਼ੁਰੂ ਹੋ ਗਏ। ਇਹ ਵੈਰ ਜਿਵੇਂ ਜਿਵੇਂ ਵਧੇ ਕਤਲ ਦੇ ਫ਼ੌਜਦਾਰੀ ਮੁਕੱਦਮਿਆਂ ਨਾਲ ਸੰਬੰਧਿਤ ਮੁਲਾਜ਼ਮ ਵਧੇ ਅਤੇ ਸੰਬੰਧਿਤ ਸਰਕਾਰੀ ਮੁਲਾਜ਼ਮਾਂ ਦੀਆਂ ਪੌਂ ਬਾਰਾਂ ਹੋ ਗਈਆਂ। ਕਸੂਰ ਨਹਿਰ ਜਾਂ ਸੂਏ ਦਾ ਨਹੀਂ, ਪਰ ਪਾਣੀ ਦੀ ਥੁੜ੍ਹ, ਸੜਦੀ ਝੁਲਸਦੀ ਫ਼ਸਲ ਦੀ ਆਰਥਿਕਤਾ, ਜਿਹਨੇ ਚਾਰ ਬਾਹਾਂ ਬਦਮਾਸ਼ਾਂ ਦੇ ਜ਼ੋਰ ਦੂਸਰੇ ਦਾ ਪਾਣੀ ਆਪਣੇ ਖੇਤ ਵਿਚ ਲਾ ਲਿਆ। ਇਸ ਸੰਕਲਪ ਨੇ ਨਹਿਰੀ ਪਾਣੀ ਨੂੰ ਫ਼ਸਾਦ ਦੀ ਜੜ੍ਹ ਬਣਾ ਕੇ ਰੱਖ ਕੇ ਦਿੱਤਾ। ਨਹਿਰਾਂ ਸੂਏ ਤੇ ਖਾਲਾਂ ਦੇ ਪਾਣੀ ਤੋਂ ਹੋਏ ਕਤਲਾਂ ਨੇ ਪੰਜਾਬ ਵਿਚ ਸਾਬਤ ਕਰ ਦਿੱਤਾ ਕਿ ਇਥੋਂ ਦੇ ਸਮਾਜਿਕ ਜੀਵਨ ਵਿਚ ਪਾਣੀ ਨਾਲੋਂ ਖ਼ੂਨ ਸਸਤਾ ਹੈ! ਨਹਿਰ ਤੋਂ ਪਹਿਲਾਂ ਜੋ ਸਿੰਚਾਈ ਲਈ ਖੂਹ ਸੀ ਉਸ ਵਿਚ ਇਕ ਘਰ ਨੇ ਆਪਣੀ ਰਿਣੀ ਵਿਚੋ ਛੱਡ ਕੇ ਗੁਆਂਢੀ ਨੂੰ ਆਪਣੀ ਰਿਣੀ ਕਰਨ ਲਈ ਖੂਹ ਛੱਡ ਦੇਣਾ। ਨਹਿਰੀ ਪਾਣੀ ਆਉਣ ਉਤੇ ਆਪਣਾ ਪਾਣੀ ਵਰਤ ਕੇ ਧੱਕੇਸ਼ਾਹੀ ਜਾਂ ਚੋਰੀ ਅਗਲੇ ਖੇਤ ਵਾਲੇ ਦਾ ਪਾਣੀ ਤੋੜ ਕੇ ਆਪਣਾ ਖੇਤ ਭਰਨ ਦਾ ਸੰਕਲਪ ਉਭਰਿਆ।

ਸਿੰਜਾਈ ਵਾਲੇ ਖੂਹ ਦੇ ਦਾਇਰੇ ਦੇ ਚੌਗਿਰਦ ਪਿੰਡਾਂ ਦਾ ਸਭਿਆਚਾਰ ਕੇਂਦਰਿਤ ਹੁੰਦਾ ਪਰ ਨਹਿਰ/ਸੂਏ ਨੇ ਖੂਹ ਦੇ ਚੌਗਿਰਦੇ ਨਾਲੋਂ ਕਈ ਸਭਿਆ-ਚਾਰਕ ਪੱਖਾਂ-ਮੇਲੇ, ਖੇਡਾਂ ਆਦਿ ਨੂੰ ਅਲੋਪ ਕਰਕੇ ਨਹਾਉਣ ਧੋਣ ਅਤੇ ਸਫ਼ਾਈ ਨਾਲ ਜੁੜੇ ਕਾਰਜਾਂ ਨੂੰ ਸੂਏ ਦੀ ਪਟੜੀ ਦੇ ਨਾਲ ਨਾਲ ਇਕ ਰੀਬਨ ਦੀ ਲੰਬਾਈ ਵਾਂਗ ਲੰਮਾ ਕਰਕੇ ਫ਼ੈਲਾ ਦਿੱਤਾ। ਪਿੰਡਾਂ ਦਾ ਸਭਿਆਚਾਰ ਨਹਿਰ ਦੀ ਪਟੜੀ ਪਟੜੀ ਪੈ ਕੇ ਬਿਖਰ ਗਿਆ। ਸਿੰਜਾਈ ਵਾਲੇ ਖੂਹ ਨਾਲ ਜੁੜੇ ਸਭਿਆ-ਚਾਰਕ ਪੱਖ, ਜਿਵੇਂ ਜੋਗਾਂ ਦਾ ਸ਼ਿੰਗਾਰ, ਝੁਲਾਂ, ਖੋਪੇ, ਨੱਥਾਂ, ਹਾਰ, ਘੁੰਗਰੂ ਆਦਿ ਸਿੰਜਾਈ ਦਾ ਖੂਹ ਜਿਵੇਂ ਹੌਲੀ ਹੌਲੀ ਅਲੋਪ ਹੋ ਰਿਹਾ ਹੈ, ਤਿੰਜ ਹੀ ਇਹ ਵੀ ਅਲੋਪ ਹੋ ਰਹੇ ਹਨ। ਅੰਗਰੇਜ਼ਾਂ ਦੇ ਵੇਲੇ ਜਦੋਂ ਨਹਿਰ ਆਈ ਤਾਂ ਨਹਿਰ ਨੇ ਖੂਹ ਕੋਲੋਂ ਪਿੰਡ ਦੀ ਸਭਿਆਚਾਰਕ ਸਰਦਾਰੀ ਖੋਹ ਲਈ ਪਿੰਡਾਂ ਵਿਚ ਧੋਣ, ਸਫ਼ਾਈ, ਦੇ ਕਾਰਜ ਸੂਏ ਦੀ ਪਟੜੀ ਤੇ ਹੋਣ ਲੱਗੇ, ਖੂਹ ਦੇ ਕੋਲ ਜੋ ਲੋਕ ਜੁੜ ਕੇ ਬੈਠਦੇ ਹੁਣ ਪਟੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਨਾਲ ਨਾਲ ਖਿਲਰ ਕੇ ਆਪੋ ਆਪਣਾ ਕਾਰਜ ਕਰਨ ਲੱਗੇ। ਖੂਹ ਕੋਲ ਜੁੜ ਕੇ ਬੈਠਦੇ ਪੰਜਾਬੀਆਂ ਨੂੰ ਨਹਿਰ ਨੇ ਖਿਲਾਰ ਕੇ ਰਖ ਦਿੱਤਾ। ਪਤਾ ਨਹੀਂ ਇਹ ਰਾਜਸੀ ਸਾਜਿਸ਼ ਸੀ ਜਾਂ ਰਾਜਨੀਤਿਕ ਮਜ਼ਬੂਰੀ ਉਦੋਂ ਤੋਂ ਪੰਜਾਬੀਆਂ ਦੇ ਖਿਲਰਣ ਦੀ ਪ੍ਰਕਿਰਿਆ ਅਜੇ ਤਕ ਜਾਰੀ ਹੈ ਉਹ ਮੌਣ ਜਿਥੇ ਪੰਜਾਬੀ ਜੁੜ ਕੇ ਬੈਠ ਸਕਣ ਢਹਿੰਦੀ ਢਹਿੰਦੀ ਅਲੋਪ ਹੋ ਗਈ ਹੈ।

ਸਿੰਜਾਈ ਵਾਲੇ ਖੂਹ ਦਾ ਨਹਿਰਾਂ ਦੇ ਨਾਲ ਜੋ ਦੂਸਰਾ ਬਦਲ ਆਇਆ ਉਹ ਟਿਊਬਵੈੱਲ ਜਾਂ ਬੰਬੀ ਸੀ। ਧਰਤੀ ਵਿਚ ਬੋਕੀ ਨਾਲ ਬੋਰ ਕਰਕੇ ਖੂਹ ਦੀ ਪੁਟਾਈ ਦੀ ਮੁਸ਼ੱਕਤ ਤੋਂ ਬਚਦੇ ਹੋਏ ਲੋਹੇ ਦੀਆਂ ਅਤੇ ਰਬੜ ਦੀਆਂ ਪਾਈਪਾਂ ਨੂੰ ਪਾਣੀ ਦੇ ਤਲ ਤਕ ਜ਼ਮੀਨ ਵਿਚ ਨੱਪ ਕੇ ਬਿਜਲੀ ਜਾਂ ਤੇਲ ਵਾਲੇ ਇੰਜਣ ਨਾਲ ਪੱਖਾ ਚਲਾਇਆ ਜਾਂਦਾ। ਇਹ ਪੱਖਾ ਧਰਤੀ ਵਿਚੋਂ ਪਾਣੀ ਨੂੰ ਜਿਵੇਂ ਲੈਮਨ ਸੋਡੇ ਵਾਲੀ ਬੋਤਲ ਵਿਚੋਂ ਨਲਕੀ ਵਿਚੋਂ ਹਵਾ ਖਿੱਚਣ ਉਤੇ ਸੋਡਾ ਮੂੰਹ ਵਿਚ ਆਉਂਦਾ ਹੈ ਇੰਜੇ ਪੱਖਾ ਪਾਇਪਾਂ ਵਿਚੋਂ ਹਵਾ ਨੂੰ ਖਿੱਚ ਲੈਂਦਾ ਅਤੇ ਦਬਾਅ ਦੇ ਸਿਧਾਂਤ ਅਨੁਸਾਰ ਧਰਤੀ ਹੇਠਲਾ ਪਾਣੀ ਚੁਬੱਚੇ ਵਿਚ ਆ ਡਿੱਗਦਾ। ਬੰਬੀ ਨਾਲ ਪੰਜਾਬ ਵਿਚ ਸਾਰੇ ਮਾਝੇ ਅਤੇ ਦੁਆਬੇ ਵਿਚ ਲਗਭਗ ਹਰ ਪਾਸੇ ਸਿੰਜਾਈ ਹੋਣ ਲੱਗੀ। ਦੱਖਣ ਪੱਛਮੀ ਪੰਜਾਬ ਦੇ ਕੁਝ ਇਲਾਕੇ ਜਿਵੇਂ ਅਬੋਹਰ, ਫਾਜ਼ਿਲਕਾ, ਮਲੋਟ, ਰਾਮਪੁਰਾ ਫੂਲ, ਝੁਨੀਰ, ਮਾਨਸਾ ਆਦਿ ਵਿਚ ਜਿਥੇ ਪਾਣੀ ਖਾਰਾ ਅਤੇ ਪਾਣੀ ਦਾ ਤਲ ਬਹੁਤ ਨੀਵਾਂ ਹੈ, ਬੰਬੀਆਂ ਟਾਂਵੀਆਂ ਟਾਂਵੀਆਂ ਦਿਸਦੀਆਂ ਹਨ। ਜੇਕਰ ਬਿਜਲੀ ਰਹੇ ਤਾਂ ਬੰਬੀ (ਚਾਰ ਇੰਚ ਦੀ ਪਾਈਪ ਵਾਲੀ) ਔਸਤ ਖੂਹ ਨਾਲੋਂ ਇਕ ਦਿਨ ਵਿਚ ਲਗਭਗ ਤਿੰਨ ਗੁਣਾਂ ਜ਼ਿਆਦਾ ਸਿੰਜਾਈ ਕਰ ਸਕਦੀ। ਇੰਜ ਬੰਬੀ ਨੇ ਹਰੀ ਕਰਾਂਤੀ ਵਿਚ ਅਹਿਮ ਭੂਮਿਕਾ ਅਦਾ ਕੀਤੀ। ਉਹ ਟਿੱਬੇ ਜਿਥੇ ਨਹਿਰ ਦਾ ਪਾਣੀ ਨਹੀਂ ਸੀ ਪੁੱਜ ਸਕਦਾ ਜਾਂ ਉਹ ਇਲਾਕੇ ਜਿਥੇ ਨਹਿਰਾਂ ਨਹੀਂ ਸਨ, ਅਜਿਹੇ ਇਲਾਕਿਆਂ ਵਿਚ ਬੰਬੀ ਕਰਕੇ ਬਹੁਤੇ ਪਾਣੀ ਨਾਲ ਪੱਕਣ ਵਾਲੀਆਂ ਫ਼ਸਲਾਂ ਨੂੰ ਅਪਨਾਉਣਾ ਸੰਭਵ ਹੋ ਸਕਿਆ। ਪਰ ਬੰਬੀ ਕਰਕੇ ਜਿਵੇ ਪਹਿਲਾਂ ਕਿਹਾ ਜਾ ਚੁੱਕਾ ਹੈ ਪਾਣੀ ਦਾ ਸਤਰ ਨੀਵਾਂ ਹੋ ਰਿਹਾ ਹੈ।

ਰਵਾਇਤੀ ਖੂਹ ਕੋਲ ਕੁਝ ਥਾਂ ਖਾਲੀ ਛੱਡੀ ਜਾਂਦੀ ਸੀ। ਹੌਲੀ ਹੌਲੀ ਇਹ ਥਾਂ, ਇਹ ਇਲਾਕਾ ਨਾਲ ਦੇ ਖੇਤਾਂ ਵਿਚ ਰਲ ਗਿਆ। ਕਿਤੇ ਕਿਤੇ ਬੰਬੀ ਕੋਲ ਨਿੱਕਾ ਜਿਹਾ ਛੱਤਿਆ ਕਮਰਾ ਹੁੰਦਾ, ਨਹੀਂ ਤੇ ਮੋਮਜਾਮੇ ਨਾਲ ਮੋਟਰ ਨੂੰ ਢਕ ਕੇ ਇਕ ਚਾਰ ਇੰਚ ਦੀ ਪਾਣੀ ਦੀ ਪਾਈਪ ਬਾਹਰ ਨੂੰ ਸਿਰੀ ਕੱਢੀ ਦਿਸਦੀ ਹੈ। ਇਸ ਬੰਬੀ ਨੇ ਟੋਏ ਟਿੱਬੇ ਪੱਧਰੇ ਕਰਕੇ ਫ਼ਸਲਾਂ ਯੋਗ ਕਰ ਦਿੱਤੇ। ਉਹ ਇਲਾਕੇ ਜੋ ਪਹਿਲਾਂ ਹੜਾਂ ਦੇ ਵਹਿਣ ਸਨ, ਜੰਗਲ ਬੇਲੇ ਸਨ ਸਭ ਨੂੰ ਖੇਤੀ ਹੇਠ ਲਿਆਉਣ ਵਿਚ ਨਿੱਗਰ ਯੋਗਦਾਨ ਪਾਇਆ ਹੈ। **ਪਰ ਪਾਣੀ ਦੇ ਇਸ ਆਧੁਨਿਕ ਮਸ਼ੀਨੀਕਰਣ ਨਾਲ ਖੂਹ ਦੀ ਗਾਦੀ, ਬਲਦਾਂ ਦੀਆਂ ਟੱਲੀਆਂ, ਪਾਣੀ ਦੀ ਜਲਤਰੰਗ ਵਰਗੀ ਆਵਾਜ਼, ਡਿੱਗਦੇ ਪਾਣੀ ਦੀ ਪਾੜਛੇ ਵਿਚੋਂ ਉਡਦੀਆਂ ਛਿੱਟਾਂ ਕਰਕੇ ਉੱਡਦੀ ਨਿੱਕੇ ਨਿੱਕੇ ਮੀਂਹ ਵਰਗੀ ਫ਼ੁਹਾਰ, ਸਭ ਸਭਿਆਚਾਰਕ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਖ ਚਾਰ ਇੰਚ ਪਾਈਪ ਦੇ ਢਿੱਡ ਵਿਚ ਕਿਧਰੇ ਖਪ ਗਏ ਹਨ। ਹੁਣ ਕਿਰਸਾਨੀ ਵਿਚ ਰਹਿੰਦਾ ਹੈ, ਇਕ ਇੰਤਜ਼ਾਰ ਕਦੋਂ ਬਿਜਲੀ ਆਵੇ ਅਤੇ ਕਦੋਂ ਬੀੜਾ ਨੱਪ ਕੇ ਖੇਤ ਭਰਿਆ ਜਾਵੇ। ਇਹ ਭਾਖੜੇ ਤੋਂ ਨੱਚਦੀ ਆਉਂਦੀ ਬਿਜਲੀ ਵਾਲੀ ਮੁਟਿਆਰ ਅਕਸਰ ਖੇਤਾਂ ਵਿਚ ਕਾਮਿਆਂ ਨਾਲ ਝੇੜਾਂ ਕਰਦੀ ਹੈ। ਕਦੋਂ ਬਿਜਲੀ ਉੱਡ ਜਾਣੀ ਹੈ, ਕਦੋਂ ਬਿਜਲੀ ਦੋ ਫ਼ੇਸ ਹੋ ਜਾਣੀ ਹੈ, ਕਦੋਂ ਪਿੰਡ ਨੂੰ ਉਹਦੇ ਵਾਰੀ ਦੇ ਸਮੇਂ ਮੁਤਾਬਿਕ ਬਿਜਲੀ ਨਾ ਮਿਲਕੇ ਨਾਲ ਦੇ ਸਨਅਤੀ ਸ਼ਹਿਰ ਨੂੰ ਬਿਜਲੀ ਚਾਲੂ ਕਰ ਦੇਣੀ ਹੈ, ਕਦੋਂ ਟਰਾਂਸਫਾਰਮਰ ਤੋਂ ਫਿਊਜ਼ ਉੱਡ ਜਾਣਾ ਹੈ, ਕਦੋਂ ਅਚਾਨਕ ਬਿਜਲੀ ਦੇ ਘਟਣ ਕਰਕੇ ਚਲਦੀ ਮੋਟਰ ਸੜ ਜਾਣੀ, ਕਦੋਂ ਟਰਾਂਸਫਾਰਮਰ ਹੀ ਸੜ ਜਾਣਾ ਹੈ, ਜੇ ਹਨੇਰੀ ਵਿਚ ਬਿਜਲੀ ਦੇ ਖੰਭੇ ਡਿਗ ਪੈਣ ਤਾਂ ਕਿੰਨੇ ਦਿਨ ਬਿਜਲੀ ਨਹੀਂ ਆਉਣੀ, ਇਸ ਇੰਤਜ਼ਾਰ ਨੇ ਪੇਂਡੂ ਕਾਮਿਆਂ ਨੂੰ ਮਸ਼ੀਨ ਬਣਾ ਦਿੱਤਾ ਹੈ। ਕਈ ਵਾਰੀ ਰੋਟੀ ਦੀ ਬੁਰਕੀ ਮੂੰਹ ਵਿਚ ਹੁੰਦੀ ਹੈ ਕਿ ਬਿਜਲੀ ਆ ਜਾਂਦੀ ਹੈ। ਕਾਮੇ ਬੰਬੀ ਵੱਲ ਭੱਜਦੇ ਹਨ ਕਿ ਬੰਬੀ ਦਾ ਬੀੜਾ ਨੱਪ ਦੇਣ ਤੇ ਪਾਣੀ ਆਵੇ, ਉਹ ਅਜੇ ਪਿੰਡੋਂ ਜਾਂ ਖੇਤਾਂ ਵਿਚ ਬੰਬੀ ਦੇ ਅੱਧ ਵਿਚ ਵੀ ਨਹੀਂ ਪੁੱਜਦੇ ਕਿ ਬਿਜਲੀ ਫਿਰ ਉਡ ਜਾਂਦੀ ਹੈ। ਬਿਜਲੀ ਆਉਣ ਤੇ ਕਾਮੇ ਬੰਬੀ ਵੱਲ ਭੱਜਦੇ ਅਤੇ ਬੰਦ ਹੋਣ ਉੱਤੇ ਚਾਰ ਚੁਫੇਰੇ ਵੱਲ ਕਮਲਿਆਂ ਵਾਂਙ ਵੇਖਦੇ ਹਨ ਕਿ ਕਿਤੇ ਇਹ ਨਾ ਹੋਏ ਆਪਣੀ ਬੰਬੀ ਦਾ ਹੀ ਫ਼ਿਊਜ਼ ਉਡਿਆ ਹੋਵੇ, ਤੇ ਜੇਕਰ ਕਿਤੇ ਸਿਰਫ ਆਪਣੀ ਬੰਬੀ ਨਾ ਚਲਦੀ ਹੋਵੇ ਤਾਂ ਬਿਜਲੀ ਨਾਲ ਛੇੜਖਾਣੀ ਬਿਨਾਂ ਪੂਰੀਆਂ ਸਾਵਧਾਨੀਆਂ ਦੇ (ਰਬੜ ਵਾਲੀ ਜੁੱਤੀ/ਸੁੱਕੀ ਲੱਕੜ ਪਲਾਸਟਿਕ ਦੇ ਹੱਥੇ ਵਾਲੇ ਪੇਚਕਸ ਆਦਿ) ਸ਼ੁਰੂ ਹੋ ਜਾਂਦੀ ਹੈ। ਬਿਜਲੀ ਨਾਲ ਕਰੰਟ ਲਗ ਕੇ ਮਰਨ ਵਾਲਿਆਂ ਦੀਆਂ ਖ਼ਬਰਾਂ ਆਏ ਦਿਨ ਕਿਤੇ ਨਾ ਕਿਤੇ ਸੁਣਨ ਵਿਚ ਆਉਂਦੀਆਂ ਹਨ।

ਬੰਬੀ ਨੇ ਸਬਰ ਸੰਤੋਖੀ ਪੰਜਾਬੀਆਂ ਨੂੰ ਮਸ਼ੀਨ ਤਾਂ ਬਣਾਇਆ ਹੀ ਹੈ ਨਾਲੋ ਨਾਲ ਜ਼ਿਆਦਾ ਤੋਂ ਜ਼ਿਆਦਾ ਫ਼ਸਲਾਂ, ਉਤਪਾਦਨ ਅਤੇ ਮੁਨਾਫ਼ੇ ਦੇ ਚੱਕਰ ਵਿਚ ਪਾ ਕੇ ਪਹਿਲਾਂ ਨਾਲੋਂ ਜ਼ਿਆਦਾ ਪਦਾਰਥਵਾਦੀ ਵੀ ਬਣਾ ਦਿੱਤਾ ਹੈ। ਇਸ ਮਸ਼ੀਨੀਕਰਨ ਕਰਕੇ ਪੇਂਡੂ ਜ਼ਿੰਦਗੀ ਵਿਚ ਇਕ ਖਿੱਝ, ਇਕ ਤਣਾਅ ਪਾਇਆ ਜਾਂਦਾ ਹੈ ਜੋ ਬਿਜਲੀ ਮਹਿਕਮੇ ਦੇ ਦਫ਼ਤਰ ਸਾਹਵੇਂ ਮੁਹਜ਼ਾਰੇ ਦੇ ਸ਼ਕਲ ਵਿਚ ਜਾ ਪ੍ਰਗਟ ਹੁੰਦਾ ਹੈ। ਕਾਮੇ ਅਤੇ ਮਾਲਿਕ ਦੇ ਰਿਸ਼ਤੇ ਵਿਚ ਵੀ ਅਣਬਣ, ਸੰਦੇਹ, ਬੇ ਯਕੀਨੀ ਦੀਆਂ ਤਰੇੜਾਂ ਵੀ ਬੰਬੀ ਕਰਕੇ ਪੈ ਰਹੀਆਂ ਹਨ। ਮਾਲਿਕ ਨੇ ਕਾਮੇ ਨੂੰ ਰਾਤ ਬੰਬੀ ਤੇ ਪਾਣੀ ਲਾਉਣ ਭੇਜਿਆ, ਕਾਮਾ ਜਿਸ ਸਾਰਾ ਦਿਨ ਮਿਹਨਤ ਕੀਤੀ ਹੁੰਦੀ, ਨੂੰ ਰਾਤ ਜਾਗ ਕੇ ਕੱਢਣੀ ਪੈਂਦੀ ਹੈ ਤਾਂ ਖੇਤ ਵਿਚ ਪਾਣੀ ਪੁਜਦਾ ਹੈ/ਭਰਦਾ ਹੈ। ਇਕ ਰਾਤ ਵਿਚ ਜਿੰਨੀ ਵਾਰੀ ਬਿਜਲੀ ਉੱਡੇ ਉਨੀ ਵਾਰੀ ਉੱਠ ਕੇ ਬਟਣ ਨੱਪਣਾ, ਕਈ ਵਾਰੀ ਮੋਟਰ ਪੰਪ ਸਟਾਰਟਰ ਆਦਿ ਵਿਚ ਇਹੋ ਜਿਹੀ ਖਰਾਬੀ ਆਉਂਦੀ ਹੈ ਜੋ ਰਾਤ ਕਾਮਾ ਠੀਕ ਨਹੀਂ ਕਰ ਸਕਦਾ, ਮਾਲਿਕ ਖਿੱਝਦਾ ਹੈ ਕਿ ਖੇਤ ਕਿਉਂ ਨਹੀਂ ਭਰਿਆ। ਕਾਮਾ ਖਿੱਝਦਾ ਹੈ ਕਿ ਉਹਨੇ ਤਾਂ ਰਾਤ ਅੱਖਾਂ ਵਿਚ ਕੱਟੀ ਹੈ ਫਿਰ ਗੱਲ ਮਾਲਿਕ ਦੇ ਬੋਲ ਬੁਲਾਰੇ ਤੱਕ ਵੱਧਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਸਾਲੀ ਆਈ ਹੋਈ ਹੈ (ਇਹ ਕੋਈ ਹੋਰ ਵੀ ਨੇੜੇ ਦਾ ਰਿਸ਼ਤਾ ਹੋ ਸਕਦਾ ਹੈ) ਜੀਜਾ ਇਹ ਕਹਿਕੇ ਮੈਂ ਖੇਤ ਭਰ ਕੇ ਆਇਆ, ਬੰਬੀ ਤੇ ਪੁੱਜਦਾ ਹੈ। ਬਿਜਲੀ ਆਈ ਗਈ, ਆਈ ਗਈ, ਸਵੇਰੇ ਜਦੋਂ ਜੀਜਾ ਘਰ ਆਉਂਦਾ ਏ ਸਾਲੀ ਨੂੰ ਗੱਲ ਗੱਲ ਤੇ ਟਿੱਚਰਾਂ ਕਰਦਾ ਜੀਜਾ ਮਸ਼ੀਨ ਲੱਗਦਾ ਹੈ, ਅੱਖਾਂ ਰਾਤ ਦੇ ਉਨੀਂਦਰੇ ਨਾਲ ਲਾਲ, ਮੱਥੇ ਤੇ ਪ੍ਰੇਸ਼ਾਨੀ ਦੀਆਂ ਸੋਚਾਂ ਕਿ ਖੇਤ ਨਹੀਂ ਭਰਿਆ, ਮਹਿੰਗੇ ਭਾ ਲੈ ਕੇ ਪਾਏ ਬੀ ਦਾ ਨੁਕਸਾਨ ਹੋਵੇਗਾ। ਸਾਲੀ ਤੋਂ ਨਹੀਂ ਰਿਹਾ ਜਾਂਦਾ, "ਮਖਾਂ ਪੈਣ ਭਾਈਏ ਦੀਆਂ ਅੱਖਾਂ ਤੇ ਮੋਟਰ ਵਾਂਗ ਚੰਗਿਆੜੇ ਛੱਡਦੀਆਂ ਲੱਗਦੀਆਂ ਨੇ।" ਜੀਜਾ ਉਪਰਾਮ ਜਿਹੀ ਹਾਸੀ ਹੱਸ ਕੇ ਕਹਿੰਦਾ, "ਦੇਖੀ ਤੇਰੀ, ਨਾ ਕਿਤੇ ਕਰੰਟ ਲੱਗ ਜੇ"। ਸਾਲੀ ਫਿਰ ਝੇਡ ਜਿਹੀ ਕਰਕੇ ਕਹਿੰਦੀ ਹੈ, "ਵੇ ਭਾਈਆ ਬਣ ਗਿਆ ਨਾ ਮਸ਼ੀਨ ਤੈਨੂੰ ਮੋਟਰ, ਬਿਜਲੀ, ਕਰੰਟ ਬਿਨਾਂ ਹੋਣ ਕੁਝ ਨੀ ਸੁਣਦਾ।" ਉਂਜ ਸਾਲੀ ਨੂੰ ਵੀ ਪਤਾ ਹੈ ਕਿ ਉਹਦਾ ਆਦਮੀ ਰਾਤ ਨੂੰ ਬੰਬੀ ਤੇ ਰਹਿੰਦਾ ਹੈ ਅਤੇ ਕਈ ਕਈ ਰਾਤਾਂ ਸਿਆਲ ਵਿਚ ਘਰ ਨਾ ਆਉਣ ਕਰਕੇ ਉਹਦੀ ਆਪਣੀ ਰਜਾਈ ਠਰੀ ਰਹਿੰਦੀ ਹੈ। ਭਾਖੜੇ ਤੋਂ ਜੋ ਮੁਟਿਆਰ ਨੱਚਦੀ ਆਈ। ਇਹ ਪੰਜਾਬੀ ਸੁਹਾਗਣਾ ਦੀ ਸੌਂਕਣ ਬਣ ਕੇ ਕਾਮਿਆਂ ਨੂੰ ਉਂਗਲਾਂ ਤੇ ਨੱਚਾ ਰਹੀ ਹੈ। ਸੁਹਾਗਣਾਂ ਨੂੰ ਆਪਣੇ ਸੁਹਾਗ ਦੀ ਰਾਤ ਬਰਾਤੇ, ਕਾਲੀਆਂ, ਖੂਨੀ, ਪਾਪਣ, ਰਾਤਾਂ ਵਿਚ ਘਰੋਂ ਬਾਹਰ ਰਹਿਣ ਦੀ ਚਿੰਤਾ ਹੈ। ਸੁਹਾਗ ਬਿਜਲੀ ਦੀ ਮੋਟਰ ਨੇ ਲਟਬੋਰੇ ਕੀਤੇ ਹਨ ਕਿ ਕਦੋਂ ਬਿਜਲੀ ਆਵੇ ਤੇ ਪਾਣੀ ਨਾਲ ਇਕ ਹੋਰ ਖੇਤ ਸਿੰਜ ਕੇ ਹੋਰ ਫ਼ਸਲ, ਵਧ ਪੈਦਾਵਾਰ ਵੱਧ ਮੁਨਾਫਾ ਲਿਆ ਜਾਵੇ। ਬੰਬੀ ਆਉਣ ਤੇ ਜੋ ਹਾਲਤ ਹੋਈ ਹੈ ਉਸ ਵਿਚ ਸਭਿਆਚਾਰ ਦੀ ਚਿੰਤਾ ਕੌਣ ਕਰੇ? ਕੌਣ ਪ੍ਰੀਤੋ ਦੇ ਨੈਣਾਂ ਨੂੰ ਵੇਖਦਾ ਹਾਰੀ ਹੋਈ ਕਬੱਡੀ ਦੀ ਟੀਮ ਨੂੰ ਜਿਤਾਵੇ। ਕੌਣ ਮੇਲੇ ਮੱਸਿਆ ਤੇ ਜਾ ਕੇ ਆਪਣੇ ਪਿੰਡ ਘਰ ਅਤੇ ਸ਼ਿੰਗਾਰ ਲਈ ਸ਼ੌਕ ਨਾਲ ਕੁਝ ਖਰੀਦ ਕੇ ਲਿਆਵੇ। **ਚਾਰ ਇੰਚ ਦੀ ਬੰਬੀ ਦੀ ਪਾਈਪ ਨੇ ਉਹ ਸਭਿਆ-ਚਾਰ ਜੋ ਸਦੀਆਂ ਵਿਚ ਸਿਰਜਿਆ ਸੀ ਉਹ ਖਾ ਲਿਆ; ਪੰਜਾਬੀਆਂ ਨੂੰ ਮਸ਼ੀਨ ਬਣਾ ਕੇ ਪਦਾਰਥਵਾਦੀ ਬਣਾ ਦਿਤਾ। ਜਿਥੇ ਗਿੱਧਾ ਸਟੇਜ ਦਾ ਅਤੇ ਭੰਗੜਾ ਟੀ. ਵੀ. ਦੀ ਅੱਖ ਦਾ ਗੁਲਾਮ ਹੋ ਗਿਆ। ਹੁਣ ਭੰਗੜਾ ਖੂਹ ਤੇ ਨਹੀਂ ਪੈਂਦਾ, ਹੁਣ ਉਹ ਖੂਹ ਹੀ ਨਹੀਂ ਰਿਹਾ, ਜਿਥੇ ਰੱਬ ਵੱਸਦਾ ਸੀ ਜਦੋਂ ਖੂਹ ਨਹੀਂ ਰਿਹਾ ਤਾਂ ਰੱਬ ਕਿੱਥੇ ਹੈ? ਕਿੱਧਰ ਪੱਤਰਾ ਵਾਚ ਗਿਆ ਹੈ? ਪੰਜਾਬੀ ਜ਼ਿੰਦਗੀ ਵਿਚੋਂ ਕਦੋਂ ਅਲੋਪ ਹੋ ਰਿਹਾ ਹੈ, ਕੋਈ ਪਤਾ ਨਹੀਂ?**

ਪਿੰਡਾਂ ਵਿਚ ਪੀਣ ਵਾਲੇ ਪਾਣੀ ਦੇ ਖੂਹ ਦੇ ਵੀ ਦੋ ਬਦਲ ਆਏ; ਇਕ ਹੱਥੀ ਵਾਲਾ ਨਲਕਾ ਅਤੇ ਦੂਸਰੀ ਵਾਟਰ ਵਰਕਸ ਦੀ ਟੂਟੀ। ਪੀਣ ਵਾਲੇ ਪਾਣੀ ਦੇ ਖੂਹ ਤੋਂ ਬਾਅਦ ਵਿਚ ਹੱਥ ਨਾਲ ਗੇੜ ਕੇ ਲੱਗਣ ਵਾਲੇ ਨਲਕੇ ਆਏ। ਨਲਕੇ ਨਾਲ ਖੂਹ ਉੱਤੇ ਜਾਣ ਦਾ ਜੋ ਚਾਅ ਸੀ, ਜੋ ਬਹਾਨਾ ਸੀ, ਜੋ ਮਿਲਣ ਦੀ ਖੁਸ਼ੀ ਸੀ, ਉਹ ਸਭ ਮੁੱਕ ਗਏ। "ਘਰ ਘਰ ਲੱਗੇ ਨਲਕੇ, ਕਿਹੜੇ ਬਹਾਨੇ ਵੇ ਖੂਹ ਤੇ ਆਵਾਂ" ਪਿੰਡਾਂ ਵਿਚ ਦੁਖ ਸੁਖ ਲਈ, ਹਾਣੀਆਂ, ਸਹੇਲੀਆਂ ਨੂੰ ਮਿਲਣ ਦਾ ਆਧਾਰ ਜੋ ਕੇਂਦਰੀ ਬਿੰਦੂ ਖੂਹ ਹੁੰਦਾ, ਜਿਸਨੂੰ ਸੂਏ ਅਤੇ ਖਾਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਪਟੜੀ ਦੇ ਨਾਲ ਨਾਲ ਖਿਲਾਰ ਦਿੱਤਾ ਇਹ ਆਧਾਰ ਗਲੀਉ ਗਲੀ ਹੁੰਦਾ ਹੋਇਆ ਘਰਾਂ ਵਿਚ ਬੰਦ ਹੋ ਗਿਆ। ਖੂਹ ਤੇ ਮਿਲਣ ਦੇ ਬਹਾਨੇ ਮੁੱਕੇ, ਖੂਹ ਦੀ ਰੌਣਕ ਮੁੱਕੀ, ਸ਼ਿੰਗਾਰ ਮੁੱਕਿਆ, ਵਿਖਾਵੇ ਦੀ ਰੁਚੀ (ਖੂਹ ਤੇ ਕੋਈ ਚੀਜ਼ ਨਵੀਂ ਪਾ ਕੇ ਵਰਤ ਕੇ) ਮੁੱਕੀ, ਖੂਹ ਦਾ ਸਭਿਆਚਾਰ ਮੁੱਕਿਆ। ਸਮਾਜਿਕ ਮੇਲ ਜੋਲ ਦਾ ਧੁਰਾ ਖੂਹ, ਨਲਕਾ ਆਉਂਦੇ ਹੀ ਟੁੱਟ ਗਿਆ। ਨਲਕਾ ਆਉਂਦੇ ਹੀ ਅਹਿਸਾਸ ਘਰਾਂ ਦੀਆਂ ਖੁੰਦਰਾਂ ਵਿਚ ਲੁੱਕਣ ਲੱਗੇ। ਨਲਕੇ ਦੀ ਚਮੜੇ ਵਾਲੀ ਬੋਕੀ, ਕਈ ਦਹਾਕੇ ਪੁਰਾਣੇ ਬਜ਼ੁਰਗ ਨਲਕੇ ਨੂੰ ਨਫ਼ਰਤ ਨਾਲ ਵੇਖਦੇ ਰਹੇ ਅਤੇ ਕਈ ਕਈ ਮੀਲਾਂ ਤੋਂ ਖੂਹ ਦਾ ਪਾਣੀ ਮੰਗਾ ਕੇ ਜਿੰਨਾ ਚਿਰ ਜਿਉਂਦੇ ਰਹੇ ਪੀਂਦੇ ਰਹੇ। ਇਹੋ ਜਿਹੇ ਬਜ਼ੁਰਗ ਕਹਿੰਦੇ "ਚਮੜੇ ਦੀ ਬੋਕੀ ਵਾਲਾ ਪਾਣੀ ਪੀ ਪੀ ਕੇ ਆਦਮੀ ਭਿੱਟਿਆ ਜਾਵੇਗਾ। ਉਹਦੇ ਵਿਚੋਂ ਆਦਮੀ ਲਈ ਹਮਦਰਦੀ, ਜ਼ਿੰਦਗੀ ਲਈ ਸੁੱਚ ਤੇ ਸੱਚ ਮਰ ਜਾਣਗੇ।"

ਹੱਥ ਵਾਲੇ ਨਲਕੇ ਅਤੇ ਪਾਣੀ ਵਾਲੀ ਟੂਟੀ ਵਿਚ ਸਭਿਆਚਾਰ ਪੱਖੋਂ ਕੋਈ ਫ਼ਰਕ ਨਹੀਂ। ਇਨ੍ਹਾਂ ਦੋਹਾਂ ਵਿਚ ਪਾਣੀ ਦੇ ਸਾਫ਼ ਤੇ ਪੀਣ ਯੋਗ ਹੋਣ ਦੇ ਗੁਣਾਂ ਦਾ ਹੀ ਫ਼ਰਕ ਹੈ। ਦੋਵੇਂ ਘਰਾਂ ਵਿਚ ਵੱਖਰੇ ਘਰ ਦੇ ਹਿਸਾਬ ਲੱਗੇ। ਹਾਲਾਂਕਿ ਕਈ ਪਿੰਡਾਂ ਵਿਚ ਪਾਣੀ ਵਾਲੀ ਟੂਟੀ ਗਲੀ ਵਿਚ, ਕਿਸੇ ਉਸ ਥਾਂ ਤੇ ਜੋ ਸਾਂਝੀ ਹੁੰਦੀ ਜਾਂ ਜਿਥੋਂ ਕਈ ਸੁਖਾਲਿਆਂ ਹੀ ਪਾਣੀ ਲੈ ਸਕਣ, ਲਾਈ ਜਾਂਦੀ। ਪਰ ਇਹੋ ਜਿਹੀ ਟੂਟੀ ਪਾਣੀ ਆਉਣ ਦਾ ਸਮਾਂ ਨਿਸ਼ਚਿਤ ਅਤੇ ਜ਼ਿਆਦਾ ਘਰਾਂ ਲਈ ਇਕ ਟੂਟੀ ਹੋਣ ਕਰ ਕੇ ਗੁਆਂਢੀਆਂ ਵਿਚ ਤਕਰਾਰ ਦਾ ਵਿਸ਼ਾ ਜ਼ਿਆਦਾ ਅਤੇ ਮੇਲ ਜੋਲ ਦਾ ਆਧਾਰ ਘੱਟ ਬਣਦੀ। ਜ਼ਿਆਦਾ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਜਿਸ ਪਾਸੇ ਹੇਠਲੀਆਂ ਸ਼ਰੇਣੀਆਂ ਦੇ ਘਰ ਹੁੰਦੇ ਉਸ ਪਾਸੇ ਜ਼ਿਆਦਾ ਘਰਾਂ ਲਈ ਇਕ ਟੂਟੀ ਸਾਂਝੀ ਹੁੰਦੀ। ਟੂਟੀ ਅਤੇ ਨਲਕੇ ਦੇ ਪਿੰਡਾਂ ਵਿਚ ਆਉਣ ਤੇ ਪੀਣ ਵਾਲੇ ਪਾਣੀ ਦੀ ਸਹੂਲਤ ਹੋ ਗਈ।

ਪਰ ਨਲਕੇ ਅਤੇ ਟੂਟੀ ਆਉਣ ਤੋਂ ਪਹਿਲਾਂ ਘਰ ਦੇ ਕਈ ਕਾਰਜ ਨਹਾਉਣ, ਧੋਣ, ਡੰਗਰਾਂ ਨੂੰ ਪਾਣੀ ਪਿਆਉਣ ਆਦਿ ਦੇ ਖੂਹ ਉੱਤੇ ਹੀ ਹੋ ਜਾਂਦੇ ਅਤੇ ਘਰ ਪਾਣੀ ਰੋਟੀ ਟੁਕ ਬਣਾਉਣ ਲਈ ਹੀ ਲਿਆਂਦਾ ਜਾਂਦਾ ਜੋ ਸੀਮਿਤ ਹੋਣ ਕਰਕੇ ਵਰਤੋਂ ਤੋਂ ਬਾਅਦ ਗੰਦਾ ਪਾਣੀ ਵਿਹੜੇ ਵਿਚ ਜਾਂ ਗਲੀ ਵਿਚ ਖਿਲਾਰਕੇ ਡੋਲ੍ਹ ਦਿੱਤਾ ਜਾਂਦਾ। ਪਰ ਹੱਥ ਵਾਲੇ ਨਲਕੇ ਅਤੇ ਟੂਟੀ ਦੇ ਆਉਣ ਤੇ ਪਾਣੀ ਅਜਾਈਂ ਹੀ ਵਰਤਿਆ ਜਾਣ ਲੱਗਾ। ਖਾਸ ਕਰਕੇ ਟੂਟੀ ਕਈ ਵਾਰੀ ਬਿਨਾਂ ਮਤਲਬ ਅਤੇ ਬਹੁਤੀ ਵਾਰੀ ਲੋੜ ਤੋਂ ਜ਼ਿਆਦਾ ਪਾਣੀ ਲੈਣ ਲਈ ਖੁੱਲ੍ਹੀ ਰੱਖੀ ਜਾਂਦੀ। ਇਸ ਵਾਧੂ ਪਾਣੀ ਨਾਲ ਪਿੰਡ ਦੀ ਗਲੀ ਵਿਚ ਚਿੱਕੜ ਅਤੇ ਗਾਰਾ ਵੱਧ ਗਿਆ। ਗਲੀ ਵਿਚ ਪਈ ਜ਼ਿਮੀਂਦਾਰ ਘਰਾਂ ਦੀ ਰੂੜੀ ਦੇ ਉਪਜਾਊ ਤੱਤ ਇਸ ਅਜਾਈਂ ਜਾਂਦੇ ਪਾਣੀ ਵਿਚ ਘੁੱਲ ਘੁੱਲ ਕੇ ਰੁੜਣ ਲੱਗੇ। ਡੰਗਰਾਂ ਦੇ ਆਉਣ ਜਾਣ, ਟਰਾਲੀ ਟਰੈਕਟਰ ਦੇ ਲੰਘਣ ਕਰਕੇ ਕੱਚੀ ਗਲੀ ਗਾਰੇ ਚਿੱਕੜ ਨਾਲ ਭਰੀ ਰਹਿਣ ਲੱਗੀ। ਜਿਥੇ ਗਲੀਆਂ ਪੱਕੀਆਂ ਅਤੇ ਨਾਲੀਆਂ ਬਣੀਆਂ ਹੁੰਦੀਆਂ ਉਥੇ ਗਲੀ ਦੀ ਮਲ੍ਹੀ, ਕੱਖ ਕਾਣ ਉੱਡ ਉੱਡ ਕੇ ਨਾਲੀ ਅੱਟੀਆਂ ਜਾਂਦੀਆਂ ਤੇ ਘਰਾਂ ਦਾ ਪਾਣੀ ਨਾਲੀ ਤੋਂ ਉੱਛਲ ਕੇ ਗਲੀ ਵਿਚ ਫੈਲ ਕੇ, ਇੱਟਾਂ ਦੇ ਥੱਲੇ ਫ਼ੈਲ ਜਾਂਦਾ ਅਤੇ ਹੌਲੀ ਹੌਲੀ ਇੱਟਾਂ ਹੇਠਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੱਕੜ ਹੋਣ ਅਤੇ ਪੁੱਟਿਆ ਜਾਣ ਕਰਕੇ ਪੱਕੀ ਗਲੀ ਫਿਰ ਕੱਚੀ ਹੋਣੀ ਸ਼ੁਰੂ ਹੋ ਜਾਂਦੀ।

ਪਿੰਡ ਦੇ ਪੀਣ ਵਾਲੇ ਖੂਹ ਦੀ ਸਰਦਾਰੀ ਮੁੱਕਦੇ ਹੀ ਹੱਥ ਨਲਕੇ ਅਤੇ ਟੂਟੀ ਨਾਲ ਸਮਾਜਿਕ ਮੇਲ ਜੋਲ ਦੇ ਬਹਾਨੇ ਘਟਣ ਕਰਕੇ ਆਪਸੀ ਸਾਂਝ ਘਟਣ ਲੱਗੀ। ਪੰਜਾਬੀ ਹੌਲੀ ਹੌਲੀ ਅੰਤਰ ਮੁੱਖੀ ਹੋਣ ਦੀ ਪ੍ਰਵਿਰਤੀ ਵਲ ਵਧਣ ਲਗੇ। ਖੂਹ ਦਾ ਰੁਮਾਂਸ, ਲੱਜ-ਡੋਲ, ਖੂਹ ਦਾ ਸ਼ਿੰਗਾਰ, ਸਭ ਅਲੋਪ ਹੋ ਗਏ।

ਮਾਲਵੇ ਵਾਲੇ ਪਾਸੇ ਡਿੱਗੀ ਅਲੋਪ ਹੋ ਕੇ ਪਿੰਡਾਂ ਵਿਚ ਸਾਫ਼ ਸੁਥਰਾ ਪਾਣੀ ਮਿਲਣ ਲੱਗਾ। ਪਰ ਅਜੇ ਇਹ ਸਾਰੇ ਪਿੰਡਾਂ ਵਿਚ ਨਹੀਂ ਹੋ ਸਕਿਆ। ਪੰਜਾਬ ਦੇ ਰਿਵਾਇਤੀ ਪਾਣੀ ਦੇ ਸਰੋਤ, ਕੁਦਰਤੀ ਸਮਤੋਲ, ਜੰਗਲਾਂ ਬੇਲਿਆਂ ਦੀ ਭਰਮਾਰ ਅਤੇ ਕੁਦਰਤੀ ਦੀ ਅਮੀਰੀ ਦਾ ਪ੍ਰਗਟਾ ਸਨ। ਸਰੋਤਾਂ ਦੀ ਪੂਜਾ ਹੁੰਦੀ ਅਤੇ ਜਿਥੇ ਵੀ ਸਰੋਤ ਜਿਸ ਵੀ ਹਾਲਤ 'ਚ ਹੁੰਦੇ ਉਹ ਸਮਾਜਿਕ ਮੇਲ ਜੋਲ ਦਾ ਧੁਰਾ ਬਣ ਜਾਂਦੇ। ਇਹਨਾਂ ਸਰੋਤਾਂ ਨਾਲ ਸਭਿਆਚਾਰਕ ਵਿਰਸੇ ਦੀ ਮਹਾਨਤਾ ਜੁੜੀ ਹੋਈ ਸੀ।

ਜਦੋਂ ਆਧੁਨਿਕ ਤਕਨਾਲੋਜੀ ਅਧੀਨ ਨਵੇਂ ਸਰੋਤ ਆਏ ਤਾਂ ਕੁਦਰਤ ਦਾ ਸਮਤੋਲ ਬਦਲ ਗਿਆ ਅਤੇ ਇਹਨਾਂ ਦਾ ਵਿਕਾਸ ਕੁਦਰਤ ਦੀ ਕਰੋਪੀ ਅਧੀਨ ਆਉਣ ਵਾਲੀਆਂ ਮੁਸ਼ਕਿਲਾਂ ਵਲ ਸੰਕੇਤ ਕਰਦਾ ਹੈ। ਇਹਨਾਂ ਮਨੁੱਖਾਂ ਵਿਚ ਮਸ਼ੀਨੀ ਅਤੇ ਪਦਾਰਥਵਾਦੀ ਰੁਚੀਆਂ ਦਾ ਵਿਕਾਸ ਕਰਕੇ ਅਤੇ ਮਨੁੱਖ ਵਿਚੋਂ ਮਨੁੱਖ ਲਈ ਹਮਦਰਦੀ, ਪਿਆਰ ਨੂੰ ਘੱਟ ਕੀਤਾ ਹੈ। ਮਨੁੱਖ ਵਿਚ ਖਿੱਝ ਅਤੇ ਸ਼ੱਕ ਉੱਭਰੇ ਹਨ। ਜਿਵੇਂ ਜਿਵੇਂ ਆਧੁਨਿਕ ਸਰੋਤ ਉਤੇ ਟੇਕ ਵਧ ਰਹੀ ਹੈ। ਪੰਜਾਬੀ ਅੰਤਰਮੁਖੀ ਹੋ ਕੇ ਸਭਿਆਚਾਰਕ ਵਿਰਸੇ ਤੋਂ ਬੇਮੁੱਖ ਹੋ ਰਹੇ ਹਨ।

ਹਵਾਲੇ ਤੇ ਟਿੱਪਣੀਆਂ

1. ਗੁਰੂ ਨਾਨਕ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰ ਆਸਾ, ਪੰਨਾ 472
2. ਗੁਰੂ ਨਾਨਕ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ; ਸਿਰੀ ਰਾਗ, ਪੰਨਾ 19
3. ਗੁਰੂ ਅਰਜਨ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਬਿਲਾਵਲ, ਪੰਨਾ 837
4. ਗੁਰੂ ਨਾਨਕ ਦੇਵ, ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ, ਪੰਨਾ 8
5. ਖੇਤੀ ਪ੍ਰਧਾਨ ਇਲਾਕਾ ਹੋਣ ਅਤੇ ਖੇਤੀ ਦੀ ਟੇਕ ਬਾਰਿਸ਼ ਉੱਤੇ ਹੋਣ ਕਰਕੇ ਸਮੁਚੇ ਭਾਰਤ ਅਤੇ ਖਾਸ ਕਰਕੇ ਪੰਜਾਬ ਦੀ ਖੇਤੀ ਮਾਨਸੂਨ ਪਾਉਣਾ ਨਾਲ ਨਿਰਧਾਰਤ ਹੁੰਦੀ ਹੈ। (ਇਸੇ ਕਰਕੇ ਪ੍ਰਾਕਿਰਿਤਕ ਭੂਗੋਲ ਜਾਂ ਭਾਰਤ ਦੇ ਆਰਥਿਕ ਭੂਗੋਲ ਵਿਚ ਇਹ ਸੰਕਲਪ ਆਮ ਪੜ੍ਹਨ ਵਿਚ ਆਉਂਦਾ ਹੈ।
6. ਸੂਰਜ ਮੁਖੀ, ਸੂਰਜ ਵਾਂਗ ਨਿਰਧਾਰਤ ਸਭਿਆਚਾਰ ਉੱਤੇ ਸੂਰਜ ਦਾ ਅਸਰ ਮੌਸਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿਣ ਸਹਿਣ ਦੀਆਂ ਆਦਤਾਂ, ਪਿੰਡਾਂ, ਘਰਾਂ ਅਤੇ ਨਗਰਾਂ ਦੀ ਤਰਤੀਬ ਨੂੰ ਪ੍ਰਭਾਵਿਤ ਕਰਦਾ ਹੈ । ਲੰਡਨ ਵਿਖੇ ਜਾਂ ਜਾਪਾਨ ਵਿਚ ਜ਼ਿਆਦਾ ਬਾਰਿਸ਼ ਜਾਂ ਬਰਫ ਕਰਕੇ ਉਥੋਂ ਦੇ ਸਭਿਆਚਾਰ ਵਿਚ ਬਦਲਾਂ ਦਾ ਪ੍ਰਭਾਵ ਹੋਣ ਕਰਕੇ ਉਥੋਂ ਦੇ ਸਭਿਆਚਾਰ ਨੂੰ ਬਦਲ ਮੁਖੀ ਕਿਹਾ ਜਾਂਦਾ ਹੈ ।

7. ਸਿੰਧ ਘਾਟੀ ਦੀ ਸਭਿਅਤਾ ਸ਼ਿਵਾਲਕ ਪਹਾੜੀਆਂ ਤੋਂ ਲੈ ਕੇ ਕਰਾਚੀ ਦੇ ਚੌਗਿਰਦੇ ਤਕ ਫੈਲੀ ਸੀ । ਇਸਦੇ ਦੋ ਮੁਖ ਸ਼ਹਿਰ ਮੋਹਨਜੋਦੜੋ ਅਤੇ ਹੜਪਾ ਦੀ ਹੋਈ ਖੁਦਾਈ ਇਸ ਸਭਿਅਤਾ ਦੇ ਵਿਕਸਿਤ ਹੋਣ ਦੇ ਨਾਲ ਪਾਣੀ ਉੱਤੇ ਇਸ ਸਭਿਅਤਾ ਦੀ ਟੇਕ ਵੱਲ ਵੀ ਇਸ਼ਾਰੇ ਕਰਦੀ ਹੈ। ਵਿਸਤਾਰ ਲਈ ਸਰ ਜੋਹਨ ਮਾਰਸ਼ਲ ਦੀ ਪੁਸਤਕ 'ਮੋਹਨਜੋਦੜੋ ਅਤੇ ਸਿੰਧ ਘਾਟੀ ਸਭਿਅਤਾ' ਦੇਖੀ ਜਾ ਸਕਦੀ ਹੈ ।

8. ਗੋਇੰਦਵਾਲ ਸਾਹਿਬ ਇਮਾਰਤੀ ਲਕੜੀ ਦੀ ਉੱਘੀ ਮੰਡੀ ਸੀ, ਇਸ ਇਸ ਇਮਾਰਤੀ ਲੱਕੜ ਨਾਲ ਗੋਇੰਦਵਾਲ ਸਾਹਿਬ ਦਾ ਵਿਕਾਸ ਹੋਇਆ, ਅੰਗਰੇਜ਼ਾਂ ਵੇਲੇ ਜਦੋਂ ਪੁਰਾਣੀ ਜੀ. ਟੀ. ਰੋਡ ਨੂੰ. ਜੋ ਫਿਲੌਰ, ਨੂਰ ਸਾਹਿਬ ਦੀ ਸਰਾਂ, ਸੁਲਤਾਨਪੁਰ ਲੋਧੀ ਗੋਇੰਦਵਾਲ ਤਰਨਤਾਰਨ ਅਤੇ ਨੂਰਦੀਨ ਦੀ ਸਰਾਂ ਤੋਂ ਹੋ ਕੇ ਲਾਹੌਰ ਪੁੱਜਦੀ ਸੀ, ਛੱਡ ਕੇ ਨਵੀਂ ਜੀ. ਟੀ., ਫਿਲੌਰ ਤੋਂ ਫਗਵਾੜਾ, ਜਲੰਧਰ, ਕਰਤਾਰਪੁਰ, ਬਿਆਸ, ਅੰਮ੍ਰਿਤਸਰ ਦੇ ਬਨਣ ਨਾਲ ਗੋਇੰਦਵਾਲ ਦੀ ਇਮਾਰਤੀ ਮੰਡੀ ਹੌਲੀ ਹੌਲੀ ਅਲੋਪ ਹੋ ਗਈ। ਗੋਇੰਦਵਾਲ ਦੇ ਕਈ ਲਕੜ ਦੇ ਵਿਉਪਾਰ ਬਿਆਸ ਕੋਲ ਢਿਲਵਾਂ ਦੇ ਥਾਂ ਉੱਤੇ ਜਾ ਕੇ ਵਸ ਗਏ ।

9. ਇਤਿਹਾਸਕ ਪ੍ਰਮਾਣ ਮਿਲਦੇ ਹਨ ਕਿ ਵੇਈ ਕੰਢੇ, ਸ਼ਿਕਾਰ ਖੇਡਦੇ ਹੋਏ ਰਮਣੀਕ ਚੌਗਿਰਦੇ ਦੀ ਸੁੰਦਰਤਾ ਤੇ ਪ੍ਰਭਾਵਿਤ ਹੋ ਕੇ ਸੁਲਤਾਨਪੁਰ ਲੋਧੀ ਦੀ ਮੋੜੀ ਗੱਡੀ ਗਈ ਤੇ ਵਿਕਾਸ ਸ਼ੁਰੂ ਹੋਇਆ ।

10. ਦਰਿਆ ਸਤਲੁਜ ਦੇ ਢਾਏ ਵਾਲੇ ਪਾਸੇ ਜੰਗਲ, ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਰੋਪੜ, ਲੁਧਿਆਣਾ, ਜੇਖਰ ਬੁਢੇ ਨਾਲੇ (ਸਤਲੁਜ ਦੇ ਪੁਰਾਣੇ ਵਹਾ ਨੂੰ ਦੇਖਿਆ ਜਾਏ) ਫਿਲੌਰ ਆਦਿ ਇਤਿਹਾਸਕ ਅਤੇ ਧਾਰਮਿਕ ਨਗਰਾਂ ਦਾ ਵਿਕਾਸ ਹੋਇਆ ਜਦਕਿ ਬਿਆਸ ਕੰਢੇ ਸ੍ਰੀ ਹਰਗੋਬਿੰਦਪੁਰ ਅਤੇ ਗੋਇੰਦਵਾਲ ਉਸਰੇ । ਇਸ ਤਰ੍ਹਾਂ ਰਾਵੀ ਕੰਢੇ ਕਰਤਾਰਪੁਰ ਰਾਵੀ ਅਤੇ ਲਾਹੌਰ ਵਰਗੇ ਸ਼ਹਿਰ ਉਸਰੇ ।

11. ਹੜਪਾ ਅਤੇ ਮੋਹਨਜੋਦੜੋ ਦੇ ਤਬਾਹ ਹੋਣ ਬਾਰੇ ਹੜ੍ਹਾਂ ਦੇ ਨਾਲ ਨਾਲ ਹੋਰ ਵੀ ਕਈ ਤਰ੍ਹਾਂ ਦੇ ਪੱਖਾਂ ਬਾਰੇ ਕਿਆਸੇ ਲਾਏ ਜਾ ਰਹੇ ਹਨ, ਜਿਵੇਂ ਕਿ ਅਚਾਨਕ ਕੋਈ ਹਮਲਾ ਹੋਣ ਕਰਕੇ, ਭੂਚਾਲ ਅਤੇ ਹੜ੍ਹ ਦੇ ਆਉਣ ਕਰਕੇ ਚੁਲ੍ਹੇ ਤੇ ਪਾਈ ਰੋਟੀ ਵਾਸੀਆਂ ਨੂੰ ਖਾਣੀ ਵੀ ਨਸੀਬ ਨਾ ਹੋਈ ।

12. ਏ. ਈ. ਜੇ. ਮੋਰਿਸ, 'ਹਿਸਟਰੀ ਆਫ ਅਰਬਨ ਫਾਰਮ ਬਿਫੋਰ ਦੀ ਇੰਡਸਟਰੀਅਲ, ਰੈਵੋਕਯੋਨਸ਼' ਦੀ ਪਿਟਮੈਨ ਪ੍ਰੈਸ, ਬਾਠ, ਪੰਨਾ 15 ਉੱਤੇ ਉੱਤਰ ਪੱਛਮੀ ਭਾਰਤ ਦੇ ਇਕ ਨਕਸ਼ੇ ਦੇ ਆਧਾਰ ਉੱਤੇ ਘੱਗਰ ਦਰਿਆ ਦਾ ਸੁੱਕਾ ਵਹਿਣ ਸਿੰਧ ਘਾਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਅਤਾ ਵੇਲੇ ਸਤਲੁਜ ਦਰਿਆ ਦਾ ਵਹਿਣ ਹੁੰਦਾ ਸੀ। ਉਦੋਂ ਤੋਂ ਹੁਣ ਤੱਕ ਦਰਿਆ ਸਤਲੁਜ ਉੱਤਰ ਪੱਛਮ ਵਲ ਲਗਾਤਾਰ ਵਹਿਣ ਬਦਲ ਰਿਹਾ ਹੈ। ਕੁਝ ਸਾਲ ਪਹਿਲਾਂ ਸਤਲੁਜ ਲੁਧਿਆਣੇ ਸ਼ਹਿਰ ਦੇ ਕੋਲੋਂ ਵਗਦੇ ਬੁੱਢੇ ਨਾਲੇ ਦੇ ਵਹਿਣ ਵਿਚ ਵਗਦਾ ਸੀ।

13. ਆਰ. ਐਲ. ਸਿੰਘ; 'ਇੰਡੀਆ ਏ ਰੀਜ਼ਨਲ ਜਿਉਗਰਾਫੀ,' ਨੈਸ਼ਨਲ ਜਿਉਗਰਾਫੀਕਲ ਸੋਸਾਇਟੀ ਆਫ ਇੰਡੀਆ, ਪੰਨਾ 99 ਦੇ ਵਾਰਾਨਸੀ ਦੇ ਆਧਾਰ ਉੱਤੇ।

14. ਕੁਲਵੰਤ ਸਿੰਘ ਔਲਖ, 'ਮਾਝੇ ਦੇ ਲੋਕ ਗੀਤ,' ਲਿਟਰੇਚਰ ਹਾਉਸ ਅੰਮ੍ਰਿਤਸਰ, ਪੰਨੇ 155-158 ਉਤੇ ਦੋ ਗੀਤ, ਨੂੰਹ ਦਾ ਚੱਕ ਅਤੇ ਇਸ ਖੂਹੀ ਦਾ ਨੀਰ ਨਾ ਪੀਵਣ, ਜੋ ਇਸ ਤਰ੍ਹਾਂ ਦੀ ਬਲੀ ਵਲ ਸੰਕੇਤ ਕਰਦੇ ਹਨ।

15. ਇਸ ਤਰ੍ਹਾਂ ਦੀਆਂ ਕੁਝ ਸਾਖੀਆਂ ਕਿ ਗੋਇੰਦਵਾਲ ਸਾਹਿਬ ਵਿਖੇ ਜਦੋਂ ਬਾਉਲੀ ਦੀ ਖੁਦਾਈ ਹੋ ਰਹੀ ਸੀ, ਕਿਵੇਂ ਕੜ ਟੁੱਟਣ ਨੂੰ ਅਕਬਰ ਦੇ ਚਿਤੌੜ ਦੇ ਕਿਲ੍ਹੇ ਨੂੰ ਜਿੱਤਣ ਨਾਲ ਅਤੇ ਕੜ ਟੁੱਟਣ ਉੱਤੇ ਅਚਾਨਕ ਬਹੁਤ ਸਾਰਾ ਪਾਣੀ ਬਉਲੀ ਸਾਹਿਬ ਵਿਚ ਭਰ ਜਾਣ ਬਾਰੇ ਮਿਲਦੀਆਂ ਹਨ।

16. ਦਰਿਆ ਉੱਤੇ ਬੰਨ੍ਹ ਮਾਰਨ ਕਰਕੇ ਪਾਣੀ ਦਾ ਤਲ ਉੱਚਾ ਹੋ ਰਿਹਾ ਹੈ, ਲੱਖਾਂ ਟਨ ਪਾਣੀ ਪਹਾੜੀਆਂ ਵਿਚ ਘਿਰਿਆ ਹੋਇਆ ਹੌਲੀ ਹੌਲੀ ਰਿਸ ਰਿਸ ਕੇ (ਕਮਜ਼ੋਰ ਦਰਾੜਾਂ ਰਾਹੀਂ) ਧਰਤੀ ਦੇ ਅੰਦਰ ਜਿਥੇ ਬਹੁਤ ਦਬਾਅ ਅਤੇ ਗਰਮੀ ਹੈ ਉੱਥੇ ਪੁੱਜ ਰਿਹਾ ਬਲਦੀਆਂ ਪਿਘਲਦੀਆਂ ਚਟਾਨਾਂ ਉੱਤੇ ਰਿਸਦਾ ਪਾਣੀ ਜਦੋਂ ਪੈਂਦਾ ਹੈ ਤਾਂ ਭਾਪ ਬਣਦੀ ਹੈ, ਭਾਪ ਧਰਤੀ ਵਿਚੋਂ ਬਾਹਰ ਆਉਣ ਲਈ ਜਿਥੋਂ ਧਰਤੀ ਦੀ ਸਤਹ ਕਮਜ਼ੋਰ ਹੈ ਉਥੇ ਜ਼ੋਰ ਲਾਉਂਦੀ ਹੈ, ਨਤੀਜੇ ਵਜੋਂ ਜਾਂ ਤੇ ਜਵਾਲਾਮੁਖੀ ਫਟਦੇ ਹਨ ਜਾਂ ਵੱਡੇ ਤਬਾਹਕੁੰਨ ਭੁਚਾਲ ਆਉਂਦੇ ਹਨ।

17. ਸਾਲ 1988 ਦੀਆਂ ਮਾਨਸੂਨ ਬਾਰਸ਼ਾਂ ਵੇਲੇ ਜ਼ਿਲਾ ਕਰਨਾਲ ਵਿਚ ਇਸ ਤਰ੍ਹਾਂ ਦੀਆਂ ਕਈ ਮੌਤਾਂ ਹੋਈਆਂ, ਜਿੱਥੇ ਜਿੱਥੇ ਵੀ ਖੂਹੀਆਂ ਡੂੰਘੀਆਂ ਹਨ ਅਤੇ ਖੇਤਾਂ ਵਿਚ ਖਾਦਾਂ ਦੀ ਵਰਤੋਂ ਜ਼ਿਆਦਾ ਹੁੰਦੀ ਹੈ, ਉਥੇ ਜਦੋਂ ਵੀ ਕੋਈ ਮੀਂਹ ਪੈਣ ਤੋਂ ਜਲਦੀ ਹੀ ਪਿਛੋਂ ਖੂਹੀ ਵਿਚ ਉਤਰੇਗਾ, ਉਹਦੀ ਜ਼ਿੰਦਗੀ ਨੂੰ ਖਤਰਾ ਹੋ ਸਕਦਾ ਹੈ।

18. ਜਿਥੇ ਵੀ ਪੰਜਾਬ ਵਿਚ ਨਹਿਰਾਂ ਜਾਂ ਸੂਏ ਹਨ ਉੱਥੇ ਉੱਥੇ ਨਹਿਰ ਜਾਂ ਸੂਏ ਕੰਢੇ ਡੰਗਰ ਚਰਦੇ ਆਮ ਦੇਖਣ ਵਿਚ ਆਉਂਦੇ ਹਨ।

19. ਇੰਜ ਬਹੁਤਾ ਮਾਲਵੇ ਦੇ ਉਹਨਾਂ ਇਲਾਕਿਆਂ ਵਿਹ ਹੋਇਆ ਜਿਥੇ ਪਹਿਲਾਂ ਛੱਪੜ ਡਿੱਗੀਆਂ ਹੁੰਦੀਆਂ ਸਨ। ਹੁਣ ਨਹਿਰਾਂ ਆਉਣ ਕਰਕੇ ਛੱਪੜ ਦਾ ਮੁਹੱਤਵ ਘੱਟ ਹੋ ਰਿਹਾ ਹੈ, ਛੱਪੜ ਪੂਰੇ ਜਾ ਰਹੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਪਿੰਡਾਂ ਦੀਆਂ ਗਲੀਆਂ : ਸਭਿਆਚਾਰਕ ਅਧਿਐਨ

ਗਲੀ ਘਰਾਂ ਲਈ ਸਿਰਫ਼ ਪਹੁੰਚ ਮਾਰਗ ਹੀ ਨਹੀਂ, ਖੁਲ੍ਹੇ ਅਤੇ ਛੱਡੇ ਥਾਵਾਂ ਦਾ ਸਮਤੋਲ ਵੀ ਹੈ, ਪਿੰਡ ਅਤੇ ਘਰਾਂ ਦੇ ਮੌਸਮ ਨੂੰ ਨਿਰਧਾਰਿਤ ਕਰਨ ਦਾ ਸਾਧਨ ਹੈ; ਲੋਕਾਂ ਦੀਆਂ ਸੁਹਜ ਸ਼ਿੰਗਾਰ ਰੁਚੀਆਂ ਦਾ ਪ੍ਰਗਟਾ ਵੀ ਹੈ ਅਤੇ ਸਾਂਝ 'ਤੇ ਸਭਿਆਚਾਰ ਨੂੰ ਜੋੜਦੀ ਮੌਲੀ ਵਰਗੀ ਤੰਦ ਵੀ ਹੈ। ਗਲੀ ਦੀ ਦਿੱਖ, ਗਲੀ ਵੱਲ ਦਿਸਦੇ ਇਮਾਰਤਾਂ ਦੇ ਵੱਖੋ ਵੱਖਰੇ ਤੱਤਾਂ ਜਿਵੇਂ ਝਰੋਖੇ, ਛੱਜੇ ਬੁਖਾਰਚੇ, ਜੰਗਲੇ, ਜਾਲੀਆਂ, ਬਾਰੀਆਂ, ਬੂਹੇ ਅਤੇ ਰੋਸ਼ਨਦਾਨਾਂ ਆਦਿ ਦੇ ਰੂਪ ਅਤੇ ਆਕਾਰ ਨਾਲ ਸਮੁੱਚੇ ਪਿੰਡ ਦੀ ਨੁਹਾਰ ਪ੍ਰਭਾਵਿਤ ਹੁੰਦੀ ਹੈ। ਗਲੀ ਦੇ ਰੂਪ ਨਿਖ਼ਾਰ ਨਾਲ, ਗਲੀ ਦੇ ਕੰਧ-ਚਿਤਰਾਂ ਨਾਲ, ਗਲੀ ਦੇ ਮਾਪ ਅਤੇ ਅਨੁਪਾਤ ਨਾਲ, ਘਰਾਂ ਚੁਬਾਰਿਆਂ, ਅਟਾਰੀਆਂ, ਪਿੰਡਾਂ ਅਤੇ ਇਲਾਕੇ ਦੀਆਂ ਸੁਹਜਮਈ ਰੁਚੀਆਂ ਦਾ ਝਲਕਾਰਾ ਪੈਂਦਾ ਹੈ। ਗਲੀ ਘਰ ਨੂੰ ਘਰਾਂ ਨਾਲ, ਪੱਤੀ ਨੂੰ ਪੱਤੀਆਂ ਨਾਲ, ਮੁਹੱਲੇ ਨੂੰ ਮੁਹੱਲਿਆਂ ਨਾਲ ਜੋੜਦੀ ਹੈ, ਘਰ ਮਹੱਲਿਆਂ ਪਿੰਡਾਂ ਨੂੰ ਸੜਕਾਂ ਸ਼ਾਹਰਾਹਾਂ ਅਤੇ ਮਹਾਂ ਨਗਰਾਂ ਨਾਲ ਜੋੜਨ ਵਾਲੀ ਗਲੀ, ਆਵਾਜਾਈ ਦੀ ਮੁੱਢਲੀ ਇਕਾਈ ਹੈ। ਕਿਸੇ ਵੀ ਔਖੀ ਤੇ ਲੰਮੀ ਮੰਜ਼ਿਲ ਵਲ ਜਾਣ ਲਈ ਪਹਿਲਾ ਕਦਮ ਗਲੀ ਤੋਂ ਸ਼ੁਰੂ ਹੁੰਦਾ। ਇਕ ਇਲਾਕੇ ਨੂੰ ਦੂਸਰੇ ਇਲਾਕੇ ਨਾਲ ਜੋੜਨ ਦੀ ਇਸ ਪ੍ਰਕਿਰਿਆ ਵਿਚੋਂ ਵਿਉਪਾਰ ਦਾ ਪ੍ਰਸਾਰ ਅਤੇ ਫੈਲਾਅ ਹੁੰਦਾ ਹੈ, ਸਮਾਜਿਕ ਰਿਸ਼ਤਿਆਂ ਦੀਆਂ ਗੰਢਾ ਪੀਡੀਆਂ ਹੁੰਦੀਆਂ ਹਨ, ਉਚ ਪਾਏ ਦੀਆਂ ਸਹੂਲਤਾਂ ਲਈ ਵੱਡੇ ਸ਼ਹਿਰਾਂ ਵਲ ਆਉਣ ਜਾਣ ਦੀ ਚਹਿਲ-ਕਦਮੀ ਵਧਦੀ ਹੈ।

ਸਭਿਆਚਾਰਕ ਪੱਖੋਂ ਗਲੀ ਨੂੰ ਕਈ ਧਰਾਤਲਾਂ ਉੱਤੇ ਵੱਖੋ ਵੱਖਰੀਆਂ ਅਧਿਐਨ ਪ੍ਰਣਾਲੀਆਂ ਮੁਤਾਬਿਕ ਅਧਿਐਨ ਕੀਤਾ ਜਾ ਸਕਦਾ ਹੈ। ਮਿਸਾਲ ਵਜੋਂ ਵੈਦਿਕ ਅਤੇ ਪੁਰਾਣਿਕ ਫ਼ੈਲਸਫ਼ੇ ਅਨੁਸਾਰ ਗਲੀ ਪਿੰਡ ਨੂੰ ਜ਼ਾਤਾਂ ਪਾਤਾਂ ਅਤੇ ਕਿੱਤਿਆਂ ਮੁਤਾਬਿਕ ਵੰਡਦੀ ਹੈ। ਇਹ ਵੰਡ ਇਕ ਜਾਤ ਵਿਸ਼ੇਸ਼ ਅਤੇ ਵਰਗ ਵਿਸ਼ੇਸ਼ ਜੋ ਕਿੱਤੇ ਤੇ ਆਧਾਰਿਤ ਹੁੰਦੀ ਹੈ, ਨੂੰ ਸਾਹਵੇਂ ਰੱਖ ਕੇ ਪਿੰਡ ਦੇ ਸਮਾਜਿਕ ਢਾਂਚੇ ਵਿਚ ਕਿਸੇ ਜ਼ਾਤ ਜਾਂ ਕਿੱਤੇ ਦੇ ਘਰ, ਕਿਸੇ ਜ਼ਾਤ ਜਾਂ ਕਿੱਤੇ ਦੇ ਘਰਾਂ ਕੋਲ ਹੋ ਸਕਦੇ ਹਨ, ਜੇ ਇਹ ਘਰ ਨੇੜੇ ਨੇੜੇ ਨਹੀਂ ਹੋ ਸਕਦੇ ਤਾਂ ਗਲੀ ਇਨ੍ਹਾਂ ਘਰਾਂ ਨੂੰ ਇਕ ਦੂਜੇ ਤੋਂ ਨਿਖੇੜਦੀ ਜ਼ਰੂਰ ਹੈ। ਵੈਦਿਕ ਅਤੇ ਪੁਰਾਣਿਕ ਫ਼ਲਸਫ਼ੇ ਦੇ ਉਪਰੋਕਤ ਆਧਾਰ ਨੂੰ ਲੈ ਕੇ ਗਲੀ ਅਤੇ ਪਿੰਡ ਦਾ ਸਭਿਆਚਾਰਕ ਅਧਿਐਨ ਹੋ ਸਕਦਾ ਹੈ। ਗਲੀ ਦੇ ਕੰਧ-ਚਿਤਰਾਂ ਦਾ ਅਧਿਐਨ ਆਪਣੇ ਆਪ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸ਼ਾਲ ਹੈ; ਕੰਧ ਚਿਤਰਾਂ ਦਾ ਰੂਪ, ਚਿਤਰਾਂ ਦੇ ਆਕਾਰ ਬਿੰਬਾਂ ਨਾਲ ਜੁੜੇ ਅਰਥ, ਚਿਤਰਾਂ ਦੇ ਰੰਗਾਂ ਦਾ ਸੁਹਜ, ਆਕਾਰਾਂ ਨੂੰ ਉਘਾੜਦੀ ਕਲਾ ਆਦਿ, ਪਿੰਡਾਂ ਦੀ ਵਿਉਂਤ ਬੰਦੀ ਅਤੇ ਇਸ ਵਿਉਂਤਬੰਦੀ ਨਾਲ ਜੁੜੀਆਂ ਕਦਰਾਂ ਕੀਮਤਾਂ ਦੇ ਸੰਦਰਭ ਵਿਚ ਅਧਿਐਨ ਕਰਦੇ ਹੋਏ ਇਸ ਲੇਖ ਦੇ ਹੇਠ ਲਿਖੇ ਚਾਰ ਹਿੱਸੇ ਕੀਤੇ ਗਏ ਹਨ :

(ੳ) ਗਲੀ ਦਾ ਰੂਪ ਅਤੇ ਆਕਾਰ

(ਅ) ਗਲੀ ਦਾ ਸ਼ਿੰਗਾਰ

(ੲ) ਗਲੀ ਨਾਲ ਜੁੜੀਆਂ ਸਭਿਆਚਾਰਕ ਝਲਕਾਂ

(ਸ) ਗਲੀ ਦੀ ਨੁਹਾਰ ਉੱਤੇ ਪੈ ਰਿਹਾ ਪ੍ਰਭਾਵ

(ੳ) ਗਲੀ ਦਾ ਰੂਪ ਅਤੇ ਆਕਾਰ : ਆਵਾਜਾਈ ਦੇ ਸਾਧਨਾਂ ਦੀ ਮੂਲ ਇਕਾਈ ਵਜੋਂ ਗਲੀ ਦੀ ਅਹਿਮੀਅਤ ਹੈ, ਘਰ ਤੋਂ ਬਾਹਰ ਪਹਿਲਾ ਪੈਰ ਗਲੀ ਵਿਚ ਪੈਂਦਾ ਹੈ। ਆਵਾਜਾਈ ਦੀ ਮੁੱਢਲੀ ਕੜੀ ਵਜੋਂ ਗਲੀ ਦੇ ਰੂਪ ਅਤੇ ਆਕਾਰ ਨੂੰ ਤਿੰਨ ਤੱਥ ਪ੍ਰਭਾਵਿਤ ਕਰਦੇ ਹਨ : ਗਲੀ ਕਿੰਨੀ ਵਰਤੀ ਜਾਂਦੀ ਹੈ, ਆਵਾਜਾਈ ਦੇ ਵਸੀਲਿਆਂ/ਵਾਹਣਾਂ ਦਾ ਰੂਪ ਅਤੇ ਆਕਾਰ ਅਤੇ ਗਲੀ ਨੂੰ ਵਰਤਦੇ ਤੇ ਵਾਹਣਾਂ ਨੂੰ ਚਲਾਉਂਦੇ ਮਨੁੱਖਾਂ ਦੀਆਂ ਆਦਤਾਂ। ਮਾਨਵ ਸ਼ਾਸਤਰ ਆਧਾਰ ਲੈਣ ਉੱਤੇ, ਪੰਜਾਬ ਦੇ ਖੇਤੀ ਪ੍ਰਧਾਨ ਇਲਾਕਾ ਹੋਣ ਕਰਕੇ ਪਿੰਡਾਂ ਦੀਆਂ ਗਲੀਆਂ ਦਾ ਮਾਪ ਅਕਸਰ ਸਿਰ ਤੇ ਬੋਰੀ, ਬੁਚਕੀ, ਪੰਡ ਜਾਂ ਮੋਢੇ ਉੱਤੇ ਮਰਾਰਾ ਪਾ ਕੇ ਜਿੰਨੇ ਥਾਂ ਤੋਂ ਮਨੁੱਖ ਨਿਕਲ ਸਕੇ, ਇਸ ਮਾਪ ਨੇ ਗਲੀ ਦੀ ਚੌੜਾਈ ਨੂੰ ਪ੍ਰਭਾਵਿਤ ਕੀਤਾ ਹੈ। ਸਾਧਾਰਨ ਮਨੁੱਖ ਦੀ ਇਕ ਮੋਢੇ ਤੋਂ ਦੂਸਰੇ ਮੋਢੇ ਤਕ ਚੌੜਾਈ ਇਕ ਫੁਟ ਨੌਂ ਇੰਚ ਜਾਂ (21 ਇੰਚ) ਹੁੰਦੀ ਹੈ। ਇੰਜ ਦੋ ਮਨੁੱਖ ਬਿਨਾਂ ਇਕ ਦੂਸਰੇ ਨਾਲ ਮੋਢਾ ਖਹਿ ਕੇ ਨਿਕਲ ਸਕਣ ਤਾਂ ਇਸ ਪੱਖੋਂ ਗਲੀ ਦੀ ਘਟੋ ਘਟ ਚੌੜਾਈ ਸਾਢੇ ਚਾਰ ਫੁਟ ($4\frac{1}{2}$ ਫੁਟ) ਹੋਣੀ ਚਾਹੀਦੀ।[1] ਪਿੰਡਾਂ ਵਿਚ ਬਹੁਤੀਆਂ, ਲਗਭਗ ਨੱਬੇ ਪ੍ਰਤਿਸ਼ਤ ਗਲੀਆਂ, ਸਾਢੇ ਚਾਰ ਫੁੱਟ ਤੋਂ ਜ਼ਿਆਦਾ ਚੌੜੀਆਂ ਹੁੰਦੀਆਂ ਹਨ। ਗਲੀ ਦੇ ਇੰਨੀ ਚੌੜੀ ਹੋਣ ਕਰਕੇ, ਇਸ ਵਿਚੋਂ ਬੋਰੀ ਸਿਰ ਤੇ ਚੁੱਕ ਕੇ ਅਤੇ ਸੰਭਲ ਸੰਭਲ ਕੇ ਪਲਾਣੇ ਵਾਲੇ ਖੋਤੇ ਟੱਟੂ ਆਦਿ ਲੰਘਾਏ ਜਾ ਸਕਦੇ ਹਨ।

ਖੇਤੀ ਪ੍ਰਧਾਨ ਇਲਾਕਾ ਹੋਣ ਕਰਕੇ ਗਲੀ ਦੀ ਚੌੜਾਈ ਨੂੰ ਜਿਸ ਦੂਸਰੇ ਤੱਥ ਨੇ ਪ੍ਰਭਾਵਿਤ ਕੀਤਾ, ਉਹ ਹੈ ਪੰਜਾਲੀ ਵਿਚ ਜੁੱਪੇ ਬਲਦਾਂ ਅਤੇ ਝੋਟਿਆਂ ਦਾ ਮਾਪ, ਜਿੰਨ੍ਹਾ ਗਲੀਆਂ ਵਿਚੋਂ ਪੰਜਾਲੀ ਨਾਲ ਜੁੱਪੇ ਡੰਗਰ ਗਲੀ ਵਿਚੋਂ ਨਿਕਲ ਸਕਣ, ਉਹ ਗਲੀਆਂ ਲਗਭਗ ਅੱਠ ਫੁੱਟ ਚੌੜੀਆਂ ਹੁੰਦੀਆਂ।[2] ਗਲੀ ਦੀ ਚੌੜਾਈ ਇਕੋ ਜਿਹੀ ਨਾ ਹੋਣ ਕਰਕੇ ਕਿਤੋਂ ਘੱਟ ਅਤੇ ਕਿਤੋਂ ਵੱਧ ਹੁੰਦੀ, ਉਹ ਗਲੀਆਂ ਜਿੰਨਾ ਵਿਚੋਂ ਗੱਡੇ ਲੰਘ ਸਕਣ ਉਹਨਾਂ ਦੀ ਚੌੜਾਈ ਘੱਟੋ ਘੱਟ ਦਸ ਫੁੱਟ ਜ਼ਰੂਰ ਹੁੰਦੀ।[3] ਉਹ ਬਾਜ਼ਾਰ ਅਤੇ ਮੁਖ ਗਲੀਆਂ, ਜਿੰਨਾ ਵਿਚ ਕਿਆਸ ਕੀਤਾ ਜਾਂਦਾ ਕਿ ਆਹਮੋ ਸਾਹਮਣੇ ਆਉਂਦੇ ਗੱਡੇ ਨਿਕਲ ਸਕਣ, ਉਹਨਾਂ ਦੀ ਚੌੜਾਈ ਵੀਹ ਫੁੱਟ ਰੱਖੀ ਜਾਂਦੀ। ਪੰਜਾਬ ਦੇ ਉਹ ਇਲਾਕੇ ਜਿਥੇ ਕਪਾਹ ਮੁੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਸਲ ਹੁੰਦੀ ਹੈ, ਭਾਵ ਮਾਲਵੇ ਦੇ ਪਿੰਡਾਂ ਨੂੰ ਜੇਕਰ ਦੁਆਬੇ ਦੇ ਪਿੰਡਾਂ ਨਾਲ ਮੁਕਾਬਲੇ ਤੇ ਵੇਖਿਆ ਜਾਵੇ ਤਾਂ ਇਹ ਗੱਲ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਮਾਲਵੇ ਵਿਚ ਪਿੰਡਾਂ ਦੀਆਂ ਗਲੀਆਂ ਜ਼ਿਆਦਾ ਚੌੜੀਆਂ ਰੱਖੀਆਂ ਜਾਂਦੀਆਂ ਰਹੀਆਂ ਹਨ। ਕਪਾਹ ਨਾਲ ਲੱਦੇ ਗੱਡੇ ਦੇ ਫੈਲਾਅ ਨਾਲ ਗੱਡੇ ਦੀ ਚੌੜਾਈ ਦੀ ਮਿਣਤੀ ਵਧ ਜਾਣ ਕਰਕੇ ਮਾਲਵੇ ਦੇ ਪਿੰਡਾਂ ਵੱਲ ਦਸ ਫੁੱਟ ਅਤੇ ਵੀਹ ਫੁੱਟ ਚੌੜੀਆਂ ਗਲੀਆਂ ਦੀ ਥਾਂ 13-15 ਫੁੱਟ ਅਤੇ 25-30 ਫੁੱਟ ਚੌੜੀਆਂ ਗਲੀਆਂ ਪਿੰਡਾਂ ਵਿਚ ਆਮ ਵੇਖਣ ਨੂੰ ਮਿਲਦੀਆਂ ਹਨ। ਭਾਵ ਕਪਾਹ ਦਾ ਹਲਕਾ ਹੋਣ ਅਤੇ ਵੱਧ ਫੈਲਾਅ ਹੋਣਾ ਹੀ ਇਕ ਮੁੱਖ ਕਾਰਣ ਹੈ ਕਿ ਉਹ ਗਲੀਆਂ ਜਿਨ੍ਹਾਂ ਵਿਚੋਂ ਗੱਡੇ ਨਿਰਵਿਘਨ ਨਿਕਲ ਸਕਣ ਪੰਜਾਬ ਦੇ ਦੂਸਰੇ ਪਿੰਡਾਂ ਦੇ ਮੁਕਾਬਲੇ ਜ਼ਿਆਦਾ ਚੌੜੀਆਂ ਹਨ। ਮਾਲਵੇ ਵੱਲ ਕਿਉਂਕਿ ਊਠ ਗੱਡੇ ਨੂੰ ਅਗੇ ਖਿੱਚ ਰਿਹਾ ਹੁੰਦਾ ਹੈ; ਉਹ ਘਰ ਅਤੇ ਹਵੇਲੀਆਂ ਜੋ ਉਹਨਾਂ ਗਲੀਆਂ ਦੇ ਨਾਲ ਨਾਲ ਉਸਰੇ ਹੁੰਦੇ ਹਨ ਜਿਨ੍ਹਾਂ ਵਿਚੋਂ ਗੱਡੇ ਨਿਕਲ ਸਕਣ, ਉਹਨਾਂ ਘਰਾਂ ਅਤੇ ਹਵੇਲਿਆਂ ਦੇ ਬੂਹੇ ਉਹਨਾਂ ਇਲਾਕਿਆਂ ਨਾਲੋਂ ਜਿਧਰ ਬਲਦ ਅਤੇ ਝੋਟੇ ਗੱਡੇ ਨੂੰ ਖਿੱਚਦੇ ਹਨ, ਦੇ ਬੂਹਿਆਂ ਨਾਲੋਂ ਉੱਚੇ ਹੁੰਦੇ ਹਨ। ਉਹ ਘਰ ਜਿਥੇ ਊਠ ਨੇ ਗਲੀ ਵਿਚੋਂ ਗੱਡਾ ਖਿਚ ਕੇ ਆਉਣਾ ਹੁੰਦਾ, ਦਾ ਦਰਵਾਜ਼ਾ ਦਸ ਫੁੱਟ ਤੋਂ ਨੀਵਾਂ ਨਹੀਂ ਹੋ ਸਕਦਾ। ਇੰਜ ਉਹ ਗਲੀਆਂ ਜਿਨ੍ਹਾਂ ਦੇ ਨਾਲ ਨਾਲ ਹਵੇਲੀਆਂ ਅਤੇ ਘਰ ਹੁੰਦੇ, ਖਾਸ ਕਰਕੇ ਉਹਨਾਂ ਕਿਰਸਾਨਾਂ ਦੇ ਜੋ ਊਠਾਂ ਨਾਲ ਵਾਹੀ ਕਰਦੇ, ਮਾਲਵੇ ਵੱਲ ਅਜਿਹੀਆਂ ਗਲੀਆਂ ਦੇ ਨਾਲ ਵੱਡੀਆਂ ਹਵੇਲੀਆਂ ਅਤੇ ਉੱਚੇ ਬੂਹਿਆਂ ਵਾਲੇ ਘਰ ਹੁੰਦੇ।[4]

ਜਿਨ੍ਹਾਂ ਪਿੰਡਾਂ ਦੇ ਕੇਂਦਰ ਵਿਚ ਕਿਲ੍ਹੇ, ਮਹੱਲ ਜਾਂ ਅਟਾਰੀਆਂ ਹਨ; ਜੋ ਜਾਗੀਰਾਂ ਸਨ ਅਤੇ ਜਿਨ੍ਹਾਂ ਵਿਚ ਜਾਗੀਰਦਾਰ ਰਹਿੰਦੇ, ਅਜਿਹੇ ਪਿੰਡਾਂ ਦੇ ਕੇਂਦਰ ਤੱਕ ਉਚੇ ਹੋਦੇ ਵਾਲੇ ਹਾਥੀ ਲੰਘ ਸਕਣ, ਰੱਥਾਂ ਜਾਂ ਸਰਦਾਰਾਂ ਦੇ ਟਾਂਗੇ ਲੰਘ ਸਕਣ, ਇਸ ਤਰ੍ਹਾਂ ਦੀ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਪਿੰਡ ਦੀ ਮੁਖ ਗਲੀ ਪੰਦਰਾਂ ਵੀਹ ਫੁੱਟ ਚੌੜੀ ਹੁੰਦੀ, ਪਿੰਡ ਦੇ ਕੇਂਦਰੀ ਇਲਾਕੇ ਤਕ ਜਾਂਦੀ। ਬਹੁਤੇ ਪਿੰਡਾਂ ਦੀਆਂ ਗਲੀਆਂ ਦੀ ਨੁਹਾਰ ਅਤੇ ਰੂਪ ਆਕਾਰ ਬਾਰੇ ਇਕ ਮੁਖ ਨਮੂਨਾ ਇਹ ਸੀ ਕਿ ਜਿਵੇਂ ਗਲੀ ਪਿੰਡ ਦੇ ਕੇਂਦਰ ਵੱਲ ਜਾਂਦੀ, ਪਿੰਡ ਦੇ ਘਰ ਉੱਚੇ ਹੁੰਦੇ ਚਲੇ ਜਾਂਦੇ ਭਾਵ ਦੋ ਮੰਜ਼ਿਲਾਂ ਜਾਂ ਕਿਤੇ ਤਿੰਨ ਮੰਜ਼ਿਲਾਂ, ਇੰਜ ਗਲੀ ਹੋਰ ਭੀੜੀ ਹੋਰ ਵਲ ਵਲੇਵੇਂਦਾਰ, ਹੋਰ ਵਿੰਗੀ ਹੁੰਦੀ ਚਲੀ ਜਾਂਦੀ ਤੇ ਕਿਸੇ ਮੋੜ ਤੋਂ ਬਾਅਦ ਇਕ ਘਰ ਦੀ ਸਰਦਲ ਉੱਤੇ ਜਾ ਕੇ ਮੁੱਕ ਜਾਂਦੀ ਅਤੇ ਜਿਵੇਂ ਜਿਵੇਂ ਗਲੀ ਪਿੰਡ ਦੇ ਕੇਂਦਰ ਤੋਂ ਫਿਰਨੀ ਵੱਲ ਆਉਂਦੀ, ਗਲੀ ਨੀਵੀਂ, ਸਿੱਧੀ ਸਪਾਟ ਅਤੇ ਚੌੜੀ ਹੁੰਦੀ ਚਲੀ ਜਾਂਦੀ। ਗਲੀ ਦੇ ਕੇਂਦਰ ਤੋਂ ਉਚੀ ਭੀੜੀ ਤੇ ਵਲ ਵਲੇਵੇਂਦਾਰ ਹੋਣ ਕਰਕੇ, ਪਿੰਡਾਂ ਦੇ ਮੀਂਹ ਦੇ ਪਾਣੀ ਦਾ ਨਿਕਾਸ, ਨਾਲੀਆਂ ਦੇ ਪਾਣੀ ਦਾ ਨਿਕਾਸ, ਗਲੀ ਦੀ ਕੁਦਰਤੀ ਢਾਲਾਣ ਦੇ ਨਾਲ ਨਾਲ ਪਿੰਡ ਦੇ ਕੇਂਦਰ ਤੋਂ ਬਾਹਰ ਨੂੰ ਆਉਂਦਾ। ਇੰਜ ਬਰਸਾਤਾਂ ਦੇ ਦਿਨਾਂ ਵਿਚ ਪਿੰਡ ਦੀਆਂ ਗਲੀਆਂ ਦਰਿਆ ਦਾ ਬਿੰਬ ਬਣ ਉੱਠਦੀਆਂ। ਦਰਿਆ ਜੋ ਪਹਾੜਾਂ ਤੋਂ ਜਦੋਂ ਨਿਕਲਦਾ ਇਕ ਨਿੱਕੀ ਜਲਧਾਰਾ ਹੁੰਦਾ, ਫਿਰ ਜਿਵੇਂ ਢਾਲਾਣ ਤੋਂ ਥੱਲੇ ਆਉਂਦਾ ਇਸ ਵਿਚ ਕਈ ਜਲਧਾਰਾਵਾਂ, ਝਰਨੇ ਅਤੇ ਨਾਲੇ ਮਿਲਦੇ ਜਾਂਦੇ। ਮੈਦਾਨ ਤਕ ਆਉਂਦੇ ਆਉਂਦੇ ਦਰਿਆ ਦੇ ਪਾਟ ਦੀ ਚੌੜਾਈ ਵਧ ਜਾਂਦੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਡੂੰਘਾਈ ਘਟ ਜਾਂਦੀ, ਉਚੇ ਥਾਂ ਹਮੇਸ਼ਾ ਦਰਿਆ ਘਟ ਚੌੜੇ ਪਾਟ ਵਿਚ ਵਗਦਾ ; ਬਸ ਇਹੀ ਢਾਂਚਾ ਪਿੰਡਾਂ ਦੀਆਂ ਗਲੀਆਂ ਦਾ ਹੈ ਪਿੰਡ ਦੇ ਕੇਂਦਰੀ ਇਲਾਕੇ ਤੋਂ ਭੀੜੀ ਵਿੰਗੀ ਟੇਢੀ ਗਲੀ ਨਿਕਲਦੀ ਅਤੇ ਜਿਵੇਂ ਹੀ ਗਲੀ ਫਿਰਨੀ ਵਲ ਆਉਂਦੀ, ਉਹਦੇ ਵਿਚ ਹੋਰ ਕਈ ਗਲੀਆਂ ਮਿਲਦੀਆਂ ਚਲੀਆਂ ਜਾਂਦੀਆਂ ਤੇ ਫਿਰਨੀ ਤਕ ਆਉਂਦੇ ਆਉਂਦੇ ਗਲੀਆਂ ਚੌੜੀਆਂ ਅਤੇ ਸਿੱਧੀਆਂ ਹੁੰਦੀਆਂ ਚਲੀਆਂ ਜਾਂਦੀਆਂ ।

ਖੇਤੀ ਪ੍ਰਧਾਨ ਇਲਾਕਾ ਹੋਣ ਤੋਂ ਬਾਅਦ ਜਿਸ ਤੱਥ ਨੇ ਪੰਜਾਬ ਵਿਚ ਗਲੀਆਂ ਦੇ ਰੂਪ ਅਤੇ ਆਕਾਰ ਨੂੰ ਪ੍ਰਭਾਵਿਤ ਕੀਤਾ, ਉਹ ਹੈ ਪੰਜਾਬ ਦੀ ਭੂਗੋਲਿਕ ਸਥਿਤੀ । ਭਾਰਤੀ ਉਪ-ਮਹਾਂਦੀਪ ਦੇ ਧੁਰ ਦੱਖਣ ਪੱਛਮ ਵਿਚ ਸਥਿਤ ਹੋਣ ਕਰ ਕੇ ਪੰਜਾਬ ਵਿਚ ਗਲੀਆਂ ਦੇ ਰੂਪ ਅਤੇ ਆਕਾਰ ਨੂੰ ਇਥੋਂ ਦੇ ਅਤਿ ਠੰਡੇ ਅਤੇ ਅਤਿ ਗਰਮ ਮੌਸਮ ਨੇ ਪ੍ਰਭਾਵਿਤ ਕੀਤਾ । ਦੂਸਰਾ, ਭੂਗੋਲਿਕ ਸਥਿਤੀ ਕਰਕੇ ਪੰਜਾਬ ਦੀਆਂ ਗਲੀਆਂ ਨੂੰ ਹਰ ਧਾੜਵੀ ਅਤੇ ਬਦੇਸ਼ੀ ਹਮਲਾਵਰ ਦੇ ਗੁੱਸੇ ਦੀ ਅੱਗ ਦਾ ਸੇਕ ਲੱਗਿਆ ਹੈ । ਜੇਕਰ ਗੱਲ ਸਿੰਧ ਘਾਟੀ ਦੀ ਸਭਿਅਤਾ ਵੇਲੇ ਤੋਂ ਕੀਤੀ ਜਾਵੇ ਤਾਂ ਮੋਹਨਜੋਦੜੋ ਦੇ ਨਗਰ ਵਿਚ ਚੌੜੀਆਂ ਗਲੀਆਂ, ਉਤਰ ਤੋਂ ਦੱਖਣ ਦਿਸ਼ਾ ਵਿਚ, ਵਿਉਂਤੀਆਂ ਗਈਆਂ ਸਨ ਅਤੇ ਛੋਟੀਆਂ ਘੱਟ ਚੌੜੀਆਂ ਜਾਂ ਭੀੜੀਆਂ ਗਲੀਆਂ, ਪੂਰਬ ਤੋਂ ਪੱਛਮ ਦਿਸ਼ਾ ਵਿਚ ।[5] ਭਾਵ ਉਸ ਵੇਲੇ ਵੀ ਸੂਰਜ ਦੀ ਗਰਮੀ ਅਤੇ ਸੀਤ ਲਹਿਰਾਂ ਦੇ ਪ੍ਰਭਾਵ ਕਰਕੇ ਪੂਰਬ ਪੱਛਮ ਦਿਸ਼ਾਂ ਦੀਆਂ ਗਲੀਆਂ ਘਟ ਚੌੜੀਆਂ ਰਖੀਆਂ ਜਾਂਦੀਆਂ ਸਨ । ਮੁਖ ਗਲੀਆਂ ਨੂੰ ਉਤਰ ਦੱਖਣ ਤੇ ਪੂਰਬ ਪੱਛਮ ਦਿਸ਼ਾਵਾਂ ਵਿਚ ਵਿਉਂਤ ਕੇ ਵੈਦਿਕ ਅਤੇ ਪੁਰਾਣਿਕ ਫ਼ਲਸਫ਼ੇ ਅਧੀਨ "ਚਾਰ ਮੁਖ ਨੁੱਕਰਾਂ ਦੀ ਸੇਧ ਵਿਚ ਗਲੀਆਂ ਦਾ ਜਾਲ ਫ਼ੈਲਾਉਣਾ ਦਰਅਸਲ ਸਵੱਰਗ ਦੀਆਂ ਚਾਰ ਨੁੱਕਰਾਂ ਨਾਲ ਮਿਲਾਉਣ ਦਾ ਬਿੰਬ ਸੀ ।"[6] ਗਲੀਆਂ ਨੂੰ ਖਾਸ ਦਿਸ਼ਾ ਪ੍ਰਣਾਲੀ ਅਨੁਸਾਰ ਵਿਉਂਤਣ ਬਾਰੇ ਸਾਰੇ ਸਿਮਰਤੀ ਸ਼ਾਸਤਰਾਂ ਵਿਚ ਅਤੇ ਖਾਸ ਕਰਕੇ ਵਿਸ਼ਨੂੰ ਸੰਹਿਤਾਂ 23ਵੇਂ ਅਧਿਯਾਏ ਮੁਤਾਬਿਕ "ਗਲੀ ਦੀ ਪਵਿੱਤਰਤਾ ਹਵਾ ਅਤੇ ਚੰਨ ਸੂਰਜ ਦੀ ਰੋਸ਼ਨੀ ਕਰਕੇ ਹੈ ।"[7] ਉਪਰੋਕਤ ਤਿੰਨਾਂ ਤੱਥਾਂ ਦੀ ਰੋਸ਼ਨੀ ਵਿਚ ਅਤਿ ਦੇ ਮੌਸਮ ਤੋਂ ਬਚਾਅ ਲਈ ਅਤੇ ਵਸਨੀਕਾਂ ਨੂੰ ਰਾਹਤ ਦੇਣ ਲਈ ਨਾ ਸਿਰਫ ਗਲੀ ਦੀ ਦਿਸ਼ਾ ਪ੍ਰਣਾਲੀ ਬਾਰੇ ਵਿਉਂਤਬੰਦੀ ਵਿਚ ਸੁਚੇਤ ਖਿਆਲ ਕੀਤਾ ਜਾਂਦਾ ; ਸਗੋਂ ਇਹ ਵਿਚਾਰ ਕੇ ਪੂਰਬ ਪੱਛਮ ਦੀ ਗਲੀ ਦੀ ਜੇ ਚੌੜਾਈ ਘਟ ਹੋਵੇ ਤਾਂ ਸਾਰਾ ਦਿਨ ਸੂਰਜ ਅਜਿਹੀਂ ਗਲੀ ਉੱਤੇ ਚਮਕੇਗਾ, ਇਸ ਲਈ ਘਟ ਚੌੜੀ ਗਲੀ ਤੇ ਚਮਕਣ ਕਰਕੇ ਤਪਸ਼ ਘਟ ਹੋਵੇਗੀ ਅਤੇ ਇਮਾਰਤਾਂ ਦਾ ਪ੍ਰਛਾਵਾਂ ਘੱਟ ਚੌੜੀ ਗਲੀ ਨੂੰ ਹੋਰ ਠੰਢਾ ਰੱਖਣ ਵਿਚ ਸਹਾਈ ਹੋਵੇਗਾ ।

ਪਿੰਡਾਂ ਦੇ ਰੂਪ, ਆਕਾਰ ਅਤੇ ਵਿਉਂਤਬੰਦੀ ਬਾਰੇ ਜਿੰਨਾ ਵੀ ਹਿੰਦੂ ਧਰਮ ਸ਼ਾਸਤਰਾਂ ਤੋਂ ਪ੍ਰਭਾਵਿਤ ਸਾਹਿਤ ਮਿਲਦਾ ਹੈ ਉਸ ਦੇ ਸਾਰੇ ਦੇ ਸਾਰੇ ਵਿਦਵਾਨ, ਭਾਵੇਂ ਉਹ ਮਾਨਸਾਰ ਹੈ, ਭਾਵੇਂ ਮਾਯਾਮੁਨੀ, ਭਾਵੇਂ ਮਯਮਤ, ਮਯਮਤ ਉਹ ਪਿੰਡ ਦੀ ਵਿਉਂਤ ਅਤੇ ਰੂਪ ਆਕਾਰ ਬਾਰੇ ਜੋ ਮਾਡਲ ਸੰਸਕ੍ਰਿਤ ਦੇ ਸਲੋਕਾਂ ਵਿਚ ਬਿਆਨ ਕਰਦੇ ਹਨ, ਉਹਨਾਂ ਸਾਰੇ ਮਾਡਲਾਂ ਵਿਚ ਪਿੰਡ ਦੀਆਂ ਗਲੀਆਂ ਸਿੱਧੀਆਂ ਅਤੇ ਇਕ ਦੂਸਰੇ ਨੂੰ ਸਮਕੋਣ ਉੱਤੇ ਕੱਟਦੀਆਂ ਹਨ ।[8] ਇਹਨਾਂ ਮਾਡਲਾਂ ਨੂੰ ਸਾਹਵੇਂ ਰੱਖ ਕੇ ਕਈ ਥਾਵਾਂ ਤੇ ਪਿੰਡਾਂ ਦੀ ਵਿਉਂਤਬੰਦੀ ਹੋਈ, ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਲਾਕੇ ਵਿਸ਼ੇਸ਼ ਵਿਚ ਧਰਾਤਲ ਤੇ ਮਿਲਦੇ ਹੋਏ ਟਿੱਬਿਆਂ ਕਰਕੇ ਗਲੀਆਂ ਸਿੱਧੀਆਂ ਅਤੇ ਸਪਾਟ ਨਾ ਰਹਿ ਕੇ ਵਿੰਗੀਆਂ ਟੇਢੀਆਂ ਵਲ ਵਲੇਵੇਂਦਾਰ ਬਣਦੀਆਂ ਗਈਆਂ। ਇਹ ਵਲ ਵਲੇਵੇਂਦਾਰ ਗਲੀਆਂ ਕਿਸੇ ਇਲਾਕੇ ਦੇ ਟੋਏ ਟਿੱਬਿਆਂ ਨੂੰ ਵਿਉਂਤਬੰਦੀ ਵਿਚ ਤਾਂ ਅਪਣਾਉਂਦੀਆਂ ਹੀ ਹਨ, ਪਰ ਨਾਲ ਹੀ ਇਨ੍ਹਾਂ ਦੇ ਵਲੇਵੇਂ ਅਤੇ ਭੀੜੀਆਂ ਹੋਣ ਕਰਕੇ, ਇਹ ਗਰਮੀਆਂ ਵਿਚ ਅਤਿ ਦੀ ਲੂ ਅਤੇ ਸਰਦੀਆਂ ਵਿਚ ਸੀਤ ਪੌਣਾਂ ਦੇ ਕਹਿਰ ਨੂੰ ਵੀ ਕਾਫ਼ੀ ਹੱਦ ਤੱਕ ਘਟਾਉਂਦੀਆਂ ਹਨ। ਇਕ ਅੰਦਾਜ਼ੇ ਮੁਤਾਬਿਕ ਪੰਜਾਬ ਦੇ ਰਿਵਾਇਤੀ ਪਿੰਡਾਂ ਵਿਚ ਜਿੱਥੇ ਭੀੜੀਆਂ ਤੰਗ ਤੇ ਵਲ ਖਾਂਦੀਆਂ ਗਲੀਆਂ ਹਨ, ਅਜਿਹੇ ਪਿੰਡਾਂ ਦੇ ਕੇਂਦਰ ਵਿਚ ਗਰਮੀਆਂ ਵਿਚ ਤਾਪਮਾਨ, ਕਿਸੇ ਖੁਲ੍ਹੀਆਂ ਸਪਾਟ ਸਿੱਧੀਆਂ ਸੜਕਾਂ ਵਾਲੇ ਸ਼ਹਿਰ ਦੇ ਕੇਂਦਰੀ ਇਲਾਕੇ ਨਾਲੋਂ ਚਾਰ ਤੋਂ ਪੰਜ ਡਿਗਰੀ ਸੈਲਸੀਅਸ ਠੰਢਾ ਹੁੰਦਾ ਹੈ।[9] ਗਲੀ ਵਿਚ ਬਾਰ ਬਾਰ ਮੋੜ ਆਉਣ ਕਾਰਣ ਲੂ ਦਾ ਪ੍ਰਭਾਵ ਘਟ ਜਾਂਦਾ। ਬਾਰ ਬਾਰ ਮੋੜ ਆਉਣ ਪ੍ਰੱਤੇ ਗਲੀ ਦੇ ਕਾਫ਼ੀ ਹਿੱਸੇ ਉੱਤੇ ਇਮਾਰਤਾਂ ਦਾ ਜਾਂ ਪਿੰਡ ਦੇ ਦਰੱਖਤਾਂ ਦਾ ਪ੍ਰਛਾਵਾਂ ਪੈਂਦਾ, ਜਿਸ ਕਰਕੇ ਸੂਰਜ ਦੀਆਂ ਕਿਰਨਾਂ ਸਿੱਧਾ ਗਲੀ ਨੂੰ ਸਪਰਸ਼ ਨਾ ਕਰ ਸਕਦੀਆਂ, ਅਤਿ ਦੀ ਗਰਮੀ/ਲੂ ਤੋਂ ਬਚਣ ਲਈ ਪੰਜਾਬੀ ਵੱਡੇ ਵਡੇਰਿਆਂ ਨੇ ਗਲੀ ਵਲ ਖੁਲ੍ਹਦੇ ਬੂਹੇ ਅਤੇ ਬਾਰੀਆ ਦੀ ਗਿਣਤੀ ਅਤੇ ਆਕਾਰ ਨੂੰ ਬੜਾ ਸੀਮਤ ਕਰ ਲਿਆ। ਪੰਜਾਬ ਦੇ ਪਿੰਡਾਂ ਨੂੰ ਆਮ ਵੇਖਣ ਵਿਚ ਆਇਆ ਹੈ ਕਿ ਗਲੀ ਵਾਲੇ ਪਾਸੇ ਕੰਧ ਹੁੰਦੀ ਅਤੇ ਸਿਰਫ਼ ਇਕੋ ਬੂਹਾ ਹੁੰਦਾ। ਹਾਲਾਂ ਕਿ ਪਿਛਲੇ ਤੀਹ ਕੁ ਸਾਲਾਂ ਤੋਂ ਹੁਣ ਹਾਲਾਤ ਬਦਲ ਰਹੇ ਹਨ। ਗਲੀ ਵਾਲੇ ਪਾਸੇ ਹੁਣ ਵੱਡੀ ਤਿੰਨ ਦਰੀ ਬਾਰੀ ਅਤੇ ਬਾਰੀ ਦੇ ਉੱਤੇ ਰੋਸ਼ਨਦਾਨ ਰੱਖਣ ਦਾ ਰੁਝਾਨ ਵੱਧ ਰਿਹਾ ਹੈ। ਪਰ ਸਦੀਆਂ ਦੀਆਂ ਸਦੀਆਂ ਘਟੋ ਘਟ ਅੱਖਾਂ ਦੀ ਉਚਾਈ ਤੱਕ ਗਲੀ ਵਾਲੇ ਪਾਸੇ ਕੰਧ ਹੁੰਦੀ ਅਤੇ ਇਕੋ ਬੂਹੇ ਰਾਹੀਂ ਘਰ ਨੂੰ ਪਹੁੰਚ ਰਸਤਾ ਛੱਡਿਆ ਜਾਂਦਾ, ਇਹ ਵੱਖਰੀ ਗੱਲ ਹੈ[10] ਕਿ ਜਿਥੇ ਘਰ ਅਤੇ ਹਵੇਲੀ ਇਕਮਿਕ ਹੁੰਦੇ, ਇਹ ਪਹੁੰਚ ਰਸਤਾ ਗੱਡੇ/ਊਠਾਂ ਆਦਿ ਦੀ ਪਹੁੰਚ ਲਈ ਨਾ ਸਿਰਫ ਉੱਚੇ ਬੂਹੇ ਵਾਲਾ ਹੁੰਦਾ ਸਗੋਂ ਇਹ ਬੂਹਾ ਚੌੜਾ ਵੀ ਕਾਫ਼ੀ ਹੁੰਦਾ। **ਗਲੀ ਨਾਲ ਲਗਦੇ ਉਹ ਘਰ ਜੋ ਖਾਂਦੇ ਪੀਂਦੇ ਹੁੰਦੇ ਉਹ ਆਪਣੇ ਰੁਤਬੇ ਅਤੇ ਸ਼ਾਨੋ ਸ਼ੌਕਤ ਮੁਤਾਬਿਕ ਗਲੀ ਨਾਲ ਲਗਦੇ ਕਮਰਿਆਂ ਉਪਰ ਚੁਬਾਰੇ ਛੱਤ ਲੈਂਦੇ। ਵਿੰਗੀ ਟੇਹਡੀ ਵਲੇਵੇਂਦਾਰ ਗਲੀ ਵਿਚ ਥਲੇ ਕਿਉਂਕਿ ਹਵਾ ਦੀ ਰਫ਼ਤਾਰ ਘੱਟ ਹੁੰਦੀ, ਇਸ ਲਈ ਅਜਿਹੀ ਗਲੀ ਵਿਚ ਜੋ ਚੁਬਾਰੇ, ਅਟਾਰੀਆਂ, ਮਮਟੀਆਂ ਆਦਿ ਛੱਤੇ ਜਾਂਦੇ ਉਤਲੀ ਮੰਜ਼ਿਲ ਉਤੇ ਹਵਾ ਲੈਣ ਲਈ, ਇਹਨਾਂ ਚੁਬਾਰਿਆਂ, ਅਟਾਰੀਆਂ ਅਤੇ ਮਮਟੀਆਂ ਵਿਚ ਗਲੀ ਵਾਲੇ ਪਾਸੇ ਵਧਾ ਕੇ ਛੱਜੇ, ਝਰੋਖੇ, ਬੁਖ਼ਾਰਚੇ ਆਦਿ ਰਖੇ ਜਾਂਦੇ। ਜਿਵੇਂ ਤੇਲ ਵਾਲੀ ਕੁੱਪੀ ਬੋਤਲ ਵਿਚ ਤੇਲ ਸੁੱਟਦੀ ਹੈ, ਇਹ ਝਰੋਖੇ, ਬੁਖਾਰਚੇ, ਛੱਜੇ ਆਦਿ ਘਰ ਚੁਬਾਰੇ ਮਮਟੀਆਂ ਵਿਚ ਹਵਾ ਸੁੱਟਣ ਵਜੋਂ ਕੰਮ ਦਿੰਦੇ।** ਇਹਨਾਂ ਛੱਜੇ, ਬੁਖਾਰਚਿਆਂ, ਝਰੋਖਿਆਂ ਦੇ ਨਾਲ ਜਿੱਥੇ ਜਿੱਥੇ ਗਲੀ ਦੇ ਨਾਲ ਨਾਲ ਚੁਬਾਰੇ, ਮਮਟੀਆਂ, ਅਟਾਰੀਆਂ, ਛੱਤੀਆਂ ਜਾਂਦੀਆ ਉਥੇ ਉਥੇ ਗਲੀ ਦਾ ਰੂਪ ਅਤੇ ਆਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਲਕੁਲ ਬੱਦਲ ਜਾਂਦਾ । ਗਲੀ ਦੇ ਨਾਲ ਨਾਲ ਇਮਾਰਤਾਂ ਦੀ ਪਾਲ ਉੱਚੀ ਹੋ ਜਾਂਦੀ । ਝਰੋਖੇ, ਬੁਖਾਰਚੇ ਦ੍ਰਿਸ਼ ਨੂੰ ਫੋਟੋ ਦੇ ਚੌਖਟੇ ਵਾਂਗ ਮੜ੍ ਲੈਂਦੇ, ਫਿਰ ਝਰੋਖੇ, ਜਾਲੀਆਂ, ਜੰਗਲਿਆਂ ਆਦਿ ਦੀ ਸਜਾਵਟ ਵਿਚ ਲਕੜੀ ਦੇ ਕੰਮ ਦਾ ਹੁਨਰ, ਸ਼ੀਸ਼ੇ ਗੱਚ ਟੁਕੜੀ ਆਦਿ ਦੀ ਜੜ੍ਹਤ ਹੁੰਦੀ, ਰੰਗਾਂ ਦਾ ਰਚਨਾ ਸੰਸਾਰ ਹੁੰਦਾ । ਪੱਥਰ ਘੜ ਕੇ ਲਾਇਆ ਜਾਂਦਾ । **ਗਲੀ ਦੀ ਨੁਹਾਰ ਬਦਲ ਜਾਂਦੀ । ਗਲੀ ਓ ਗਲੀ ਤੁਰੇ ਜਾਂਦੇ ਗਭਰੂ ਦਾ ਧਿਆਨ ਆਪ ਮੁਹਾਰੇ ਚੁਬਾਰੇ 'ਚ ਖੜੀ, ਝਰੋਖੇ ਦੀਆਂ ਮੇਹਰਾਬਾਂ ਦੇ ਚੌਖਟੇ ਵਿਚ ਕਿਸੇ ਮੂਰਤ ਦੀ ਤਰ੍ਹਾਂ ਜੜ੍ਹੀ, ਕਿਸੇ ਮੁਟਿਆਰ ਦੇ ਮੋਢਿਆਂ ਤੋਂ ਉਡਦੇ ਡੋਰੀਏ ਵਾਲੇ ਦੁਪੱਟੇ ਤੇ ਜਾ ਪੈਂਦਾ ਤੇ ਉਹ ਆਪ ਮੁਹਾਰੇ ਕਹਿ ਉਠਦਾ :**

ਸੁਣ ਡੋਰੀਆ ਜਲੇਬ ਫੜਾਵਾਂ
ਉਤਲੇ ਚੁਬਾਰੇ ਵਾਲੀਏ ।

ਗਲੀ ਦਾ ਜੋ ਦ੍ਰਿਸ਼ ਸ਼ਿੰਗਾਰਿਆ ਜਾਂਦਾ, ਇਹਦੇ ਬਾਰੇ ਵਿਸਤਾਰ ਨਾਲ ਅਗਲੇ ਭਾਗਾਂ ਵਿਚ ਵਿਸ਼ਲੇਸ਼ਣ ਕੀਤਾ ਜਾਇਗਾ । ਰੂਪ ਅਤੇ ਆਕਾਰ ਪੱਖੋਂ ਵਿੰਗੀ-ਭੀੜੀ ਗਲੀ ਵਿਚ ਠੰਡ ਵੀ ਹੁੰਦੀ, ਸ਼ਿੰਗਾਰ ਦੇ ਤੱਤ ਵੀ ਤੇ ਧੂਣੀ ਵਾਂਗ ਧੁਖਦਾ ਰੁਮਾਂਸ ਵੀ ।

ਪੰਜਾਬ ਦੀ ਸਥਿਤੀ ਕਰਕੇ, ਗਲੀ ਦੇ ਰੂਪ ਅਤੇ ਆਕਾਰ ਨੂੰ ਧਾੜਵੀਆਂ ਅਤੇ ਹਮਲਾਵਰਾਂ ਦੇ ਕਰੋਧ ਦੇ ਸੇਕ ਤੋਂ ਬਚਾਉਣ ਲਈ ਵੀ ਪੀੜ੍ਹੀ ਦਰ ਪੀੜ੍ਹੀ ਉਪਰਾਲੇ ਹੋਏ ਹਨ । ਪੌਰਾਣਿਕ ਸਾਹਿਤ ਮੁਤਾਬਿਕ ਪਿੰਡ ਦੀਆਂ ਮੁੱਖ ਗਲੀਆਂ ਦੇ ਸਿਰੇ ਉੱਤੇ ਪਿੰਡ ਦਾ ਗੇਟ ਹੁੰਦਾ ਹੈ ।[11] ਮਾਲਵੇ ਦੇ ਪਿੰਡਾਂ ਵਿਚ ਜਿਥੇ ਵੱਡੇ ਪਿੰਡ, ਖੇਤੀਬਾੜੀ ਦੀ ਆਨਾਜ ਜਾਂ ਕਪਾਹ ਮੰਡੀ ਵਿਚ ਤਬਦੀਲ ਹੋ ਗਏ, ਇਹੋ ਜਿਹੇ ਕਈ ਪਿੰਡਾਂ ਜਿਵੇਂ ਲੱਖੇਵਾਲੀ, ਮਲੋਟ ਆਦਿ, ਹਰਿਆਣੇ ਵਿਚ ਤਰਾਵੜੀ (ਇਤਿਹਾਸਕ ਪ੍ਰਿਥਵੀ ਰਾਜ ਚੌਹਾਨ ਦੀਆਂ ਲੜਾਈਆਂ ਨਾਲ ਸੰਬੰਧਿਤ) ਆਦਿ ਪਿੰਡਾਂ ਦੀਆਂ ਮੁਖ ਗਲੀਆਂ ਦੇ ਸਿਰੇ ਉਤੇ ਵੱਡੇ ਗੇਟ ਹੁੰਦੇ । ਪੌਰਾਣਿਕ ਸਾਹਿਤ ਵਿਚ ਸੁਰੱਖਿਆ ਨਿਯਮਾਂ ਅਧੀਨ ਸੰਕੇਤ ਮਿਲਦੇ ਹਨ ਕਿ ਪਿੰਡਾਂ ਦੀ ਫਿਰਨੀ ਦੇ ਨਾਲ ਨਾਲ ਮੁਖ ਗਲੀ ਘੁੰਮਦੀ, ਇਸ ਗਲੀ ਦੇ ਅੰਦਰਲੇ ਪਾਸੇ ਘਰ ਖੁਲ੍ਹਦੇ, ਇਹਨਾਂ ਘਰਾਂ ਦੇ ਪਿਛਵਾੜੇ ਦੀਆਂ ਕੰਧਾਂ ਬਾਹਰਲੇ ਪਾਸੇ ਤੋਂ ਕਿਲ੍ਹੇ ਦੀ ਦੀਵਾਰ ਦਾ ਕੰਮ ਦਿੰਦੀਆਂ । ਇਥੇ ਹੀ ਬਸ ਨਹੀਂ ਸੁਰੱਖਿਆ ਨਿਯਮਾਂ ਅਧੀਨ ਪਿੰਡਾਂ ਦੇ ਬਾਹਰ ਵਾਰ ਇਕ ਡੂੰਘੀ ਖਾਈ, ਪਿੰਡ ਦੀ ਫਿਰਨੀ ਦੇ ਸਮਾਨੰਤਰ ਪੁੱਟੀ ਜਾਂਦੀ ਤੇ ਇਸ ਖਾਈ ਵਿਚ ਹਰ ਵੇਲੇ ਪਾਣੀ ਭਰਿਆ ਰਹਿੰਦਾ ।[12] ਚੱਕ ਰਾਮਦਾਸ ਪੁਰ ਦੇ ਬਾਹਰ ਵਾਰ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਿਲ੍ਹਾਨੁਮਾ ਦੀਵਾਰ ਬਣਾਈ ਤਾਂ ਇਹੋ ਜਿਹੀ ਖਾਈ ਵੀ ਪੁਟਾਈ ਜੋ ਸੁਰੱਖਿਆ ਨਿਯਮਾਂ ਅਨੁਸਾਰ ਧਾੜਵੀ ਦੇ ਹਮਲੇ ਨੂੰ ਨਿਸਫ਼ਲ ਕਰਨ ਵਿਚ ਯੋਗਦਾਨ ਪਾਉਂਦੀ । ਛੋਟੇ ਪਿੰਡਾਂ ਜਾਂ ਕਸਬਿਆਂ ਦੇ ਚਾਰ ਚੁਫੇਰੇ ਅੱਜ ਦੇ ਸੰਦਰਭ ਵਿਚ ਅਜਿਹੀ ਖਾਈ ਬਹੁਤ ਘਟ ਵੇਖਣ ਵਿਚ ਆਉਂਦੀ ਹੈ । ਆਜ਼ਾਦੀ ਤੋਂ ਬਾਅਦ ਪਿੰਡ, ਸੁਰੱਖਿਆ ਲਈ ਉਸਾਰੀ ਦੀਵਾਰ ਨੂੰ ਉਲਾਂਘ ਕੇ, ਨਿਆਈਂ ਪੈਲੀਆਂ ਵਿਚ ਪਸਰ ਗਿਆ ਹੈ ।

ਸੁਰਖਿਆ ਪੱਖੋਂ ਵਿੰਗੀਆਂ ਪੇਚਦਾਰ ਗਲੀਆਂ ਦਾ ਜਾਲ ਅਜਨਬੀ ਹਮਲਾਵਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਭੁੱਲ ਭੁਲੱਈਆਂ ਦਾ ਕੰਮ ਦਿੰਦਾ। ਇਹ ਗਲੀ ਚਲੀ ਜਾਂਦੀ ਅਚਾਨਕ ਵੱਡੇ ਚੌਕ ਵਿਚ ਖੁਲ੍ਹ ਜਾਂਦੀ, ਅਚਾਨਕ ਇਕ ਮੋੜ ਤੋਂ ਬ'ਅਦ ਇਕ ਸਰਦਲ ਉਤੇ ਮੁੱਕ ਜਾਂਦੀ। ਸੁਰੱਖਿਆ ਦੇ ਪਖੋਂ ਕਈ ਵੱਡੇ ਪਿੰਡਾਂ ਵਿਚ ਛੋਟੀ ਗਲੀ ਜਦੋਂ ਮੁਖ ਗਲੀ ਵਿਚ ਆ ਕੇ ਮਿਲਦੀ ਤਾਂ ਰੂਪ ਆਕਾਰ ਪਖੋਂ ਇਸ ਮੇਲ ਵਾਲੇ ਚੌਂਕ ਵਿਚ ਕੋਈ ਧਾਰਮਿਕ ਇਮਾਰਤਾਂ, ਖੂਹ ਜਾਂ ਛਾਂ-ਦਾਰ ਦਰਖਤ ਹੁੰਦਾ। ਪਰ ਛੋਟੀ ਗਲੀ ਦੇ ਸ਼ੁਰੂ ਹੋਣ ਵਾਲੇ ਬਿੰਦੂ ਉਤੇ ਕਈ ਬਸਤੀਆਂ ਵਿਕ ਵੱਡੇ ਗੇਟਨੁਮਾ ਬੂਹੇ ਹੁੰਦੇ। ਕਈ ਥਾਵਾਂ ਉਤੇ ਗੇਟ ਡਿਉਢੀ ਦੇ ਗੇਟ ਵਾਂਗ ਦੂਹਰਾ ਹੁੰਦਾ। ਅਜਿਹੇ ਥਾਵਾਂ ਉਤੇ ਗਲੀ ਉਤੋਂ ਛੱਤੀ ਜਾਂਦੀ। ਛੱਤੀ ਗਲੀ ਪਿੰਡਾਂ ਵਿਚ ਉਥੇ ਵੀ ਹੁੰਦੀ ਜਿਥੇ ਇਕੋ ਜ਼ਾਤ ਜਾਂ ਕਿੱਤੇ ਦੇ ਲੋਕ ਗਲੀ ਦੇ ਦੋਹੀਂ ਪਾਸੀਂ ਵਸੇ ਹੁੰਦੇ। ਇਕੋ ਛੋਟੀ ਗਲੀ ਕਈ ਕਈ ਘਰਾਂ ਲਈ ਪਹੁੰਚ ਹੁੰਦੀ ਅਤੇ ਇਹਦਾ ਸਿਰਾ ਅਗੋਂ ਦੂਜੇ ਪਾਸੇ ਨਾ ਨਿਕਲ ਕੇ ਘਰਾਂ ਵਿਚ ਹੀ ਲੀਨ ਹੋ ਜਾਂਦਾ। ਇਸ ਤਰ੍ਹਾਂ ਦੀ ਹਰ ਛੋਟੀ ਗਲੀ ਜਿਸ ਦਾ ਮੁਖ ਗਲੀ ਵਾਲੇ ਮਿਲਾਪ ਥਾਂ ਉਤੇ ਗੇਟ ਬੰਦ ਕਰ ਲਿਆ ਜਾਂਦਾ, ਕਿਸੇ ਵੀ ਹਮਲੇ ਜਾਂ ਤ੍ਰਾਸਦੀ ਸਮੇਂ ਤਾਂ ਇਕ ਨਿੱਕੇ ਕਿਲ੍ਹੇ ਦਾ ਰੂਪ ਧਾਰ ਜਾਂਦੀ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਗਭਗ ਹਰ ਕਟੜੇ ਦੀ ਵਿਉਂਤਬੰਦੀ ਪਿਛੇ ਗਲੀ ਦਾ ਮੁੱਖ ਗੇਟ ਬੰਦ ਕਰਕੇ ਕਟੜੇ ਨੂੰ ਇਕ ਨਿੱਕੇ ਕਿਲ੍ਹੇ ਵਿਚ ਤਬਦੀਲ ਕਰਨ ਦਾ ਸੰਕਲਪ ਰਿਹਾ ਹੈ।

ਮਨੁੱਖੀ ਆਬਾਦੀਆਂ, ਪਿੰਡਾਂ, ਮੁਹੱਲਿਆਂ ਦੀ ਵਿਉਂਤਬੰਦੀ ਦੇ ਇਤਿਹਾਸ ਵਿਚ ਸੁਰੱਖਿਆ ਇਕ ਅਹਿਮ ਸੋਚ ਰਹੀ ਹੈ। ਹਜ਼ਾਰਾਂ ਸਾਲ ਪਹਿਲਾਂ ਕੈਟਲ ਹਯੁਵਕ ਵਿਚ ਇਸ ਤਰ੍ਹਾਂ ਦੇ ਮੁਹੱਲੇ ਉਸਾਰੇ ਜਾਂਦੇ ਸਨ ਜਿਨ੍ਹਾਂ ਵਿਚ ਕੋਈ ਗਲੀ ਨਹੀਂ ਸੀ ਹੁੰਦੀ। ਸਾਰੇ ਘਰਾਂ ਦਾ ਪਿਛਵਾੜਾ ਇਕ ਦੂਜੇ ਨਾਲ ਜੁੜਿਆ ਹੁੰਦਾ ਅਤੇ ਨੇੜੇ ਦੀਆਂ ਪੈਲੀਆਂ 'ਚੋਂ ਆਉਂਦੇ ਰਸਤੇ ਡੰਡੀਆਂ ਦਾ ਪਿੰਡ ਦੇ ਘਰਾਂ ਦੀਆਂ ਕੰਧਾਂ, ਰਾਹ ਰੋਕ ਕੇ ਖਲੋ ਜਾਂਦੀਆਂ। ਇਹੋ ਜਿਹੇ ਪਿੰਡ ਵਿਚ ਘਰਾਂ ਨੂੰ ਪਹੁੰਚ ਆਰਜ਼ੀ ਪੌੜੀਆਂ ਰਾਹੀਂ ਹੁੰਦੀ।[13] ਆਰਜ਼ੀ ਪੌੜੀ ਛੱਤ ਤੋਂ ਬਾਹਰ ਖੇਤਾਂ ਵਾਲੇ ਪਾਸੇ ਲਮਕਾ ਕੇ ਅੰਦਰ ਬਾਹਰ ਆਇਆ ਜਾਇਆ ਜਾਂਦਾ। ਪੌੜੀ ਤੋਂ ਛੱਤ ਉਤੇ ਪੁੱਜਣ ਤੇ ਇਹ ਆਰਜ਼ੀ ਪੌੜੀ ਛੱਤ ਤੋਂ ਖਿੱਚ ਕੇ ਅੰਦਰ ਘਰ ਦੇ ਵਿਹੜੇ ਵਿਚ ਲਮਕਾ ਲਈ ਜਾਂਦੀ। ਇਹ ਸੁਰੱਖਿਆ ਅਤੇ ਸਿਰਫ਼ ਸੁਰੱਖਿਆ ਲਈ ਹੀ ਕੀਤਾ ਜਾਂਦਾ ਕਿ ਪਿੰਡ ਵਿਚ ਗਲੀ ਨਾ ਰਖ ਕੇ ਹਰ ਘਰ ਦੀ ਆਰਜ਼ੀ ਪੌੜੀ ਹੁੰਦੀ।

ਇਤਿਹਾਸਕ ਸਰਵੇਖਣ ਤੋਂ ਇਹ ਤਾਂ ਨਹੀਂ ਲੱਗਦਾ ਕਿ ਪੰਜਾਬ ਦੇ ਪਿੰਡਾਂ ਵਿਚ ਕਦੀ ਉੱਪਰ ਦਸੀਆਂ ਗਲੀਆਂ ਦੀ ਹੋਂਦ ਰਹੀ ਹੋਏਗੀ। ਪਰ ਇਸ ਸੋਚ ਦਾ ਪ੍ਰਭਾਵ ਜ਼ਰੂਰ ਲੱਗਦਾ ਹੈ। ਜੇਕਰ ਅੱਜ ਤੋਂ ਸਿਰਫ਼ ਤੀਹ ਸਾਲ ਪਹਿਲਾਂ ਦਾ ਪੰਜਾਬ ਕਿਆਸ ਕੀਤਾ ਜਾਏ ਤਾਂ ਇਹ ਗੱਲ ਸੁਭਾਵਿਕ ਹੀ ਕਿਆਸੀ ਜਾ ਸਕਦੀ ਹੈ ਕਿ ਸਦੀਆਂ ਤੋਂ ਨੂੰਹਾਂ ਧੀਆਂ ਦਾ ਗਲੀਆਂ ਵਿਚ ਫਿਰਨਾ ਸੁਰੱਖਿਆ ਪੱਖੋਂ ਠੀਕ ਨਹੀਂ ਸੀ ਸਮਝਿਆ ਜਾਂਦਾ। ਸੁਰੱਖਿਆ ਪੱਖੋਂ ਇਕ ਦੂਸਰੇ ਨਾਲ ਪਿੰਡਾਂ ਦੇ ਘਰ ਜਿਵੇਂ ਡਰ ਕੇ ਜੁੜ ਜਾਂਦੇ, ਇੰਜ ਦੀ ਵਿਉਂਤਬੰਦੀ ਸੀ ਤੇ ਇਹੋ ਜਿਹੇ ਪਿੰਡਾਂ ਵਿਚ ਨੂੰਹਾਂ ਧੀਆਂ ਆਪਣੇ ਘਰ ਦੀ ਛੱਤ ਤੇ ਆ ਕੇ ਘਰ ਦੀਆਂ ਛੱਤਾਂ ਬਨੇਰੇ ਪਾਰ ਕਰਕੇ ਤ੍ਰਿੰਞਣਾਂ ਲਈ ਇਕ ਦੂਜੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਆਉਂਦੀਆਂ, ਜੰਝ ਮਿਲਣੀ ਵੇਖਣ ਕੋਠਿਓ ਕੋਠੇ ਫਿਰਦੀਆਂ ਅਤੇ ਇਕ ਦੂਜੀ ਕੋਲੋਂ ਸਿਲਾਈ-ਕਢਾਈ ਚੁਲ੍ਹੇ ਚੌਂਕੇ ਦੇ ਸ਼ਿੰਗਾਰ ਬਾਰੇ, ਦਾਜ ਵਿਚ ਰੱਖਣ ਲਈ ਫੁਲਕਾਰੀਆਂ/ਬਾਗਾਂ ਦੇ ਨਮੂਨੇ ਸਿਖਦੀਆਂ। ਇਹੋ ਜਿਹੇ ਮਾਹੌਲ ਵਿਚ ਮੁਟਿਆਰਾਂ ਦੀ ਪਿੰਡ ਦੇ ਨੇੜੇ ਤੇੜੇ ਦੇ ਘਰਾਂ ਵਿਚ ਆਵਾਜਾਈ ਕੋਠੇ ਦੀ ਛੱਤ ਰਾਹੀਂ ਹੁੰਦੀ। ਇੰਜ ਕੋਠੇ ਦੀ ਛੱਤ ਗਲੀ ਦਾ ਸੁਤੱਖਿਆ ਪੱਖੋਂ ਇਕ ਵਿਕਲਪ ਹੁੰਦੀ।

ਪਿੰਡਾਂ ਵਿਚ ਘਰਾਂ ਲਈ ਥਾਂ ਵਿਰਾਸਤ ਵਿਚ ਮਿਲਣ ਕਰਕੇ ਪੀੜ੍ਹੀ ਦਰ ਪੀੜ੍ਹੀ ਜਦੋਂ ਪਹਿਲਾ ਢਾਂਚਾ ਮੀਂਹ ਕਣੀ ਕਰਕੇ ਜਾਂ ਉਮਰ ਭੋਗਣ ਕਰਕੇ ਡਿੱਗ ਪੈਂਦਾ ਜਾਂ ਖਤਰਾ ਮਹਿਸੂਸ ਕਰਕੇ ਡੇਗ ਲਿਆ ਜਾਂਦਾ ਤਾਂ ਉਸੇ ਥਾਂ ਤੇ ਜਿਤੇ ਮਲਬਾ ਡਿੱਗਾ ਹੁੰਦਾ ਨਵਾਂ ਘਰ ਉਸਾਰਿਆ ਜਾਂਦਾ। ਇਸ ਪਿਰਤ/ਸੰਕਲਪ ਕਰਕੇ ਪਿੰਡਾਂ ਵਿਚ ਬਹੁਤੇ ਘਰ ਗਲੀ ਨਾਲੋਂ ਉੱਚੇ ਹੁੰਦੇ। ਘਰ ਉਸਾਰਨ ਲੱਗੇ ਭਰਤੀ ਪਾ ਕੇ ਘਰ ਦੀ ਕੁਰਸੀ ਉੱਚੀ ਰੱਖਣ ਦੀ ਵੀ ਬੜੀ ਬਲਵਾਨ ਪਰੰਪਰਾ ਸੀ, ਇਸ ਕਰਕੇ ਗਲੀ ਨੀਵੀਂ ਅਤੇ ਘਰ ਉੱਚੇ ਹੁੰਦੇ। ਗਲੀ ਤੋਂ ਘਰ ਲਈ ਪਹੁੰਚ ਰਸਤਾ ਢਾਲਵਾਂ ਰਖਕੇ ਘਰ ਦੇ ਪਲਾਟ ਦੀ ਬਾਕੀ ਚੌੜਾਈ ਦੇ ਨਾਲ ਨਾਲ ਇਕ ਚਬੂਤਰੇ ਨੁਮਾ ਥੜਾ ਉਸਾਰ ਲਿਆ ਜਾਂਦਾ। ਇਸ ਥੜੇ ਉੱਤੇ ਘਰ ਦੇ ਮਹਿਮਾਨ ਗਲੀ ਵਿਚ ਆਉਂਦੇ ਜਾਂਦੇ ਜਾਣੂ ਜਾ ਬੈਠਦੇ। ਇਸ ਤੋਂ ਬਿਨਾ ਇਹ ਚਬੂਤਰੇ ਨੁਮਾ ਥੜਾ ਘੋੜੀ ਤੇ ਸਵਾਰੀ ਕਰਨ ਲੱਗੇ ਜਾਂ ਉਤਰਨ ਲੱਗੇ ਵੀ ਸਹਾਈ ਹੁੰਦਾ। ਇਸ ਥੜੇ ਨਾਲ ਲਾ ਕੇ ਗੱਡੇ ਤੋਂ ਫ਼ਸਲ ਲਾਹ ਲਈ ਜਾਂਦੀ। ਬਾਲਣ ਘਸੀਟ ਲਿਆ ਜਾਂਦਾ। ਪੰਜਾਬ ਦੇ ਉਹਨਾਂ ਪਿੰਡਾਂ ਵਿਚ ਜਿਥੇ ਮੁਸਲਮਾਨ ਵਸੋਂ ਜ਼ਿਆਦਾ ਹੁੰਦੀ ਜਾਂ ਜਿਥੇ ਲੋਕ ਹੁੱਕਾ ਪੀਂਦੇ ਇਹੋ ਜਿਹੇ ਚਬੂਤਰੇ ਦੇ ਇਕ ਸਿਰੇ ਉੱਤੇ ਗੋਹਿਆਂ ਨੂੰ ਅੱਗ ਲਾ ਕੇ, ਅੱਗ ਕੱਪ ਕੇ ਰਖੀ ਜਾਂਦੀ, ਹੁੱਕਾ ਰਖਿਆ ਜਾਂਦਾ ਕੁਛ ਮੰਜੀਆਂ ਪਈਆਂ ਰਹਿੰਦੀਆਂ। ਪਿੰਡਾਂ ਦੇ ਸਮਾਜਿਕ ਮੇਲ ਜੋਲ ਦਾ ਇਹੋ ਜਿਹਾ ਚਬੂਤਰਾ ਕੇਂਦਰੀ ਬਿੰਦੂ ਬਣ ਜਾਂਦਾ। ਕਿਸੇ ਪ੍ਰਮੁਖ ਵਸਨੀਕ ਦੇ ਘਰ ਸਾਹਵੇਂ ਇਹੋ ਜਿਹਾ ਥੜਾ ਪਿੰਡ ਦੀ ਪੰਚਾਇਤ ਲਈ ਥਾਂ ਜਾਂ ਸੱਥ ਵਜੋਂ ਕੰਮ ਆਉਣ ਲੱਗ ਪੈਂਦਾ।

ਪਿੰਡ ਦੀ ਗਲੀ ਦੇ ਵਿੰਗੀ ਵਲਵਲੇਵੇਂਦਾਰ ਹੋਣ ਕਰਕੇ ਇਕੋ ਗਲੀ ਦੇ ਨਾਲ ਨਾਲ, ਕਿਤੇ ਘੱਟ ਚੌੜੇ ਕਿਤੇ ਜ਼ਿਆਦਾ ਚੌੜੇ, ਕਿਤੇ ਲੰਮੇ ਕਿਤੇ ਛੋਟੇ ਪਲਾਟ ਹੁੰਦੇ। ਕਿਸੇ ਲੰਬਾਈ ਵਾਲੇ ਪਲਾਟ ਦੇ ਨਾਲ ਜਦੋਂ ਘੱਟ ਲੰਬਾਈ ਵਾਲਾ ਪਲਾਟ ਹੁੰਦਾ ਇਹੋ ਜਿਹੇ ਥਾਂ ਤੇ ਆ ਕੇ ਭੀੜੀ ਤੰਗ ਗਲੀ ਚੌੜੀ ਹੋ ਕੇ ਫੈਲ ਜਾਂਦੀ। ਅੱਗੇ ਫਿਰ ਕੋਈ ਲੰਮਾ ਪਲਾਟ ਹੁੰਦਾ, ਗਲੀ ਫਿਰ ਸੌੜੀ ਹੋ ਜਾਂਦੀ। ਫੈਲਣ ਅਤੇ ਸੁੰਘੜਣ ਦੀ ਗਲੀ ਦੀ ਇਸ ਪ੍ਰਕਿਰਿਆ ਵਿਚ ਇਕ ਅਚੰਭੇ ਦਾ ਅਹਿਸਾਸ ਤਾਂ ਹੁੰਦਾ ਹੀ, ਪਰ ਕਿਤੇ ਚੌੜੀ ਕਿਤੇ ਤੰਗ ਹੋ ਰਹੀ ਗਲੀ ਵਿਚ ਵਿਚਰਦਾ ਮਨੁੱਖ ਗਲੀ ਦੀ ਰਵਾਨਗੀ ਨੂੰ ਇਕ ਹੇਕ ਵਾਂਙ ਮਹਿਸੂਸ ਕਰਦਾ। ਹੇਕ ਜਿਸਦੀ ਸਰੋਦੀ ਸੁਰ ਜਿਥੇ ਉੱਚੀ ਹੁੰਦੀ ਉਥੇ ਗਲੀ ਚੌੜੀ ਹੁੰਦੀ ਜਿਥੇ ਸੁਰ ਨੀਵੀਂ ਹੋ ਕੇ ਟੁਣਕਦੀ ਉੱਥੇ ਗਲੀ ਭੀੜੀ ਹੋ ਕੇ ਮੁੜਦੀ ਅਤੇ ਇਕ ਬਾਂਕੀ ਜਿਹੀ ਨੁਹਾਰ ਉਛਾਲ ਦਿੰਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਜ ਰੂਪ ਅਤੇ ਆਕਾਰ ਪੱਖੋਂ ਵਿੰਗੀ ਭੀੜੀ ਤੰਗ ਗਲੀ ਵਿਚ ਟੋਏ ਟਿੱਬੇ ਸਮਤੋਲ ਕਰਨ ਦੀ ਸਮਰੱਥਾ ਹੁੰਦੀ, ਮੌਸਮ ਪੱਖੋਂ ਵਸਨੀਕਾਂ ਲਈ ਅਰਾਮਦੇਹ ਹੁੰਦੀ, ਇਸ ਗਲੀ ਵਿਚ ਸੁਰੱਖਿਆ ਵੀ ਹੁੰਦੀ ਠੰਡਕ ਵੀ, ਧੂਣੀ ਵਾਂਙ ਧੁੱਖਦਾ ਰੁਮਾਂਸ ਵੀ, ਅਚੰਭਾ ਵੀ ਤੇ ਸਰੋਦਮਈ ਰਵਾਨਗੀ। ਪਿੰਡ ਦੀ ਗਲੀ ਵਿਚਕਾਰੋਂ ਕੱਛੂਕੁੰਮੇ ਦੀ ਪਿੱਠ ਵਰਗੀ ਹੁੰਦੀ, ਵਿਚਕਾਰੋਂ ਉੱਚੀ ਅਤੇ ਕੰਧਾਂ ਦੇ ਨਾਲ ਨਾਲ ਸਿਰੇ ਤੋਂ ਨੀਵੀਂ। ਇਹ ਸਿਰੇ ਤੋਂ ਨੀਵੀਂ ਹੋਣ ਕਰਕੇ ਮੀਂਹ ਦੇ ਪਾਣੀ ਅਤੇ ਘਰਾਂ ਦੇ ਗੰਦੇ ਪਾਣੀ ਨੂੰ ਵਹਾ ਕੇ ਬਾਹਰ ਲਈ ਜਾਂਦੀ।

(ਅ) ਗਲੀ ਦੇ ਸ਼ਿੰਗਾਰ : ਆਪਣੇ ਘਰ ਅਤੇ ਚੌਗਿਰਦੇ ਨੂੰ ਸ਼ਿੰਗਾਰਨ ਦੀ ਰੀਝ ਮਨੁੱਖ ਵਿਚ ਸਦੀਆਂ ਪੁਰਾਣੀ ਹੈ। ਗਲੀ ਦਾ ਸ਼ਿੰਗਾਰ ਦਰਅਸਲ ਵੱਖੋ ਵੱਖਰੇ ਘਰਾਂ ਦੇ ਵਸਨੀਕਾਂ ਦਾ ਆਪੋ ਆਪਣੇ ਘਰਾਂ ਦੇ ਮੱਥੇ ਨੂੰ; ਜੋ ਗਲੀ ਨਾਲ ਲਗਦਾ, ਸ਼ਿੰਗਾਰਨ ਦੇ ਸਮੂਹਕ ਯਤਨਾਂ ਦਾ ਪ੍ਰਗਟਾਅ ਹੈ। ਗਲੀ ਦੀ ਦਿੱਖ ਵਿਚ ਜੇ ਕਰ ਪਿੰਡ ਦੇ ਕੇਂਦਰ ਤੋਂ ਬਾਹਰ ਨੂੰ ਆਇਆ ਜਾਏ ਤਾਂ ਆਪਣੇ ਆਪ ਇਕ ਇਤਿਹਾਸਕ ਲੜੀ ਉੱਭਰਦੀ ਹੈ। ਗਲੀ ਦੇ ਸ਼ਿੰਗਾਰ ਪਿੱਛੇ ਲੋਕਾਂ ਦਾ ਸਮਾਜਿਕ ਰੁਤਬਾ ਵਿਖਾਵੇ ਦੀ ਰੁਚੀ, ਘਰ ਦੇ ਮੱਥੇ ਨੂੰ ਸਾਫ਼ ਸੁਥਰਾ ਅਤੇ ਸਿੰਗਾਰਮਈ ਰੱਖਣ ਦਾ ਸੰਕਲਪ ਆਦਿ ਤੱਥ ਕੰਮ ਕਰਦੇ ਹਨ। ਗਲੀ ਦੀ ਦਿੱਖ ਇਹਦੀ ਬਣਤਰ, ਇਹਦੀ ਲੋਕ ਕਲਾ ਦੇ ਰੂਪ, ਇਹਨਾਂ ਰੂਪਾਂ ਨਾਲ ਜੁੜੇ ਪ੍ਰਤੀਕ ਬਿੰਬ, ਇਹਦੇ ਮਾਪ, ਇਹਦੇ ਅਨੁਪਾਤ ਕਿਤੇ ਵੀ ਕਲਾ ਕਲਾ ਲਈ ਨਾ ਹੋ ਕੇ ਹਰ ਥਾਂ ਮਨੁੱਖੀ ਲੋੜਾਂ ਅਨੁਸਾਰ ਢਲਦੇ ਅਤੇ ਕਲਾ ਜੀਵਨ ਲਈ ਦੇ ਆਦਰਸ਼ ਨੂੰ ਮੂਰਤੀਮਾਨ ਕਰਦੇ।

ਜਾਲੀਆਂ, ਬੂਹੇ, ਚੌਂਕੀਆਂ, ਝਰੋਖੇ, ਛੱਜੇ, ਵਧਾਅ, ਬੁਖਾਰਚੇ, ਚੁਬਾਰੇ, ਅਟਾਰੀਆਂ, ਮੱਮਟੀਆਂ, ਡਿਉਢੀਆਂ, ਬੈਠਕਾਂ ਭਾਵ ਪਿੰਡਾਂ ਦੀ ਭਵਨ ਉਸਾਰੀ ਦਾ ਹਰ ਉਹ ਤੱਤ ਜੋ ਗਲੀ ਵਿਚੋਂ ਵੇਖਿਆ ਜਾ ਸਕਦਾ, ਉਸ ਨੂੰ ਸ਼ਿੰਗਾਰਨ ਲਈ ਪੂਰੀ ਪੂਰੀ ਕੋਸ਼ਿਸ਼ ਕੀਤੀ ਜਾਂਦੀ। ਗਲੀ ਦੇ ਸ਼ਿੰਗਾਰ ਵਿਚ ਮਨੁੱਖੀ ਮਾਪ ਨੂੰ ਸਾਹਵੇਂ ਰਖਿਆ ਜਾਂਦਾ। ਗਲੀ ਦੇ ਸ਼ਿੰਗਾਰ ਲਈ ਸੁਚੇਤ ਤੌਰ ਉੱਤੇ ਮਨੁੱਖ ਦੀ ਸਫ਼ਰ ਕਰਨ ਦੀ ਰਫ਼ਤਾਰ ਨੂੰ ਸਾਹਵੇਂ ਰਖ ਕੇ ਉਹ ਮੂਰਤਾਂ, ਕੰਧ ਚਿੱਤਰ ਤੇ ਕਲਾ ਕ੍ਰਿਤਾਂ ਰਚੀਆਂ ਜਾਂਦੀਆਂ ਜੋ ਪਿੰਡ ਵਿਚੋਂ ਬੱਘੀ, ਰੱਥ, ਗੱਡੇ, ਘੋੜੇ, ਊਠ ਅਤੇ ਪੈਦਲ ਜਾ ਰਿਹਾ ਮਨੁੱਖ ਚਿੱਤਰਾਂ ਦੇ ਕਲਾਮਈ ਆਕਾਰਾਂ ਦਾ ਸੁਹੱਪਣ ਮਾਣ ਸਕੇ[14] ਮਿਥਿਹਾਸਕ ਮੰਡਲਾਂ ਅਤੇ ਚਿੰਨ੍ਹਾਂ ਜਿਵੇਂ ਸਵਾਸਤਿਕ ਆਦਿ ਨਾਲ ਜੁੜੇ ਅਰਥਾਂ ਨੂੰ ਤੁਰਦੇ ਜਾਂਦੇ ਮਹਿਸੂਸ ਕਰ ਸਕੇ।

ਰਾਜਸਥਾਨ ਦੀਆਂ ਹਵੇਲੀਆਂ ਅਤੇ ਖ਼ਾਸ ਕਰ ਸੇਖਾਵਤੀ ਦੀਆਂ ਹਵੇਲੀਆਂ ਨੂੰ ਘੋਖਣ ਉੱਤੇ ਇਕ ਸੰਕਲਪ ਉੱਭਰਦਾ ਹੈ ਕਿ ਰਾਜਸਥਾਨ ਦੇ ਲੋਕਯਾਨ ਵਿਚ ਇਸ ਪਰੰਪਰਾ ਦੀਆਂ ਜੜ੍ਹਾਂ ਬਹੁਤ ਫ਼ੈਲੀਆਂ ਸਨ, ਉਧਰ ਜਿਸ ਘਰ ਦੇ ਬੂਹੇ ਉੱਤੇ ਸ਼ਿੰਗਾਰ ਨਾ ਹੋਇਆ ਹੁੰਦਾ ਇਹ ਖ਼ਿਆਲ ਕੀਤਾ ਜਾਂਦਾ ਕਿ ਉਸ ਘਰ ਕੋਈ ਤ੍ਰਾਸਦੀ ਵਾਪਰੀ ਹੈ, ਕੋਈ ਅਣਹੋਣੀ ਘਟਨਾ ਹੋਈ ਹੈ। ਭਾਵ ਘਰ ਦੇ ਮੂੰਹ ਮੱਥੇ ਦੇ ਸ਼ਿੰਗਾਰ ਨਾਲ ਘਰ ਵਿਚ ਹਰ ਕੰਮ ਠੀਕ ਠਾਕ ਸਿਰੇ ਚੜ੍ਹਨ ਦਾ ਅਹਿਸਾਸ ਜੁੜਿਆ ਹੁੰਦਾ।

ਪਿੰਡ ਦੀ ਗਲੀ ਵਿਚ ਜੋ ਸ਼ਿੰਗਾਰ ਕੀਤਾ ਜਾਂਦਾ ਜੋ ਸੁਹਜਮਈ ਆਕਾਰ ਰਚੇ ਜਾਂਦੇ ਜੋ ਰੰਗਾਂ ਨਾਲ ਪ੍ਰਭਾਵ ਉਘਾੜਿਆ ਜਾਂਦਾ ਇਸ ਸਾਰੇ ਸ਼ਿੰਗਾਰ ਨੂੰ ਦੋ ਮੁਖ ਭਾਗਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੰਡਿਆ ਜਾ ਸਕਦਾ ਹੈ। ਪਹਿਲਾ, ਗਲੀ ਦੇ ਸ਼ਿੰਗਾਰ ਨਾਲ ਜੁੜੇ ਭਵਨ ਉਸਾਰੀ ਦੇ ਉਹ ਤੱਤ ਜੋ ਗਲੀ ਵਾਲੇ ਪਾਸੇ ਦੀ ਉਸਾਰੀ ਕਰਦੇ ਹੋਏ ਭਵਨ ਉਸਾਰੀ ਦੇ ਅੰਗਾਂ ਵਜੋਂ ਗਲੀ ਨੂੰ ਸ਼ਿੰਗਾਰਨ ਲਈ ਉਸਾਰੀ ਵਿਚ ਹੀ ਸਮੋ ਲਏ ਜਾਂਦੇ। ਦੂਸਰੇ, ਗਲੀ ਨੂੰ ਸ਼ਿੰਗਾਰਨ ਦੇ ਉਹ ਪੱਖ ਹਨ ਜੋ ਗਲੀ ਦੀ ਉਸਾਰੀ ਦੇ ਬਾਅਦ ਘਰ ਗਲੀ ਵਾਲੇ ਪਾਸੇ ਨੂੰ ਸ਼ਿੰਗਾਰਨ ਲਈ ਚਿਤਰਕਲਾ ਵਜੋਂ, ਮੰਗਲਮਈ ਸ਼ੁਭ ਚਿੰਨ੍ਹਾਂ ਵਜੋਂ, ਰੱਬ ਦੀ ਮਿਹਰ ਦੀ ਨਜ਼ਰ ਵਜੋਂ, ਕੁਦਰਤ ਦੇ ਪੱਖੋਂ ਵੱਖਰੇ ਊਰਜਾ ਨਾਲ ਜੁੜੇ ਤੱਤਾਂ ਦੀ ਪੂਜਾ ਵਜੋਂ, ਧਾਰਮਿਕ ਚਿੰਨ੍ਹਾਂ ਵਜੋਂ, ਮਿਥਿਹਾਸਕ ਦੇਵੀ ਦੇਵਤਿਆਂ ਦੇ ਪ੍ਰਤੀਕਮਈ ਚਿੰਨ੍ਹਾਂ ਵਜੋਂ, ਮਾਲ ਡੰਗਰਾਂ ਦੀ ਰਾਖੀ ਵਜੋਂ, ਦੁੱਧ ਪੁੱਤ ਦੇ ਉਤਪਾਦਨ ਵਜੋਂ, ਘਰਾਂ ਦੇ ਮੂੰਹ ਮੱਥੇ ਤੇ ਗਲੀ ਵਾਲੇ ਪਾਸੇ ਕਲਾਮਈ ਆਕਾਰਾਂ ਵਿਚ, ਖ਼ੁਸ਼ਬੂ ਵੰਡਦੇ ਰੰਗਾਂ ਨਾਲ ਉਘਾੜੇ ਜਾਂਦੇ।

ਪੁਰਾਣਿਕ ਅਤੇ ਵੈਦਿਕ ਸਾਹਿਤ ਵਿਚ ਘਰ ਦੇ ਮੁਖ ਬੂਹੇ ਉੱਤੇ ਕਿਸ ਮੂਰਤੀ ਨੂੰ ਸਥਾਪਿਤ ਕਰਨਾ, ਕਿਹੜੀਆਂ ਮੂਰਤੀਆਂ ਘਰ ਲਈ ਸ਼ੁਭ ਹਨ, ਦੇ ਬੜੇ ਵਿਸਤਾਰ ਮਿਲਦੇ ਹਨ। ਇਹਨਾਂ ਵਿਸਤਾਰਾਂ ਮੁਤਾਬਿਕ ਘਰ ਦੇ ਮੁੱਖ ਬੂਹੇ ਉੱਤੇ ਲੱਛਮੀ (ਲਖਸ਼ਮੀ) ਦਾ ਬੁੱਤ, ਛਾਂ ਦਾਰ ਫ਼ਲਾਂ ਵਾਲੇ ਰੁੱਖ, ਰੁੱਖਾਂ ਉੱਤੇ ਉੱਡਦੇ ਭੌਰੇ, ਕੋਇਲਾਂ ਆਦਿ ਸਵਾਸਤਿਕ ਦਾ ਚਿੰਨ੍ਹ, ਕਾਮਮਸਤ ਬੱਚਿਆਂ ਨਾਲ ਖੇਡਦੀਆਂ ਨਾਰੀਆਂ ਦੀਆਂ ਮੂਰਤੀਆਂ, ਘਰ ਦੇ ਬੂਹੇ ਉੱਤੇ ਦਵਾਰਪਾਲ, ਅਸਮਾਨ ਤੋਂ ਬਖਸ਼ਿਸ਼ ਦੇ ਫ਼ੁੱਲ ਵਰ੍ਹਾਉਂਦੀਆਂ ਪਰੀਆਂ ਦੀਆਂ ਮੂਰਤੀਆਂ ਆਦਿ, ਘਰ ਦੇ ਮੁੱਖ ਬੂਹੇ ਉੱਤੇ ਚਿਤਰਕਲਾ ਰਾਹੀਂ ਦਰਸਾਈਆਂ ਜਾਂਦੀਆਂ। ਸਿੱਖ ਧਰਮ ਦੇ ਅਸਰ ਨਾਲ ਘਰ ਦੇ ਬੂਹੇ ਉੱਤੇ ਗੁਰਬਾਣੀ ਦੀਆਂ ਪੰਕਤੀਆਂ, ਘੋੜੇ ਉੱਤੇ ਸੈਨਿਕ ਪੋਸ਼ਾਕ ਵਿਚ ਜਾ ਰਹੇ ਸਿੰਘ ਜਾਂ ਬੂਹੇ ਦੇ ਉੱਤੇ ਕਿਰਪਾਨਾਂ ਨਾਲ ਘਿਰਿਆ ਖੰਡਾ, ਆਦਿ ਉਕਰੇ/ਲਿਖੇ ਜਾਂਦੇ। ਕਿਤੇ ਸੀਮਿੰਟ ਦੀ ਜਾਲੀ ਵਿਚ ਗੁਰੂ ਨਾਨਕ ਦੇਵ ਜੀ ਬਾਲੇ ਅਤੇ ਮਰਦਾਨੇ ਨਾਲ ਬੈਠੇ, ਕਿਤੇ ਹੱਥ ਨਾਲ ਅਸ਼ੀਰਵਾਦ ਦਿੰਦੇ ਇਕੱਲੇ ਗੁਰੂ ਨਾਨਕ ਦੇਵ ਜੀ ਕਿਤੇ ਕਿਤੇ ਗੁਰੂ ਗੋਬਿੰਦ ਸਿੰਘ ਬਾਜ਼ ਨਾਲ, ਇਹਨਾਂ ਜਾਲੀਆਂ 'ਚ ਮੂਰਤੀਮਾਨ ਕੀਤੇ ਹੁੰਦੇ।

ਘਰਾਂ ਦੀਆਂ ਕੰਧਾਂ ਨੂੰ ਸ਼ੇਰ, ਸੂਰਜ, ਘੋੜੇ ਅਤੇ ਹੋਰ ਪਸ਼ੂ ਪੰਛੀਆਂ ਦੀਆਂ ਮੂਰਤਾਂ ਨਾਲ ਵੀ ਸ਼ਿੰਗਾਰਿਆ ਜਾਂਦਾ। ਕਿਤੇ ਕਿਤੇ ਸ਼ਾਕਤ ਮਤ ਦੇ ਅਸਰ ਥੱਲੇ ਰੇਖਾ ਗਣਿਤ ਦੀਆਂ ਸ਼ਕਲਾਂ ਨਾਲ ਮੰਡਲ ਜਾਂ ਜੰਤਰ ਵੀ ਚਿਤਰੇ ਜਾਂਦੇ। ਗਲੀ ਵਿਚ ਜੋ ਵੀ ਸਿਰਜਣਾ ਹੁੰਦੀ ਉਹਦੇ ਵਿਚ ਲੋਕ ਕਲਾ ਦੇ ਪ੍ਰਤੀਕ, ਧਾਰਮਿਕ ਚਿੰਨ੍ਹਾਂ ਰਾਹੀਂ ਅਤੇ ਪ੍ਰਤੀਕਾਂ ਨਾਲ ਇਕ ਮਿਕ ਹੋ ਜਾਂਦੇ। ਹਰ ਸਿਰਜਣਾ, ਹਰ ਆਕਾਰ, ਹਰ ਰੂਪ, ਹਰ ਰੰਗ ਵਿਚ ਇਲਾਕੇ ਦੀਆਂ ਵਿਲੱਖਣ ਸ਼ੈਲੀਆਂ ਉਭਰ ਆਉਂਦੀਆਂ। ਪੰਜਾਬ ਵਿਚ ਸ਼ੇਰ ਸ਼ਾਹ ਸੂਰੀ ਮਾਰਗ ਦੇ ਨਾਲ ਨਾਲ ਮੁਗ਼ਲ ਸ਼ੈਲੀ ਦੇ ਚਿੱਤਰ ਖਾਸ ਕਰਕੇ, ਉਹਨਾਂ ਪਿੰਡਾਂ ਵਿਚ ਜੋ ਕਦੀ ਮੁਗ਼ਲ ਸਲਤਨਤ ਦੀਆਂ ਸਰਾਵਾਂ ਹੁੰਦੇ ਸਨ, ਆਮ ਵੇਖਣ ਨੂੰ ਮਿਲਦੇ, ਜਿਵੇਂ ਸਰਹੰਦ, ਨੂਰ ਮਹਿਲ ਦੀ ਸਰਾਂ, ਫਤਿਹਾਬਾਦ, ਨੂਰਦੀਨ ਅਤੇ ਖੈਰੂਦੀਨ ਦੀਆਂ ਸਰਾਵਾਂ ਵਿਖੇ। ਸ਼ੇਰ ਸ਼ਾਹ ਸੂਰੀ ਮਾਰਗ ਤੋਂ ਉੱਤਰ ਵੱਲ ਜਿਵੇਂ ਜਾਇਆ ਜਾਏ ਹੌਲੀ ਹੌਲੀ ਮੁਗ਼ਲ ਸ਼ੈਲੀ ਘੱਟ ਅਤੇ ਪਹਾੜੀ ਖਾਸ ਕਰਕੇ ਕਾਂਗੜਾ ਸ਼ੈਲੀ ਦਾ ਪ੍ਰਭਾਵ ਵਧ ਜਾਂਦਾ ਹੈ। ਇਸੇ ਤਰ੍ਹਾਂ ਸ਼ੇਰ ਸ਼ਾਹ ਸੂਰੀ ਮਾਰਗ ਤੋਂ ਦੱਖਣ ਪੱਛਮ, ਜਿਵੇਂ ਜਿਵੇਂ ਰਾਜਸਥਾਨ ਵੱਲ ਜਾਇਆ ਜਾਏ, ਰਾਜਸਥਾਨ ਦੀ ਰਾਜਪੂਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੈਲੀ ਦਾ ਪ੍ਰਭਾਵ ਵਧ ਜਾਂਦਾ। ਪਰ ਉਹਨਾਂ ਪਿੰਡਾਂ ਵਿਚ ਜੋ ਸਿੱਖ ਧਰਮ ਨਾਲ ਸੰਬੰਧਿਤ ਹਨ, ਮੁਗਲ, ਰਾਜਪੂਤ ਅਤੇ ਪਹਾੜੀ ਸ਼ੈਲੀਆਂ ਦੇ ਪ੍ਰਭਾਵ ਨਾਲ ਸਿੱਖ ਧਰਮ ਨਾਲ ਸੰਬੰਧਿਤ ਸਾਖੀਆਂ, ਧਾਰਮਿਕ ਚਿੰਨ੍ਹ ਅਤੇ ਪ੍ਰਤੀਕ ਗਲੀ ਦਾ ਸ਼ਿੰਗਾਰ ਬਣਦੇ ਹਨ।

ਗਲੀ ਦੇ ਸ਼ਿੰਗਾਰ ਵਿਚ ਜੋ ਵੀ ਉਘਾੜਿਆ ਜਾਂਦਾ, ਉਹ ਗਲੀ ਵਿਚ ਤੁਰਦਾ ਮਨੁੱਖ ਉਹਦੇ ਮਾਪ ਅਨੁਪਾਤ ਅਤੇ ਛਪੇ ਅਰਥ ਨੂੰ ਨਾ ਸਿਰਫ ਸਮਝ ਸਕਦਾ ਸਗੋਂ ਰੰਗਾਂ ਦੀ ਸੁਰਤਾਲ, ਦਿੱਖ ਅਤੇ ਕਲਾਮਈ ਆਕਾਰਾਂ ਤੋਂ ਪ੍ਰੇਰਨਾ ਲੈ ਕੇ ਪ੍ਰਭਾਵਿਤ ਵੀ ਹੁੰਦਾ ਤੇ ਆਪ ਮੁਹਾਰੇ ਕਹਿ ਉੱਠਦਾ, 'ਭਈ ਵਾਹ।'

ਗੱਲ ਕੰਧ ਤੇ ਬਣੇ ਕੰਧ-ਚਿੱਤਰਾਂ 'ਤੇ ਹੀ ਨਹੀਂ ਮੁੱਕ ਜਾਂਦੀ, ਗਲੀ ਦੇ ਰੂਪ ਸ਼ਿੰਗਾਰ ਨੂੰ ਉਘਾੜਨ ਲਈ ਭਵਨ ਉਸਾਰੀ ਦੀਆਂ ਤਕਨੀਕਾਂ ਵਿਚ ਗਲੀ ਵਿਚੋਂ ਦਿਸਦੇ ਭਵਨਾਂ ਦੇ ਵੱਖੋ ਵੱਖਰੇ ਹਿੱਸਿਆਂ ਦੇ ਸੁਹਜ ਸ਼ਿੰਗਾਰ ਨਾਲ ਵੀ ਜੁੜਦੀ ਹੈ। ਉਪਰ ਦਿੱਤੇ ਗਏ ਸੁਹਜ ਸ਼ਿੰਗਾਰ ਪਿੱਛੇ ਜਿਥੇ ਪਿੰਡਾਂ ਦੀਆਂ ਸੁਆਣੀਆਂ ਅਤੇ ਮੁਟਿਆਰਾਂ ਦਾ ਹੱਥ ਹੁੰਦਾ, ਉੱਥੇ ਭਵਨ ਉਸਾਰੀ ਦੇ ਤੱਤਾਂ ਨਾਲ ਗਲੀ ਨੂੰ ਸ਼ਿੰਗਾਰਨ ਲਈ ਉਸਾਰੀ ਨਾਲ ਜੁੜੇ ਕਾਰੀਗਰਾਂ ਦਾ ਹੱਥ ਵੀ ਹੁੰਦਾ। ਤਰਖਾਣ ਚੁਗਾਠ/ਸਰਦੱਲ ਆਦਿ ਉੱਤੇ ਲਕੜੀ ਵਿਚ ਕਈ ਤਰ੍ਹਾਂ ਦੀਆਂ ਫੁੱਲ ਪੱਤੀਆਂ ਉਕਰਦੇ। ਇਸੇ ਤਰ੍ਹਾਂ ਸ਼ੀਸ਼ੇ ਦੀ ਜੜਤ, ਗੱਚ ਟੁਕੜੀ ਦੇ ਕੰਮ ਲਈ ਬੜੇ ਮਾਹਿਰ ਕਾਰੀਗਰ ਹੁੰਦੇ। ਇਨ੍ਹਾਂ ਦੀ ਕਲਾਤਮਕ ਚਿਣਾਈ ਨਾਲ ਕਈ ਤਰ੍ਹਾਂ ਦੇ ਆਲੇ ਵਧਾ ਅਤੇ ਫਰ੍ਹੀਆਂ/ਸਮਸ਼ੇ, ਬੁਰਜੀਆਂ, ਥਮਲਿਆਂ ਆਦਿ ਨੂੰ ਸਜਾਇਆ ਜਾਂਦਾ। ਪੱਥਰ ਕੱਟ ਕੱਟ ਬਣਾਈਆਂ ਜਾਲੀਆਂ, ਲਕੜ ਦੀਆਂ ਜ਼ਾਲੀ-ਨੁਮਾ ਫੱਟੀਆਂ, ਲੋਹੇ ਦੇ ਪੱਤਰੀਆਂ ਨਾਲ ਬਣਾਏ ਜੰਗਲੇ, ਭਾਵ ਵੱਖੋ ਵੱਖਰੇ ਇਮਾਰਤੀ ਸਮਾਨ ਨਾਲ ਗਲੀ ਨੂੰ ਸ਼ਿੰਗਾਰਿਆ ਜਾਂਦਾ। **ਵੱਖੋ ਵੱਖਰੇ ਇਮਾਰਤੀ ਸਮਾਨ ਉੱਤੇ ਹੋਏ ਮੀਨਾਕਾਰੀ, ਪਚੀਕਾਰੀ, ਸਦੀਆਂ ਦੇ ਤਜ਼ਰਬੇ, ਲਗਨ, ਮਿਹਨਤ ਅਤੇ ਹੁੱਨਰ ਲਈ ਜੀਵਨ ਅਰਪਣ ਕਰਕੇ ਕੁਝ ਸਿਖਣ ਦੇ ਜਜ਼ਬੇ ਵਿਚੋਂ ਸ਼ਿੰਗਾਰ ਅਤੇ ਕਲਾ ਨੂੰ ਪੂਰਨਤਾ ਦੀ ਟੀਸੀ ਛੁਹਾਣ ਦੀ ਰੀਝ ਵਿਚ ਉੱਗਮਦੀਆਂ। ਅਜ ਦੇ ਸੰਦਰਭ ਵਿਚ ਖਿਆਲ ਕੀਤਾ ਜਾਂਦਾ ਹੈ ਕਿ ਸ਼ਾਇਦ ਇਹੋ ਜਿਹਾ ਸੁਹਜ ਸ਼ਿੰਗਾਰ ਉਦੋਂ ਮਹਿੰਗਾ ਪੈਂਦਾ ਹੋਵੇਗਾ ਪਰ ਇੰਜ ਨਹੀਂ ਸੀ, ਕਾਰੀਗਰਾਂ ਦੇ ਹੱਥਾਂ ਵਿਚ ਹੁੱਨਰ ਦੇ ਨਾਲ ਨਾਲ ਫ਼ੁਰਤੀ ਵੀ ਹੁੰਦੀ। ਹੁਣ ਜਦੋਂ ਇਹੋ ਜਿਹੀ ਸਾਜ ਸਜਾਵਟ ਅਤੇ ਸ਼ਿੰਗਾਰ ਦੇ ਕਾਰੀਗਰ ਦਿਨੋ ਦਿਨ ਅਲੋਪ ਹੋ ਰਹੇ ਹਨ (ਲਗਭਗ ਹੋ ਹੀ ਚੁੱਕੇ ਹਨ) ਹੁਣ ਇਹੋ ਜਿਹਾ ਸ਼ਿੰਗਾਰ ਸਮੇਂ ਪੱਖੋਂ ਅਤੇ ਲਾਗਤ ਪੱਖੋਂ ਮਹਿੰਗਾ ਪਵੇਗਾ।**

ਵਿਸ਼ਲੇਸ਼ਣ ਕਰਨ ਤੇ ਪਤਾ ਲੱਗੇਗਾ ਕਿ ਗੱਲ ਕੀਮਤੀ ਪੱਥਰਾਂ, ਰੰਗੀਨ ਪੱਥਰਾਂ ਜਾਂ ਧਾਤਾਂ ਨਾਲ ਸ਼ਿੰਗਾਰ ਕਰ ਕੇ ਗਲੀ ਦੇ ਸ਼ਿੰਗਾਰ ਵਿਚ ਪੈਸੇ ਦੇ ਕੁਹਜੇ ਵਿਖਾਵੇ ਤੱਕ ਸੀਮਿਤ ਨਹੀਂ ਸੀ। ਗਲੀ ਦਾ ਸ਼ਿੰਗਾਰ, ਇਕ ਲੋਕ ਰੁਚੀ ਸੀ, ਮਹਿੰਗੇ ਪੱਥਰ, ਧਾਤਾਂ, ਇੱਟਾਂ, ਚੂਨੇ, ਸੁਰਖ਼ੀ ਵਾਲੀਆਂ ਹਵੇਲੀਆਂ, ਮੱਮਟੀਆਂ, ਚੁਬਾਰਿਆਂ ਵਾਲੇ ਹੀ ਗਲੀ ਨਹੀਂ ਸਨ ਸ਼ਿੰਗਾਰਦੇ, ਸਗੋਂ ਜਿਥੇ ਭੁੱਖ ਸੀ, ਗਰੀਬੀ ਸੀ, ਅਨਪੜ੍ਹਤਾ ਅਤੇ ਅੰਧ-ਵਿਸ਼ਵਾਸਾਂ ਨਾਲ ਜਕੜੇ ਸਮਾਜਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਖੋਂ ਹੇਠਲੀਆਂ ਜਾਤਾਂ ਦੇ ਘਰਾਂ ਕੋਲ ਬਹੁਤੀ ਵਾਰੀ ਗੋਹਾ ਤੇ ਚੀਕਣੀ ਮਿੱਟੀ ਰਲਾ ਕੇ ਲਿੰਬੀ ਕੰਧ ਉਤੇ ਗੇਰੂਏ ਰੰਗ ਨਾਲ, ਜਾਂ ਕਲੀ ਨਾਲ, ਜਾਂ ਗੋਹੇ ਵਿਚ ਹੱਥ ਚੋਪੜ ਕੇ ਗਲੀ ਦੀ ਕੰਧ ਉਤੇ ਮੋਰ, ਤੋਤੇ, ਸੂਰਜ, ਸ਼ੇਰ ਜਾਂ ਹੱਥਾਂ ਦੇ ਪੰਜਿਆਂ ਦੇ ਬੜੇ ਦਿਲਖਿੱਚ ਪਾਉਂਦੇ ਨਮੂਨੇ, ਗਲੀ ਵਾਲੀ ਕੰਧ ਉੱਤੇ ਬਣਾਏ ਜਾਂਦੇ। ਇਹ ਬਣਾਉਂਦੇ ਹੋਏ, ਇਹ ਖਿਆਲ ਜ਼ਰੂਰ ਕੀਤਾ ਜਾਂਦਾ ਕਿ ਜੇ ਲਿੰਬੀ ਕੰਧ ਦੀ ਭੋਂਏ (Back ground colour) ਮਟ ਮੈਲਾ ਜਾਂ ਚਿੱਟੀ ਹੁੰਦੀ ਤਾਂ ਸ਼ਕਲਾਂ ਅਤੇ ਆਕਾਰ ਗੇਰੂਏ ਰੰਗ ਜਾਂ ਗੋਹੇ ਨਾਲ ਉਘਾੜੇ ਜਾਂਦੇ। ਜਿਥੇ ਗਲੀ ਸ਼ਿੰਗਾਰਨ ਦੀ ਰੁਚੀ ਅਤੇ ਲਗਨ ਸੀ ਉਥੇ ਸ਼ਿੰਗਾਰ ਕੀਮਤੀ ਵਸਤਾਂ ਦਾ ਗੁਲਾਮ ਨਹੀਂ ਸੀ, ਸਗੋਂ ਸ਼ਿੰਗਾਰ ਲਈ ਸਿਰਫ ਚਾਹੀਦਾ ਸੀ ਗੋਹਾ, ਜੋ ਗਲੀ ਵਿਚ ਡੰਗਰਾਂ ਦੇ ਫੋਸ ਇਕੱਠੇ ਕਰ ਕੇ ਜਿੰਨਾ ਚਾਹੀਦਾ ਹੁੰਦਾ, ਮਿਲ ਜਾਂਦਾ। ਗਲੀ ਦੀ ਕੰਧ ਲਿੰਬ ਕੇ ਪੋਚਣ ਲਈ ਚਾਹੀਦੀ ਹੁੰਦੀ ਚੀਕਣੀ ਮਿੱਟੀ ਜੋ ਪਿੰਡ ਦੇ ਛੱਪੜ ਤੋਂ ਮਿਲ ਜਾਂਦੀ। ਬਸ ਫਿਰ, ਲੋਕ ਕਲਾ ਦੇ ਵੇਖੇ ਹੋਏ ਵੱਖੋ ਵੱਖਰੇ ਨਮੂਨੇ ਗਲੀ ਵਿਚ ਨਵੇਂ ਅਰਥਾਂ ਨਾਲ, ਨਵੇਂ ਪਰਿਪੇਖ ਵਿਚ, ਉੱਘੜ ਉੱਘੜ ਪੈਂਦੇ।

ਮਾਲਵੇ ਦੇ ਪਿੰਡਾਂ ਵਿਚ ਉਚੇ ਬੂਹੇ ਨਾਲ ਹਵੇਲੀਆਂ ਅਤੇ ਊਠਾਂ ਵਾਲੇ ਘਰਾਂ ਦਾ ਪਹੁੰਚ ਰਸਤਾ ਛੱਡਿਆ ਜਾਂਦਾ। ਮੁਖ ਬੂਹੇ ਉੱਤੇ ਰੇਖਾ ਗਣਿਤ ਦੇ ਨਮੂਨੇ ਮੁਤਾਬਿਕ ਲੱਕੜ ਤਰਾਸ਼ ਕੇ ਜਿਸ ਹਿੱਸੇ ਨੂੰ ਖ਼ਾਸ ਉਭਾਰਨਾ ਹੁੰਦਾ; ਉਸ ਹਿੱਸੇ ਨੂੰ ਲੱਕੜ ਦੇ ਕੁਦਰਤੀ ਰੰਗ ਦੀ ਪਿਛੋਕੜ ਉੱਤੇ ਸਲੇਟੀ ਰੰਗੀ ਭਾਅ ਮਾਰਦੀ। ਲੋਹੇ ਦੇ ਛਲੇ/ਕੜੇ-ਨੁਮਾ ਪੱਤਰੀ ਉਤੇ, ਕਿਤੇ ਕਿਤੇ ਪਿੱਤਲ ਦੀਆਂ ਪੱਤਰੀਆਂ ਅਤੇ ਹੋਰ ਉਘਾੜਣ ਲਈ ਪਿੱਤਲ ਦੇ ਕੋਕੇ ਲਾਉਣ ਦਾ ਰਿਵਾਜ ਰਿਹਾ ਹੈ। ਲੱਕੜ ਦਾ ਕੁਦਰਤੀ ਘਸਮੈਲਾ ਰੰਗ, ਸਲੇਟੀ ਰੰਗੀ ਲੋਹੇ ਦੀ ਪੱਤਰੀ ਜਾਂ ਕੜਾ ਤੇ ਵਿਚ ਸੋਨੇ ਦਾ ਭੁਲੇਖਾ ਦਿੰਦੇ ਸੁਨਹਿਰੀ ਰੰਗੇ ਪਿੱਤਲ ਦੇ ਕੋਕੇ। ਮਾਲਵੇ ਦੇ ਖੁਸ਼ਕ ਮੌਸਮ ਵਿਚ ਜਦੋਂ ਹਵਾ ਵਿਚ ਰੇਤ ਦੇ ਕਣ ਉੱਡਦੇ ਤਾਂ ਉਹ ਲਗਾਤਾਰ ਪਿੱਤਲ ਦੀਆਂ ਪੱਤਰੀਆਂ ਅਤੇ ਕੋਕਿਆਂ ਨੂੰ ਰੇਤ ਦੀ ਰਗੜ ਨਾਲ ਲਿਸ਼ਕਾ ਕੇ ਰਖਦੇ। ਇੰਜ ਮਾਲਵੇ ਦੀਆਂ ਗਲੀਆਂ, ਇਹਨਾਂ ਲੱਕੜ ਦੇ ਵੱਡੇ ਬੂਹਿਆਂ ਉਤੇ ਮਣਾ ਮੂਹੀ ਲਗੇ ਲੋਹੇ ਦੀਆਂ ਪੱਤਰੀਆਂ, ਉਤੇ ਪਿੱਤਲ ਦੀਆਂ ਪੱਤਰੀਆਂ ਅਤੇ ਕੋਕਿਆਂ ਦੀ ਲਿਸ਼ਕਾਰ ਨਾਲ ਗਰਮੀਆਂ ਵਿਚ ਝਿਮ ਝਿਮ ਕਰਦੀਆਂ ਪਰ ਦੁਆਬੇ ਅਤੇ ਮਾਝੇ ਵਿਚ ਜ਼ਿਆਦਾ ਬਾਰਿਸ਼ ਕਰਕੇ ਬੂਹਿਆਂ ਉਤੇ ਲੋਹੇ ਦੀਆਂ ਪੱਤਰੀਆਂ ਤਾਂ ਮਿਲਦੀਆਂ ਹਨ ਪਰ ਪਿੱਤਲ ਦੀਆਂ ਪੱਤਰੀਆਂ ਅਤੇ ਕੋਕੇ ਨਹੀਂ ਮਿਲਦੇ, ਕਾਰਣ ਇਸ ਇਲਾਕੇ ਵਿਚ ਪਿੱਤਲ ਨੂੰ ਹਵਾ ਵਿਚ ਜ਼ਿਆਦਾ ਮੌਜੂਦ ਨਮੀ ਲਿਸ਼ਕਣ ਨਹੀਂ ਦਿੰਦੀ।

ਗਲੀ ਦੇ ਸ਼ਿੰਗਾਰ ਨਾਲ ਗਰਮ ਅਤਿ ਦੇ ਗਰਮ ਮੌਸਮ ਵਿਚ ਅੱਖਾਂ ਨੂੰ ਸਕੂਨ ਮਿਲਦਾ, ਠੰਡਕ ਦਾ ਅਹਿਸਾਸ ਵੀ ਹੁੰਦਾ, ਨੀਲੇ, ਹਰੇ ਰੰਗਾਂ ਦੀ ਵਰਤੋਂ ਕਰਕੇ। ਇਸ ਸ਼ਿੰਗਾਰ ਕਰ ਕੇ ਹੁੰਨਰਮੰਦ ਕਾਰੀਗਰਾਂ ਦਾ ਕਾਰੋਬਾਰ ਚਲਦਾ, ਅਤੇ ਸਭ ਤੋਂ ਮੁਖ ਭੂਮਿਕਾ ਜੋ ਸ਼ਿੰਗਾਰ ਦੀ ਹੁੰਦੀ, ਉਹ ਸੀ ਕਿ ਸ਼ਿੰਗਾਰ ਕਰਦੇ ਹੋਏ ਉਕਰੇ ਆਕਾਰ ਮੰਡਲ, ਤੰਤਰ, ਯੰਤਰ ਧਾਰਮਿਕ ਚਿੰਨ੍ਹ, ਮਨੁੱਖਾਂ ਨੂੰ ਸਭਿਆਚਾਰਕ ਵਿਰਸੇ ਨਾਲ ਜੋੜਦੇ, ਵਿਰਸੇ ਪ੍ਰਤੀ ਸੋਝੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾਉਂਦੇ । ਗਲੀ ਵਿਚ ਫਿਰਦੇ ਪਿੰਡਾਂ ਦੇ ਵਸਨੀਕ ਇਕ ਅਪਣੱਤ ਦਾ ਅਹਿਸਾਸ ਕਰਦੇ । ਜਿਵੇਂ ਪਿੰਡ ਦੀ ਸਾਦ ਮੁਰਾਦੀ ਜ਼ਿੰਦਗੀ ਵਿਚ ਬੜੇ ਜੀਵਨ ਸੇਧ ਦਿੰਦੇ ਅਰਥ ਲੁਕੇ ਹੁੰਦੇ, ਇੰਜ ਹੀ ਗਲੀ ਦੇ ਸ਼ਿੰਗਾਰ ਵਿਚ ਕਲਾ ਦਾ ਫ਼ਲਸਫ਼ਾ, ਧਾਰਮਿਕ ਪ੍ਰਤੀਕ ਅਤੇ ਸਭਿਆ-ਚਾਰਕ ਵਿਰਸੇ ਦੀ ਮਹਾਨਤਾ ਪ੍ਰਗਟ ਹੁੰਦੀ ।

(ੲ) ਗਲੀ ਨਾਲ ਜੁੜੀਆਂ ਸਭਿਆਚਾਰਕ ਝਲਕਾਂ : ਗਲੀ ਜਨ ਸਧਾਰਣ ਲਈ ਸਰਵ-ਪ੍ਰਚਲਿਤ ਥਾਂ ਹੈ । ਗਲੀ ਵਿਚ ਪਿੰਡ ਦੇ ਸਮਾਜਿਕ ਮੇਲ ਜੋਲ ਦਾ ਝਲਕਾਰਾ ਪੈਂਦਾ ਹੈ । ਇਹ ਝਲਕਾਰਾ ਦੋ ਪੱਖਾਂ ਤੋਂ ਪੈਂਦਾ ਹੈ । ਪਹਿਲਾ, ਗਲੀ ਦੀ ਭੋਂ ਵਰਤੋਂ (Land use) ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਹਰ ਪਲ ਬਦਲਦੀ ਰਹਿੰਦੀ ਹੈ । ਦੂਸਰੇ, ਇਸ ਪਲ ਪਲ ਬਦਲਦੀ ਭੋਂ ਵਰਤੋਂ ਵਿਚ ਪਿੰਡਾਂ ਦਾ ਸਭਿਆਚਾਰ, ਲੋਕਾਂ ਦੀਆਂ ਲੋੜਾਂ, ਦੁਖ ਸੁਖ, ਹਾਸੇ ਖੁਸ਼ੀਆਂ, ਗੌਣ ਭੰਗੜੇ, ਝਗੜੇ ਲੜਾਈਆਂ, ਮੋਰਚਿਆਂ ਲਈ ਜਾ ਰਹੀ ਸੰਗਤ, ਮੋਰਚਾ ਜਿੱਤ ਕੇ ਆ ਰਹੇ, ਪੰਥ ਲਈ ਕੈਦ ਕੱਟਣ ਵਾਲਿਆਂ ਦਾ ਸਨਮਾਨ, ਗੁਰਪੁਰਬ ਸਮੇਂ ਜਲੂਸ. ਧਰਨੇ ਤੇ ਜਾ ਰਹੇ ਲੋਕ' ਆਦਿ ਗਲੀ ਵਿਚੋਂ ਹੀ ਨਿਕਲ ਕੇ ਪਿੰਡਾਂ ਦੇ ਸਭਿਆਚਾਰ ਦਾ ਪ੍ਰਗਟਾਵਾ ਕਰਦੇ ।

ਗਲੀ ਦੀ ਪਲ ਪਲ ਬਦਲਦੀ ਭੋਂ ਵਰਤੋਂ : ਮੁਖ ਤੌਰ ਤੇ ਤਾਂ ਗਲੀ ਆਵਾਜਾਈ ਦੀ ਸਹੂਲਤ ਲਈ ਹੁੰਦੀ । ਪਰ ਇਸ ਆਵਾਜਾਈ ਦੇ ਲੱਛਣ ਗਲੀ ਵਿਚ ਸਵੇਰ ਤੋਂ ਲੈ ਕੇ ਸ਼ਾਮ ਤੱਕ ਬਦਲਦੇ ਰਹਿੰਦੇ । ਸਰਘੀ ਵੇਲੇ ਲੰਬੜਾਂ ਦਾ ਹਾਲੀ ਆ ਕੇ ਜੋਗਾਂ ਨੂੰ ਪੱਠੇ ਪਾਉਂਦਾ । ਬਜ਼ੁਰਗ ਤੇ ਮਾਈਆਂ ਬੀਬੀਆਂ ਕੌਲ ਵਿਚ ਆਟਾ ਪਾ ਕੇ ਨੇੜੇ ਦੇ ਗੁਰਦੁਆਰੇ ਜਾਂਦੀਆਂ, ਜਿੰਨ੍ਹਾਂ ਜਿਮੀਂਦਾਰਾਂ ਰਾਤ ਹੀ ਜੋਗਾਂ ਨੂੰ ਪੱਠੇ ਪਾ ਦਿੱਤੇ ਹੁੰਦੇ, ਉਹ ਹਰਨਾਲੀ ਜਾਂ ਗੱਡੇ ਲੈ ਕੇ ਖੇਤਾਂ ਵੱਲ ਤੁਰ ਪੈਂਦੇ । ਸਿਆਣੀ ਉਮਰ ਦੇ ਔਰਤਾਂ ਮਰਦ ਛੱਪੜ ਵਾਲੇ ਪਾਸੇ, ਖੂਹ ਖਾਲ ਵੱਲ, ਜਾਂ ਹੱਥ ਵਿਚ ਗੱੜਵੀ ਫੜ੍ਹ ਕੇ ਜੰਗਲ ਪਾਣੀ ਲਈ ਜਾਂਦੇ । ਕੁਝ ਦੇਰ ਬਾਅਦ ਇਹੀ ਲੋਕ ਮੂੰਹ ਵਿਚ ਦਾਤਣ ਚਿੱਥਦੇ, ਦਾਤੁਣ ਨੂੰ ਕਿਸੇ ਨੁੱਕਰ ਨਾਲ ਛੰਡਦੇ, ਗਲੀ ਦੇ ਕਿਨਾਰੇ ਥੁੱਕ ਸੁੱਟਦੇ ਆਉਂਦੇ । ਪਿੰਡ ਦੇ ਗੁਰਦੁਆਰੇ ਤੋਂ ਪਾਠ ਦੀ ਆਵਾਜ਼ ਕੰਨੀ ਪੈਂਦੀ, ਚਾਟੀਆਂ ਵਿਚ ਮਧਾਣੀਆਂ ਛਲਕਾਟਾ ਪਾ ਦਿੰਦੀਆਂ, ਕੋਈ ਸੁਸਤ ਕੁੱਕੜ ਦੇਰ ਨਾਲ ਬਾਂਗ ਦਿੰਦਾ । ਗਲੀ ਤੋਂ ਹਵੇਲੀ ਵੱਲ ਬਾਲਟੀਆਂ ਲੈ ਕੇ ਦੁੱਧ ਚੋਣ ਲਈ ਲੋਕ ਨਿਕਲਦੇ । ਰਾਤ ਨੂੰ ਪਾਣੀ ਲਾਉਣ ਗਏ ਕਾਮੇ ਮੋਢੇ ਉਤੇ ਕਹੀ ਤੇ ਹੱਥ 'ਚ ਸੂਏ ਵਾਲੀ ਡਾਂਗ ਲੈ ਕੇ ਆਉਣੇ ਸ਼ੁਰੂ ਹੋ ਜਾਂਦੇ, ਇਸ ਵੇਲੇ ਜਿਵੇਂ ਦਿਨ ਚੜ੍ਹਦਾ ਗਲੀ ਪਿੰਡ ਦੀ ਹਲ ਚਲ ਨਾਲ ਭਰ ਜਾਂਦੀ ।

ਥੋੜਾ ਦਿਨ ਚੜ੍ਹਦੇ ਹੀ ਘਰਾਂ ਅਤੇ ਹਵੇਲੀਆਂ ਦਾ ਗੋਹਾ ਕੂੜਾ ਗਲੀ ਵਿਚ ਲਗੀ ਰੂੜੀ ਉਤੇ ਆ ਜਾਂਦਾ । ਭਾਈ ਜੀ (ਗੁਰਦੁਆਰੇ ਦਾ ਗ੍ਰੰਥੀ) ਮੋਢੇ ਤੇ ਫੁਲਕਿਆਂ ਵਾਲੀ ਬਗਲੀ ਅਤੇ ਹੱਥ ਵਿਚ ਦੁੱਧ ਲਈ ਡੋਲੂ/ਬਾਲਟੀ ਲੈ ਕੇ ਘਰੋ ਘਰੀ ਫੁਲਕੇ ਤੇ ਦੁੱਧ ਇਕੱਠਾ ਕਰਨ ਤੁਰ ਪੈਂਦੇ । ਰਾਤ ਭਰ ਖੁੱਡੇ ਵਿਚ ਡੱਕੇ ਕੁੱਕੜ, ਖੁੱਡੇ ਦਾ ਬੂਹਾ ਖੋਲ੍ਹ ਕੇ ਬਾਹਰ ਕੱਢ ਦਿੱਤੇ ਜਾਂਦੇ । ਨੇੜੇ ਦੇ ਪਿੰਡਾਂ ਤੋਂ ਦੁੱਖ ਸੁੱਖ ਦਾ ਸੁਨੇਹਾ ਲੈ ਕੇ ਕੋਈ ਘੋੜ ਸਵਾਰ ਆ ਜਾਂਦਾ । ਦੁੱਧ ਸਾਈਕਲਾਂ ਉਤੇ ਲੈ ਕੇ ਜਾਣ ਲਈ ਦੋਧੀ ਆ ਜਾਂਦੇ, ਜਿੰਨਾਂ ਪਿੰਡਾਂ ਤੋਂ ਸ਼ਹਿਰ ਦੂਰ ਹੁੰਦਾ ਉਥੇ ਇਹ ਦੋਧੀ ਸ਼ਹਿਰੋਂ ਪਿੰਡ ਦੇ ਲੋਕਾਂ ਦੀ ਜ਼ਰੂਰਤ ਮੁਤਾਬਿਕ ਲੱਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਏ ਆਉਂਦੇ । ਪਿੰਡ ਦੀ ਸੱਥ 'ਚ ਬਜ਼ੁਰਗ, ਸਿਆਣੇ ਆ ਕੇ ਬਹਿ ਜਾਂਦੇ । ਸਿਰ ਤੇ ਲੱਸੀ ਦੀ ਦੋਹਣੀ, ਉਤੇ ਫੁਲਕਿਆਂ ਦਾ ਛਾਬਾ, ਮੁਟਿਆਰ ਸੁਆਣੀਆਂ ਖੇਤਾਂ ਵੱਲ ਛਾਹ ਵੇਲਾ ਲੈ ਕੇ ਤੁਰ ਪੈਂਦੀਆਂ । ਵਾਗੀ ਮੱਝਾਂ ਗਾਵਾਂ ਨੂੰ ਖੋਹਲ ਕੇ ਹਵੇਲੀਉਂ ਬਾਹਰ ਕੱਢਦੇ । ਮੱਝਾਂ ਗਾਵਾਂ ਇਕ ਦੂਸਰੇ ਨਾਲ ਖਹਿ ਕੇ ਤੁਰਦੀਆਂ, ਗਲੀ ਵਿਚ ਆ ਕੇ ਫੋਸ ਕਰਦੀਆਂ, ਕੋਈ ਕੋਈ ਸੱਜਰ ਸੂਈ ਮੱਝ ਗਾਂ ਆਪਣੇ ਕੱਟੇ/ਵੱਛੇ ਵੱਲ ਭੱਜਦੀ । ਉਜਾੜੇ ਖੋਰ ਡੰਗਰ ਗਲੀ ਵਿਚੋਂ ਕਾਹਲੀ ਨਾਲ ਨਿਕਲ ਕੇ ਨੇੜੇ ਦੀ ਨਿਆਈਂ ਦੀ ਹਰੀ ਫ਼ਸਲ ਨੂੰ ਉਜਾੜਨ ਲਈ ਮੂੰਹ ਜੋਰ ਹੋ ਕੇ ਭੱਜਦੇ । ਗਲੀ ਵਿਚ ਸਾਹਨ ਕਿਤਿਉਂ ਉਠ ਕੇ ਆ ਜਾਂਦਾ, ਉਹ ਵੱਤਰ ਆਈ ਗਾਂ ਨੂੰ ਸੁੰਘ ਕੇ ਬੜਕਾਂ ਮਾਰਦਾ । ਕੁੱਕੜ, ਸੂਰ ਰੂੜੀ ਫਰੋਲਣ ਲਗਦੇ । ਗਲੀ ਮਨੁੱਖਾਂ, ਪਸ਼ੂਆਂ ਅਤੇ ਜਨੌਰਾਂ/ਪੰਛੀਆਂ ਸਭ ਦੀ ਸਾਂਝੀ ਕਰਮ-ਭੂਮੀ ਬਣ ਜਾਂਦੀ । ਜੇ ਰੂੜ੍ਹੀ ਜਿਆਦਾ ਹੋ ਗਈ ਹੁੰਦੀ ਤਾਂ ਕੋਈ ਕਾਮਾ ਗਲੀ ਵਿਚ ਗੱਡਾ ਪੁੱਠਾ ਲਾ ਕੇ ਗੱਡਾ ਰੂੜ੍ਹੀ ਨਾਲ ਭਰ ਰਿਹਾ ਹੁੰਦਾ । ਕਿਸੇ ਬਨੇਰੇ ਉਤੋਂ ਇੱਲ ਝਪਟਾਂ ਮਾਰ ਕੇ ਚੂਚੇ ਨੂੰ ਪੰਜੇ 'ਚ ਦਬਾ ਕੇ ਉੱਡ ਜਾਂਦੀ । ਚੂਚੇ ਵਾਲੀ ਮਾਲਕਣ ਇੱਲ ਨੂੰ ਗਾਲਾਂ ਕੱਢਦੀ, ਸੁਤੇ ਸਿਰ ਨੰਗੇ ਮੂੰਹ ਗਲੀ ਵਿਚ ਆ ਜਾਂਦੀ, ਅਗੋਂ ਕੋਈ ਬਜ਼ੁਰਗ (ਜਿਸ ਤੋਂ ਉਸ ਘੁੰਢ ਕੱਢਣਾ ਹੁੰਦਾ) ਖੰਘੂਰਾ ਮਾਰਦਾ, ਚੂਚੇ ਵਾਲੀ ਮਾਲਕਣ ਚੂਚੇ ਨੂੰ ਉਹਦੀ ਕਿਸਮਤ ਤੇ ਛੱਡਦੀ ਫਿਰ ਘਰ ਵਲ ਹੋ ਕੇ ਪੜਦਾ ਭਾਲਦੀ । ਕੋਈ ਕੋਈ ਬੱਚਾ ਹੀਂ ਹੀਂ ਕਰਦਾ ਬਸਤਾ ਚੁੱਕੀ, ਬੋਝਲ ਕਦਮਾਂ ਨਾਲ ਸਕੂਲ ਵਲ ਜਾਂਦਾ; ਜਿਹਨਾਂ ਸਕੂਲ ਨਾ ਜਾਣਾ ਹੁੰਦਾ ਉਹ ਬੰਟੇ, ਖਿੱਦੋ ਖੂੰਡੀ ਖੇਡਾਂ ਲੈ ਕੇ ਗਲੀ ਵਿਚ ਖੇਡਣਾ ਸ਼ੁਰੂ ਕਰ ਦਿੰਦੇ । ਗਲੀ 'ਚ ਜਦੋਂ ਵਿਆਹੀ ਭੈਣ ਦੇ ਘਰ ਕੋਲ ਆ ਕੇ ਵੀਰ ਦੀ ਘੋੜੀ ਹਿਣਕਦੀ, ਸੱਸ ਦੇ ਮੱਥੇ ਤਿਊੜੀ ਪੈ ਜਾਂਦੀ, ਭੈਣ ਲਈ ਚੰਦ ਚੜ੍ਹ ਜਾਂਦਾ । ਕਿਸੇ ਗੱਡੇ ਦੀ ਪਿੰਜਣੀ ਤੇ ਬੈਠੇ ਗਭਰੂ ਕੋਲੋਂ ਘੜਾ ਚੁਕਾ ਕੇ ਜਾਂਦੀ ਮੁਟਿਆਰ ਨੱਕ ਨਾਲ ਸੁਰਕੜਾ ਮਾਰ ਜਾਂਦੀ, ਇਸ਼ਾਰਾ ਹੁੰਦਾ ਕਿ ਸ਼ਾਮੀਂ ਮਿਲੇ । ਵੇਲੇ ਕੁਵੇਲੇ ਗੱਡੀ ਤੋਂ ਉੱਤਰ ਕੇ ਆਏ ਫ਼ੌਜੀ ਦਾ ਜਦੋਂ ਯੱਕਾ ਆ ਕੇ ਗਲੀ 'ਚ ਖਲੋਂਦਾ, ਉਹਦੀ ਕੱਲੀ ਕਾਰੀ ਬੁੱਢੀ ਮਾਂ ਹੱਸਦੀ ਹੱਸਦੀ ਰੋਣ ਲਗ ਪੈਂਦੀ ਤੇ ਰੋਂਦੀ ਰੋਂਦੀ ਹੱਸ ਕੇ ਫ਼ੌਜੀ ਪੁੱਤਰ ਦਾ ਸਿਰ ਪਲੋਸਦੀ ।

ਗਲੀ ਦਾ ਹੁੱਸਨ ਜਦੋਂ ਮੀਂਹ ਪੈ ਕੇ ਹਟਦਾ ਹੋਰ ਨਿੱਖਰ ਜਾਂਦਾ । ਜੇ ਮੀਂਹ ਤੇਜ਼ ਹੁੰਦਾ ਤਾਂ ਉਹਦੇ ਰੋਹੜ ਨਾਲ ਗਲੀ ਵਿਚੋਂ ਕੱਖ ਕਾਨ ਮਲ੍ਹੀ ਰੁੜ੍ਹ ਜਾਂਦੀ, ਉਤਲੀ ਮਿੱਟੀ ਰੁੜਨ ਉਤੇ ਨੰਗੇ ਹੋ ਗਏ ਵੰਗਾਂ ਦੇ ਟੋਟੇ, ਕੋਈ ਗੁਆਚਾ ਪੈਸਾ, ਸਭ ਉਭਰ ਆਉਂਦੇ । ਬੱਚੇ ਵੰਗਾਂ ਦੇ ਟੋਟੇ ਤੇ ਹੋਰ ਨਿੱਕ ਸੁੱਕ ਇਕੱਠਾ ਕਰਨ ਲੱਗ ਪੈਂਦੇ । ਕਿਤੇ ਕਿਤੇ ਗਲੀ ਵਿਚ ਸੂਹੇ ਲਾਲ ਰੰਗ ਦੀ ਸ਼ਨੀਲ ਵਰਗੀ ਚੀਚ ਵਹੁਟੀ ਜਾਂ ਵੀਰ ਵਹੁਟੀ, ਕੀੜੀ ਨੂੰ ਬੱਚੇ ਹੱਥਾਂ 'ਤੇ ਚੁੱਕਣ ਲਈ ਉਤਾਵਲੇ ਹੋ ਉੱਠਦੇ । ਮੀਂਹ ਪੈਣ 'ਤੇ ਕੰਧ-ਚਿਤਰ ਹੋਰ ਮੁਸਕਰਾਉਂਦੇ । ਰੂੜੀ ਗਲੀ ਵਿਚ ਰੁੜਣ ਲੱਗਦੀ, ਜੇ ਹੌਲੀ ਮੀਂਹ ਪਿਆ ਹੁੰਦਾ ਤਾਂ ਗਲੀ ਡੰਗਰਾਂ ਦੇ ਫਿਰਨ ਤੇ ਚਿੱਕੜ ਨਾਲ ਭਰ ਜਾਂਦੀ ।

ਕਦੀ ਕਦੀ ਗਲੀ ਵਿਚੋਂ ਆਕੜਿਆ ਹੋਇਆ ਘੋੜੇ 'ਤੇ ਸਵਾਰ ਥਾਣੇਦਾਰ ਆਉਂਦਾ । ਆਕੜੀ ਵਰਦੀ, ਉੱਚਾ ਤੁਰਲਾ, ਅੜੀਆਂ ਕਰ ਕਰ ਤੁਰਦਾ ਘੋੜਾ । ਪੁਲੀਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖ ਬੱਚੇ ਸਹਿਮ ਜਾਂਦੇ, ਸਿਆਣੇ ਅੱਗੇ ਪਿੱਛੇ ਹੋ ਜਾਂਦੇ ਕਿ ਕਿਤੇ ਥਾਣੇਦਾਰ ਪਿੰਡ ਦੇ ਕਿਸੇ ਮੁਜ਼ਰਮ ਦੇ ਥਾਂ ਟਿਕਾਣੇ ਬਾਰੇ ਨਾ ਪੁੱਛ ਲਵੇ, ਇੰਜ ਹੀ ਕਦੀ ਕਦੀ ਪਟਵਾਰੀਆਂ ਦੇ ਨਾਲ ਤਹਿਸੀਲਦਾਰ ਆਉਂਦਾ, ਗਲੀ ਦੇ ਕਿਸੇ ਚੌਂਕ ਵਿਚ, ਸੱਥ ਵਿਚ ਮੰਜੇ ਡਹਿ ਜਾਂਦੇ, ਤਹਿਸੀਲਦਾਰ, ਥਾਣੇਦਾਰ ਦੀ ਆਉ ਭਗਤ ਸ਼ੁਰੂ ਹੋ ਜਾਂਦੀ ।

ਸ਼ਾਮ ਨੂੰ ਭਾਰੇ ਹਵਾਨੇ ਲੈ ਕੇ ਤੁਰਦੀਆਂ ਪੰਜ ਕਲਿਆਣੀਆਂ ਮੱਝਾਂ, ਬੋਲੇ ਝੋਟੇ ਉਗਾਲੀ ਕਰਦੇ ਇਕ ਦੂਜੇ ਨਾਲ ਖਹਿੰਦੇ, ਗਲੀ ਦੀਆਂ ਕੰਧਾਂ ਨਾਲ (ਜਿਥੇ ਰੋਜ ਖਹਿ ਖਹਿ ਕੇ ਉਹਨਾਂ ਘਾਸੀ ਤੇ ਖਰੋਚਾ ਪਾਈਆਂ ਹੁੰਦੀਆਂ) ਖਹਿੰਦੇ ਪਿੰਡ ਵਾਪਿਸ ਪਰਤਦੇ, ਪਿੰਡ ਦੀ ਢਾਬ ਜਾਂ ਸੂਏ ਤੋਂ ਨੁਹਾਏ ਡੰਗਰਾਂ ਦੇ ਲੁਸ ਲੁਸ ਕਰਦੇ ਜਿਸਮਾਂ ਤੋਂ ਹਵਾੜ ਉੱਠਦੀ, ਡੰਗਰਾਂ ਦੇ ਗਲਾਂ ਵਿਚ ਟੱਲੀਆਂ, ਟੱਲ, ਘੁੰਗਰੂ ਟੁਣਕਦੇ । ਪਿੱਛੇ ਡਾਂਗ ਜਾਂ ਸੋਟੀ ਫੜੀ, ਸੁਕੇ ਸੁਕੇ ਬੁਲ੍ਹਾਂ, ਠਿੱਬੀ ਜੁੱਤੀ, ਘਸਮੈਲੇ ਕਪੜੇ ਪਾਈ ਵਾਗੀ ਆਉਂਦਾ । ਪਿੰਡ ਦੀ ਫਿਰਨੀ ਕੋਲ ਆ ਕੇ ਉਸ ਬੰਸਰੀ, ਅਲਗੋਜ਼ਾ, ਤੂੰਬੀ ਜਾਂ ਵੰਝਲੀ, ਜੋ ਉਹ ਖੇਤਾਂ ਵਿਚ ਡੰਗਰ ਚਾਰਦੇ ਵਜਾਉਂਦਾ, ਆਪਣੇ ਕਪੜਿਆਂ 'ਚ ਕਿਤੇ ਉੜੰਗ ਲਈ ਹੁੰਦੀ ।

ਫਿਰ ਜਗਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ, ਪੰਜਾਲੀਆਂ ਉਤੇ ਪੁੱਠੇ ਕਰਕੇ ਅੜਾਏ ਹਲ । ਪੰਜਾਲੀ ਨਾਲ ਜੋਗਾਂ ਪਿੱਛੇ ਕਈ ਵਾਰੀ ਬਾਲਣ ਲਈ ਘਸੀਟਦੇ ਆਉਂਦੇ ਛਾਪੇ ਹੁੰਦੇ, ਕਦੀ ਸੁਹਾਗਾ ਜਾਂ ਗਿਰੜੀ । ਡੁੱਬਦੇ ਸੂਰਜ ਦੀ ਘਟ ਹੋ ਰਹੀ ਰੋਸ਼ਨੀ ਵਿਚ ਗਲੀ ਵਿਚ ਗਰਦ ਦਾ ਇਕ ਗੁਬਾਰ ਉੱਡਦਾ; ਜਿਹਦੇ ਮਹੀਨ ਮਹੀਨ ਕਣ ਗਲੀ ਵਿਚ ਨੱਚਣ ਲੱਗ ਪੈਂਦੇ । ਡੰਗਰਾਂ ਦੇ ਪਿੰਡੇ ਦੀ ਹਵਾੜ, ਗਲ ਵਿਚ ਲਮਕਦੇ ਘੁੰਗਰੂਆਂ ਦੀ ਆਵਾਜ਼, ਗੱਡੇ ਦੀ ਚੀਂ ਚੀਂ ਦੀ ਸਰੋਦੀ ਸੁਰ, ਗਰਦ ਦੇ ਉੱਡਦੇ ਮਹੀਨ ਕਣਾਂ ਦਾ ਨਾਚ, ਗਲੀ ਵਿਚ ਮਹਿਕ ਵੀ ਹੁੰਦੀ, ਆਵਾਜ਼ ਵੀ, ਸਰੋਦੀ ਸੁਰ ਵੀ ਅਤੇ ਨਾਚ ਵੀ ।

ਲੋਢਾ ਵੇਲਾ ਹੁੰਦੇ ਹੀ ਗਲੀ ਵਿਚ ਭੱਠੀਆਂ ਤਪਣ ਲੱਗ ਪੈਂਦੀਆਂ । ਬੱਚੇ, ਜੁਆਨ ਦਾਣੇ ਲੈ ਕੇ ਭੱਠੀ ਵੱਲ ਮੂੰਹ ਕਰ ਲੈਂਦੇ, ਛੋਲਿਆਂ ਦੇ ਦਾਣੇ, ਚੌਲਾਂ ਦੇ ਦਾਣੇ, ਮਕੱਈ ਦੇ ਦਾਣੇ । ਫ਼ਸਲ ਆਉਣ ਦੇ ਦਿਨਾਂ ਵਿਚ, ਪਾਲੀ ਖੇਤਾਂ ਤੋਂ ਰੀੜੀ ਲੈ ਕੇ ਸ਼ਾਮ ਪੈਣ ਉੱਤੇ ਗਲੀ ਵਿਚ, ਉਸ ਹੱਟੀ ਵੱਲ ਮੂੰਹ ਕਰਦੇ, ਜਿਥੇ ਜਲੇਬ ਤਲੇ ਜਾ ਰਹੇ ਹੁੰਦੇ ਜਾਂ ਜਿਸ ਨੇ ਮੇਸੂ ਬਣਾਏ ਹੁੰਦੇ ਜਾਂ ਲੱਡੂ ਵੱਟੇ ਹੁੰਦੇ । ਗਲੀ ਦੇ ਉਸ ਮੋੜ ਉੱਤੇ ਜਿਥੇ ਹੱਟੀ ਹੁੰਦੀ, ਮੇਲੇ ਵਰਗੀ ਰੌਣਕ ਲੱਗ ਜਾਂਦੀ । ਗੱਡਿਆਂ ਤੋਂ ਪੱਠੇ ਲਾਹ ਕੇ ਕਾਮੇ ਟੋਕੇ ਅੱਗੇ ਕੁਤਰਣ ਲਈ ਲਿਆ ਸੁੱਟਦੇ, ਜਿਥੇ ਜੋਗਾਂ ਤੋਂ ਘੱਟ ਕੰਮ ਲਿਆ ਹੁੰਦਾ ਜਾਂ ਵਾਰੀ ਨਾਲ ਆਟਾ ਪੀਹਣ ਲਈ ਖ਼ਰਾਸ ਜੋ ਲਈ ਜਾਂਦੀ । ਭੱਠੀ, ਹੱਟੀ, ਖ਼ਰਾਸ, ਖੂਹ ਸਭ ਗਲੀ ਦੇ ਨਾਲ ਨਾਲ ਪਿੰਡ ਦੀ ਜ਼ਿੰਦਗੀ ਵਿਚ ਘੁੰਮੀ ਜਾਂਦੇ ।

ਸਿਆਲ ਦੀਆਂ ਲੰਮੀਆਂ ਰਾਤਾਂ, ਭੱਠੀ ਤੇ ਦਾਣੇ ਭੁੰਨ ਕੇ ਮਹਿਰੀ ਜਾ ਚੁੱਕੀ ਹੁੰਦੀ, ਭੱਠੀ ਦਾ ਨਿੱਘ ਮਾਣਦੇ ਲੋਕ ਭੱਠੀ ਕੋਲ ਬਾਤਾਂ ਪਾਉਣ ਲੱਗ ਪੈਂਦੇ । ਫਿਰ 'ਰੂਪ ਬਸੰਤ', 'ਦੁੱਲਾ ਭੱਟੀ', 'ਪੂਰਨ ਭਗਤ', ਹੂਰ ਮੇਨਕਾ ਨੇ ਵਿਸ਼ਵ ਮਿੱਤਰ ਦਾ ਤਪ ਜਿਵੇਂ ਭੰਗ ਕੀਤਾ, ਬਾਤਾਂ ਪੈਂਦੀਆਂ ਜਿਨ੍ਹਾਂ ਵਿਚ ਇਤਿਹਾਸ ਮਚਲਦਾ, ਬਾਤਾਂ ਪੈਂਦੀਆਂ ਜਿਨ੍ਹਾਂ 'ਚ ਲੋਕ ਨਾਇਕਾਂ ਦਾ ਖ਼ਾਕਾ ਖਿੱਚਿਆ ਜਾਂਦਾ, ਬਾਤਾਂ ਪੈਂਦੀਆਂ ਜਿਨ੍ਹਾਂ 'ਚ ਸਭਿਆਚਾਰਕ ਵਿਰਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਆਂ ਲੋਕ ਕਹਾਣੀਆਂ, ਲੋਕਾਂ ਦੇ ਚੇਤੇ ਵਿਚ ਪੁਨਰ ਸੁਰਜੀਤ ਹੁੰਦੀਆਂ। ਬਾਤਾਂ ਪੈਂਦੀਆਂ, ਸਦੀਆਂ ਲੰਮੇ ਜ਼ੁਲਮਾਂ ਤੇ ਉਮਰਾਂ, ਲੰਮੀ ਉਦਾਸੀ ਦੀਆਂ, ਬਾਤਾਂ 'ਚ ਵੰਝਲੀ ਦੀ ਹੇਕ ਹੁੰਦੀ, ਝਨਾਂ ਦੀਆਂ ਲਹਿਰਾਂ ਹੁੰਦੀਆਂ, ਧੂੜ ਪੁੱਟਦੀ ਬੱਕੀ ਹੁੰਦੀ, ਪੁਨੂੰ ਦੀ ਸਜਰੀ ਪੈੜ ਦਾ ਰੇਤਾਂ ਹਿੱਕ ਨੂੰ ਲਾਉਂਦੀ ਔਂਸੀ ਹੁੰਦੀ। ਸਰਹਿੰਦ ਦੀਆਂ ਕੰਧਾਂ ਵਿਚ ਚਿਣੇ ਜਾਂਦੇ ਸਾਹਿਬਜ਼ਾਦੇ ਹੁੰਦੇ, ਸਲੀਮ ਲਈ ਬਗਾਵਤ ਕਰਦੀ ਅਨਾਰਕਲੀ ਹੁੰਦੀ, ਵਿਕਰਮਾਦਿੱਤ ਦਾ ਨਿਆਂ ਹੁੰਦਾ, ਅਰਜੁਨ ਦਾ ਨਿਸ਼ਾਨਾ ਹੁੰਦਾ, ਹਰੀ ਸਿੰਘ ਨਲਵੇ ਦੀ ਬਹਾਦਰੀ ਹੁੰਦੀ, ਬੰਦਾ ਬਹਾਦਰ ਹੁੰਦਾ, ਭਗਤ ਸਿੰਘ ਦੀ ਫ਼ਾਂਸੀ ਹੁੰਦੀ। ਬਾਤਾਂ ਪਾਉਂਦੇ ਪਾਉਂਦੇ ਲੋਕ ਆਪਣੇ ਸ਼ਹੀਦਾਂ ਨੂੰ ਯਾਦ ਕਰਨ ਲੱਗ ਪੈਂਦੇ। ਯਾਦ ਕਰਦੇ ਆਹ ਦਾ ਨਾਅਰਾ ਮਾਰਦੇ। ਨਿੱਖਰੀ ਰਾਤ ਵਿਚ ਤਰੇਲ ਨਾਲ ਕਪੜੇ ਸਿਲ੍ਹੇ ਹੋ ਜਾਂਦੇ। ਭੱਠੀ ਦਾ ਨਿੱਘ, ਬਾਤ ਦਾ ਰਸ, ਸ਼ਬਦਾਂ ਦਾ ਜਾਦੂ ਸਮੇਂ ਕਾਲ ਦੀ ਬਿਆਨਬਾਜ਼ੀ, ਤਾਰਿਆਂ ਦੀਆਂ ਖਿੱਤੀਆਂ, ਪਹਿਰ ਰਾਤ ਬੀਤਣ ਦੀ ਸੂਚਨਾ ਦਿੰਦਿਆਂ। ਹੌਲੀ ਹੌਲੀ ਅਗਲੀ ਰਾਤ ਫਿਰ ਇਕੱਠੇ ਹੋਣ ਲਈ ਢਾਣੀ ਬਿਖਰ ਜਾਂਦੀ। ਗਲੀ 'ਚ ਜੋ ਚੁਪ ਪਸਰੀ ਹੁੰਦੀ ਪੈਰਾਂ ਦੀ ਪਦਚਾਪ ਨਾਲ ਤਿੜਕ ਜਾਂਦੀ। ਢਾਣੀ ਦੇ ਹਿਲਣ ਉੱਤੇ ਕਿਸੇ ਗੱਡੇ ਥੱਲੇ ਬੈਠਾ ਡੱਬੂ ਕੁੱਤਾ (ਜ਼ਰੂਰੀ ਨਹੀਂ ਕਿ ਕੁੱਤਾ ਡੱਬੂ ਹੀ ਹੁੰਦਾ) ਆਕੜ ਭੰਨ੍ਹ ਕੇ ਉੱਠਦਾ, ਹਵਾ ਨੂੰ ਸੁੰਘਣ ਲਈ ਕੰਨ ਤਿੱਖੇ ਕਰਦਾ, ਕਿਸੇ ਬਿੜਕ ਉੱਤੇ ਭੌਂਕਦਾ, ਤੇ ਫਿਰ ਭੱਠੀ ਨਾਲ ਜੂੜ ਕੇ ਬੈਠ ਜਾਂਦਾ। ਜੇ ਪਿੰਡ ਵਿਚ ਚੌਕੀਦਾਰ ਹੁੰਦਾ ਤਾਂ ਚੱਕਰ ਲਾ ਕੇ ਉਹ ਕੱਖ ਕਾਣ ਇਕੱਠਾ ਕਰ ਕੇ ਭੱਠੀ ਵਿਚ ਸੁੱਟ ਕੇ ਬੁਝ ਗਈ ਅੱਗ ਨੂੰ ਫੂਕਾਂ ਮਾਰ ਕੇ ਘਮਾ ਲੈਂਦਾ। ਫਿਰ ਚੌਕੀਦਾਰ ਅਤੇ ਡੱਬੂ ਕਿੰਨਾ ਚਿਰ ਭੱਠੀ ਕੋਲ ਅੱਗ ਸੇਕਦੇ, ਬਿੜਕ ਆਉਣ ਤੇ ਕੁੱਤਾ ਭੌਂਦਾ, ਚੌਕੀਦਾਰ ਟਾਰਚ ਜਾਂ ਲਾਲਟੈਣ ਲੈ ਕੇ ਹੋਸ਼ਿਆਰ ਰਹਿਣ ਦੀ ਆਵਾਜ਼ ਲਾਉਂਦਾ ਗਲੀ ਦੇ ਦੂਸਰੇ ਸਿਰੇ ਵੱਲ ਤੁਰ ਪੈਂਦਾ।

ਜਿੰਨਾ ਪਿੰਡਾਂ ਵਿਚ ਦੁਸ਼ਮਣੀ ਹੁੰਦੀ, ਧੜੇਬਾਜ਼ੀ ਹੁੰਦੀ, ਸ਼ਰਾਬ ਦਾ ਦੌਰ ਚਲਦਾ, ਉਥੇ ਦੁਸ਼ਮਣ ਨੂੰ ਗਲੀ ਵਿਚ ਖਲੋ ਕੇ ਗਾਲ੍ਹਾਂ ਕੱਢ ਕੇ, ਬੱਕਰੇ ਬੁਲਾ ਕੇ ਗਲੀ ਵਿਚ ਨਿਕਲ ਕੇ, ਲੜਨ ਲਈ ਗਲੀ ਲਲਕਾਰਣ ਦਾ ਮੈਦਾਨ ਬਣ ਜਾਂਦੀ, ਰਾਤ ਬਰੱਤੇ, ਵੇਲੇ ਕੁਵੇਲੇ, ਗਲੀ ਵਿਚ ਇੱਟਾਂ ਪੱਥਰ ਚਲੇ ਜਾਂਦੇ, ਛਵੀਆਂ, ਨੇਜ਼ੇ, ਬਲਮਾਂ, ਗੰਡਾਸੀਆਂ, ਬੰਦੂਕਾਂ ਚਲ ਜਾਂਦੀਆਂ, ਸੱਟਾਂ ਲੱਗਦੀਆਂ, ਕਤਲ ਹੋ ਜਾਂਦੇ। ਰਾਤ ਬੜਕਾਂ ਮਾਰਦੇ ਸਾਹਨਾਂ ਵਾਂਗ ਖਰੂਦ ਕਰਦੇ ਜੱਟ, ਦਿਨ ਚੜ੍ਹਨ ਤੋਂ ਪਹਿਲਾਂ, ਪਿੰਡ ਦੇ ਮਹਾਜਨ ਕੋਲ ਜ਼ਮੀਨ ਗਹਿਣੇ ਰੱਖ (ਬਹੁਤੀ ਵਾਰੀ), ਥਾਣੇ ਪਰਚਾ ਕਟਾਉਣ ਭੱਜਦੇ, ਡਾਕਟਰੀ ਰਿਪੋਰਟ ਲਈ ਭੱਜਦੇ ਤੇ ਜਿਹਦਾ ਦਾਅ ਲੱਗਦਾ ਸਰਕਾਰੇ ਦਰਬਾਰੇ ਉਹ ਆਪਣੇ ਦੁਸ਼ਮਣ ਨੂੰ ਫੜਾਉਣ ਲਈ ਪੁਲਿਸ ਲੈ ਆਉਂਦਾ, ਗਲੀ ਵਿਚ ਮੁਲਜ਼ਮ ਦੀਆਂ ਕਈ ਪੀੜ੍ਹੀਆਂ ਨੂੰ ਗਾਲ੍ਹਾਂ ਕੱਢਦਾ ਥਾਣੇਦਾਰ ਜੇ ਮੁਲਜ਼ਮ ਸਰੀਫ ਹੁੰਦਾ ਤਾਂ ਉਹਨੂੰ ਕੁੱਟਦਾ ਹੋਇਆ ਆਪਣੇ ਨਾਲ ਗ੍ਰਿਫ਼ਤਾਰ ਕਰਕੇ ਲੈ ਜਾਂਦਾ। ਗਲੀ ਵਿਚ ਰਾਤ ਜੋ ਦੁਸ਼ਮਣੀ ਜਾਂ ਭਾਂਬੜ ਬਲਿਆ ਹੁੰਦਾ, ਹੁਣ ਉਹ ਧੁੱਖਣ ਲੱਗ ਪੈਂਦਾ। ਇਸ ਧੁੱਖਦੀ ਅੱਗ ਦੇ ਦੋ ਪਰਿਣਾਮ ਨਿਕਲਦੇ, ਜਾਂ ਤਾਂ ਕੁਝ ਦਿਨਾਂ ਵਿਚ ਹੀ ਦੁਸ਼ਮਣ ਦੇ ਕਿਸੇ ਚੋਣਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨੁੱਖ ਨੂੰ ਮਾਰ ਦਿੱਤਾ ਜਾਂਦਾ, ਜਾਂ ਪਿੰਡ ਦੀ ਗਲੀ ਵਿਚ ਹੀ ਰਿਸ਼ਤੇਦਾਰ ਭੱਜ ਦੌੜ ਕਰਕੇ ਪੰਚਾਇਤ ਬੁਲਾ ਕੇ ਦੋ ਧਿਰਾਂ ਦੀ ਸੁਲਾਹ ਸਫ਼ਾਈ ਕਰਾ ਕੇ ਜੱਫ਼ੀਆਂ ਪੁਆ ਦਿੰਦੇ ।

ਇੰਜ ਗਲੀ ਦੀ ਭੌਂ ਵਰਤੋਂ ਲਈ ਪੰਚਾਇਤ ਘਰ ਵਜੋਂ ਹੁੰਦੀ, ਕਦੀ ਲੜਾਈ ਦੇ ਮੈਦਾਨ ਵਜੋਂ, ਕਦੀ ਰੂੜੀ ਦਾ ਗੱਡਾ ਲੱਦਣ ਲਈ, ਕਦੀ ਬੱਚਿਆਂ ਦੀ ਖੇਡ ਲਈ, ਕਦੀ ਝੋਟਿਆਂ ਦੇ ਭਿੜਣ ਲਈ, ਕਦੀ ਬਾਤਾਂ ਦੇ ਪਰਵਾਹ ਲਈ, ਕਦੀ ਗੱਭਰੂ ਮੁਟਿਆਰਾਂ ਦੇ ਚੋਰੀ ਇਕ ਦੂਜੇ ਨੂੰ ਵੇਖਣ ਲਈ ਓਟ ਵਜੋਂ, ਕਦੀ ਫ਼ਸਲਾਂ ਦੇ ਘਰ ਆਉਣ ਲਈ, ਗੱਡੇ ਤੋਂ ਸਮਾਨ ਲਾਹਣ ਲਈ ।

ਬੇਸ਼ਕ ਭੌਂ ਵਰਤੋਂ ਵਿਚ ਵੀ ਸਭਿਆਚਾਰ ਝਲਕਦਾ, ਪਰ ਪਿੰਡ ਦੀ ਗਲੀ ਦੀ ਛੱਬ ਸਭਿਆਚਾਰਕ ਝਾਕੀਆਂ ਨਾਲ ਬਦਲ ਹੀ ਜਾਂਦੀ। ਕਦੀ ਪਿੰਡਾਂ ਵਿਚ ਗੁਰਪੁਰਬ ਤੇ ਜਲੂਸ ਨਿਕਲਦਾ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਗੱਡੇ ਉਤੇ ਸਸ਼ੋਭਿਤ ਕਰ ਕੇ ਅੱਗੇ ਪੰਜ ਪਿਆਰੇ ਹਥਿਆਰਬੰਦ ਹੋ ਕੇ ਚਲਦੇ, ਗੱਡੇ ਨੂੰ ਸੰਗਤ ਖਿੱਚ ਕੇ ਚਲਦੀ, ਨਾਲ ਨਾਲ ਕੀਰਤਨ ਹੁੰਦਾ, ਵਿਤ ਮੁਤਾਬਿਕ ਗਲੀ ਸ਼ਿੰਗਾਰੀ ਜਾਂਦੀ, ਗੇਟ ਬਣਦੇ, ਝੰਡੀਆਂ ਲੱਗਦੀਆਂ, ਗਲੀ ਦੀ ਸਫ਼ਾਈ ਹੁੰਦੀ, ਚੂਨਾ ਸੁੱਟਿਆ ਜਾਂਦਾ । ਕਈ ਪਿੰਡਾਂ ਵਿਚ ਦੁਸਹਿਰੇ ਦੇ ਦਿਨਾਂ ਵਿਚ ਰਾਮ ਲੀਲ੍ਹਾ ਦੀਆਂ ਝਾਕੀਆਂ ਨਿਕਲਦੀਆਂ, ਰਾਮ ਚੰਦਰ, ਸੀਤਾ ਤੇ ਲਛਮਣ ਵਿਖਾਏ ਜਾਂਦੇ। ਹਨੂੰਮਾਨ ਨੂੰ ਬੱਚੇ ਅਚੰਭੇ ਨਾਲ ਵੇਖਦੇ ਤੇ ਰਾਵਣ ਨੂੰ ਨਫ਼ਰਤ ਨਾਲ । ਕਿਸੇ ਮੇਲੇ ਮੱਸਿਆ ਉਤੇ ਜਾਣ ਲਈ ਵੰਨ-ਸੁਵੰਨੀਆਂ ਪੁਸ਼ਾਕਾਂ ਪਾ ਕੇ ਪੰਜਾਬਣਾਂ ਨਿਕਲਦੀਆਂ, ਸ਼ੁਰੂ ਸ਼ੁਰੂ ਵਿਚ ਗੱਡੇ ਗਡਬੋਲਾ ਆਦਿ ਉਤੇ ਜਾਂ ਪੈਦਲ, ਗਲੀ ਜਿਵੇਂ ਮਹਿੰਦੀ ਨਾਲ ਸ਼ਿੰਗਾਰੇ ਪੈਰਾਂ ਨਾਲ ਮੱਚ ਉੱਠਦੀ, ਫਿਰ ਮੇਲੇ ਤੋਂ ਜਿਵੇਂ ਲੋਕੀਂ ਚਾਅ ਖਰੀਦ ਕੇ ਲਿਆਉਂਦੇ । ਵਸਤਾਂ, ਰੰਗ, ਸ਼ੀਸ਼ੇ, ਧਾਗੇ, ਰੁਮਾਲ, ਖਿਡੌਣੇ । ਕਿਸੇ ਕਿਸੇ ਪਿੰਡ ਮੇਲਾ ਲੱਗਣ ਉਤੇ ਇਹ ਸਭ ਗਲੀ ਵਿਚ ਗਹਿਮਾ ਗਹਿਮ ਭਰ ਦਿੰਦਾ । ਤੀਆਂ ਤ੍ਰਿਞਣਾ ਉਤੇ ਘਰਾਂ ਦਾ ਹੁਸਨ ਗਲੀ ਵਿਚ ਨਿਕਲਦਾ, ਰਾਤ ਬਰਾਤੇ 'ਜਾਗੋ ਆਈ ਆ' ਕਹਿ ਕੇ ਕੁੜੀਆਂ ਚੁੰਨੀ ਲੈ ਕੇ ਨੱਚਦੀਆਂ ।

ਗੁੱਗੇ ਪੀਰ ਦੀ ਚੌਕੀ ਦਿੰਦਾ ਕੋਈ ਭਗਤ ਆਪਣੇ ਜਿਸਮ ਨੂੰ ਕਪੜੇ ਦੇ ਕੋੜੇ ਨਾਲ ਕੁੱਟਦਾ, ਅੱਗੇ ਅੱਗੇ ਝੰਡੇ ਉੱਤੇ ਮੋਰ ਦੇ ਖੰਭ ਲਾ ਕੇ ਗੁੱਗੇ ਪੀਰ ਦੇ ਚਿੰਨ੍ਹ ਵਜੋਂ ਕੋਈ ਹੋਰ ਭਗਤ ਝੰਡਾ ਲੈ ਕੇ ਨਿਕਲਦਾ । ਕਦੀ ਕਦੀ ਮੂੰਹ ਹਨੇਰੇ ਜਿਸ ਬੱਚੇ ਨੂੰ ਕਾਕੜਾ ਕਾਕੜਾ ਨਿਕਲਿਆ ਹੁੰਦਾ, ਉਹਦੀ ਕੋਈ ਨਾਨੀ, ਦਾਦੀ, ਭੂਆ, ਮਾਸੀ ਉਹਨੂੰ ਮਾਤਾ ਰਾਣੀ ਦੀ ਸਮਾਧ ਉੱਤੇ ਠੀਕ ਹੋਣ ਤੇ ਮੱਥਾ ਟਿਕਾ ਕੇ ਲਿਆਉਂਦੀ । ਕਿਸੇ ਕਿਸੇ ਪਿੰਡ ਸਿਰ ਉਤੇ ਮੋਰ ਦੇ ਖੰਭ ਉੜੰਗ ਕੇ ਭੰਗਵੇ ਕੱਪੜੇ ਪਾਈ ਹੱਥ ਵਿਚ ਟੱਲੀਆਂ ਫੜ ਕੇ ਇਕ ਅੰਦਾਜ਼ ਵਿਚ ਟੱਲੀਆਂ ਵਜਾਉਂਦੇ ਟੱਲੀ ਬਾਵੇ ਆਉਂਦੇ, ਉਹ ਹੌਲੀ ਹੌਲੀ ਗਾਉਂਦੇ 'ਭੋਲੇ ਨਾਥ ਭੰਡਾਰ ਭਰੇਂਗੇ' ਕਦੀ ਕਦੀ ਗਲੀਆਂ ਵਿਚ ਮੋਢੇ ਤੇ ਬਗਲੀ ਲਮਕਾਈ ਘੁੱਟਵੀਂ ਗੋਰ ਛੋਟੀ ਪੱਗ ਬੰਨ੍ਹੀ ਭਾਟੜੇ ਆਉਂਦੇ, ਉਹ ਕਈ ਘਰਾਂ ਅੰਦਰ ਉਦੋਂ ਜਾਂਦੇ ਜਦੋਂ ਮਰਦ ਘਰ ਨਾ ਹੁੰਦੇ ਤੇ ਔਰਤਾਂ ਨੂੰ ਉਹ ਭੂਤ, ਭਵਿੱਖ, ਟੂਣੇ, ਤਵੀਤ, ਮੜ੍ਹੀ, ਮਸਾਣ, ਜਿੰਨ, ਚੁੜੇਲ, ਬਾਰੇ ਕਈ ਕੁਝ ਦਸ ਕੇ ਆਪਣਾ ਰੋਟੀ ਪਾਣੀ ਚਲਾਉਂਦੇ । ਵੀਰਵਾਰ ਵਾਲੇ ਦਿਨ ਕਿਸੇ ਸੱਯਦ, ਪੀਰ ਦੀ ਕਬਰ ਉਤੇ ਦੀਵੇ ਜਗਾਉਣ, ਸੁਖਣਾ ਸੁੱਖਣ ਅਤੇ ਦੇਗ, ਕੜਾਹ, ਖੀਰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੜ੍ਹਾਉਣ ਲਈ ਉਪਰਾਲੇ ਹੁੰਦੇ। ਕਬਰ/ਦਰਗਾਹ ਤੋਂ ਵਾਪਸੀ ਉਤੇ ਪ੍ਰਸ਼ਾਦ ਸਮਝ ਕੇ ਇਹ ਖਾਣ ਦੀਆਂ ਵਸਤਾਂ, ਗਲੀ ਵਿਚ ਜੋ ਵੀ ਮਿਲਦਾ, ਉਹਨੂੰ ਵੰਡੀਆਂ ਜਾਂਦੀਆਂ।

ਘਰ ਦੇ ਅੰਦਰ ਨਵ ਜੰਮੇ ਦੀ ਆਵਾਜ਼, ਗੁੜ ਦੀ ਪੇਸੀ, ਸੂਟ, ਪੈਸੇ ਲੈ ਕੇ ਹੰਸੂੰ ਹੰਸੂੰ ਕਰਦੀਆਂ ਦਾਈ ਦੀਆਂ ਅੱਖਾਂ, ਜਿਸ ਘਰ ਮੁੰਡਾ ਜੰਮਦਾ, ਘੜਿਉਂ ਪਹਿਲਾਂ ਉਸ ਘਰ ਦੀ ਗਲੀ ਵਾਲੇ ਬੂਹੇ ਉਤੇ ਸ਼ਰੀਂਹ ਦੇ ਪੱਤੇ ਅਤੇ ਮੌਲੀ ਦੀਆਂ ਤੰਦਾਂ ਬੱਝ ਜਾਂਦੀਆਂ। ਇਸ ਗਲੀ ਵਿਚ ਖਲੋ, ਖਲਾਰ ਕੇ ਪੁੱਤ ਜਦੋਂ ਵਿਆਹ ਕੇ ਆਉਂਦਾ, ਸੱਸ ਨੂੰਹ ਪੁੱਤ ਦੇ ਸਿਰੋਂ ਪਾਣੀ ਵਾਰ ਕੇ ਪੀਂਦੀ। ਇਸ ਗਲੀ ਵਿਚ ਮੋੜ ਉਤੇ ਖੁਲ੍ਹੇ ਚੌਕ ਵਿਚ ਜੰਞ ਆਉਣ ਉਤੇ ਮਿਲਣੀ ਹੁੰਦੀ। ਜਾਂਞੀਂ ਆਕੜ ਕੇ ਤੁਰਦੇ, ਕਈਆਂ ਦੇ ਮਾਇਆ ਲਗੇ ਚਾਦਰੇ ਗਲੀਆਂ ਦੇ ਕੱਖ ਵੀ ਨਾਲ ਹੂੰਝਦੇ। ਇਸ ਗਲੀ ਵਿਚ ਡੋਲੀ ਤੁਰਨ ਉਤੇ ਸੋਟ ਹੁੰਦੀ। ਜਦੋਂ ਗਲੀ ਵਿਚ ਵੰਙਾਂ ਵਾਲਾ ਵਣਜਾਰਾ ਆਉਂਦਾ, ਮੁਟਿਆਰਾ ਦੇ ਦਿਲਾਂ ਵਿਚ ਵੰਙਾਂ ਦੇ ਰੰਗ ਖਿੜ ਜਾਂਦੇ। ਵੰਙਾਂ ਦੇ ਰੰਗ, ਛਣਕਣ ਉਤੇ ਜਲਤਰੰਗ ਵਰਗੀ ਆਵਾਜ਼। ਹੋਰ ਵੀ ਸੌਦੇ ਸੂਤ ਲੈ ਕੇ ਹੋਕਾ ਦੇ ਕੇ ਵਸਤਾਂ ਵੇਚਣ ਵਾਲੇ ਆਉਂਦੇ। ਕੁਲਫ਼ੀ ਵਾਲਾ, ਮਾਈ ਬੁੱਢੀ ਦੇ ਝਾਟੇ ਵਾਲਾ, ਬਰਫ਼ ਨਾਲ ਬਣੇ ਖਿਡਾਉਣਿਆਂ ਵਾਲਾ ਤੇ ਭੁਕਾਨੇ, ਛਣਕਣਿਆਂ ਵਾਲਾ। ਗੁਰੂ ਗੋਰਖ ਨਾਥ ਦੇ ਚੇਲੇ ਔਲੱਖ ਜਗਾਉਂਦੇ। ਸਾਲ ਦੋ ਸਾਲਾਂ ਬਾਅਦ ਪਿੰਡ ਵਿਚ ਲੋਹੇ ਦੀਆਂ ਵਸਤਾਂ, ਤਸਲੇ, ਪੀਪੇ ਆਦਿ ਦੀ ਭੱਜ ਟੁੱਟ ਹੁੰਦੀ ਰਹਿੰਦੀ, ਅਚਾਨਕ ਪਿੰਡ ਦੇ ਇਕ ਸਿਰੇ ਉਤੇ ਪੰਜ ਸਤ ਗੜਬੇਲਾਂ ਵਿਚੋਂ ਕੁੜਤੀਆਂ ਨੂੰ ਸ਼ੀਸ਼ੇ ਲੱਗੇ ਔਰਤਾਂ ਉੱਤਰ ਦੀਆਂ, ਮਰਦ ਕੁੰਡੀਆਂ ਮੁੱਛਾਂ, ਰਾਜਪੂਤ ਹੋਣ ਦਾ ਸੰਕੇਤ ਕਰਦੀਆਂ, ਸਿਕਲੀਗਰ ਆ ਜਾਂਦੇ। ਫਿਰ ਉਹ ਕੁਝ ਦਿਨ ਪਿੰਡ ਦੇ ਬਾਹਰਵਾਰ ਖੁੱਲ੍ਹੇ ਅਸਮਾਨ ਥੱਲੇ ਰਹਿੰਦੇ। ਗਲੀਉ ਗਲੀ. ਘਰੋ ਘਰ ਫਿਰ ਕੇ ਉਹ ਛਾਨਣੇ, ਪੀਪੇ, ਤਸਲੇ ਬਾਲਟੀਆਂ ਆਦਿ ਦੀ ਮੁਰੰਮਤ ਕਰ ਦਿੰਦੇ। ਗਲੀ ਦੇ ਕਿਸੇ ਖੁਲ੍ਹੇ ਚੌਂਕ ਵਿਚ ਰਾਸਧਾਰੀਏ, ਨਕਚਲੀ ਅਤੇ ਭੰਡ ਆਪੋ ਆਪਣੇ ਫਨ ਵਿਖਾਉਂਦੇ, ਕਿਸੇ ਕਿਸੇ ਪਿੰਡ ਢਾਡੀ ਜਥੇ, ਕੀਰਤਨੀਏ ਜਥੇ ਜਦੋਂ ਆਉਂਦੇ ਗਲੀ ਖੁਸ਼ੀਆਂ ਨਾਲ ਲਟਬੌਰੀ ਹੋ ਜਾਂਦੀ। ਕਿਸ਼ੇ ਅਣਆਈ ਮੌਤ ਉਤੇ ਗਲੀ ਵਿਚੋਂ ਵੈਣ ਪਾਉਣ ਦੀ ਆਵਾਜ਼ ਕੰਧਾਂ ਨਾਲ ਟਕਰਾ ਕੇ ਗੂੰਜ ਉਠਦੀ, ਪਿੱਟ ਪਿੱਟ ਬੇਹਾਲ ਹੁੰਦੀਆਂ ਰਿਸ਼ਤੇਦਾਰ ਔਰਤਾਂ, ਲੰਮਾ ਨੜੋਆ ਜਦੋਂ ਨਿਕਲਦਾ, ਗਲੀਆਂ ਦੇ ਜਿਵੇਂ ਕੱਖ ਰੋਣ ਲਗ ਪੈਂਦੇ। ਸਾਲ 'ਚ ਇਕ ਅੱਧ ਵਾਰ ਗਲੀ ਮਦਾਰੀ ਦੀ ਡੁੱਗਡੁਗੀ ਨਾਲ, ਬਾਂਦਰ ਦੇ ਬਾਂਦਰੀ ਨੂੰ ਕੁੱਟ ਕੇ ਪੇਕਿਓਂ ਲਿਆਉਣ ਤੇ ਰਿੱਛ ਦੀਆਂ ਬਾਜ਼ੀਆਂ ਨਾਲ ਬੱਚਿਆਂ ਦੀ ਖਿੱਚ ਦਾ ਕੇਂਦਰ ਬਣ ਉੱਠਦੀ। ਕਦੀ ਕਦੀ ਗਲੀ ਦੇ ਦੋ ਸਿਰਿਆਂ ਉਤੇ ਬਾਂਸ ਗੱਡ ਕੇ ਬਾਜੀਗਰ ਬਾਜੀ ਪਾਉਂਦੇ, ਸਾਈਕਲ ਦੇ ਟਾਇਰ ਵਿਚੋਂ ਜਿਸਮ ਨੂੰ ਮਰੋੜ ਕੇ ਕੱਢ ਲੈਂਦੇ। ਅੱਗ ਦੇ ਗੋਲੇ ਵਿਚੋਂ ਛਾਲਾਂ ਮਾਰਦੇ। ਦਿਵਾਲੀ ਨੂੰ ਗਲੀ ਵਿਚ ਰੂੜੀ ਉਤੇ ਵੀ ਦੀਵਾ ਜਗਦਾ। ਗਲੀ ਜਗਮਗ ਕਰ ਉੱਠਦੀ।

ਗਲੀ ਕਦੀ ਸਭਿਆਚਾਰਕ ਝਾਕੀ ਹੁੰਦੀ। ਕਦੀ ਸਮਾਜਿਕ ਰੀਤੀ ਰਿਵਾਜਾਂ ਦੀ ਪਰੰਪਰਾ, ਕਦੀ ਮੇਲੇ ਮਸਿਆ ਦਾ ਅਮੋੜ ਵੇਗ ਜਾਂ ਕਦੀ ਜਾਗੋ ਤੇ ਦਿਵਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਨੂਰ ਦੀ ਕਿਰਨ। ਕਦੀ ਭੂਤ, ਪਰੇਤ, ਭਰਮ ਦੀ ਭੇਡ ਚਾਲ, ਕਦੀ ਸੁਖਣਾ ਦਾ ਪ੍ਰਸਾਦ, ਕਦੀ ਸ਼ਰੀਂਹ ਦੇ ਪੱਤਿਆਂ ਨਾਲ ਵਧਾਈ ਮੰਗਦੀ, ਕਦੀ ਵਣਜਾਰੇ ਤੋਂ ਵੰਗਾਂ ਪੁਆਉਂਦੀ ਸੰਗਦੀ ਮੁਟਿਆਰ। ਕਦੀ ਕੁੱਲਫ਼ੀ ਦਾ ਤਰਲਾ, ਕਿਤੇ ਔਲੱਖ ਨਿਰੰਜਣ ਦਾ ਨਾਦ, ਕਿਤੇ ਭੰਡਾਂ, ਨਕਲਚੀਆਂ, ਰਾਸਧਾਰੀਆਂ ਅਤੇ ਬਾਜੀਗਰਾਂ ਦੀ ਸਟੇਜ਼, ਕਦੀ ਦੀਵੇ ਦੀ ਕੰਬਦੀ ਦਿਵਾਲੀ ਦੀ ਰਾਤ ਵਿਚ ਲੋਅ। ਸਭਿਆਚਾਰਕ ਝਲਕਾਂ ਝਲਕਾਉਂਦੀ ਰੰਗਾਂ, ਰੋਸ਼ਨੀਆਂ, ਆਵਾਜ਼ਾਂ, ਧੂੰਨਾਂ, ਹੇਕਾਂ, ਮਹਿਲਾ ਨਾਲ ਪਿੰਡ ਦੇ ਦੁਖ ਸੁਖ, ਉਮੀਦਾਂ, ਸੁਪਨਿਆਂ, ਲੋਕ ਲਹਿਰਾਂ, ਧੜੇਬੰਦੀਆਂ, ਜਨਮ ਮਰਨ, ਤੀਆਂ ਤ੍ਰਿਞਣਾਂ, ਖੇਡਾਂ ਤਿਉਹਾਰਾਂ ਨਾਲ ਗਲੀ ਹਰ ਪਲ ਗਤੀਸ਼ੀਲ ਰਹਿੰਦੀ ਹੈ। ਗਲੀ ਦੀ ਇਸ ਗਤੀ ਵਿਚ ਇਤਿਹਾਸ ਵੀ ਹੈ, ਪਿੰਡ ਦੀ ਉੱਨਤੀ ਵੀ, ਲੋਕਾਂ ਦੀ ਜੀਵਨ ਉਮੰਗ ਵੀ, ਸਮਾਜਿਕ ਮੇਲ ਜੋਲ ਵੀ ਅਤੇ ਸਭਿਆਚਾਰਕ ਵਿਰਸੇ ਦਾ ਪ੍ਰਗਟਾ ਵੀ।

(ਸ) ਗਲੀ ਦੀ ਨੁਹਾਰ ਉਤੇ ਪੈ ਰਿਹਾ ਪ੍ਰਭਾਵ : ਗਲੀ ਦੀ ਨੁਹਾਰ ਉਤੇ ਪੈ ਰਹੇ ਪ੍ਰਭਾਵ ਦਾ ਮੁਖ ਤੌਰ ਤੇ ਦੋ ਭਾਗਾਂ ਵਿਚ ਅਧਿਐਨ ਕੀਤਾ ਜਾ ਸਕਦਾ ਹੈ। ਪਹਿਲਾ, ਗਲੀ ਦੇ ਰੂਪ ਆਕਾਰ ਉਤੇ ਪੈ ਰਿਹਾ ਪ੍ਰਭਾਵ। ਦੂਸਰਾ, ਗਲੀ ਦੀ ਵਰਤੋਂ ਅਤੇ ਸਭਿਆਚਾਰਕ ਝਲਕੀਆਂ ਤੇ ਪੈ ਰਿਹਾ ਪ੍ਰਭਾਵ। ਪਹਿਲੇ ਪ੍ਰਭਾਵ ਦੀਆਂ ਭੌਤਿਕ (Physical) ਵਿਸ਼ੇਸ਼-ਤਾਈਆਂ ਹਨ, ਜਿਸ ਮੁਤਾਬਿਕ ਗਲੀ ਦੀ ਦਿਖ (Visuals) ਮਾਪ (Scale) ਅਨੁਪਾਤ (Proportions) ਆਦਿ ਬਦਲ ਰਹੇ ਹਨ। ਜਦ ਕਿ ਦੂਜੇ ਪ੍ਰਭਾਵ ਦੀਆਂ ਸਮਾਜਿਕ ਮੇਲ ਜੋਲ (Social Enteraction) ਅਤੇ ਮਨੁੱਖੀ ਮਨੋਭਾਵਾਂ (Human Emotions) ਨਾਲ ਜੁੜੀਆਂ ਵਿਸ਼ੇਸ਼ਤਾਈਆਂ ਤੇ ਅਸਰ ਪੈ ਰਿਹਾ ਹੈ।

ਜਿਵੇਂ ਪਹਿਲਾਂ ਦੇਖਿਆ ਜਾ ਚੁੱਕਾ ਹੈ ਸਦੀਆਂ ਤੋਂ ਗਲੀ ਮਨੁੱਖੀ ਆਕਾਰ, ਮਨੁੱਖੀ ਚਾਲ ਅਤੇ ਪਸ਼ੂਆਂ ਨਾਲ ਖਿੱਚੇ ਜਾ ਰਹੇ ਰਿਵਾਇਤੀ ਆਵਾਜਾਈ ਦੇ ਵਸੀਲਿਆਂ ਦੇ ਆਕਾਰ ਅਤੇ ਚਾਲ ਤੋਂ ਪ੍ਰਭਾਵਿਤ ਹੁੰਦੀ ਰਹੀ ਹੈ।

ਪਿਛਲੀ ਸਦੀ ਦੇ ਅਖੀਰ ਉੱਤੇ ਅਤੇ ਇਸ ਸਦੀ ਦੇ ਸ਼ੁਰੂ ਵਿਚ ਸਵੈ-ਚਾਲਕ ਵਾਹਨਾਂ ਨੇ ਪਿੰਡਾਂ ਵਿਚ ਪ੍ਰਵੇਸ਼ ਕੀਤਾ। ਇਹਨਾਂ ਵਾਹਨਾਂ ਦਾ ਰੂਪ ਅਤੇ ਆਕਾਰ ਪਹਿਲੇ ਵਾਹਨਾਂ ਨਾਲੋਂ ਲੰਬਾਈ ਚੌੜਾਈ ਜ਼ਿਆਦਾ ਹੋਣ ਕਰਕੇ ਕਿਸੇ ਤਰ੍ਹਾਂ ਵੀ ਗਲੀ ਦੇ ਮੇਚੇ ਨਹੀਂ ਆਇਆ। ਪਿੰਡ ਵਿਚ ਜਿਵੇਂ ਜਿਵੇਂ ਸਵੈ-ਚਾਲਕ ਵਾਹਨਾਂ ਦੀ ਭਰਮਾਰ ਹੁੰਦੀ ਗਈ, ਗਲੀ ਦੇ ਰੂਪ ਅਤੇ ਆਕਾਰ ਨੂੰ ਢਾਹ ਲਗਦੀ ਗਈ। ਵਾਹਨਾਂ ਦੇ ਆਉਣ ਉਤੇ ਪਿੰਡਾਂ ਵਿਚ ਤਿੰਨ ਵਿਕਲਪ ਉੱਭਰੇ।

(ਕ) ਪਿੰਡ ਦੀ ਗਲੀ ਚੌੜੀ ਕਰਕੇ, ਸਿਧੀ ਕਰਕੇ ਛੱਜੇ ਵਧਾਅ ਭੰਨ ਤੋੜ, ਜੰਗਲੇ ਖਿੱਚ ਕੇ ਕੰਧ ਚਿੱਤਰਾਂ ਨੂੰ ਮਲੀਆ ਮੇਟ ਕਰਕੇ ਗਲੀ ਚੌੜੀ ਕੀਤੀ ਜਾਏ।

(ਖ) ਹਵੇਲੀ ਘਰ ਨਾਲੋਂ ਵੱਖਰੀ ਉਸਾਰੀ ਜਾਏ ਅਤੇ ਹਵੇਲੀ ਪਿੰਡ ਦੇ ਕੇਂਦਰੀ ਇਲਾਕੇ ਵਿਚ ਨਾ ਹੋ ਕੇ ਫਿਰਨੀ ਦੇ ਨਾਲ ਨਾਲ (ਜਿਥੇ ਚੌੜੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਲੀਆਂ ਹਨ,) ਕੱਲ ਛੱਡੀ ਜਾਏ।

(ਗ) ਪਿੰਡ ਦੇ ਕੇਂਦਰੀ ਇਲਾਕੇ ਵਾਲਾ ਘਰ ਕਿਸੇ ਹੋਰ ਨੂੰ ਦੇ ਕੇ ਹਵੇਲੀ ਅਤੇ ਘਰ, ਪਿੰਡ ਦੇ ਬਾਹਰਵਾਰ ਜਾਂ ਖੇਤਾਂ ਵਿਚ ਉਸਾਰੇ ਜਾਣ।

ਜਿਥੇ ਗਲੀ ਦੇ ਦੋਹਾਂ ਪਾਸਿਆਂ ਦੀ ਜ਼ਮੀਨ ਇਕੋ ਦੀ ਮਲਕੀਅਤ ਹੁੰਦੀ ਜਾਂ ਜਿਥੇ ਪਿੰਡ ਵਿਚ ਗਲੀ ਦੇ ਨਾਲ ਨਾਲ ਸੰਘਣੀ ਛਤੌਤ (Intensive Built up Area) ਨਹੀਂ ਹੁੰਦੀ ਉਥੇ ਗਲੀ ਨੂੰ ਚੌੜਾ ਕਰਨ ਦਾ ਵਿਕਲਪ ਅਪਣਾਇਆ ਜਾਂਦਾ। ਇਸ ਤਰ੍ਹਾਂ ਕਰਨ ਨਾਲ ਨਾ ਸਿਰਫ ਗਲੀ ਦੀ ਦਿੱਖ ਹੀ ਪ੍ਰਭਾਵਿਤ ਹੁੰਦੀ ਸਗੋਂ ਗਲੀ ਦੀ ਵਿਉਂਤ-ਬੰਦੀ ਕੰਧ-ਚਿਤਰ ਆਦਿ ਵੀ ਪ੍ਰਭਾਵਿਤ ਹੁੰਦੇ। ਆਜ਼ਾਦੀ ਤੋਂ ਬਾਅਦ ਪਿੰਡਾਂ ਵਿਚ ਇਸਤੇਮਾਲ (Consolidation of land) ਹੋਈ। ਇਸਤੇਮਾਲ ਕਰਦੇ ਹੋਏ ਪਿੰਡਾਂ ਦੀ ਫਿਰਨੀ ਦੇ ਨਾਲ ਨਾਲ ਕਈ ਹਾਲਤਾਂ ਵਿਚ ਪਿੰਡ ਦੀ ਫਿਰਨੀ ਦੇ ਅੰਦਰਵਾਰ ਅਤੇ ਕਈ ਪਿੰਡਾਂ ਦੀ ਫਿਰਨੀ ਦੇ ਬਾਹਰਵਾਰ ਹਵੇਲੀਆਂ ਲਈ ਖਿੱਤੇ (Plots) ਛਡੇ ਗਏ। ਸਵੈ-ਚਾਲਕ ਵਾਹਨਾ ਦੇ ਆਉਣ ਉਤੇ ਜਦੋਂ ਟਰੈਕਟਰ, ਟਰਾਲੀ, ਟਰੱਕ, ਕੰਬਾਇਨਾਂ, ਆਦਿ ਪਿੰਡ ਦੇ ਕੇਂਦਰੀ ਇਲਾਕੇ ਵਿਚ ਨਾ ਪੁੱਜ ਸਕੇ ਤਾਂ ਹਵੇਲੀ ਘਰ ਤੋਂ ਨਿਖੇੜ ਖੁੱਲ੍ਹੀਆਂ ਗਲੀਆਂ ਵਾਲੇ ਥਾਵਾਂ ਉਤੇ ਉਸਾਰ ਲਈ ਜਾਂਦੀ, ਇੰਜ ਹਵੇਲੀ ਅਤੇ ਘਰ ਦੋ ਵੱਖਰੀਆਂ ਇਕਾਈਆਂ ਵਜੋਂ ਉਸਾਰੇ ਜਾਣ ਲੱਗੇ। ਘਰ ਅਤੇ ਹਵੇਲੀ ਦੀ ਰਾਖੀ, ਛੋਟੇ ਪਸ਼ੂਆਂ ਨੂੰ, ਕੱਟੀਆਂ ਵੱਛੀਆਂ ਨੂੰ ਧੁੱਪੇ ਛਾਵੇਂ ਕਰਨ, ਵੇਲੇ ਕੁਵੇਲੇ ਬਿਮਾਰ ਪਸ਼ੂ ਲਈ ਦਵਾ ਦਾਰੂ ਅਤੇ ਦੇਖ ਭਾਲ, ਕਈ ਤਰ੍ਹਾਂ ਦੀਆਂ ਔਕੜਾਂ ਉੱਘੜ ਕੇ ਸਾਹਮਣੇ ਆਉਣ ਲੱਗੀਆਂ। ਟਰੈਕਟਰ ਅਤੇ ਟਰੈਕਟਰ ਨਾਲ ਵਰਤੋਂ ਵਿਚ ਆਉਂਦੇ ਕੀਮਤੀ ਔਜ਼ਾਰ, ਮਸ਼ੀਨਾਂ ਆਦਿ ਦੀ ਦੇਖ ਭਾਲ, ਟਰੈਕਟਰ ਦੇ ਪੰਪਾਂ ਦੀ ਚੋਰੀ, ਆਦਿ ਇਕ ਮੁਖ ਸਮੱਸਿਆ ਬਣ ਕੇ ਉੱਭਰੀਆਂ। ਪਿੰਡ ਦੇ ਕੇਂਦਰੀ ਇਲਾਕੇ ਵਾਲਾ ਘਰ ਜਿਥੇ ਸਵੈ-ਚਾਲਕ ਵਾਹਨ ਨਹੀਂ ਸਨ ਪੁੱਜ ਸਕਦੇ, ਉਹ ਘਰ ਅਤੇ ਹਵੇਲੀ ਫਿਰਨੀ ਦੇ ਨਾਲ ਨਾਲ ਜਾਂ ਪਿੰਡੋਂ ਬਾਹਰਵਾਰ ਉਸਾਰਨ ਦਾ ਰੁਝਾਨ ਵਧਣ ਦਾ ਵਿਕਲਪ ਉੱਭਰਿਆ। ਇੰਜ ਪਿੰਡਾਂ ਦਾ ਕੇਂਦਰੀ ਇਲਾਕਾ ਜੋ ਪਿੰਡ ਦੇ ਸਮਾਜਿਕ ਰੁਤਬੇ ਵਿਚ ਸਭ ਤੋਂ ਉਚੇ ਥਾਂ ਹੋਵੇ, ਉਹ ਹੌਲੀ ਹੌਲੀ ਖਾਲੀ ਹੋ ਕੇ ਉੱਜੜਨਾ ਸ਼ੁਰੂ ਹੋ ਗਿਆ। ਸਵੈ-ਚਾਲਕ ਵਾਹਨਾਂ ਨੇ ਨਾ ਸਿਰਫ ਪਿੰਡ ਦੀ ਬਣਤਰ (Structure) ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਸਗੋਂ ਗਲੀ ਦੀ ਦਿੱਖ ਸ਼ਿੰਗਾਰ ਨੂੰ ਵੀ ਢਾਹ ਲਾਉਣੀ ਸ਼ੁਰੂ ਕਰ ਦਿੱਤੀ।

ਚੰਡੀਗੜ੍ਹ ਦੀਆਂ ਸੜਕਾਂ ਅਤੇ ਉਹਨਾਂ ਦੇ ਨਾਲ ਨਾਲ ਉਸਰੀਆਂ ਇਮਾਰਤਾਂ ਦੇ ਸਮਦਰਸ਼ਨ (Elevation) ਨੂੰ ਪਿੰਡਾਂ ਵਿਚ ਹੌਲੀ ਹੌਲੀ ਅਪਣਾਇਆ ਜਾਣ ਲਗ ਪਿਆ। ਹਰ ਪੰਜਾਬੀ ਦੀ ਇਹ ਸੁਚੇਤ ਖਾਹਿਸ਼ ਹੁੰਦੀ ਕਿ ਉਹਦੇ ਘਰ ਦੀ ਦਿੱਖ ਚੰਡੀਗੜ੍ਹ ਦੀਆਂ ਕੋਠੀਆਂ ਵਰਗੀ ਲਗੇ। ਇਸ ਵੇਖਾ ਵੇਖੀ ਦੇ ਪ੍ਰਭਾਵ (Demonstration Effect) ਅਧੀਨ ਜਿਵੇਂ ਚੰਡੀਗੜ੍ਹ ਵਿਚ ਕੋਠੀ ਦੀ ਨੁਹਾਰ ਸਿਧੀ ਸਪਾਟ ਕੰਧ (ਡੱਬੀ ਨੁਮਾ) ਹੋਈ, ਜਿਸ ਵਿਚ ਲਕੜੀ ਦੇ ਕੰਮ ਦੀ ਖੁਦਾਈ, ਗੱਚ ਸ਼ੀਸ਼ੇ, ਟੁਕੜੀ, ਕੰਧ-ਚਿੱਤਰਾਂ, ਆਦਿ ਅਲੋਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋ ਗਏ। ਇਸ ਤਰ੍ਹਾਂ ਸਪਾਟ ਸਿੱਧੀ ਕੰਧ ਉੱਤੇ ਉਹ ਆਕਾਰ ਬਣਾਏ ਜਾਣ ਲਗੇ ਜੋ ਚੰਡੀਗੜ੍ਹ ਦੀਆਂ ਸੜਕਾਂ ਉੱਤੇ ਚਾਲੀ ਕਿਲੋਮੀਟਰ ਦੀ ਰਫ਼ਤਾਰ ਤੇ ਜਾ ਰਹੇ ਵਾਹਨ ਤੇ ਸਫ਼ਰ ਕਰਦੇ ਹੋਏ ਦੇਖੇ ਜਾ ਸਕਣ। ਉਹ ਆਕਾਰ ਇੰਨੇ ਵੱਡੇ ਵੱਡੇ ਹੁੰਦੇ ਕਿ ਇਹਨਾਂ ਵਿਚ ਕਲਾ ਦੀ ਬਰੀਕੀ ਦਮ ਤੋੜ ਲੈਂਦੀ। ਚੰਡੀਗੜ੍ਹ ਦੀ ਨਕਲ ਕਾਰਨ ਪਿੰਡ ਦੇ ਘਰਾਂ ਦੇ ਮੱਥੇ ਤੋਂ ਕਲਾਮਈ ਬਰੀਕ ਹੁਨਰ, ਰੰਗ, ਸੁਹਜ ਸ਼ਿੰਗਾਰ ਦਾ ਅਹਿਸਾਸ ਹੌਲੀ ਹੌਲੀ ਖ਼ਤਮ ਹੋਣ ਲੱਗਾ ਜਿਸਦੇ ਨਤੀਜੇ ਵਜੋਂ ਨਾ ਸਿਰਫ਼ ਗਲੀ ਦਾ ਸੁਹਜ ਸ਼ਿੰਗਾਰ ਦਿਨੋ-ਦਿਨ ਘਟਣ ਲੱਗਾ, ਸਗੋਂ ਇਸ ਸੁਹਜ ਸ਼ਿੰਗਾਰ ਨਾਲ ਜੁੜੇ ਵੱਖੋ ਵੱਖਰੇ ਕਿੱਤਿਆਂ ਦੇ ਕਾਰੀਗਰ ਵੀ ਅਲੋਪ ਹੋਣ ਲੱਗੇ। ਇਸ ਤਰ੍ਹਾਂ ਹੁਨਰਮੰਦ ਕਾਰੀਗਰਾਂ ਦੀ ਘਾਟ ਕਾਰਨ ਜੇ ਕੋਈ ਅਜੇ ਵੀ ਸੁਹਜ ਸ਼ਿੰਗਾਰ ਦੀ ਪਰੰਪਰਾਵਾਦੀ ਰੁਚੀ ਨਾਲ ਜੁੜ ਕੇ ਪਿੰਡ ਵਿਚ ਗਲੀ ਸ਼ਿੰਗਾਰਨਾ ਚਾਹੁੰਦਾ, ਤਾਂ ਇਹ ਸ਼ਿੰਗਾਰ ਕੀਮਤ ਅਤੇ ਸਮੇਂ ਪੱਖੋਂ ਲੋਹੜੇ ਦਾ ਮਹਿੰਗਾ ਪੈਂਦਾ ਹੈ। ਵਧ ਰਹੀਆਂ ਕੀਮਤਾਂ ਕਰਕੇ ਇਸ ਪਾਸੇ ਹੁਣ ਆਮ ਆਦਮੀ ਦੀ ਰੁਚੀ ਨਹੀਂ ਰਹੀ।

ਵਧ ਰਹੀ ਟੈਲੀਵਿਜ਼ਨ ਦੀ ਲੋਕ ਪ੍ਰਿਯਤਾ, ਸ਼ਹਿਰੀ ਸਭਿਆਚਾਰ ਦਾ ਪਿੰਡਾਂ ਉੱਤੇ ਅਸਰ, ਅਖਬਾਰਾਂ, ਟੈਕਨਾਲੋਜੀ, ਪਿੰਡਾਂ ਵਿਚ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀਆਂ ਪਾਇਪਾਂ ਵਿਛਾਉਂਦੇ ਹੋਏ ਉਹ ਗਲੀ ਜਿਸ ਵਿਚ ਠੰਢਕ ਸੀ, ਪੜਦਾ ਸੀ ਲੋਕ ਕਲਾ ਸੀ, ਮਹਿਕ ਸੀ, ਅਚੰਭਾ ਸੀ, ਲੋਕਾਂ ਦੇ ਮਨੋਭਾਵਾਂ ਪੱਖੋਂ ਬਦਲਣ ਲਗੀ। ਹੌਲੀ ਹੌਲੀ ਗਲੀ ਵਿਚੋਂ ਸਭਿਆਚਾਰਕ ਝਾਕੀਆਂ ਨਾਲ ਜੁੜਿਆ ਉਤਸ਼ਾਹ ਖ਼ਤਮ ਹੋਣ ਲੱਗਾ। ਗਲੀ ਬੈਠ ਕੇ ਭੱਠੀ ਕੋਲ ਬਾਤਾਂ ਪਾਉਣੀਆਂ, ਮੁੰਡਿਆਂ ਦੀ ਢਾਣੀਆਂ ਨੂੰ, ਪਿੰਡ ਦੇ ਲੋਕਾਂ ਨੂੰ ਟੈਲੀਵਿਜ਼ਨ, ਅਖਬਾਰਾਂ, ਟੈਕਨਾਲੋਜੀ ਨੇ ਹੌਲੀ ਹੌਲੀ ਇਕ ਦੂਸਰੇ ਤੋਂ ਦੂਰ ਕਰ ਦਿੱਤਾ। ਲੋਕ ਹੌਲੀ ਹੌਲੀ ਅੰਤਰਮੁਖੀ ਅਤੇ ਆਪਣੇ ਆਪ ਵਿਚ ਮਸਤ ਰਹਿਣ ਦੀ ਰੁਚੀ ਵੱਲ ਵਧਣ ਲਗੇ। ਇੰਜ ਸਮਾਜਿਕ ਮੇਲ ਜੋਲ ਦੀਆਂ ਤੰਦਾਂ ਨੂੰ, ਮਨੁੱਖੀ ਮਨੋਭਾਵ ਵਿਚ ਨਿੱਘ ਅਤੇ ਖਲੂਸ ਦਾ ਅਹਿਸਾਸ ਜੋ ਜੋੜੀ ਰਖਦੇ ਸਨ, ਘੁੱਟਣ ਲਗੇ। ਜਿਵੇਂ ਜਿਵੇਂ ਇਹ ਘਟਣ ਲਗਾ ਗਲੀ ਸ਼ਾਮ ਪੈ ਦੇ ਹੀ ਵਿਰਾਨ ਹੋਣ ਲਗੀ, ਲੋਕ ਟੀ. ਵੀ. ਅਗੇ ਬੈਠ ਕੇ ਗਲੀ ਗੁਆਂਢ ਦੇ ਦੁਖ ਸੁਖ ਨਾਲੋਂ ਬੈਰੂਤ ਦੀ ਤਬਾਹੀ, ਇਰਾਨ ਇਰਾਕ ਜੰਗ, ਬਾਰੇ ਜ਼ਿਆਦਾ ਚਿੰਤਾਤੁਰ ਰਹਿਣ ਲਗੇ। ਹੌਲੀ ਹੌਲੀ ਗਲੀ ਵਿਚ ਪਿੰਡਾਂ ਦੀ ਧੜੇਬੰਦੀ, ਵੋਟਾਂ ਨਾਲ ਵੰਡੇ ਪਿੰਡ ਦੇ ਜ਼ਖਮ ਦਿਸਣ ਲਗੇ, ਜੱਟਾਂ ਦਿਹਾੜੀਦਾਰਾਂ ਦੇ ਉਜਰਤ ਦੇ ਝਗੜੇ, ਨਵੀਂ ਪੀੜੀ ਤੇ ਪੁਰਾਣੀ ਦੀ ਖਿਚੋਤਾਣ ਗਲੀ ਵਿਚ ਉੱਭਰ ਕੇ ਆਉਣ ਲਗੀ। ਗਲੀ ਦੀ ਠੰਢਕ ਘਟੀ, ਸ਼ਿੰਗਾਰ ਘਟਿਆ, ਲੋਕਾਂ ਦਾ ਪਿਆਰ ਘਟਿਆ ਅਤੇ ਤਰੱਕੀ ਦੇ ਨਾਂ ਉਤੇ ਗਲੀ ਬਾਰ ਬਾਰ ਪੁੱਟੀ ਜਾਣ ਲਗੀ। ਇਹ ਬਾਰ ਬਾਰ ਗਲੀ ਦਾ ਪੁੱਟਿਆ ਜਾਣਾ ਸਭਿਆਚਾਰਕ ਵਿਰਸੇ ਦੀ ਕਬਰ ਪੁੱਟੇ ਜਾਣ ਦਾ ਪ੍ਰਤੀਕ ਬਣ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਤੇ ਟਿਪਣੀਆਂ

1. ਗਲੀ ਦੀ ਕੰਧ ਅਤੇ ਮਨੁੱਖ ਵਿਚ ਤਿੰਨ ਇੰਚ ਦਾ ਫ਼ਾਸਲਾ, ਫਿਰ ਇਕੀ ਇੰਚ ਮਨੁੱਖ ਦੀ ਔਸਤ ਚੌੜਾਈ, ਇੰਜ ਦੂਸਰੇ ਪਾਸੇ ਕਿਸੇ ਦੂਸਰੇ ਮਨੁੱਖ ਕੋਲੋਂ ਲੰਘਣ ਲਗੇ ਮਨੁੱਖ ਘਟੋ ਘੱਟ ਫ਼ਾਸਲਾ ਤਿੰਨ ਇੰਚ ਰਖਣਾ ਚਾਹੁੰਦਾ ਹੈ। ਇੰਜ ਇਕ ਮਨੁੱਖ ਦੇ ਇਕ ਪਾਸੇ ਗਲੀ ਚੋਂ ਲਿਕਲਣ ਲਈ 3''+1'—9''+3'' = ਭਾਵ 2'-3'' ਘਟੋ ਘਟ ਥਾਂ ਚਾਹੀਦੀ ਹੈ। ਇਸ ਆਧਾਰ ਉਤੇ ਪਿੰਡਾਂ ਦੀਆਂ ਉਹ ਗਲੀਆਂ ਜਿਨ੍ਹਾਂ ਵਿਚ ਇਕ ਵੇਲੇ ਇਕ ਮਨੁੱਖ ਗਲੀ ਵਿਚੋਂ ਜਾਏਗਾ ਉਥੇ ਗਲੀ ਦੀ ਘਟੋ ਘੱਟ ਚੌੜਾਈ ਤਿੰਨ ਫੁੱਟ ਵੀ ਹੈ ਪਰ ਜਿਥੇ ਮਨੋਤ (Assumption) ਹੈ ਕਿ ਆਹਮਣੇ ਸਾਹਮਣੇ ਤੋਂ ਮਨੁੱਖ ਆ ਸਕਦੇ ਹਨ, ਉਥੇ ਘਟੋ ਘਟ ਚੋੜਾਈ 2'—3''×2 = 4'-6'' ਹੀ ਹੈ।
2. ਉਹ ਪਿੰਡ ਜਾਂ ਪਿੰਡਾਂ ਦੇ ਉਹ ਇਲਾਕੇ ਜਿਥੇ ਰਥਾਂ ਜਾਂ ਬੱਘੀਆਂ ਤੇ ਸਰਦਾਰ ਜ਼ਿਮੀਦਾਰ ਦੀ ਸਵਾਰੀ ਨਿਕਲਦੀ, ਉਥੇ ਗਲੀਆਂ ਘਟੋ ਘਟ 7'-6'' ਹੁੰਦੀਆਂ। ਕੋਟਲਿਯਾਂ ਦੇ ਅਰਥ ਸ਼ਾਸਤਰੀ ਦੇ (ਅਨੁਵਾਦਿਤ) ਚੌਥੇ ਅਧਿਆਏ ਵਿਚ ਵੀ ਇਸੇ ਤਰ੍ਹਾਂ ਦੇ ਮਾਪ ਦੰਡ ਦਿੱਤੇ ਗਏ ਹਨ।
3. ਗੱਡੇ ਦੀ ਗੈਲ ਤਾਂ ਭਾਵੇਂ ਬੱਘੀ ਜਾਂ ਰਥ ਜਿੰਨੀ ਹੀ ਹੁੰਦੀ ਪਰ ਗੱਡੇ ਦਾ ਫੈਲਾਅ ਫ਼ਾਸਲਾ ਅਦੇ ਪੱਠੇ, ਬਾਲਣ ਆਦਿ ਲਿਆਉਣ ਸਮੇਂ ਉਹਦੀਆਂ ਬਾਹੀਆਂ ਵਲ ਫੈਲਣ ਕਰਕੇ ਦਸ ਫੁੱਟ ਚੌੜੀ ਗਲੀ ਵਿਚੋਂ ਗੱਡਾ ਸੁਖਾਲੇ ਹੀ ਲੰਘ ਸਕਦਾ।
4. ਇਹਨਾਂ ਉਚੇ ਬੂਹੇ ਵਾਲੇ ਘਰਾਂ ਦੇ ਬੂਹੇ ਵਿਰ ਇਕ ਨਿੱਕਾ ਖਿੜਕੀ-ਨੁਮਾ ਬੂਹਾ ਵੀ ਰਖਿਆ ਜਾਂਦਾ ਜੋ ਮਨੁੱਖਾਂ ਦੇ ਘਰ ਵਿਚੋਂ ਗਲੀ ਵਿਚ ਆਉਣ ਜਾਣ ਲਈ ਵਰਤਿਆ ਜਾਂਦਾ। ਵੱਡਾ ਬੂਹਾ ਉਦੋਂ ਹੀ ਖੁਲ੍ਹਦਾ ਜਦੋਂ ਊਠ ਜਾਂ ਗੱਡੇ ਨੂੰ ਲੰਘਾਉਣਾ ਹੁੰਦਾ।
5. ਮੋਰਿਸ ਏ, ਈ ਜੇ, 'ਹਿਸਟਰੀ ਆਫ਼ ਅਰਬਨ ਫਾਰਮ, ਬਿਫ਼ੋਰ ਦੀ ਇੰਡਸਟਰੀਅਲ ਰੈਵੋਲੂਯਸ਼ਨ', ਜਾਰਜ ਗੁਡਵਿੰਦ ਲਿਮਟਿਡ, ਸਟਰੀਟ ਲੰਡਨ, 1979 ਪੰਨਾ 15 ਦੇ ਆਧਾਰ ਉਤੇ।
6. ਵਿਨੋਦ ਬਿਹਾਰੀ ਦੱਤ, 'ਐਨੀਸੈਂਟ ਟਾਊਨ ਪਲੈਨਿੰਗ ਇਨ ਇੰਡੀਆ', ਨਿਊ ਏਸ਼ੀਅਨ ਪਬਲੀਸ਼ਰਜ਼, ਦਿੱਲੀ, 1977, ਪੰਨਾ 111,
7. ਵਿਸ਼ਨੂੰ ਸਹਿਤਾ 23ਵੇਂ ਅਧਿਆਏ ਉਪਰ ਦਿੱਤੀ ਵਿਨੋਦ ਬਿਹਾਰੀ ਦੱਤ ਦੀ ਪੁਸਤਕ ਦੇ ਪੰਨਾ 111 ਦੇ ਆਧਾਰ ਉਤੇ।
8. ਪਿੰਡਾਂ ਬਾਰੇ ਸ਼ਾਸਤਰਾਂ ਦੇ ਆਧਾਰ ਉਤੇ ਜਿੰਨੇ ਵੀ ਮਾਡਲ ਉਸਾਰੇ ਜਾ ਸਕਦੇ ਹਨ ਉਹਨਾਂ ਦੇ ਨਾਂ ਅਤੇ ਰੇਖਾ-ਚਿਤਰ ਸਮਰਾਂਗਣ ਸੂਤਰਧਾਰ (ਸਮਰਾਂਗਣੀਯ ਭਵਨ ਨਿਵੇਸ) ਡੀ. ਐਨ. ਸ਼ੁਕਲਾ ਵਲੋਂ ਰਚਿਤ ਪੁਸਤਕ ਜੋ ਮੇਹਰ ਚੰਦ ਲਛਮਨ ਦਾਸ ਨੇ ਦਿੱਲੀ ਤੋਂ 1962 ਵਿਚ ਛਪੀ, ਦੇ ਅਖੀਰ ਵਿਚ ਵੇਖੇ ਜਾ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. ਲੇਖਕ ਨੇ ਦਿੱਲੀ ਦੀ ਤਾਪਮਾਨ ਨਕਸ਼ੇ ਤੋਂ ਇਹ ਦੇਖਿਆ ਕਿ ਕਨਾਟ ਪਲੇਸ ਅਤੇ ਚਾਂਦਨੀ ਚੌਂਕ ਦੇ ਤਾਪਮਾਨ ਦਾ ਫ਼ਰਕ ਹੁੰਦਾ ਹੈ। ਕਨਾਟ ਪਲੇਸ ਖੁੱਲ੍ਹੀਆਂ ਸਪਾਟ ਸੜਕਾਂ ਹਨ ਪਰ ਚਾਂਦਨੀ ਚੌਂਕ ਵਿਖੇ ਭੀੜੀਆਂ ਤੰਗ ਗਲੀਆਂ। ਇਸ ਕਰਕੇ ਕਨਾਟ ਪਲੇਸ ਜ਼ਿਆਦਾ ਗਰਮ ਹੁੰਦਾ ਹੈ।

10. ਭਾਵੇਂ ਕਿ ਇਹਦੇ ਪਿੱਛੇ ਇਕੱਲਾ ਲੂ ਤੋਂ ਬਚਣ ਲਈ ਹੀ ਨਹੀਂ, ਮੱਧਕਾਲੀਨ ਯੋਜਨਾਬੰਦੀ ਵਿਚ ਸੁਰੱਖਿਆ ਅਤੇ ਪੜਦੇ ਦੇ ਸੰਕਲਪ ਵੀ ਕੰਮ ਕਰਦੇ ਸਨ ਕਿ ਗਲੀ ਵਲ ਘਰ ਦੇ ਬੂਹੇ ਬਾਰੀਆਂ ਘਟ ਹੋਣ।

11. ਮਿਸਲਾਂ ਦੇ ਸਮੇਂ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਮਿਸਲਾਂ ਦਾ ਕਬਜ਼ਾ ਸੀ ਪਰ ਮਿਸਲਾਂ ਦੇ ਇਲਾਕੇ ਤੋਂ ਦੂਸਰੇ ਇਲਾਕੇ ਵਿਚ ਜਾਣ ਲਈ ਗੇਟ ਹੁੰਦੇ ਸਨ।

12. ਸੁਰੱਖਿਆ ਨਿਯਮਾਂ ਅਧੀਨ ਇਸ ਪਾਣੀ ਨਾਲ ਭਰੀ ਖਾਈ ਉਤੇ ਆਰਜ਼ੀ ਪੁਲ ਹੁੰਦਾ ਜੋ ਆਬਾਦੀ ਦੇ ਅੰਦਰੋਂ ਹਮਲੇ ਸਮੇਂ ਜਾਂ ਕਈ ਥਾਵਾਂ ਉਤੇ ਰਾਤ ਨੂੰ ਚੁੱਕ ਲਿਆ ਜਾਂਦਾ।

13. ਦੁਨੀਆਂ ਦੀਆਂ ਪ੍ਰਾਚੀਨਤਮ ਮਨੁੱਖੀ ਆਬਾਦੀਆਂ ਵਿਚੋਂ ਇਕ ਕੈਟਲ ਹਯੂਵਕ ਜੋ 5600 ਵਰ੍ਹੇ ਬੀ. ਸੀ. ਜਿੰਨੀ ਪੁਰਾਤਨ ਹੈ, ਦੇ ਇਕ ਹਿੱਸੇ ਦਾ ਮਾਡਲ ਮੈਲਰਟ ਦੀ ਪੁਸਤਕ 'ਕੇ ਟੱਕ ਹਯੂਵਕ' ਦੇ ਆਧਾਰ ਉਤੇ ਉਸਾਰਿਆ ਗਿਆ। ਇਸ ਦਾ ਸਕੈਚ ਨੋਟ ਨੰਬਰ ਪੰਜ ਵਾਲੀ ਕਿਤਾਬ ਦੇ ਪੰਨਾ 303 ਤੇ ਮਿਲਦਾ ਹੈ, ਉਸ ਮੁਤਾਬਿਕ।

14. ਚਿੱਤਰਕਾਰੀ ਤੇ ਅੱਖਰਾਂ ਦੀ ਬਨਾਵਟ ਵਿਚ ਭਾਰਤੀ ਕਾਰੀਗਰਾਂ ਨੂੰ ਲੋਹੜੇ ਦੀ ਵਿਗਿਆਨਕ ਸੂਝ ਸੀ। ਤਾਜ ਮਹੱਲ ਉੱਤੇ ਲਿਖੀਆਂ ਆਇਤਾਂ ਉਚਾਈ ਮੁਤਾਬਿਕ, ਅੱਖਾਂ ਦੀ ਪੜ੍ਹਨ ਦੀ ਸ਼ਕਤੀ ਮੁਤਾਬਿਕ, ਜਿੰਨੇ ਉਚੇ ਅੱਖਰ ਹਨ ਉਨੇ ਹੀ ਵਡੇ ਹਨ ਪਰ ਅੱਖਾਂ ਨੂੰ ਵੇਖਣ ਉਤੇ ਆਇਤਾਂ ਦੇ ਇਹ ਸਾਰੇ ਅੱਖਰ ਇਕੋ ਜਿੰਨੇ ਉੱਚੇ ਲਗਦੇ ਹਨ।

15. ਇਸ ਲੇਖ ਦੇ ਭਾਗ ਤਿੰਨ ਤੇ ਚਾਰ ਵਿਚ ਹਵਾਲੇ ਅਤੇ ਟਿੱਪਣੀਆਂ ਨਹੀਂ ਦਿੱਤੀਆਂ ਗਈਆਂ। ਅਚੇਤ ਜਾਂ ਸੁਚੇਤ ਪੰਜਾਬ ਦੇ ਪਿੰਡਾਂ ਵਿਚ ਫਿਰਦੇ ਹੋਏ, ਪੰਜਾਬੀ ਸਾਹਿਤ ਅਤੇ ਅਖਬਾਰਾਂ ਵਿਚੋਂ ਜੋ ਵੀ ਪੜ੍ਹਿਆ ਹੈ, ਇਹ ਸਾਰੇ ਭਾਗ ਉਸ ਅਧਿਐਨ ਦੇ ਆਧਾਰ ਉਤੇ ਹਨ। ਲੇਖਕ ਨੇ ਤਾਂ ਉਸ ਸਮੱਗਰੀ ਨੂੰ ਆਪਣੇ ਪਰਿਪੇਖ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਪਿੰਡਾਂ ਦੇ ਘਰ : ਸਭਿਆਚਾਰਕ ਅਧਿਐਨ

ਘਰ ਸਿਰਫ਼ ਚਾਰ ਦੁਆਰੀ ਅਤੇ ਛੱਤ ਦਾ ਆਸਰਾਂ ਹੀ ਨਹੀਂ ਸਗੋਂ ਸੁਰੱਖਿਆ, ਪੜਦੇ ਦਾ ਅਹਿਸਾਸ, ਆਰਥਿਕ ਟੇਕ, ਸਮਾਜਿਕ ਰੁਤਬਾ, ਧਾਰਮਿਕ ਅਤੇ ਭੂਗੋਲਿਕ ਮਾਹੌਲ ਦਾ ਪ੍ਰਗਟਾ ਵੀ ਹੈ। ਘਰਾਂ ਦੇ ਰੂਪ, ਆਕਾਰ ਅਤੇ ਬਣਤਰ ਨੂੰ ਸਮਝਣ ਲਈ ਜਿਥੇ ਇਕ ਪਾਸੇ ਭਵਨ ਨਿਰਮਾਣ ਕਲਾ, ਇਮਾਰਤੀ ਸਮਾਨ ਦੀ ਵਰਤੋਂ. ਸ਼ਹਿਰੀ ਤਰਤੀਬ ਦੀਆਂ ਤਕਨੀਕਾਂ ਦਾ ਗਿਆਨ ਜ਼ਰੂਰੀ ਹੈ ਉਥੇ ਨਾਲੋ ਨਾਲ ਸਭਿਆਚਾਰਕ ਕਦਰਾਂ ਕੀਮਤਾਂ, ਸਮਾਜਿਕ ਬਣਤਰ ਇਲਾਕਾਈ ਮੌਸਮ ਦੀ ਸਮਝ ਦਾ ਗਿਆਨ ਵੀ ਅਤਿ ਜ਼ਰੂਰੀ ਹੈ।

ਪੰਜਾਬ ਦੇ ਪਿੰਡਾਂ ਵਿਚ ਘਰਾਂ ਲਈ ਕੁੱਲੀ, ਛੰਨਾਂ, ਛੱਪਰ, ਢਾਰੇ, ਕੋਠੇ, ਮੰਡਪ ਮਾੜੀਆਂ, ਮਹੱਲ, ਚੁਬਾਰੇ, ਅਟਾਰੀਆਂ ਆਦਿ ਕਈ ਸ਼ਬਦ ਵਰਤੇ ਜਾਂਦੇ ਹਨ। ਜਦ ਘਰ ਨੂੰ ਕੁੱਲੀ ਕਿਹਾ ਜਾਂਦਾ ਹੈ ਤਾਂ ਘਾਹ ਫੂਸ ਨਾਲ ਉਸਰੇ ਬੜੇ ਆਰਜ਼ੀ ਜਿਹੇ ਆਸਰੇ ਦਾ ਤਸੱਵਰ ਉੱਭਰਦਾ ਹੈ। ਪਰ ਜਦੋਂ ਇਸੇ ਕੁੱਲੀ ਨੂੰ, 'ਕੁੱਲੀ, ਜੁੱਲੀ ਅਤੇ ਗੁੱਲੀ' ਦੇ ਸੰਦਰਭ ਵਿਚ ਵਰਤਿਆ ਜਾਂਦਾ ਹੈ ਤਾਂ ਇਸਦਾ ਭਾਵ ਜੀਵਨ ਲਈ ਲੋਕਾਂ ਦੀ ਮੁੱਢਲੀ ਲੋੜ ਵਜੋਂ ਲਿਆ ਜਾਂਦਾ ਹੈ। ਸਭਿਆਚਾਰਕ ਪੱਖੋਂ ਨਿਰਮਾਣ ਹੁੰਦੇ ਹੋਏ ਘਰ ਨੂੰ ਗਰੀਬਖ਼ਾਨਾ ਕਿਹਾ ਜਾਂਦਾ ਹੈ ਅਤੇ ਘਰ ਨਾਲ ਜੁੜੇ ਸੁਖ, ਸ਼ਾਂਤੀ, ਬਰਕਤ, ਆਰਾਮ ਅਤੇ ਆਪਣੇਪਣ ਦੇ ਸੰਕਲਪਾਂ ਦੀ ਰੌਸ਼ਨੀ ਵਿਚ 'ਜੋ ਸੁਖ ਛੱਜੂ ਦੇ ਚੁਬਾਰੇ ਨਾ ਉਹ ਬਲਖ ਨਾ ਬੁਖਾਰੇ' ਵਰਗੇ ਅਖਾਣ ਹੋਂਦ ਵਿਚ ਆਏ।

ਪੰਜਾਬੀ ਘਰ ਜਨਾਨੇ ਮਰਦਾਨੇ ਦੀਆਂ ਲੋੜਾਂ,[1] ਜਾਤ ਬਿਰਾਦਰੀ, ਧਾਰਮਿਕ ਰਹੁਰੀਤਾਂ, ਆਏ ਗਏ ਮਹਿਮਾਨ ਦੀਆਂ ਲੋੜਾਂ, ਮਾਲ-ਡੰਗਰ, ਕਾਰ ਵਿਹਾਰ ਦੀਆਂ ਲੋੜਾਂ ਅਨੁਸਾਰ ਕਈ ਹਿੱਸਿਆਂ ਵਿਚ ਵੰਡੇ ਅਤੇ ਵਿਉਂਤੇ ਜਾਂਦੇ। ਘਰਾਂ ਦੀ ਇਹ ਵਿਉਂਤ ਅਤੇ ਵੰਡ, ਥੋੜ੍ਹੇ ਕਮਰੇ ਹੋਣ ਦੇ ਬਾਵਜੂਦ ਬੜੀ ਅਹਿਮ ਹੁੰਦੀ। ਸਭਿਆਚਾਰ ਨੇ ਨਾ ਸਿਰਫ ਇਸ ਵੰਡ ਅਤੇ ਵਿਉਂਤ ਨੂੰ ਨਿਰਧਾਰਤ ਕੀਤਾ ਸਗੋਂ ਥੋੜ੍ਹੇ ਕਮਰਿਆਂ ਵਿਚ ਬਹੁਤੀਆਂ ਲੋੜਾਂ ਕਿਵੇਂ ਪੂਰੀਆਂ ਕਰਨੀਆਂ ਹਨ, ਇਹ ਸਿਖਾਇਆ।

ਇਸ ਲੇਖ ਵਿਚ ਰਵਾਇਤੀ ਪੇਂਡੂ ਘਰਾਂ ਦੇ ਕਿਸ ਕਿਸ ਹਿੱਸੇ ਨਾਲ ਕਿਹੜੀਆਂ ਕਿਹੜੀਆਂ ਰਸਮਾਂ ਜੁੜੀਆਂ ਸਨ, ਘਰ ਦੇ ਮੁਖ ਅੰਸ਼ਾਂ ਨੂੰ ਕਿਵੇਂ ਵਰਤੋਂ ਵਿਚ ਲਿਆਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ, ਇਕ ਹਿੱਸੇ ਦਾ ਦੂਸਰੇ ਹਿੱਸੇ ਨਾਲ ਕਿਵੇਂ ਦਾ ਜੋੜ ਸੰਬੰਧ ਸੀ, ਘਰ ਦੀ ਵਿਉਂਤ; ਦਿੱਖ, ਰੂਪ, ਆਕਾਰ, ਮਾਪ ਅਨੁਪਾਤਾਂ ਨੂੰ ਲੋਕ ਵਿਰਸੇ ਨੇ ਕਿਵੇਂ ਪ੍ਰਭਾਵਿਤ ਕੀਤਾ, ਆਦਿ ਤੱਥਾਂ ਨੂੰ ਇਕ ਦੂਸਰੇ ਦੇ ਪਰਿਪੇਖ ਵਿਚ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਲੇਖ ਦੀ ਵਿਧਾ ਇਕ ਓਪਰੇ ਆਦਮੀ ਨੂੰ ਗਲੀ ਵਿਚ ਡਿਉਢੀ, ਵਿਹੜੇ, ਚੌਂਕੇ, ਚੁਲ੍ਹੇ ਬਰਾਂਡੇ, ਸੁਫੇ, ਕੋਠੜੀ, ਚੁਬਾਰੇ ਗਏ ਲਈ ਬੈਠਕ ਨਾਲ ਜਾਣ ਪਛਾਣ ਕਰਾਉਂਦੀ ਹੈ। ਸੌਖ ਲਈ ਇਸ ਲੇਖ ਦੇ ਸਤ ਭਾਗ ਕੀਤੇ ਗਏ ਹਨ :

(ੳ) ਪਹੁੰਚ ਰਸਤਾ

(ਅ) ਡਿਉਢੀ

(ੲ) ਵਿਹੜਾ

(ਸ) ਚੌਂਕਾ ਚੁੱਲ੍ਹਾ

(ਹ) ਸੁਫਾ ਜਾਂ ਬਰਾਂਡਾ

(ਕ) ਕੋਠੜੀਆਂ

(ਖ) ਚੁਬਾਰਾ

(ੳ) ਪਹੁੰਚ ਰਸਤਾ : ਭੀੜੀ, ਤੰਗ ਵਲ ਵਲੇਵੇਂ ਖਾਂਦੀ ਗਲੀ ਦੇ ਐਨ ਉਤੋਂ ਘਰ ਦਾ ਰਕਬਾ ਸ਼ੁਰੂ ਹੁੰਦਾ। ਘਰ ਦਾ ਗਲੀ ਨਾਲ ਲਗਦਾ ਸਾਰਾ ਮੱਥਾ, ਮੁੱਖ ਪ੍ਰਵੇਸ਼ ਦਵਾਰ ਨੂੰ ਛੱਡ ਕੇ, ਉੱਚੀਆਂ ਉੱਚੀਆਂ ਕੰਧਾਂ ਨਾਲ ਵਲਿਆ ਹੁੰਦਾ। ਗਲੀ ਵਾਲੇ ਪਾਸੇ ਉੱਚੀਆਂ ਕੰਧਾਂ ਵਿਚਕਾਰੋਂ ਮੁਖ ਰਾਹ ਛੱਡਣ ਦੀ ਰਵਾਇਤ ਦੀਆਂ ਜੜ੍ਹਾਂ ਸਦੀਆਂ ਪੁਰਾਣੀ ਸਿੰਧ ਘਾਟੀ ਦੀ ਸਭਿਅਤਾ ਤਕ ਪਸਰੀਆਂ ਪਈਆਂ ਹਨ। ਗਲੀ ਵਾਲੇ ਪਾਸੇ ਤੋਂ ਉੱਚੀ ਕੰਧ ਸਭਿਆਚਾਰ ਪਰਿਪੇਖ ਵਿਚ ਦੋ ਦ੍ਰਿਸ਼ਟੀਕੋਣ ਕਰਕੇ ਉਸਰਦੀ ਰਹੀ। ਇਕ ਤੇ ਉੱਚੀ ਕੰਧ ਪੰਜਾਬ ਦੇ ਅਤਿ ਗਰਮ ਅਤੇ ਸਰਦ ਮੌਸਮ ਵਿਚ ਲੂ ਅਤੇ ਸੀਤ ਪੌਣਾਂ ਤੋਂ ਘਰ ਨੂੰ ਬਚਾਉਂਦੀਆਂ, ਦੂਜੇ ਉੱਚੀਆਂ ਕੰਧਾਂ ਧਾੜਵੀਆਂ ਅਤੇ ਹਮਲਾਵਰਾਂ ਤੋਂ ਘਰਾਂ ਨੂੰ ਕਾਫ਼ੀ ਹੱਦ ਤਕ ਸੁਰੱਖਿਆ ਦਾ ਅਹਿਸਾਸ ਵੀ ਕਰਾਉਂਦੀਆਂ[2]।

ਗਲੀ ਨਾਲ ਮੁਖ ਪ੍ਰਵੇਸ਼ ਦੁਆਰ ਦੇ ਦੋਹੀਂ ਪਾਸੀਂ ਕਮਰੇ ਛੱਤੇ ਹੁੰਦੇ ਜਾਂ ਡਿਉੜੀ ਨੁਮਾ ਪਹੁੰਚ ਮਾਰਗ ਹੁੰਦਾ। ਇਸ ਪ੍ਰਵੇਸ਼ ਦੁਆਰ ਦੇ ਰਾਹੀਂ ਗਲੀ ਵਿਚ ਰੁਕਮਦੀ ਰੋਸ਼ਨੀ, ਤਾਜੀ ਹਵਾ ਅਤੇ ਸੂਰਜ ਦੀਆਂ ਕਿਰਨਾਂ ਘਰ ਵਿਚ ਪ੍ਰਵੇਸ਼ ਕਰਦੀਆਂ[3]। ਇਥੋਂ ਤਕ ਕਿ ਕੰਮੀਂ ਕਮੀਣਾ ਲਈ ਬਣੀ ਹੋਈ ਠੱਠੀ, ਜਿਹਨੂੰ ਕਈ ਪਿੰਡ ਵਿਚ ਚੂਹੜ ਮਾਜਰੀ ਕਿਹਾ ਜਾਂਦਾ, ਦੀ ਪਹੁੰਚ ਵੀ ਗਲੀ ਤੋਂ ਇਕ ਛੋਟੇ ਪ੍ਰਵੇਸ਼ ਦੁਆਰ ਨੁਮਾ ਰਾਹ ਨਾਲ ਹੁੰਦੀ[4]। ਇਸ ਦੁਆਰ ਦੇ ਦੋਹੀਂ ਪਾਸੀਂ ਕੰਮੀ ਕਮੀਣਾਂ ਦੇ ਇਕ ਇਕ ਕਮਰੇ ਵਾਲੇ ਘਰ ਹੁੰਦੇ; ਹਰ ਕਮਰਾ ਘਰ ਦੀ ਪੂਰਨ ਇਕਾਈ, ਲੋੜਾਂ ਅਤੇ ਵੰਡਾਂ ਨੂੰ ਆਪਣੇ ਅੰਦਰ ਸਮੋਣ ਦੀ ਕੋਸ਼ਿਸ਼ ਕਰਦਾ, ਇੰਜ ਹਰ ਘਰ ਦੇ ਅਗੇ ਥੋੜ੍ਹਾ ਥੋੜ੍ਹਾ ਕਰਕੇ ਛਡਿਆ ਥਾਂ ਇਕ ਵੱਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹੜੇ ਦਾ ਰੂਪ ਧਾਰ ਲੈਂਦਾ ਜੋ ਕੰਮੀ ਕਮੀਣਾਂ ਦੇ ਘਰਾਂ ਦੇ ਸੰਦਰਭ ਵਿਚ ਇਕ ਸਾਂਝਾ ਵਿਹੜਾ ਅਤੇ ਖਾਂਦੇ ਪੀਂਦੇ ਘਰਾਂ ਲਈ ਇਕ ਵਿਹੜਾ ਜਾਂ ਕਈ ਕਈ ਵਿਹੜਿਆਂ ਦੇ ਰੂਪ ਵਿਚ ਪ੍ਰਗਟ ਹੁੰਦਾ[5]। ਜੇ ਮੁਖ ਪ੍ਰਵੇਸ਼ ਮਾਰਗ ਦੇ ਦੋਹੀਂ ਪਾਸੀਂ ਕਮਰੇ ਛੱਤੇ ਹੁੰਦੇ ਤਾਂ ਬਹੁਤੀ ਵਾਰੀ ਇਹ ਪਹੁੰਚ ਰਸਤਾ ਘਰ ਦੇ ਰਕਬੇ ਅੰਦਰ ਉਤੋਂ ਛੱਤ ਲਿਆ ਜਾਂਦਾ। ਇੰਜ ਛੱਤੀ ਗਲੀ ਜਾਂ ਡਿਉਢੀ ਨੁਮਾ ਪ੍ਰਵੇਸ਼ ਦੁਆਰ ਹੋਂਦ ਵਿਚ ਆਉਂਦਾ।

(ਅ) ਡਿਉਢੀ : ਘਰ ਅਤੇ ਬਾਹਰਲੇ ਸੰਸਾਰ ਵਿਚਕਾਰ ਡਿਉਢੀ ਇਕ ਪੜਾਅ ਦਾ ਕੰਮ ਦਿੰਦੀ। ਇਹ ਉਹ ਹਿੱਸਾ ਹੁੰਦਾ ਜਿਹਦੇ ਨਾਲ ਉਪਰੇ ਜੀਅ ਦਾ ਸਭ ਤੋਂ ਪਹਿਲਾਂ ਵਾਹ ਪੈਂਦਾ। ਗਲੀ ਵਾਲੇ ਪਾਸੇ ਘਰ ਦੀ ਦਹਿਲੀਜ, ਮੁਖ ਦੁਆਰ ਦੀ ਚੌਗਾਠ, ਸਰਦਲ, ਬੂਹੇ ਦੇ ਆਕਾਰ ਦਿੱਖ, ਕੰਧ-ਚਿਤਰਾਂ ਤੇ ਗਲੀ ਦੀ ਚੌੜਾਈ, ਉਚਾਈ, ਮੁਤਾਬਿਕ ਡਿਉਢੀ ਦੀ ਕੁਰਸੀ ਦੀ ਉਚਾਈ, ਘਰ ਦੀ ਪਹੁੰਚ, ਸਾਜ-ਸ਼ਿੰਗਾਰ ਵਲ ਉਚੇਚਾ ਧਿਆਨ ਦਿੱਤਾ ਜਾਂਦਾ। ਡਿਉਢੀ ਨਾਲ ਲੋਕ ਕਲਾ ਦੀਆਂ ਪ੍ਰਾਪਤੀਆਂ, ਧਾਰਨਾਵਾਂ, ਬਿੰਬ ਅਤੇ ਪ੍ਰਤੀਕ ਜੁੜੇ ਹੁੰਦੇ।

ਆਮ ਤੌਰ ਤੇ ਡਿਉਢੀ ਦੀ ਚੁਗਾਠ ਦੇ ਉੱਤੇ ਘਰ ਦੇ ਰਹਿਣ ਵਾਲਿਆਂ ਦੇ ਧਾਰਮਿਕ ਆਕੀਦੇ ਮੁਤਾਬਿਕ ਕੋਈ ਧਾਰਮਿਕ ਚਿੰਨ੍ਹ ਜਿਵੇਂ ੧ ਓਂਕਾਰ, ਓਮ, ਸਵਾਸਤਿਕ, ਦੋ ਕ੍ਰਿਪਾਨਾਂ ਖੰਡਾ, ਕਿਸੇ ਦੇਵੀ ਦੇਵਤੇ : ਜਿਵੇਂ ਗਣੇਸ਼, ਲੱਛਮੀ, ਸ਼ਿਵਜੀ ਪਾਰਬਤੀ, ਰਾਧਾ ਕਿਸ਼ਨ, ਬਾਬੇ ਨਾਨਕ ਦੀ ਪੰਜੇ ਨਾਲ ਅਸ਼ੀਰਵਾਦ ਦਿੰਦੀ ਮੂਰਤ, ਬਾਬਾ ਨਾਨਕ ਨਾਲ ਬਾਲਾ ਮਰਦਾਨਾ, ਗੁਰੂ ਗੋਬਿੰਦ ਸਿੰਘ ਘੋੜੇ ਨਾਲ, ਹੱਥ ਵਿਚ ਬਾਜ ਫੜੀ, ਆਦਿ ਚਿੱਤਰ ਕੰਧ-ਚਿੱਤਰਾਂ, ਲੋਹੇ ਸੀਮਿੰਟ ਦੀਆਂ ਜਾਲੀਆਂ ਵਿਚ ਉਘਾੜੇ ਹੁੰਦੇ।[6]

ਪਹਿਲੀ ਨਜ਼ਰੇ ਇੰਜ ਲਗਦਾ ਕਿ ਡਿਉਢੀ ਉਤੇ ਜੋ ਵੀ ਕਲਾ ਕ੍ਰਿਤਾਂ ਸਿਰਜੀਆਂ ਹੁੰਦੀਆਂ ਜਿਵੇਂ ਉਹ ਕੁਦਰਤ ਅਤੇ ਮਨੁੱਖ ਦੇ ਹੁਸਨ ਨੂੰ ਉਘਾੜਨ ਦਾ ਉਪਰਾਲਾ ਹਨ। ਇਸ ਪਰਿਪੇਖ ਵਿਚ ਇੰਜ ਦਾ ਪ੍ਰਭਾਵ ਮਿਲਦਾ ਕਿ ਮਨੁੱਖ ਅਤੇ ਕੁਦਰਤ ਦੇ ਤਾਲਮਾਲ ਨਾਲ, ਪਸ਼ੂ, ਪੰਛੀ, ਫੁੱਲ, ਬੂਟੇ, ਵੇਲਾਂ, ਚੰਨ, ਸੂਰਜ, ਤਾਰੇ ਆਦਿ ਨਾਲ ਘਰਾਂ ਨੂੰ ਸ਼ਿੰਗਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਜੇ ਇਹਨਾਂ ਬਿੰਬਾਂ, ਚਿੰਨ੍ਹਾਂ, ਪ੍ਰਤੀਕਾਂ ਦਾ ਵੇਦਾਂਤਕ ਅਤੇ ਪੌਰਾਣਿਕ ਫ਼ਲਸਫ਼ੇ ਦੀ ਰੋਸ਼ਨੀ ਵਿਚ ਵਿਸ਼ਲੇਸ਼ਣ ਕੀਤਾ ਜਾਏ ਤਾਂ ਇਹ ਸਾਰੇ ਚਿੰਨ੍ਹ, ਪ੍ਰਤੀਕ, ਬਿੰਬ, ਧਾਰਮਿਕ ਫ਼ਲਸਫ਼ੇ ਦਾ ਪ੍ਰਗਟਾ ਹੋ ਨਿਬੜਦੇ।

ਡਿਉਢੀ ਦੇ ਗਲੀ ਵੱਲ ਲਗਦੇ ਮੱਥੇ ਉਤੇ ਧਾਰਮਿਕ ਮਹਾਂਪੁਰਖਾਂ, ਪਰੀਆਂ, ਸੂਰਜ, ਘੋੜੇ ਇੰਜ ਉੱਕਰੇ ਜਾਂਦੇ ਜਿਵੇਂ ਦੁਨੀਆਂ ਭਰ ਦੀਆਂ ਸਾਰੀਆਂ ਬਰਕਤਾਂ ਉਸ ਘਰ ਉਤੇ ਮਿਹਰਬਾਨ ਹੋਣ। ਪਹਿਰੇਦਾਰ, ਸੂਰਜ, ਘੋੜਾ, ਸ਼ੇਰ ਧਾਰਮਿਕ ਚਿੰਨ੍ਹ ਹੁੰਦੇ ਹੋਏ ਇੰਜ ਉਘਾੜੇ ਜਾਂਦੇ ਜਿਵੇਂ ਉਹ ਘਰ ਦੀ ਅਤੇ ਘਰ 'ਚ ਵਸਣ ਵਾਲੇ ਜੀਆਂ ਦੀ ਕੁਦਰਤ ਦੀਆਂ ਕਰੋਪੀਆਂ ਸ਼ੈਤਾਨ, ਠੱਗਾਂ, ਚੋਰ ਅਤੇ ਹੋਰ ਸਮਾਜ ਦੁਸ਼ਮਣ ਅਨਸਰਾਂ ਤੋਂ ਰਾਖੀ ਕਰ ਰਹੇ ਹੋਣ ਅਤੇ ਘਰ ਦੇ ਜੀਆਂ ਵਿਚ ਸੁਰੱਖਿਆ ਦਾ ਅਹਿਸਾਸ ਪੈਦਾ ਕਰ ਰਹੇ ਹੋਣ। ਇੰਜ ਡਿਉਢੀ ਇਕ ਪਾਸੇ ਮਿਹਰਾਂ, ਨਿਆਮਤਾਂ ਅਤੇ ਬਰਕਤਾਂ ਦਾ ਘਰ ਵਿਚ ਇਨ੍ਹਾਂ ਚਿੰਨ੍ਹਾਂ, ਪ੍ਰਤੀਕਾਂ ਰਾਹੀਂ ਛੱਟਾ ਦਿੰਦੀ ਲਗਦੀ ਤੇ ਦੂਜੇ ਪਾਸੇ ਕਰੋਪੀਆਂ ਅਤੇ ਨੁਕਸਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਘਰ ਦੀ ਹਿਫ਼ਾਜ਼ਤ ਦਾ ਚਿੰਨ੍ਹ ਬਣ ਜਾਂਦੀ।

ਡਿਉਢੀ ਦੇ ਬਣੇ ਚਿੱਤਰਾਂ ਉਤੇ ਗੂੜ੍ਹਾ ਨੀਲਾ, ਜਾਮਨੀ ਅਤੇ ਹਰਾ ਰੰਗ ਵਰਤੇ ਜਾਂਦੇ, ਲਾਲ ਅਤੇ ਪੀਲੇ ਰੰਗ ਦੀ ਘਾਟ ਅਤੇ ਸੂਖ਼ਮ ਭਾਵ ਪ੍ਰਗਟਾਉਂਦੀ ਵਰਤੋਂ ਕੀਤੀ ਜਾਂਦੀ। ਲਾਲ ਰੰਗ ਦੀ ਘਟ, ਨੀਲੇ ਹਰੇ ਅਤੇ ਜਾਮਨੀ ਰੰਗ ਦੀ ਜ਼ਿਆਦਾ ਵਰਤੋਂ ਪੰਜਾਬ ਦੇ ਗਰਮ ਮੌਸਮ ਵਿਚ ਅੱਖਾਂ ਨੂੰ ਠੰਡੀ ਲਗਦੀ।

ਰਾਜਸਥਾਨ ਵੱਲ ਇਹ ਸੋਚ ਹੈ 'ਕਿ ਘਰ ਦੀ ਬਾਹਰਲੀ ਕੰਧ ਉਤੇ ਰੇਖਾ-ਚਿੱਤਰ, ਚਿੰਨ੍ਹਾਂ, ਪ੍ਰਤੀਕਾਂ ਦੀ ਅਣਹੋਂਦ ਘਰ ਵਿਚ ਬਦਸ਼ਗਨੀ ਅਤੇ ਮੌਤ ਅਤੇ ਮਾੜੀ ਵਾਰਦਾਤ ਦਾ ਪ੍ਰਗਟਾ ਹੈ।'[7] ਇਸ ਕਰਕੇ ਜਿਵੇਂ ਜਿਵੇਂ ਮਾਲਵੇ ਦੇ ਪਿੰਡਾਂ ਵਲੋਂ ਰਾਜਸਥਾਨ ਵੱਲ ਸਫ਼ਰ ਕੀਤਾ ਜਾਏ ਡਿਉਢੀ ਦਾ ਸ਼ਿੰਗਾਰ ਵਧਦਾ ਜਾਂਦਾ ਹੈ।

ਵੱਡੇ ਘਰਾਂ ਦੀਆਂ ਡਿਉਢੀਆਂ ਵਿਚਕਾਰੋਂ ਘਰ ਨੂੰ ਜਾਣ ਦਾ ਰਸਤਾ ਹੁੰਦਾ, ਦੋਹੀਂ ਪਾਸੀਂ ਬਰਾਂਡੇ ਨੁਮਾ ਕਮਰੇ ਹੁੰਦੇ, ਜਿਥੇ ਆਏ ਗਏ, ਬਿਰਾਦਰੀ ਦੇ ਲੋਕਾਂ ਲਈ ਕੁਝ ਮੰਜੇ ਵੱਖੀ ਪਰਨੇ ਜਾਂ ਸੇਰੂ ਪਰਨੇ ਖਲੋਤੇ ਹੁੰਦੇ, ਜਿਵੇਂ ਜਿੰਨੀ ਲੋੜ ਪੈਂਦੀ, ਮੰਜੇ ਡਾਹ ਲਏ ਜਾਂਦੇ। ਡਿਉਢੀ 'ਚ ਇਕ ਪਾਸੇ ਤਖ਼ਤਪੋਸ਼ ਤੇ ਵੱਡੇ ਗੋਲ ਸਿਰਹਾਣੇ ਰਖੇ ਹੁੰਦੇ, ਪਾਣੀ ਵਾਲਾ ਘੜਾ ਹੁੰਦਾ, ਘਰ ਦੇ ਅੰਦਰਲੇ ਪਾਸੇ ਡਿਉਢੀ ਕੋਲ ਨਲਕਾ ਜਾਂ ਖੂਹੀ ਹੁੰਦੀ, ਘਰ ਦੇ ਗੰਦੇ ਪਾਣੀ ਦਾ ਨਿਕਾਸ ਡਿਉਢੀ ਵਿਚੋਂ ਇਕ ਪਾਸੇ ਤੋਂ ਨਿੱਕੀ ਨਾਲੀ ਰਾਹੀਂ ਹੁੰਦਾ ਜੋ ਕਿਤੇ ਕਿਤੇ ਉਤੋਂ ਢਕੀ ਹੁੰਦੀ। ਡਿਉਢੀ ਦੇ ਇਕ ਪਾਸੇ ਤੋਂ ਕਿਤੇ ਕਿਤੇ ਉਤੇ ਜਾਣ ਲਈ ਪੌੜੀਆਂ ਹੁੰਦੀਆਂ, ਸਮਰੂਪਤਾ ਅਤੇ ਸਮਤੋਲ ਲਈ ਕਈ ਡਿਉਢੀਆਂ ਵਿਚੋਂ ਦੋਹਾਂ ਪਾਸਿਆਂ ਤੋਂ ਪੌੜੀਆਂ ਚੜ੍ਹਾਈਆਂ ਜਾਂਦੀਆਂ। ਕਈ ਡਿਉਢੀਆਂ ਉਪਰ ਚੁਬਾਰਾ ਛੱਤਿਆ ਜਾਂਦਾ। ਕਈ ਥਾਵਾਂ ਤੇ ਬਾਹਰਲੇ ਪਾਸੇ ਵਧੇ ਹੋਏ ਛੱਜਿਆਂ ਅਤੇ ਬੁਖ਼ਾਰਚਿਆਂ ਕਾਰਣ ਡਿਉਢੀ ਵਿਚ ਮਹੱਲ ਅਤੇ ਕਿਲ੍ਹੇ ਵਰਗੀ ਦਿੱਖ ਅਤੇ ਰੂਪ ਆਕਾਰ ਉਘਾੜੇ ਜਾਂਦੇ। ਵਸਤੂ ਕਲਾ ਪੱਖੋਂ ਚੁਬਾਰੇ ਦਾ ਰੂਪ ਆਕਾਰ ਕਈ ਵਾਰੀ ਬਾਦਸ਼ਾਹ ਦੇ ਤਾਜ਼ ਵਰਗਾ ਉਸਾਰਿਆ ਹੁੰਦਾ। ਉੱਚੀਆਂ ਮਜ਼ਬੂਤ ਦੀਵਾਰਾਂ ਕਾਰਣ ਜਿਥੇ ਡਿਉਢੀ ਕਿਲ੍ਹੇ ਦੀ ਦਿੱਖ ਦਾ ਪ੍ਰਤਿਰੂਪ ਹੁੰਦੀ ਉਥੇ ਉੱਤੇ ਉੱਸਰਿਆ ਚੁਬਾਰਾ ਤਾਜ਼ ਵਾਂਗ ਲਗਦਾ। ਘਰ ਵਿਚ ਵਸਦੇ ਜੀਅ ਜਿਵੇਂ ਰਾਜੇ ਦਾ ਟੱਬਰ ਅਤੇ ਘਰ ਦਾ ਮਾਲਿਕ ਜਗੀਰੂ ਕਦਰਾਂ ਕੀਮਤਾਂ ਅਧੀਨ ਬਾਦਸ਼ਾਹ ਸਮ ਕਿਆਸ ਕੀਤਾ ਜਾਂਦਾ। ਇਹ ਜਗੀਰੂ ਕਦਰਾਂ ਕੀਮਤਾਂ ਡਿਉਢੀ ਦਾ ਮੂੰਹ ਮੱਥਾ ਉਸਾਰਦੇ, ਸ਼ਿੰਗਾਰਦੇ ਹੋਏ ਥੰਮਲਿਆਂ, ਛੱਜੇ, ਵਧਾ, ਝਰੋਖਿਆਂ, ਮਮਟੀਆਂ, ਅਟਾਰੀਆਂ ਆਦਿ ਉਸਾਰੀ ਦੇ ਕਈ ਪੱਖਾਂ ਤੋਂ, ਕਿਲ੍ਹੇ, ਮਹੱਲ, ਤਾਜ਼ ਆਦਿ ਦਾ ਪ੍ਰਤੀਕ, ਚਿੰਨ੍ਹਾਤਮਕ ਰੂਪ ਹੋ ਨਿੱਬੜਦੀਆਂ।[8]

ਡਿਉਢੀ ਦੇ ਬੂਹੇ ਉਤੇ ਦੋ ਕੁ ਫੁਟ ਉੱਚਾ ਕਰਕੇ ਚੌਂਕੀ ਬਣਾਈ ਹੁੰਦੀ, ਇਹ ਚੌਂਕੀ ਚੁਗਾਠ ਅਤੇ ਡਿਉਢੀ ਲਈ ਉਸਾਰੀ ਕੰਧ ਦੀ ਮੇਹਰਾਬ ਵਿਚਾਲੇ ਬਣਾਈ ਹੁੰਦੀ। ਵੱਡੇ ਘਰਾਂ ਦੇ ਪਹਿਰੇਦਾਰ ਕਦੀ ਕਦੀ ਇਸ ਚੌਂਕੀ ਉਤੇ ਬੈਠਦੇ। ਕਈ ਘਰਾਂ 'ਚ ਇਹ ਪਹਿਰੇਦਾਰ ਦੇ ਬੈਠਣ ਦਾ ਚਿੰਨ੍ਹਾਤਮਕ ਥਾਂ ਹੁੰਦੀ। ਕਈ ਵਾਰੀ ਇਸ ਚੌਂਕੀ ਉਤੇ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਜ਼ੁਰਗ ਜਾਂ ਕੋਈ ਬਿਮਾਰ ਜੀਅ ਆ ਕੇ ਬੈਠਦਾ। ਇਸ ਚੌਂਕੀ ਤੋਂ ਢਾਈ ਤਿੰਨ ਫੁੱਟ ਉੱਚੇ ਕਰਕੇ ਦੁਆਖੇ ਛੱਡੇ ਜਾਂਦੇ ਜਿਥੇ ਲੋੜ ਪੈਣ ਉੱਤੇ ਦੀਵਾ, ਮੋਮਬੱਤੀ ਜਾਂ ਲੈਂਪ ਬਾਲ ਕੇ ਰਖੇ ਜਾਂਦੇ, ਇੰਜ ਨਾ ਸਿਰਫ਼ ਮੁਖ ਰਾਹ ਨੂੰ, ਪਹੁੰਚ ਨੂੰ ਰੁਸ਼ਨਾਇਆ ਜਾਂਦਾ, ਸਗੋਂ ਗਲੀ ਵਿਚ ਵੀ ਰੋਸ਼ਨੀ ਕੀਤੀ ਜਾਂਦੀ।

ਮਾਲਵੇ ਦੇ ਉਹ ਪਿੰਡ, ਜਿਥੇ ਊਠਾਂ ਨਾਲ ਵਾਹੀ ਹੁੰਦੀ, ਉਹਨਾਂ ਪਿੰਡਾਂ ਵੱਲ ਡਿਉਢੀਆਂ ਦੇ ਬੂਹੇ ਕਾਫ਼ੀ ਉੱਚੇ ਰਖੇ ਜਾਂਦੇ, ਤਾਕਿ ਊਠ ਅਤੇ ਨਰਮੇ ਨਾਲ ਲੱਦੇ ਹੋਏ ਗੱਡੇ ਬਿਨਾਂ ਵਿਘਨ ਘਰ ਵਿਚ ਪੁੱਜ ਸਕਣ। ਉਹ ਘਰ ਜਿੰਨਾਂ ਦੇ ਵਸਨੀਕ ਹੁੱਕੇ ਨਾਲ ਆਏ ਗਏ ਦੀ ਸੇਵਾ ਕਰਦੇ, ਉਹਨਾਂ ਘਰਾਂ ਦੀਆਂ ਡਿਉਢੀਆਂ ਵਿਚ ਤਖਤਪੋਸ਼ ਦੇ ਕੋਲ ਗੋਹੇ ਦੀਆਂ ਪਾਥੀਆਂ ਨਾਲ ਨੱਪ ਕੇ ਅੱਗ ਰੱਖੀ ਜਾਂਦੀ, ਕੋਲ ਹੁੱਕਾ ਪਿਆ ਰਹਿੰਦਾ, ਫਿਰ ਜਿਵੇਂ ਜਿਵੇਂ ਜ਼ਾਤ ਬਿਰਾਦਰੀ ਦੀ ਮਜਲਿਸ ਜੁੜਦੀ ਹੁੱਕੇ, ਦੀ ਨਾਲੀ ਇਕ ਮੂੰਹ ਤੋਂ ਦੂਸਰੇ ਮੂੰਹ ਵੱਲ ਘੁੰਮੀ ਜਾਂਦੀ। ਮਾਧਿਅਮ ਤਬਕੇ ਦੀ ਕਿਰਸਾਨੀ ਦੀਆਂ ਡਿਉਢੀਆਂ ਵਿਚ ਗੱਡੇ ਖੜੇ ਕੀਤੇ ਜਾਂਦੇ, ਡੰਗਰਾਂ ਨੂੰ ਕੁਤਰ ਕੇ ਪੱਠੇ ਪਾਉਣ ਲਈ ਟੋਕਾ ਗੱਡਿਆ ਹੁੰਦਾ ਜਾਂ ਕਈ ਘਰਾਂ ਦੀਆਂ ਡਿਉਢੀਆਂ ਅੰਦਰ ਸਿਆਲ ਦੀਆਂ ਰਾਤਾਂ ਵਿਚ ਡੰਗਰ ਬੰਨ੍ਹੇ ਜਾਂਦੇ।

ਉਹ ਡਿਉਢੀਆਂ ਜੋ ਜ਼ਿਆਦਾ ਗਰਮ ਖ਼ੁਸ਼ਕ ਇਲਾਕੇ, ਜਿਵੇਂ ਮਾਲਵੇ ਵੱਲ ਹੁੰਦੀਆਂ, ਉਧਰ ਡਿਉਢੀਆਂ ਦੇ ਵੱਡੇ ਦਰਵਾਜ਼ੇ ਉੱਤੇ ਲੱਕੜ ਦੇ ਵੱਡੇ ਬੂਹੇ ਹੁੰਦੇ, ਇਹਨਾਂ ਬੂਹਿਆਂ ਉੱਤੇ ਲੋਹੇ ਦੀਆਂ ਪੱਤਰੀਆਂ, ਲੋਹੇ ਦੇ ਕੜੇ, ਪਿੱਤਲ ਦੇ ਕੋਕੇ ਅਤੇ ਲੱਕੜ ਉੱਤੇ ਉਕਰ ਕੇ ਬੜਾ ਕਲਾਮਈ ਕੰਮ ਕੀਤਾ ਜਾਂਦਾ, ਡਿਉਢੀ ਦੀ ਸਰਦਲ ਅਤੇ ਚੁਗਾਠ ਬੜੀ ਕਲਾਮਈ ਅਤਿ ਪ੍ਰਵੀਨ ਕਲਾਕਾਰਾਂ ਦੇ ਹੱਥਾਂ ਦੀ ਬਣਾਈ ਹੁੰਦੀ। ਸਰਦਲ ਦਾ ਰੂਪ ਸ਼ਿੰਗਾਰ, ਦਰਅਸਲ ਘਰ ਦੇ ਜੀਆਂ ਦੇ ਕਲਾਮਈ, ਸੁਹਜਮਈ ਵਿਚਾਰਾਂ ਦੀ ਤਰਜਮਾਨੀ ਕਰਦਾ, ਇਸੇ ਕਰਕੇ ਇਹੋ ਜਿਹੀਆਂ ਅਖੌਤਾਂ ਦਾ ਵਿਕਾਸ ਹੋਇਆ ਕਿ "ਘਰ ਦੀ ਸਰਦਲ ਵੇਖ ਘਰ ਦੇ ਜੀਆਂ ਦੇ ਨੈਣ ਨਕਸ਼ ਪਛਾਣੇ ਜਾ ਸਕਦੇ ਹਨ।"

ਕਈ ਪਿੰਡਾਂ ਵਿਚ ਗਲੀ ਨਾਲੋਂ ਡਿਉਢੀ ਕਾਫ਼ੀ ਉੱਚੇ ਧਰਾਤਲ ਉਤੇ ਬਣਾਈ ਜਾਂਦੀ[9] ਇਹੋ ਜਿਹੀ ਹਾਲਤ ਵਿਚ ਆਮ ਵੇਖਣ ਵਿਚ ਆਉਂਦਾ ਹੈ ਕਿ ਗਲੀ ਅਤੇ ਡਿਉਢੀ ਦੇ ਵਿਚਕਾਰ ਇਕ ਉੱਚਾ ਥੜਾ ਹੁੰਦਾ। ਘਰ/ਡਿਉਢੀ ਦੇ ਤਲ ਦਾ ਗਲੀ ਦੇ ਤਲ ਨਾਲੋਂ ਜੋ ਉਚਾਈ ਵਿਚ ਫ਼ਰਕ ਹੁੰਦਾ, ਉਹਨੂੰ ਪੂਰਾ ਕਰਨ ਲਈ ਇਸ ਥੜੇ ਉੱਤੇ ਗਲੀ ਵਲੋਂ ਪਉੜੀਆਂ ਨਾਲ ਪੁੱਜਿਆ ਜਾਂਦਾ ਜਦਕਿ ਡਿਉਢੀ ਦੀ ਸਰਦਲ ਦੇ ਤਲ ਅਤੇ ਥੜੇ ਦਾ ਤਲ ਲਗਭਗ ਇਕੋ ਜਿਹਾ ਜਾਂ ਇਕ ਪੌੜੀ ਦੀ ਉਚਾਈ ਨਾਲੋਂ ਘੱਟ ਜਾਂ ਵੱਧ ਰੱਖਿਆ ਜਾਂਦਾ।

ਵਰਤੋਂ ਪੱਖੋਂ ਡਿਉਢੀ ਕੁਝ ਘਰਾਂ ਵਿਚ ਜ਼ਾਤ ਬਿਰਾਦਰੀ ਦੇ ਫ਼ੈਸਲੇ ਲਈ ਵਰਤੋਂ ਵਿਚ ਆਉਂਦੀ ਭਾਵ ਪੰਚਾਇਤੀ ਕੰਮਾਂ ਲਈ, ਕਿਤੇ ਡਿਉਢੀ ਵਿਚ ਹੀ ਤਾਸ਼, ਚੌਪੜ, ਸ਼ਤਰੰਜ ਆਦਿ ਖੇਡਾਂ ਖੇਡੀਆਂ ਜਾਂਦੀਆਂ, ਕਿਤੇ ਡਿਉਢੀ ਹੁੱਕੇ, ਚਿਲਮ ਪੀਣ ਵਾਲੀ ਜੁੰਡਲੀ ਵਜੋਂ ਵਰਤੀ ਜਾਂਦੀ, ਕਿਤੇ ਡੰਗਰ ਬੰਨ੍ਹਣ, ਗੱਡੇ ਖਿਲ੍ਹਾਰਣ, ਖੇਤੀਬਾੜੀ ਨਾਲ ਸੰਬੰਧਿਤ ਸੰਦਾਂ ਅਤੇ ਯੰਤਰਾਂ/ਮਸ਼ੀਨਾਂ ਨੂੰ ਰੱਖਣ ਲਈ ਵਰਤੀ ਜਾਂਦੀ, ਕਿਤੇ ਆਏ ਗਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਿਮਾਨ ਦੇ ਰਹਿਣ ਬਹਿਣ ਲਈ ਬੈਠਕ ਵਜੋਂ ਵਰਤੀ ਜਾਂਦੀ। ਡਿਉੜ੍ਹੀ ਦੀ ਵਰਤੋਂ ਵਿਚ ਦੋ ਸੰਕਲਪ ਕੰਮ ਕਰਦੇ, ਘਰ ਦੇ ਵਾਹਰ ਵਾਹਰ ਹੋਣ ਕਰਕੇ ਹਰ ਉਹ ਵਿਅਕਤੀ, ਵਸਤ ਜਿਸਦਾ ਘਰ ਅੰਦਰ ਰਖਣਾ ਜ਼ਰੂਰੀ ਨਾ ਹੁੰਦਾ ਉਹ ਡਿਉਢੀ ਵਿਚ ਰਖੀ ਜਾਂਦੀ। ਵਰਤੋਂ ਵਜੋਂ ਦੂਸਰਾ ਸੰਕਲਪ ਇਹ ਸੀ ਕਿ ਡਿਉੜ੍ਹੀ ਨੂੰ ਲੋੜ ਪੈਣ ਉੱਤੇ ਬਹੁਮੁਖੀ ਮੰਤਵਾਂ ਲਈ ਵਰਤ ਲਿਆ ਜਾਂਦਾ।

ਡਿਉਢੀ ਦੀ ਉਸਾਰੀ ਵਿਚ ਕੰਧ-ਚਿੱਤਰਾਂ ਦਾ ਸੰਸਾਰ ਤਾਂ ਹੁੰਦਾ ਹੀ, ਲੱਕੜ ਦੇ ਕੰਮ ਦਾ ਹੁਨਰ, ਇੱਟਾਂ, ਸੁਰਖ਼ੀ, ਚੂਨੇ ਨਾਲ ਡਿਉਢੀ ਦੀ ਬਾਕੀ ਨੁਹਾਰ ਸ਼ਿੰਗਾਰੀ ਜਾਂਦੀ, ਜੰਗਲੇ, ਜਾਲੀਆਂ, ਇੱਟਾਂ ਨੂੰ ਰੰਗ ਕੇ ਵੱਖੋ ਵੱਖਰੇ ਕਈ ਤਰ੍ਹਾਂ ਦੇ ਨਮੂਨੇ ਉਭਾਰੇ ਜਾਂਦੇ। ਅੰਗਰੇਜ਼ਾਂ ਦੇ ਆਉਣ ਉਤੇ ਡਿਉਢੀ ਵਿਚ ਸ਼ੀਸ਼ੇ ਅਤੇ ਰੰਗ ਬਿਰੰਗੇ ਸ਼ੀਸ਼ਿਆਂ ਨਾਲ ਡਿਉਢੀ ਸ਼ਿੰਗਾਰਣ ਦੀ ਰੁਚੀ ਜ਼ਿਆਦਾ ਪ੍ਰਚਲਿਤ ਹੋਈ। ਡਿਉਢੀ ਕਿਲ੍ਹੇ ਨੁਮਾ ਘਰ ਦਾ ਮੁਖ ਪ੍ਰਵੇਸ਼ ਦਵਾਰ ਜਿਸਦੇ ਅੰਦਰ ਘਰ ਦੀ ਇੱਜ਼ਤ, ਘਰ ਦਾ ਪੜਦਾ ਸੀ ਡਿਉਢੀ ਤੋਂ ਬਾਹਰ ਦਾ ਸੰਸਾਰ ਸੀ ਸਾਮੰਤਵਾਦੀ ਕਦਰਾ ਕੀਮਤਾਂ ਦੇ ਪਰਿਪੇਖ ਵਿਚ ਔਰਤਾਂ ਦਾ ਡਿਉਢੀ ਤੋਂ ਬਾਹਰ ਆਉਣਾ ਖਤਰੇ ਤੋਂ ਖ਼ਾਲੀ ਨਹੀਂ ਸੀ, ਇਸੇ ਕਰਕੇ ਡਿਉਢੀ ਤੋਂ ਬਾਹਰ ਔਰਤ ਦੇ ਨਾਲ ਪੜਦਾ ਅਤੇ ਸੁਰੱਖਿਆ ਵਜੋਂ ਮਰਦ ਦੀ ਕਿਤੇ ਆਉਣ ਜਾਣ ਲੱਗੇ ਲੋੜ ਹੁੰਦੀ। ਡਿਉਢੀ ਘਰ ਦੇ ਸੁਰੱਖਿਅਤ ਮਾਹੌਲ ਅਤੇ ਬਾਹਰ ਦੇ ਲੁੱਟ-ਖਸੁੱਟ ਅਤੇ ਧੁੰਧੂਕਾਰੇ ਭਰੇ ਮਾਹੌਲ ਦੇ ਵਿਚਕਾਰਲੀ ਥਾਂ ਵਜੋਂ ਹੋਂਦ ਵਿਚ ਆਈ।[10]

(ੲ) ਵਿਹੜਾ : ਡਿਉਢੀ, ਪੌੜੀਆਂ ਅਤੇ ਵਸੋਂ ਦੇ ਕਮਰਿਆਂ ਦੀ ਵਲਗਣ ਦੇ ਕਲਾਵੇ ਵਿਚ ਘਰ ਦਾ ਵਿਹੜਾ ਧੜਕਦਾ, ਬਿਲਕੁਲ ਉਸੇ ਤਰ੍ਹਾਂ ਜਿਵੇਂ ਜਿਸਮ ਵਿਚ ਦਿਲ ਧੜਕਦਾ ਹੈ। ਡਿਉਢੀ ਤੋਂ ਬਾਹਰ ਆਉਂਦੇ ਹੀ ਜਾਂ ਘਰ ਦੇ ਮੁਖ ਪ੍ਰਵੇਸ਼ ਦੁਆਰ ਤੋਂ ਅੰਦਰ ਆਉਂਦੇ ਹੀ ਵਿਹੜਾ ਖਿੜੇ ਮੱਥੇ ਸਾਹਵੇਂ ਆਉਂਦਾ। ਵਿਹੜੇ ਦੇ ਰੂਪ, ਆਕਾਰ, ਮਾਪ, ਅਨੁਪਾਤਾਂ ਨੂੰ ਕਈ ਪੱਖ ਨਿਰਧਾਰਤ ਕਰਦੇ, ਪਰ ਮੁੱਖ ਤੌਰ ਉੱਤੇ ਪੀੜ੍ਹੀ ਦਰ ਪੀੜ੍ਹੀ ਦੋ ਤੱਥਾਂ ਨੇ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਪਹਿਲਾ, ਜਿੰਨਾ ਕਿਸੇ ਸਮੇਂ, ਥਾਂ ਉੱਤੇ ਸੁਰੱਖਿਆ ਦੀ ਲੋੜ ਜ਼ਿਆਦਾ ਮਹਿਸੂਸ ਕੀਤੀ ਜਾਂਦੀ, ਵਿਹੜੇ ਨੂੰ ਵਲਗਣ ਦੇ ਕਲਾਵੇ ਵਿਚ ਲੈਂਦੀਆਂ ਕੰਧਾਂ ਉੱਨੀਆਂ ਹੀ ਹੋਰ ਉਚੀਆਂ ਅਤੇ ਉੱਨੀਆਂ ਹੀ ਹੋਰ ਮਜ਼ਬੂਤ ਹੁੰਦੀਆਂ ਚਲੀਆਂ ਜਾਂਦੀਆਂ, ਉੱਨਾ ਹੀ ਗਲੀ ਵਾਲੇ ਪਾਸੇ ਦਾ ਪ੍ਰਵੇਸ਼ ਦੁਆਰ ਹੋਰ ਮਜ਼ਬੂਤ ਅਤੇ ਸੁਰੱਖਿਆ ਨਿਯਮਾਂ ਅਨੁਸਾਰ ਵਿਉਂਤਬੰਦ ਹੁੰਦਾ। ਦੂਸਰਾ, ਜਿੰਨਾ ਮੌਸਮ ਦੇ ਮਿਜ਼ਾਜ਼ ਵਿਚ ਅਤਿਵਾਦ ਭਾਵ ਅਤਿ ਦੀ ਗਰਮੀ ਅਤੇ ਅਤਿ ਦੀ ਸਰਦੀ, ਉਨੀ ਹੀ ਜ਼ਿਆਦਾ ਵਿਹੜੇ ਨਾਲ ਲੋੜੀਂਦੀ ਭੌਂ ਵਰਤੋਂ ਨਿਰਧਾਰਤ ਹੁੰਦੀ। ਮਿਸਾਲ ਵਜੋਂ ਅਤਿ ਦੀ ਸਰਦੀ ਦੇ ਮੌਸਮ ਵਿਚ ਡੰਗਰਾਂ ਲਈ ਵਿਹੜੇ ਵਿਚ ਕੁਝ ਥੰਮੀਆਂ ਗੱਡ ਕੇ, ਉਤੇ ਛਤੀਰੀ/ਦੁਸਾਂਗੜ ਰੱਖ ਕੇ, ਛਾਪੇ, ਪਰਾਲੀ, ਘਾਹ ਫੂਸ ਨਾਲ ਢਾਈ ਤਿੰਨ ਮਹੀਨੇ ਕੰਮ ਦੇਣ ਲਈ ਬੜਾ ਆਰਜ਼ੀ ਢਾਰਾ ਛੱਤਾ/ਪਾ ਲਿਆ ਜਾਂਦਾ। ਨਤੀਜੇ ਵਜੋਂ ਵਿਹੜਾ ਦਿੱਖ-ਰੂਪ-ਆਕਾਰ ਪੱਖੋਂ ਛੋਟਾ ਹੋ ਜਾਂਦਾ, ਪਰ ਇਸੇ ਵਿਹੜੇ ਵਿਚ ਲੱਗੇ ਰੁੱਖਾਂ ਨੂੰ ਜ਼ਿਆਦਾ ਧੁੱਪ ਰੋਸ਼ਨੀ ਲੈਣ ਲਈ ਛਾਂਗ ਦਿੱਤਾ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁੱਖਾਂ ਦੀਆਂ ਟਾਹਣੀਆਂ ਕਰਕੇ ਰੁੱਖਾਂ ਦੇ ਆਕਾਰ ਨੇ ਵਿਹੜੇ ਦੇ ਥਾਂ ਦੀ ਨੁਹਾਰ ਦੀ ਜੋ ਛਵਿ ਮਨ ਵਿਚ ਅੰਕਿਤ ਕੀਤੀ ਹੁੰਦੀ, ਪੱਤਹੀਣ ਟਾਹਣੀਆਂ ਵਾਲੇ ਛਾਂਗੇ ਰੁੱਖ ਕਰਕੇ, ਉਹ ਨੁਹਾਰ ਬਦਲ ਜਾਂਦੀ, ਵਿਹੜਾ ਮੋਕਲਾ ਮੋਕਲਾ ਲੱਗਣ ਲੱਗ ਪੈਂਦਾ। ਗਰਮੀਆਂ ਵਿਚ ਇਹੀ ਰੁੱਖ ਦੁਬਾਰਾ ਪੁੰਗਰ ਕੇ ਵਿਹੜੇ ਦੇ ਅਸਮਾਨ ਉਤੇ ਛਾ ਜਾਂਦੇ। ਵਿਹੜੇ ਦੀ ਠੰਢੀ ਛਾਂ, ਮਾਂ ਦੀ ਮਮਤਾ, ਹਿਫ਼ਾਜ਼ਤ ਅਤੇ ਸਕੂਨ ਦਾ ਪ੍ਰਤੀਕ ਬਣ ਜਾਂਦੀ।

ਵਿਹੜੇ ਦੀ ਦਿੱਖ ਪੱਖੋਂ ਵਿਹੜੇ ਦੇ ਫਰਸ਼ ਦੀ ਬਣਤਰ, ਵਿਹੜੇ ਦੇ ਰੂਪ ਸ਼ਿੰਗਾਰ ਲਈ ਵਰਤੇ ਗਏ ਇਮਾਰਤੀ ਸਮਾਨ ਪੱਖੋਂ, ਘਰ ਵਿਚ ਜੀਅ ਅਤੇ ਪਸ਼ੂ ਪੰਛੀਆਂ ਦੀਆਂ ਲੋੜਾਂ ਅਤੇ ਗਿਣਤੀ ਪੱਖੋਂ, ਇਕੋ ਹੀ ਵਿਹੜੇ ਨੂੰ ਅਗੋਂ ਕਈ ਉਪਭਾਗਾਂ ਵਿਚ ਵੰਡਿਆ ਜਾਂਦਾ। ਇਹ ਵੰਡ ਕਿਤੇ ਵਿਹੜੇ ਨੂੰ ਉੱਚਾ ਕਰਕੇ ਕੀਤੀ ਜਾਂਦੀ ਜਿਵੇਂ ਚੌਂਕੇ ਦਾ ਚਾਰ ਚੁਫੇਰਾ ਜਾਂ ਪੱਠੇ ਕੁਤਰਣ ਵਾਲੇ ਟੋਕੇ ਦਾ ਚਾਰ ਚੁਫੇਰਾ। ਕਿਤੇ ਇਹ ਵੰਡ ਖੁਰਲੀ ਬਣਾ ਕੇ ਕੀਤੀ ਜਾਂਦੀ, ਕਿਤੇ ਰੁੱਖ ਫੁੱਲ ਬੂਟੇ ਲਾ ਕੇ, ਕਿਤੇ ਨਲਕੇ ਜਾਂ ਖੂਹੀ ਦੇ ਪਾਣੀ ਦੇ ਨਿਕਾਸ ਲਈ ਨਾਲੀ ਬਣਾ ਕੇ, ਕਿਤੇ ਥੰਮੀਆਂ ਗੱਡ ਕੇ ਦੁਸਾਂਗੜ ਵਿਚ ਕੋਈ ਲੱਕੜ ਦੀ ਵਲੀ ਫਸਾ ਕੇ ਡੰਗਰਾਂ ਨੂੰ ਕਿਸੇ ਖਾਸ ਨੁੱਕਰ, ਪਾਸੇ ਵਲ ਜਾਣੋਂ ਰੋਕਿਆ ਹੁੰਦਾ। ਕਿਤੇ ਗੋਹੇ ਜਾਂ ਪੋਚੇ ਨਾਲ ਇਸ ਵੰਡ ਦੀ ਹੱਦਬੰਦੀ ਹੁੰਦੀ, ਕਿਤੇ ਗੋਹੇ ਦੀਆਂ ਪਾਥੀਆਂ ਦੀ ਕਤਾਰ ਇਹ ਹੱਦਬੰਦੀ ਕਰਦੀ''। ਮਤਲਬ ਕਿ ਵਿਹੜੇ ਨੂੰ ਉਪਭਾਗਾਂ ਵਿਚ ਵੰਡਣ ਦੀ ਪ੍ਰਕਿਰਿਆ ਕਿਤੇ ਬੜੀ ਰਸਮੀ ਹੁੰਦੀ, ਜਿਵੇਂ ਕਿਸੇ ਚੌਂਕੇ ਦੇ ਕੋਲ ਬਣੇ ਉੱਚੇ ਕੀਤੇ ਥਾਂ ਤੋਂ ਨੀਵੇਂ ਥਾਂ ਉਤੇ ਹੀ ਕੰਮੀ ਕਮੀਣਾਂ ਨੇ ਲੱਸੀ ਲੈਣ ਆਇਆਂ, ਲੱਸੀ ਵਾਲਾ ਕੁੱਜਾ ਰੱਖਣਾ ਹੁੰਦਾ। ਕਿਤੇ ਕਿਤੇ ਇਹ ਵੰਡ ਬੜੀ ਗ਼ੈਰ ਰਸਮੀ ਹੁੰਦੀ ਜਿਵੇਂ ਡੰਗਰਾਂ ਲਈ ਇਕ ਵੱਖਰਾ ਹਿੱਸਾ ਨੀਅਤ ਹੁੰਦਾ, ਪਰ ਬੱਚੇ ਨਿੱਕੇ ਕੱਟੇ ਵੱਛੇ ਨੂੰ ਜਿਸ ਹਿੱਸੇ 'ਚ ਉਹ ਆਪ ਖੇਡਦੇ ਉਥੋਂ ਲਿਆ ਕੇ ਖੇਡਣ ਲਗ ਪੈਂਦੇ ਜਾਂ ਗਰਮੀ ਜਿਆਦਾ ਹੋਣ ਕਰਕੇ ਉਹ ਰੁਖ ਜਿਥੇ ਘਰ ਦੇ ਜੀਅ ਆਮ ਬੈਠਦੇ ਉਸ ਰੁੱਖ ਥੱਲੇ ਇਕ ਦੋ ਦਿਨ ਪਹਿਲਾਂ ਸੂਈ ਮੱਝ ਗਾਂ ਨੂੰ ਬੰਨ੍ਹ ਲਿਆ ਜਾਂਦਾ। ਵਿਹੜੇ ਦੇ ਇਹਨਾਂ ਉਪਭਾਗਾਂ ਦੀ ਵੰਡ, ਵਰਤੋਂ, ਨੁਹਾਰ ਅਤੇ ਸਭਿਆਚਾਰਕ ਸੰਬੰਧ ਹੇਠ ਲਿਖੇ ਮੁਤਾਬਿਕ ਹੁੰਦੇ।

ਉਹ ਘਰ ਜਿਥੇ ਡੰਗਰ ਘਰ ਦੇ ਅੰਦਰ ਹੀ ਹੁੰਦੇ ਉਥੇ ਇਕ ਹਿੱਸੇ ਵਿਚ ਡੰਗਰਾਂ ਲਈ ਤੂੜੀ ਦਾ ਕੁੱਪ, ਪੱਠੇ ਕੁਤਰਣ ਵਾਲਾ ਟੋਕਾ, ਪੱਠੇ ਲਿਆਉਣ ਵਾਲਾ ਗੱਡਾ, ਰੇਹੜਾ ਆਦਿ ਇਸ ਉਪਭਾਗ ਦਾ ਹਿੱਸਾ ਹੁੰਦੇ। ਬਰਸਾਤ ਦੇ ਮੌਸਮ ਵਿਚ ਪੱਠੇ ਗੰਦੇ ਨਾ ਹੋਣ, ਇਸ ਕਰਕੇ ਇਸ ਭਾਗ ਨੂੰ ਰੇਤ, ਕਿਤੇ ਭੱਠੇ ਤੋਂ ਲਿਆਂਦੀ ਕੇਰੀ, ਕੰਕਰ ਮਿੱਟੀ ਨਾਲ ਚਾਰ ਚੁਫੇਰੇ ਤੋਂ ਉੱਚਾ ਕਰ ਲਿਆ ਜਾਂਦਾ।

ਆਮ ਤੌਰ ਤੇ ਵੇਖਣ ਵਿਚ ਆਉਂਦਾ ਹੈ ਕਿ ਇਸ ਭਾਗ ਦੇ ਇਕ ਪਾਸੇ ਡੰਗਰ, ਇਕ ਪਾਸੇ ਖੇਤੀਬਾੜੀ, ਤੂੜੀਤੰਦ ਆਦਿ ਨਾਲ ਸੰਬੰਧਿਤ ਔਜਾਰ ਸੰਦ ਜਿਵੇਂ ਕਹੀਆਂ, ਟੋਕਰੇ, ਕਸੌਲ, ਤਰੰਗੜ, ਤਰੰਗਲੀ, ਕੁਹਾੜੀ, ਰੰਬੇ, ਕਮਾਦ ਪੀੜਨ ਲਈ ਕੜਾਹਾ, ਵੇਲਣਾ, ਗੰਡ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਲੇ ਦਾ ਚੌਖਟਾ, ਪੰਞਾਲੀ, ਨਾੜਕੇ, ਸੰਗਲ, ਰੱਸੇ, ਘੁੰਗਰੂ, ਹਮੇਲਾਂ ਆਦਿ ਪਏ ਰਹਿੰਦੇ। ਜਦ ਕਿ ਇਸ ਭਾਗ ਦੇ ਨਾਲ ਹੀ ਡੰਗਰਾਂ ਦੀ ਸੰਭਾਲ ਲਈ, ਪਾਲਣ ਪੋਸਣ ਲਈ ਖੁਰਲੀਆਂ ਪੱਕੀਆਂ ਖੁਰਲੀਆਂ, ਪਹੀਏ ਲੱਗੀਆਂ ਇਕ ਥਾਂ ਤੋਂ ਰੇਹੜ ਕੇ ਦੂਸਰੇ ਥਾਂ ਕੀਤੀਆਂ ਜਾਣ ਵਾਲੀਆਂ ਖੁਰਲੀਆਂ, ਗਰਮੀ ਸਰਦੀ ਤੋਂ ਬਚਾਅ ਲਈ ਕਮਰੇ, ਢਾਰੇ ਜਾਂ ਛੰਨਾਂ ਹੁੰਦੀਆਂ, ਟੋਕੇ ਦੇ ਨਾਲ ਨਾਲ ਇਕ ਹੋਰ ਵਿਹੜੇ ਦਾ ਉਪ ਭਾਗ ਹੁੰਦਾ, ਇਥੇ ਰੂੜੀ ਲਾਈ ਜਾਂਦੀ, ਪਾਥੀਆਂ ਪੱਥ ਪੱਥ ਕੇ ਕਤਾਰਾਂ ਵਿਚ ਜਾਂ ਕੰਧ ਨਾਲ ਲਾ ਕੇ ਸੁਕਾਈਆਂ ਜਾਂਦੀਆਂ, ਫਿਰ ਪਾਥੀਆਂ ਨੂੰ ਚਿਣ ਕੇ ਗਹੀਰੇ ਬਣਾਏ ਜਾਂਦੇ। ਪਾਥੀਆਂ ਗਹੀਰੇ ਆਦਿ ਵਾਲਾ ਭਾਗ ਆਮ ਤੌਰ ਤੇ ਬਾਲਣ ਰੂੜੀ ਦੇ ਪੱਖੋਂ ਬੜਾ ਰਸਮੀ ਹਿੱਸਾ ਹੁੰਦਾ, ਪਰ ਘਰ ਵਿਚ ਦੁਖ ਸੁਖ ਹੋਣ ਉੱਤੇ, ਕੋਈ ਸਮਾਗਮ ਹੋਣ ਦੀ ਸੂਰਤ ਵਿਚ ਸਭ ਤੋਂ ਪਹਿਲਾਂ ਇਸੇ ਹਿੱਸੇ ਦੀ ਸਫ਼ਾਈ ਕੀਤੀ ਜਾਂਦੀ, ਕੁਝ ਦਿਨਾਂ ਲਈ ਗਹੀਰਾ ਢਾਹ ਕੇ ਪਾਥੀਆਂ ਅੰਦਰ ਕਿਸੇ ਕਮਰੇ ਜਾਂ ਕੋਠੇ, ਢਾਰੇ ਦੀ ਛੱਤ ਉੱਤੇ ਰਖ ਲਈਆਂ ਜਾਂਦੀਆਂ, ਰੂੜੀ ਖੇਤਾਂ ਵਿਚ ਜੇ ਖਿਲਾਰਣ ਦਾ ਮੌਕਾ ਨਾ ਵੀ ਹੁੰਦਾ ਤਾਂ ਖੇਤਾਂ ਵਿਚ ਇਕ ਪਾਸੇ ਢੇਰ ਕਰਨ ਲਈ ਬਾਹਰ ਢੋਅ ਲਈ ਜਾਂਦੀ। ਇਸੇ ਹਿੱਸੇ ਦੇ ਨੇੜੇ ਤੇੜੇ ਕੁੱਕੜਾਂ ਦਾ ਖੁੱਡਾ ਹੁੰਦਾ ਅਤੇ ਘਰ ਦੀ ਰਾਖੀ ਲਈ ਰੱਖੇ ਕੁੱਤੇ ਦੀ ਸੰਗਲੀ ਕਿਸੇ ਕਿਲੇ ਜਾਂ ਕੁੰਡੇ ਨਾਲ ਅੜੀ ਹੁੰਦੀ, ਕੋਲ ਕੁੱਤੇ ਲਈ ਕੋਈ ਪੁਰਾਣੀ ਬਾਟੀ, ਛੰਨਾ ਜਾਂ ਕੁੱਜੇ ਨੁਮਾ ਭਾਂਡਾ ਹੁੰਦਾ, ਜਿਸ ਵਿਚ ਉਹਨੂੰ ਲੱਸੀ ਪਾਈ ਜਾਂਦੀ।

ਇਸ ਉਪਭਾਗ ਅਤੇ ਚੁੱਲ੍ਹੇ ਚੌਂਕੇ ਦੇ ਵਿਚਕਾਰ ਦੋ ਉਪਭਾਗ ਹੁੰਦੇ। ਇਕ ਪਾਸੇ ਨਲਕਾ, ਖੂਹੀ, ਨਹਾਉਣ ਧੋਣ ਲਈ ਥਾਂ ਨੀਅਤ ਹੁੰਦੀ, ਕਈ ਘਰਾਂ ਵਿਚ ਗੁਸਲਖਾਨੇ ਦੀ ਅਣਹੋਂਦ ਕਾਰਣ, ਕਿਸੇ ਨੁੱਕਰ ਵਿਚ ਜਿਥੇ ਦੋ ਕੰਧਾਂ ਇਕ ਦੂਜੇ ਨੂੰ ਸਮਕੋਣ ਉੱਤੇ ਮਿਲਦੀਆਂ ਵੱਖੀ ਪਰਨੇ ਮੰਜੀ ਕਰਕੇ ਉੱਤੇ ਚਾਦਰ ਪਾ ਕੇ ਔਰਤਾਂ ਨਹਾ ਧੋ ਲੈਂਦੀਆਂ, ਜਦ ਕਿ ਦੂਸਰੇ ਹਿੱਸੇ ਵਿਚ ਜੋ ਵਿਹੜੇ ਦਾ ਮਰਕਜ਼ ਹੁੰਦਾ, ਆਮ ਘਰਾਂ ਵਿਚ ਕਿਸੇ ਰੁੱਖ ਥੱਲੇ ਜ਼ਿੰਦਗੀ ਮਚਲਦੀ।

ਲੋੜਾਂ, ਵਰਤੋਂ ਅਤੇ ਸਭਿਆਚਾਰਕ ਪ੍ਰਾਪਤੀਆਂ ਅਤੇ ਪ੍ਰਗਟਾ ਪੱਖੋਂ ਇਹ ਹਿੱਸਾ ਹਰ ਵੇਲੇ ਗਤੀਸ਼ੀਲ ਰਹਿੰਦਾ। ਇਸ ਹਿੱਸੇ ਵਿਚ ਜਿਵੇਂ ਜਿਵੇਂ ਦਿਨ ਚੜ੍ਹਦਾ ਭੋਂ ਵਰਤੋਂ ਬਦਲਦੀ ਜਾਂਦੀ, ਸਵੇਰੇ ਇਥੇ ਬਹਿ ਕੇ ਸੀਰੀ ਰੋਟੀ ਖਾਂਦਾ, ਫਿਰ ਨਿੱਕੇ ਜਾਨਵਰਾਂ ਨੂੰ ਲੱਸੀ ਲੂਣ ਤੇਲ ਪਾ ਕੇ ਦਿੱਤੀ ਜਾਂਦੀ, ਕੁੱਕੜਾਂ, ਬੱਤਖਾਂ ਆਦਿ ਨੂੰ ਦਾਣੇ ਪਾਏ ਜਾਂਦੇ, ਕੁੱਤੇ ਨੂੰ ਦੁੱਧ, ਲੱਸੀ, ਰੋਟੀ ਪਾਈ ਜਾਂਦੀ। ਫਿਰ ਜਿਵੇਂ ਜਿਵੇਂ ਧੁੱਪ ਜਾਂ ਛਾਂ ਵਧਦੀ ਘਟਦੀ ਇਸ ਹਿੱਸੇ ਵਿਚੋਂ ਮੰਜੀਆਂ ਪੀੜੀਆਂ ਪਲੰਘੀਰੀਆਂ ਇਕ ਪਾਸੇ ਤੋਂ ਦੂਸਰੇ ਨੂੰ ਖਿਸਕਾ ਖਿਸਕਾ ਕੇ ਔਰਤਾਂ ਆਪਣੇ ਦਿਨ ਪ੍ਰਤਿ ਦਿਨ ਦੇ ਕਾਰ ਵਿਹਾਰ ਕਰਦੀਆਂ।

ਇਸ ਹਿੱਸੇ ਵਿਚ ਰੁੱਤਾਂ ਦੀ ਬਦਲੀ ਨਾਲ ਕਦੀ ਛੱਲੀਆਂ ਸੁੱਕਣੇ ਪਈਆਂ ਹੁੰਦੀਆਂ, ਕਦੀ ਤੋਰੀਆ, ਕਦੀ ਹੋਲਾਂ ਭੁੰਨੀਆਂ ਜਾਂਦੀਆਂ, ਕਦੀ ਸਰ੍ਹੋਂ ਸਾਗ ਲਈ ਕੁਤਰੀ ਜਾਂਦੀ, ਕਦੀ ਖੇਤੋਂ ਗੰਨੇ ਆਏ ਚੂਪੇ ਜਾਂਦੇ, ਕਦੀ ਕਪਾਹ ਦੀਆਂ ਚੋਣੀਆਂ ਨੂੰ ਢੇਰੀਆਂ ਪਾ ਕੇ ਕਪਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤੀ ਜਾਂਦੀ, ਨਰਮਾਂ ਵੰਡਿਆ ਜਾਂਦਾ । ਕਦੀ ਵੇਲਣਾ ਰੱਖ ਕੇ ਕਪਾਹ ਵੇਲੀ ਜਾਂਦੀ, ਕਦੀ ਰੁੱਖ ਨਾਲ ਮੰਜੀ ਲਾ ਕੇ ਨਾਲੇ ਬੁਣੇ ਜਾਂਦੇ, ਕਦੀ ਚਰਖੀ ਦੀ ਘੂਕਰ ਘੂਕਦੀ, ਕਦੀ ਪੀਹਣ ਲਈ ਕਣਕ ਛੱਟੀ ਜਾਂਦੀ, ਸੂਤ ਰੰਗਣ ਲਈ ਰੰਗ ਕਾਹੜੇ ਜਾਂਦੇ, ਦਸੂਤੀ ਦੇ ਕਪੜੇ ਉਤੇ ਪਲੰਘ ਪੋਸਾਂ, ਸਿਰਹਾਣਿਆਂ, ਮੇਜ਼ ਪੋਸਾਂ, ਪੜਛੱਤੀਆਂ ਆਦਿ ਉਤੇ ਵਿਛਾਉਣ ਲਈ ਸਿਲਾਈ, ਕਢਾਈ, ਕਰੋਸ਼ੀਏ ਦੇ ਨਮੂਨੇ ਕੱਢੇ ਜਾਂਦੇ, ਨਾਲ ਦੇ ਘਰੋਂ ਲਿਆ ਕੇ ਨਵੇਂ ਫੁੱਲ, ਪੱਤੀਆਂ, ਬੂਟੇ ਪਾਏ ਜਾਂਦੇ, ਦਸੂਤੀ ਕਪੜੇ ਉਤੇ ਹਰਿਮੰਦਰ ਸਾਹਿਬ ਜਾਂ ਦਰਸ਼ਨੀ ਡਿਉਢੀ ਕੱਢੀ ਜਾਂਦੀ ।[12]

ਓਪਰੀ ਨਜ਼ਰੇ ਵੇਖਣ ਉਤੇ ਇੰਜ ਲਗਦਾ ਜਿਵੇਂ ਕੋਈ ਵੀ ਕਿਰਿਆ ਵਿਸ਼ੇਸ਼, ਕਿਸੇ ਵਿਸ਼ੇਸ਼ ਭੋਂ ਟੁਕੜੇ ਨਾਲ ਬੱਝੀ ਹੋਈ ਨਹੀਂ । ਪਰ ਅਸਲ ਵਿਚ ਇੰਜ ਨਾ ਹੁੰਦਾ, ਹਰ ਕਿਰਿਆ ਨੂੰ ਪੂਰਾ ਕਰਨ ਲਈ ਇਹ ਖ਼ਿਆਲ, ਸੋਚ, ਇਹ ਵਿਉਂਤਬੰਦੀ ਜ਼ਰੂਰ ਹੁੰਦੀ ਕਿ ਕੰਮ ਨੂੰ ਕਿਥੇ, ਕਿੰਨੇ ਕੁ ਥਾਂ ਵਿਚ ਨਿਰਵਿਘਨ ਪੂਰਾ ਕੀਤਾ ਜਾ ਸਕੇਗਾ । ਭਾਵ ਲੋਕਯਾਨ ਵਿਉਂਤਬੰਦੀ ਵਿਹੜੇ ਦੀ ਹਰ ਪਲ ਛਾਂ/ਧੁੱਪ ਨਾਲ ਬਦਲ ਰਹੀ ਭੌਂ ਵਰਤੋਂ ਨੂੰ ਵਿਉਂਤਣ ਵਿਚ ਵੇਖਣ ਨੂੰ ਅਚੇਤ, ਪਰ ਅਸਲ ਵਿਚ ਬੜੇ ਸੁਚੇਤ ਤੌਰ ਤੇ ਕੰਮ ਕਰ ਰਹੀ ਹੁੰਦੀ । **ਆਮ ਹੀ ਵੇਖਣ ਵਿਚ ਆਉਂਦਾ ਕਿ ਜਿਥੇ ਧੀ ਦੇ ਵਿਆਹ ਵੇਲੇ ਵਿਹੜੇ ਵਿਚ ਟੋਇਆ ਪੁੱਟ ਕੇ ਲੋਹ ਜਾਂ ਦੇਗ ਬਣਾਈ ਜਾਂਦੀ ਲਗਭਗ ਉਥੇ ਹੀ ਬਜ਼ੁਰਗ ਦਾਦੇ ਦੇ ਇਕੱਠ ਉੱਤੇ ਲੋਹ ਜਾਂ ਦੇਗ ਲਈ ਟੋਇਆ ਪੁੱਟਿਆ ਜਾਂਦਾ । ਜਿਥੇ ਪਿਛਲੇ ਵਰ੍ਹੇ ਛੱਲੀਆਂ ਕੁੱਟੀਆਂ ਜਾਂਦੀਆਂ ਉਸੇ ਥਾਂ ਦੇ ਕੋਲ ਐਤਕੀਂ ਸੁੱਕਣ ਤੋਂ ਬਾਅਦ ਛੱਲੀਆਂ ਨੂੰ ਕੁਟਾਪਾ ਚਾੜ੍ਹ ਕੇ ਦਾਣੇ ਤੁਕਿਆਂ ਤੋਂ ਅੱਡ ਕੀਤੇ ਜਾਂਦੇ । ਜਿਥੇ ਕਪਾਹ ਦੀਆਂ ਢੇਰੀਆਂ ਪਾ ਕੇ ਚੋਣੀਆਂ ਨੂੰ ਕਪਾਹ ਦਿੱਤੀ ਜਾਂਦੀ ਲਗਭਗ ਉਸੇ ਥਾਂ ਉੱਤੇ ਮੂੰਗੀ, ਮਾਂਹ ਦੀਆਂ ਫ਼ਲੀਆਂ ਤੋੜ ਕੇ ਲਿਆਈਆਂ ਔਰਤਾਂ ਨੂੰ ਮੂੰਗੀ ਜਾਂ ਮਾਂਹ ਦੀ ਦਾਲ ਉਹਨਾਂ ਦੀ ਉਜਰਤ ਵਜੋਂ ਦਿੱਤੀ ਜਾਂਦੀ ।**

ਇਸ ਦਾ ਮਤਲਬ ਇਹ ਵੀ ਨਹੀਂ ਕਿ ਵਿਹੜਾ ਇਕੋ ਜਿਹੀ ਵਿਉਂਤਬੰਦੀ, ਰੂਪ-ਸ਼ਿੰਗਾਰ ਨਾਲ ਨੀਰਸਤਾ ਦੀ ਹੱਦ ਤਕ ਉਵੇਂ ਦਾ ਉਵੇਂ ਰਹਿੰਦਾ । ਜਿਥੇ ਜਦੋਂ ਜਿੰਨੀ ਵੀ ਲੋੜ ਹੁੰਦੀ ਤਬਦੀਲੀ ਕਰ ਲਈ ਜਾਂਦੀ । ਨਵਾਂ ਪਣ ਵਿਹੜੇ ਵਿਚ ਸਮੋ ਲਿਆ ਜਾਂਦਾ । ਸਿਆਲ ਵਿਚ ਇਕੋ ਨੁੱਕਰ 'ਚ ਜੇ ਔਰਤਾਂ ਦੇ ਵੱਖੀ ਪਰਨੇ ਕੀਤੀ ਮੰਜੀ ਓਹਲੇ ਨਹਾਉਣ ਨਾਲ ਜੇ ਚਿੱਕੜ ਹੋਣ ਲਗਦਾ ਤਾਂ ਨੁੱਕਰ ਬਦਲ ਲਈ ਜਾਂਦੀ । ਜੇ ਇੰਜ ਲਗਦਾ ਕਿ ਬਹਿਣ ਖਲੋਣ ਵਾਲੇ ਵਿਹੜੇ ਦੇ ਉਪਭਾਗ ਅਤੇ ਡੰਗਰਾਂ ਵਾਲੇ ਉਪਭਾਗ ਵਿਚਕਾਰ ਪੂਰਾ ਓਹਲਾ ਨਹੀਂ ਤਾਂ ਨੂੰਹ, ਧੀ, ਭੈਣ, ਭੂਆ, ਮਾਸੀ, ਢਾਬ ਤੋਂ ਮਿੱਟੀ ਲਿਆ, ਇੱਟਾਂ ਰੋੜੇ ਜੋੜ ਕੇ ਪਹਿਲਾਂ ਢਾਈ ਤਿੰਨ ਫੁੱਟ ਉਚੀ ਕੰਧ ਬਣਾਉਂਦੀ, "ਵਿਚ ਵਿਚ ਰਖਦੀ ਮੋਰੀਆਂ" ਫਿਰ ਉਹ ਕੰਧ ਨੂੰ ਸ਼ਿੰਗਾਰਨ ਲਈ ਉਹਦੇ ਉਤੇ ਬਿਲੇ, ਕਬੂਤਰ, ਘੁੱਗੀਆਂ, ਮੋਰ, ਸ਼ੇਰ, ਫੁੱਲ, ਪੱਤੀਆਂ, ਵੇਲਾਂ ਨੂੰ ਗਾਰੇ ਨਾਲ ਸਿਰਜਦੀ । ਵਿਹੜੇ ਦੀ ਨੁਹਾਰ ਵੀ ਬਦਲ ਜਾਂਦੀ, ਸ਼ਿੰਗਾਰ ਵੀ ਹੋ ਜਾਂਦਾ ਅਤੇ ਡੰਗਰਾਂ ਦੇ ਹਿੱਸੇ ਨਾਲੋਂ ਔਰਤਾਂ ਦੇ ਬਹਿਣ ਖਲੋਣ ਦਾ ਹਿੱਸਾ ਵੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਹੋ ਜਾਂਦਾ ।

ਡਿਉਢੀ ਤੋਂ ਲੈ ਕੇ ਚੁੱਲ੍ਹੇ ਚੌਂਕੇ ਦੀ ਬੰਨੀ ਤਕ ਦਾ ਫ਼ਾਸਲਾ ਪੰਜਾਬੀ ਸਭਿਆਚਾਰ ਵਿਚ ਇਕ ਮਾਪ ਸੀ। ਜਿੰਨਾ ਵੀ ਕਿਸੇ ਵਿਅਕਤੀ ਦਾ ਘਰ ਦੇ ਜੀਆਂ ਨਾਲ ਸੰਬੰਧ ਹੁੰਦਾ, ਜਿੰਨਾ ਉੱਚਾ ਉਹਦਾ ਸਮਾਜਿਕ ਰੁੱਤਬਾ ਹੁੰਦਾ ਉੱਨਾ ਹੀ ਕੋਈ ਵਿਅਕਤੀ ਚੁੱਲ੍ਹੇ ਦੀ ਬੰਨੀ ਤਕ ਜਾਂ ਘਰ ਦੇ ਅੰਦਰ ਜਾ ਸਕਦਾ, ਜਿੰਨਾ ਇਹ ਸੰਬੰਧ ਵਿਹਾਰਕ ਅਤੇ ਰਸਮੀ ਹੁੰਦਾ ਉੱਨੀ ਦੂਰ ਹੀ ਕੋਈ ਡਿਉਢੀ ਤੋਂ ਚੁੱਲ੍ਹੇ ਤੱਕ ਜਾ ਸਕਦਾ। ਮਿਸਾਲ ਵਜੋਂ ਜਦੋਂ ਚੌਂਕੀਦਾਰ ਪਿੰਡ ਵਿਚ ਕਿਸੇ ਘਰੋਂ ਸੱਦੇ ਲਈ ਆਉਂਦਾ ਤਾਂ ਉਹ ਡਿਉਢੀ ਕੋਲੋਂ ਹੀ ਸੱਦੇ ਦਾ ਸੁਨੇਹਾ ਦੇ ਜਾਂਦਾ। ਜਦ ਕਿ ਪੈਂਚ (ਪਾਣੀ ਭਰਨ ਵਾਲੇ) ਇਕ ਖ਼ਾਸ ਮਿਥੀ ਥਾਂ ਤੱਕ ਜੁੱਤੀ ਸਮੇਤ ਅਤੇ ਉਸ ਤੋਂ ਅੱਗੇ ਨੰਗੇ ਪੈਰੀਂ ਘੜੇ ਰੱਖਦੇ। ਇਸੇ ਤਰ੍ਹਾਂ ਇਸ ਵਿਹੜੇ ਦੇ ਮਾਪ ਵਿਚ ਖੇਤਾਂ ਵਿਚ ਕੰਮ ਕਰ ਰਹੇ ਕਾਮੇ/ਸੀਰੀ ਦੀ ਹੱਦ ਨੀਅਤ ਹੁੰਦੀ ਕਿ ਕਿਥੋਂ ਕੁ ਤਕ ਅੱਗੇ ਆ ਕੇ ਉਸ ਡੰਗਰਾਂ ਲਈ ਦਲਿਆ ਦਾਣਾ, ਗੁੜ ਲੈਣਾ ਹੈ, ਕਿਥੇ ਬੈਠ ਕੇ ਰੋਟੀ ਖਾਣੀ ਹੈ। ਹੋਰ ਤੇ ਹੋਰ ਇਸ ਵਿਹੜੇ ਦੀਆਂ ਮਾਪ ਦੂਰੀਆਂ ਵਿਚ ਘਰ ਦੇ ਵੱਡੇ ਬਜ਼ੁਰਗਾਂ ਅਤੇ ਨੇੜੇ ਦੇ ਰਿਸ਼ਤੇਦਾਰਾਂ ਦੇ ਵੀ ਡਿਉਢੀ ਤੋਂ ਅੱਗੇ ਆਉਣ ਦੀ ਸੀਮਾ-ਰੇਖਾ ਨਿਸਚਿਤ ਹੁੰਦੀ। ਵੱਡੇ ਬਾਬਾ ਜੀ ਬਾਹਰੀ ਸਰਦਲ ਕੋਲ ਆ ਕੇ ਖੰਘੂਰਾ ਮਾਰਦੇ, ਵੱਡਾ ਫੁੱਫੜ ਨਿੰਮ, ਟਾਹਲੀ ਜਾਂ ਕਿਸੇ ਹੋਰ ਰੁੱਖ ਕੋਲੋਂ ਹੀ ਕਪੜੇ ਸਾਫਾ ਲੈ ਕੇ ਪਿਛਾਂਹ ਹੋ ਜਾਂਦਾ, ਜੇਠ ਦੁੱਧ ਚੋਅ ਕੇ ਲਿਆਂਦੀ ਬਾਲਟੀ, ਦੋਹਣੀ ਇਕ ਖਾਸ ਟਿਕਾਣੇ ਤੇ ਰੱਖ ਕੇ ਪਿਛਾਂਹ ਪਰਤ ਜਾਂਦਾ। ਮਾਈਏ ਪਣੀ ਧੀ ਮਾਮੇ ਨੂੰ ਵੇਖਕੇ ਬਾਹਰ ਨੂੰ ਕਾਹਲੀ ਨਾਲ ਪੈਰ ਪੁੱਟਦੀ ਪਰ ਉਸ ਨੁੱਕਰ ਜਿਥੋਂ ਅੱਗੇ ਜਾਣ ਲਈ ਬਜ਼ੁਰਗ ਔਰਤਾਂ ਨੇ ਰੋਕਿਆ ਹੁੰਦਾ, ਉਥੋਂ ਤੱਕ ਪੁੱਜ ਕੇ ਅੱਗੇ ਕਦਮ ਨਾ ਪੁੱਟਦੀ।

ਜੇ ਡਿਉਢੀ ਵਿਚੋਂ ਉੱਪਰ ਜਾਣ ਲਈ ਪੌੜੀ ਨਾ ਚੜ੍ਹਾਈ ਹੁੰਦੀ ਤਾਂ ਇਸੇ ਵਿਹੜੇ ਦੇ ਕਿਸੇ ਹਿੱਸੇ ਵਿਚੋਂ ਉਤੇ ਕੋਠੇ, ਚੁਬਾਰੇ ਉਤੇ ਜਾਣ ਲਈ ਪੌੜੀ ਚੜ੍ਹਾਈ ਜਾਂਦੀ, ਜਿਥੇ ਵਸੀਲੇ ਨਾ ਹੁੰਦੇ, ਉਥੇ ਲੱਕੜ ਦੀ ਪੌੜੀ ਨਾਲ ਕੰਮ ਸਾਰ ਲਿਆ ਜਾਂਦਾ। ਇਸ ਵਿਹੜੇ ਵਿਚ :

ਕਿਤੇ ਤਾਂ ਲਾਉਣੀ ਆਂ ਟਾਹਲੀਆਂ, ਪੱਤਾਂ ਵਾਲੀਆਂ
ਨੀ ਮੇਰਾ ਪਤਲਾ ਮਾਹੀ ।
ਕਿਤੇ ਤਾਂ ਲਾਉਣੀ ਆਂ ਸ਼ਹਿਤੂਤ
ਬੇ ਸਮਝੇ ਨੂੰ ਸਮਝ ਨਾ ਆਈ ।

ਭਾਵ ਗੂੜੀ ਛਾਂ, ਨਵੀਂ ਜ਼ਿੰਦਗੀ, ਨਵੇਂ ਬਾਲ ਲਈ ਤਰਸਦੀ ਔਰਤ ਦੇ ਪ੍ਰਤੀਕ ਵਜੋਂ ਮਾਵਾਂ ਠੰਡੀਆਂ ਛਾਵਾਂ ਦੀ ਛਾਂ ਮਈ ਮਮਤਾ ਵਜੋਂ, ਛਾਂ ਦਾਰ ਰੁੱਖ ਲਾਏ ਜਾਂਦੇ। ਇਹ ਸੰਘਣੀ ਠੰਢੀ ਛਾਂ ਵਾਲੇ ਰੁੱਖ, ਅੰਬ, ਟਾਹਲੀ, ਨਿੰਮ, ਤੂਤ, ਧਰੇਕ ਆਦਿ ਹੁੰਦੇ। ਇਹੋ ਜਿਹੇ ਅੰਬੀ ਦੇ ਬੂਟੇ ਥੱਲੇ ਬੈਠ 'ਜੇ ਯਾਦਾਂ ਵਿਚ ਡੁੱਬੀ ਦਾ ਦਿਲ ਕਿਧਰੇ ਰੁੜ੍ਹ ਜਾਏ ਤੇ ਸੂਈ ਕਸੀਦੇ ਦੀ ਪੋਟੇ ਵਿਚ ਪੁੜ ਜਾਏ" ਤਾਂ ਕੋਈ ਹੈਰਾਨਗੀ ਤਾਂ ਨਹੀਂ ਹੋਣੀ ਚਾਹੀਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਦੀ ਸਭਿਆਚਾਰਕ ਜ਼ਿੰਦਗੀ ਵਿਚ ਹਰ ਘਰ ਦਾ ਵਿਹੜਾ ਇਕ ਇਕਾਈ ਹੁੰਦਾ। ਇਥੇ ਹੀ ਘਰ ਦੇ ਜੀਆਂ ਨੂੰ ਖ਼ਬਰ ਮਿਲਦੀ ਕਿ ਹੌਲਦਾਰਾਂ/ਲੰਬੜਾਂ/ਜੈਲਦਾਰਾਂ ਘਰ ਪੋਤਰਾ/ਪੁੱਤਰ ਹੋਇਆ ਹੈ। ਫ਼ਲਾਣੀ ਨੂੰਹ ਅੱਜ ਪੇਕਿਓਂ ਆਈ ਹੈ, ਉਹ ਦੀ ਭਾਜੀ ਵੰਡੀ ਜਾਂਦੀ, ਚਾਚੀ ਚੀਮੀ ਘਰ ਦੋਹਤਰਾ ਹੋਇਆ, ਬੇਬੇ ਬਾਜੀ ਦੇ ਪੋਤਰੇ ਨੂੰ ਅੱਜ ਕੋਈ ਵੇਖਣ ਆਇਆ ਸੀ, ਨੱਥੂ ਭਾਈ ਦੀ ਨੂੰਹ ਹੱਸਣ ਲੱਗੀ ਅੱਗਾ ਪਿੱਛਾ ਨਹੀਂ ਵੇਖਦੀ, ਮੰਗਲੀ ਦੀ ਮੱਝ ਮਰ ਗਈ। ਇਸੇ ਵਿਹੜੇ ਵਿਚ ਤ੍ਰਿੰਞਣ ਲਈ ਚਰਖੇ ਜੁੜਦੇ, "ਨੱਚੂਗੀ ਸਾਰੀ ਰਾਤ, ਧਰਤੀ ਨੂੰ ਕਲੀ ਕਰਾਦੇ" ਦਾ ਵਾਅਦਾ ਹੁੰਦਾ, "ਭਰਿਆ ਨੀ ਵਿਹੜਾ ਸ਼ਗਨਾ ਨਾਲ" ਗਾਇਆ ਜਾਂਦਾ। ਗਾਈਆਂ ਜਾਂਦੀਆਂ ਘੋੜੀਆਂ ਦਾ ਚੁਲਬੁਲਾਪਨ, ਸੁਹਾਗਾਂ ਦੀ ਅਸੀਸ ਅਤੇ ਉਮਰਾਂ ਲੰਮੀ ਉਦਾਸੀ। ਗਿੱਧੇ ਦੀ ਧਮਾਚੜ, ਸੋਗ ਪੈਣ ਉਤੇ ਵੈਣ, ਪੁੱਤ ਦੇ ਵਿਆਹ ਕੇ ਆਉਣ ਉੱਤੇ ਡਿਉਢੀ ਦੀ ਸਰਦਲ ਉਤੇ ਤੇਲ ਚੋਣਾ, ਸਿਰ ਤੋਂ ਪਾਣੀ ਵਾਰ ਕੇ ਪੀਣਾ, ਪਰ ਇਸ ਵਿਹੜੇ ਵਿਚ ਸ਼ਗਨਾਂ ਵਾਲੀ ਚੁੰਨੀ ਸਾਂਭਦੀ ਮਾਂ ਦਾਜ ਦਿੱਤ ਨਾਲ ਭਰੇ ਵਿਹੜੇ ਵਿਚ ਚਾਈਂ ਚਾਈਂ ਫਿਰਦੀ। ਕਿਤੇ ਇਸ ਵਿਹੜੇ ਵਿਚ ਨਵੀਂ ਆਈ ਵਹੁਟੀ ਦੀ ਝਾਂਜਰ ਛਣਕਦੀ, ਕਿਤੇ ਇਸ ਵਿਹੜੇ ਵਿਚ ਨਵੀਂ ਪੰਜ ਕਲਿਆਣੀ ਖਰੀਦੀ ਮੱਝ ਦੇ ਗਲ ਦੀ ਟੱਲੀ। ਥੋੜੇ ਸ਼ਬਦਾਂ ਵਿਚ ਵਿਹੜਾ ਲੋਕ ਗੀਤਾਂ, ਲੋਕ ਕਲਾ, ਲੋਕ ਧੁਨਾ, ਲੋਕਯਾਨ ਵਿਉਂਤਬੰਦੀ ਦਾ ਮਚਲਦਾ ਰੂਪ ਹੁੰਦਾ, ਵਿਹੜੇ ਵਿਚ ਨਵ ਸਿਰਜਣਾ ਵੀ ਹੁੰਦੀ, ਪੀੜ੍ਹੀ ਦਰ ਪੀੜ੍ਹੀ ਸੁਣੇ ਗੀਤ, ਫ਼ਸਲਾਂ ਦੀ ਮਹਿਕ ਵੀ ਅਤੇ ਜ਼ਾਤ ਬਿਰਾਦਰੀ ਦੀ ਖੁਸ਼ੀ ਅਤੇ ਨਿਰਾਜ਼ਗੀ ਵੀ।

ਘਰ ਦੇ ਵਿਹੜੇ ਦੇ ਜਿੰਨੇ ਵੀ ਉਪਭਾਗ ਹੋਣ ਉਹ ਲੋੜ ਪੈਣ ਉਤੇ ਥੋੜ੍ਹੀ ਜਿਹੀ ਤਬਦੀਲੀ ਨਾਲ ਇਕ ਵੱਡੇ ਅਹਾਤੇ ਵਿਚ ਤਬਦੀਲ ਕਰ ਲਏ ਜਾਂਦੇ। ਵਿਹੜੇ ਦੀ ਵਿਉਂਤ ਇਕ ਫੁੱਲੇ ਹੋਏ ਭਕਾਨੇ ਵਾਂਗ ਹੁੰਦੀ। ਭਕਾਨਾ ਜਿਸ ਨੂੰ ਜਿਥੋਂ ਜੀਅ ਕਰੇ ਨੱਪ ਕੇ ਕਿਸੇ ਹੋਰ ਸਿਰੇ ਉਤੇ ਫ਼ੈਲਾਅ ਲਉ। ਵਿਹੜੇ ਦਾ ਹਰ ਉਪਭਾਗ ਜਾਂ ਹਿੱਸਾ ਆਮ ਹਾਲਤਾਂ ਵਿਚ ਤਾਂ ਨਿਸਚਿਤ ਹੁੰਦਾ ਪਰ ਦੁਖ ਸੁਖ ਵੇਲੇ ਨਿਗੂਣੀ ਜਿਹੀ ਤਬਦੀਲੀ ਨਾਲ ਕਿਸੇ ਵੀ ਉਪਭਾਗ ਨੂੰ ਦੂਜੇ ਵਿਚ ਇਕਮਿਕ ਕੀਤਾ ਜਾ ਸਕਦਾ।[13] ਮਿਸਾਲ ਵਜੋਂ ਜੇ ਵਿਆਹ ਲਈ ਤੰਬੂ ਲਾਉਣੇ ਹਨ ਤਾਂ ਡੰਗਰਾਂ ਦੀ ਖੁਰਲੀ ਨੂੰ ਪਿਛਾਂ ਕਰ ਦਿੱਤਾ ਜਾਂਦਾ, ਕਿੱਲੇ ਪੁੱਟ ਦਿੱਤੇ ਜਾਂਦੇ, ਗਹੀਰੇ ਢਾਅ ਕੇ ਗੋਹੇ ਅੱਗੇ ਪਿੱਛੇ ਕਰ ਲਏ ਜਾਂਦੇ, ਗੱਡਾ ਕੁਝ ਦਿਨ ਗਲੀ ਵਿਚ ਜਾਂ ਕਿਤੇ ਹੋਰ ਖਲ੍ਹਾਰਣ ਦਾ ਪ੍ਰਬੰਧ ਕਰ ਲਿਆ ਜਾਂਦਾ, ਲੋੜ ਪੈਣ ਉੱਤੇ ਡੰਗਰ ਵੀ ਕਿਸੇ ਹੋਰ ਦੇ ਘਰ ਜਾਂ ਹਵੇਲੀ ਵਿਚ ਬੰਨ੍ਹ ਲਏ ਜਾਂਦੇ। ਭਾਵ ਵਿਹੜੇ ਦੀਆਂ ਸਭ ਵੰਡਾਂ ਬੜੀਆਂ ਸਥਾਈ ਹੋਣ ਤੇ ਵੀ ਲਚਕਦਾਰ ਹੁੰਦੀਆਂ ਅਤੇ ਬਦਲਦੀਆਂ ਲੋੜਾਂ ਮੁਤਾਬਿਕ ਵਿਹੜਾ ਆਪਣਾ ਰੂਪ, ਆਕਾਰ ਵੰਡਾਂ ਨੂੰ ਢਾਲ ਲੈਂਦਾ।

ਇਹ ਨਹੀਂ ਕਿ ਹਰ ਵੇਲੇ ਵਿਹੜੇ ਵਿਚ ਸੰਗੀਤ, ਕਲਾ ਅਤੇ ਸਿਰਜਣਾ ਹੀ ਹੁੰਦੀ, ਵਿਹੜਾ ਚੁਲ੍ਹੇ ਚੌਂਕੇ ਦੇ ਧੂੰਏਂ ਨਾਲ, ਡੰਗਰਾਂ ਦੇ ਪੇਸ਼ਾਬ, ਗੋਹੇ ਦੀ ਮੁਸ਼ਕ ਨਾਲ, ਰੂੜੀ ਫੋਲ੍ਹਦੀਆਂ ਕੁੱਕੜੀਆਂ ਨਾਲ, ਘਰ ਦੇ ਗੰਦੇ ਪਾਣੀ ਦੇ ਨਿਕਾਸ ਵਾਲੀ ਨਾਲੀ ਦੇ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਹਾ ਕੂੜਾ ਡਿੱਗ ਕੇ ਅਟਕਣ ਕਰਕੇ ਨਾਲੀ ਦੇ ਉਛਲ ਕੇ ਵਿਹੜੇ ਵਿਚ ਫੈਲੇ ਪਾਣੀ ਨਾਲ, ਇਸ ਗੰਦੇ ਪਾਣੀ ਉੱਤੇ ਉਡਦੇ ਮੱਛਰ ਮੱਖੀਆਂ ਨਾਲ ਵੀ ਭਰਿਆ ਰਹਿੰਦਾ। ਬਾਲਣ ਗੋਹੇ ਕੂੜੇ ਵਿਚ ਸੁੰਡੀਆਂ, ਠੂੰਹੇਂ, ਸੱਪ ਵੀ ਹੁੰਦੇ, ਕਦੀ ਕੋਈ ਮੱਝ ਸੱਪ ਲੜਿਆਂ ਤੜਪ ਕੇ ਮਰਦੀ, ਕਦੀ ਗੋਹੇ ਪਾਥੀਆਂ ਗਹੀਰੇ 'ਚੋਂ ਜੋੜਦੀ ਕੱਢਦੀ ਸੁਆਣੀ ਨੂੰ ਠੂੰਹਾਂ ਡੰਗ ਮਾਰ ਜਾਂਦਾ। ਸੁੰਡੀਆਂ ਲੜੀਆਂ ਨੂੰ ਕੁੱਕੜ ਖਾ ਜਾਂਦੇ, ਟਿੱਡੀਆਂ ਨੂੰ ਕੀੜੀਆਂ ਘਸੀਟ ਤੁਰਦੀਆਂ, ਚੂਹੇ ਖਾਣ ਲਈ ਸੱਪ ਫਿਰਦੇ, ਬਿੱਲੀਆਂ ਫਿਰਦੀਆਂ, ਸੱਪਾਂ ਲਈ ਨਿਉਲੇ, ਵਿਹੜੇ ਅਤੇ ਘਰ ਦੀਆਂ ਨੁੱਕਰਾਂ ਵਿਚ ਹਰ ਚੀਜ਼ ਦੂਸਰੀ ਨੂੰ ਖਾਣ ਲਈ ਝਟਪਦੀ। ਇਹ ਸਭ ਕੁਝ ਹੁੰਦੇ ਹੋਏ ਵੀ ਵਿਹੜੇ ਦੀ ਜ਼ਿੰਦਗੀ ਸਹਿਜ ਸੁਭਾ ਚਲਦੀ ਰਹਿੰਦੀ। ਪਰ ਜਦੋਂ ਕਦੀ ਘਰਾਂ ਦੀ ਵੰਡ ਵੰਡਾਈ ਦੀ ਗੱਲ ਹੁੰਦੀ, ਵਿਹੜਾ ਵੰਡਿਆ ਜਾਂਦਾ, ਪਹਿਲਾਂ ਇਹ ਵੰਡ ਸੋਚਾਂ ਵਿਚ ਆਉਂਦੀ, ਫਿਰ ਇਕ ਹੱਦ ਨਿਸਚਿਤ ਹੁੰਦੀ, ਫਿਰ ਹੱਦ ਉੱਤੇ ਛਾਪੇ, ਪਰਾਲੀ, ਬਾਲਣ ਆਦਿ ਰੱਖੇ ਜਾਣ ਲੱਗ ਪੈਂਦੇ, ਫਿਰ ਇਹ ਵੰਡ ਡੰਗਰਾਂ ਮਾਲ ਅਸਬਾਬ ਦੀ ਹੁੰਦੀ। ਆਖ਼ਰ ਵਿਹੜੇ ਵਿਚ ਕੰਧ ਵਜ ਜਾਂਦੀ, ਵਿਹੜਾ ਛੋਟਾ ਹੋ ਜਾਂਦਾ ਵਿਹੜੇ ਦਾ ਰੂਪ, ਨੁਹਾਰ ਬਦਲ ਜਾਂਦੀ। ਪਰ ਕਦੀ ਇਹ ਵੰਡ ਬੋਲ ਬੁਲਾਰੇ ਨਾਲ ਹੁੰਦੀ, ਭਰਾ ਭਰਾ ਖਹਿਬੜ ਪੈਂਦੇ। ਦਰਾਣੀ, ਜਿਠਾਣੀ ਸ਼ਰੀਕਣੀਆਂ ਬਣ ਕੇ ਜਦੋਂ ਗੁੱਤ ਪੁੱਟਣ ਨੂੰ ਆਉਂਦੀਆਂ, ਗਾਲ੍ਹਾਂ ਦਾ ਨਗੇਜ ਸੁਣ ਕੇ ਛੜਿਆਂ ਨੂੰ ਵੀ ਪਸੀਨਾ ਆ ਜਾਂਦਾ।

ਵਿਹੜੇ ਦੇ ਰੂਪ ਅਤੇ ਆਕਾਰ ਬਾਰੇ, ਰਵਾਇਤੀ ਪਰਿਪੇਖ ਵਿਚ ਦੋ ਸੰਕਲਪ ਮਿਲਦੇ, ਸ਼ੇਰ ਮੂੰਹਾਂ ਅਤੇ ਗਊ ਮੂੰਹਾਂ। ਇਨ੍ਹਾਂ ਦੋਹਾਂ ਆਕਾਰਾਂ ਬਾਰੇ, ਘਰ ਦੇ ਰੂਪ ਆਕਾਰ ਬਾਰੇ, ਵੇਦਾਂਤਕ ਅਤੇ ਪੌਰਾਣਿਕ ਸਾਹਿਤ ਵਿਚ ਕਿ ਇਸ ਦਾ ਆਦਰਸ਼ ਰੂਪ ਆਕਾਰ, ਕਿਹੋ ਜਿਹਾ ਹੋਣਾ ਚਾਹੀਦਾ ਹੈ, ਕਈ ਸੰਕੇਤ ਮਿਲਦੇ ਹਨ। ਪਿਉ ਦਾਦੇ ਦੇ ਵਿਰਾਸਤ ਵਿਚ ਮਿਲੇ ਵਿਹੜੇ ਦੇ ਰੂਪ ਆਕਾਰ ਬਾਰੇ ਲੋਕ ਬਹੁਤ ਚੇਤੰਨ ਨਹੀਂ ਸਨ। ਵਿਹੜਾ ਗਾਂ ਮੁਖਾ ਹੈ ਜਾਂ ਸ਼ੇਰ ਮੁਖਾ, ਇਹ ਸੰਕਲਪ ਘਰ ਖਰੀਦਣ ਵੇਲੇ ਜ਼ਿਆਦਾ ਸੋਚੇ ਸਮਝੇ ਅਤੇ ਵਿਚਾਰੇ ਜਾਂਦੇ।

ਘਰ ਦੀ ਜ਼ਿੰਦਗੀ ਵਿਚ ਵਿਹੜਾ ਇਕ ਕੇਂਦਰੀ ਧੁਰਾ ਹੁੰਦਾ, ਜਿਹਦੇ ਚਾਰ ਚੁਫੇਰੇ ਆਮ ਦਿਨ ਪ੍ਰਤਿ ਦਿਨ ਦੇ ਕਾਰ ਵਿਹਾਰ ਚਲਦੇ, ਸਭਿਆਚਾਰਕ ਵਿਰਸਾ ਮਚਲਦਾ, ਜਾਤ ਬਿਰਾਦਰੀ ਨਾਲ ਮੇਲ ਮਿਲਾਪ ਹੁੰਦਾ ਅਤੇ ਘਰ ਦੇ ਦੁਖਾਂ ਸੁੱਖਾਂ ਮੁਤਾਬਿਕ ਸਮਾਗਮ ਦਾ ਪ੍ਰਬੰਧ ਕੀਤਾ ਜਾਂਦਾ। ਭਾਵੇਂ ਇਸ ਵਿਹੜੇ ਵਿਚ ਮੱਛਰ, ਮੱਖੀ, ਧੂੰਆਂ, ਠੂੰਏ, ਲੜਾਈ ਝਗੜਾ, ਗਾਲ ਉਲ੍ਹਾਮਾ, ਕਈ ਕੁਝ ਹੁੰਦਾ ਫਿਰ ਵੀ ਇਥੇ ਛਾਂ ਹੁੰਦੀ, ਲੋਕ ਗੀਤਾਂ ਦੀ ਹੇਕ ਹੁੰਦੀ, ਬਿਰਾਦਰੀ ਦਾ ਮਿਲਵਰਤਣ ਹੁੰਦਾ, ਫੁੱਲਾਂ, ਵੇਲਾਂ, ਪੱਤਿਆਂ ਦੀ ਸੂਈ ਸਲਾਈ ਨਾਲ ਸਿਰਜਣਾਤਮਕ ਕਲਾ ਹੁੰਦੀ, ਚਹਿਲ ਪਹਿਲ ਹੁੰਦੀ, ਦਿਉਰ ਭਾਬੀ ਦੇ ਮਖ਼ੌਲ ਹੁੰਦੇ, ਫ਼ਸਲ ਦੀ ਮਹਿਕ ਹੁੰਦੀ, ਦੁੱਧ ਪੁੱਤ ਦੀ ਸੌਂਹ ਹੁੰਦੀ।

(ਸ) ਚੌਂਕਾ ਚੁੱਲ੍ਹਾ : ਪੰਜਾਬ ਦੇ ਗਰਮ ਮੌਸਮ ਵਿਚ ਖੁੱਲ੍ਹੇ ਅਸਮਾਨ ਥੱਲੇ ਚੁੱਲ੍ਹਾ ਬਣਾ ਕੇ, ਇਸ ਚੁੱਲ੍ਹੇ ਦੇ ਦੋ ਪਾਸੇ ਵਲਗਣ ਇੰਨੀ ਉੱਚੀ ਉਸਾਰਨੀ ਕਿ ਅੰਦਰ ਚੌਂਕੇ 'ਚ ਕੰਮ ਕਰਦੀ ਸੁਆਣੀ ਵਿਹੜੇ 'ਚ ਫਿਰਦੇ ਮਰਦਾਂ ਦੀਆਂ ਅੱਖਾਂ ਤੋਂ ਉਹਲੇ ਰਹੇ, ਇਸ ਸੰਕਲਪ ਅਧੀਨ ਚੌਂਕੇ ਦੀ ਵਿਉਂਤ ਕੀਤੀ ਜਾਂਦੀ। ਚੌਂਕਾ ਆਮ ਤੌਰ ਉੱਤੇ ਘਰ ਦੇ ਕਮਰਿਆਂ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਧਾਂ ਤੋਂ ਵਿਹੜੇ ਵੱਲ ਵਧਾਅ ਨੁਮਾ ਸ਼ਕਲ 'ਚ ਹੋਣ ਕਰ ਕੇ, ਇਸ ਦੇ ਇਕ ਪਾਸੇ ਘਰ ਦੇ ਕਮਰਿਆਂ ਦੀਆਂ ਕੰਧਾਂ ਅਤੇ ਦੋ ਪਾਸੇ ਨਿੱਕੀਆਂ ਬਹੁਤੀਆਂ ਹਾਲਤਾਂ 'ਚ ਚਾਰ ਕੁ ਫੁੱਟ ਉੱਚੀ ਦੀਵਾਰ ਨਾਲ ਚਿੰਨ੍ਹ ਅੰਕਿਤ ਹੁੰਦਾ। ਇੰਜ ਚੌਂਕੇ ਅੰਦਰ ਜਾਣ ਲਈ ਸਿਰਫ਼ ਇਕੋ ਪਾਸੇ ਤੋਂ ਖੁੱਲ੍ਹਾ ਥਾਂ ਹੁੰਦਾ। ਇਸ ਪਾਸੇ ਤੋਂ ਵੀ ਚੌਂਕੇ ਨੂੰ ਬਾਕੀ ਵਿਹੜੇ ਅਤੇ ਉਸਾਰੀ ਨਾਲੋਂ ਨਿਖੇੜਣ ਲਈ ਥੋੜ੍ਹਾ ਉੱਚਾ ਥੜੇ ਨੁਮਾ ਥਾਂ ਅੱਟ ਜਿਹੀ ਬਣਾ ਕੇ ਸੁਝਾਇਆ ਜਾਂਦਾ। ਚੌਂਕਾਂ ਘਰ ਦਾ ਸਭ ਤੋਂ ਜ਼ਿਆਦਾ ਸੁੱਚਾ ਅਤੇ ਪਵਿੱਤਰ ਥਾਂ ਹੁੰਦਾ। ਪੁਰਾਣੀ ਰਵਾਇਤ ਸੀ ਕਿ ਹਰ ਦਿਨ ਸਰਘੀ ਵੇਲੇ ਪੰਜਾਬੀ ਪਿੰਡਾਂ ਵਿਚ ਚੀਕਨੀ ਮਿੱਟੀ ਦਾ ਪਰੋਲਾ ਮਾਰ ਕੇ ਚੌਂਕੇ ਦੀ ਸੁੱਚ ਨੂੰ ਯਕੀਨੀ ਬਣਾ ਕੇ ਔਰਤਾਂ ਸਵੇਰੇ ਛਾਹ ਵੇਲਾ, ਦੁੱਧ ਕਾੜਣ, ਦੁੱਧ ਰਿੜਕਣ ਅਤੇ ਹੋਰ ਕਾਰ-ਵਿਹਾਰ ਸ਼ੁਰੂ ਕਰਦੀਆਂ।

ਚੌਂਕੇ ਦੇ ਰੂਪ ਅਤੇ ਆਕਾਰ ਬਾਰੇ ਬੜੀ ਵਿਲੱਖਣਤਾ ਮਿਲਦੀ ਹੈ। ਕਿਤੇ ਤਾਂ ਇਹ ਪੌੜੀਆਂ ਦੇ ਥੱਲੇ ਜਾਂ ਨਾਲ ਹੁੰਦਾ, ਕਿਤੇ ਇਹ ਨਲਕੇ ਦੇ ਕੋਲ, ਕਿਤੇ ਇਹ ਬਰਾਂਡੇ ਦਾ ਹੀ ਵਧਾਅ ਹੁੰਦਾ, ਕਿਤੇ ਸੂਫੇ ਦੇ ਨਾਲ ਨਾਲ ਬਾਹਰ ਨੂੰ ਪਸਰਿਆ ਹੋਇਆ, ਕਦੀ ਨਾਲ ਦੇ ਘਰ ਦੀ ਸਾਂਝੀ ਕੰਧ ਦੇ ਨਾਲ ਚੌਂਕੇ ਦੇ ਮੁਖ ਅੰਸ਼ਾਂ ਵਜੋਂ ਚੌਂਕੇ ਵਿਚ ਚੁੱਲ੍ਹਾ, ਲੂੰਬੀ ਵਾਲਾ ਚੁੱਲ੍ਹਾ, ਚਾਵਾਂ ਚੁੱਲ੍ਹਾ, ਤੰਦੂਰ, ਲੋਹ, ਦੁੱਧ ਕਾੜਣ ਵਾਲੀ ਭੜੋਲੀ, ਪਾਣੀ ਦੇ ਘੜੇ ਰੱਖਣ ਲਈ ਸੱਚੇ ਘੜਵੰਜੀਆਂ ਦੀ ਕਤਾਰ, ਮਧਾਣੀ, ਦੁੱਧ ਰਿੜਕਣ ਵਾਲੀ ਚਾਟੀ ਰੱਖਣ ਲਈ, ਚਾਟੀ ਕਾੜਣੀਆਂ ਕੂਚਣ, ਭਾਂਡੇ ਮਾਂਜਣ ਲਈ ਕੋਈ ਨੁੱਕਰ ਥਾਂ, ਪਾਣੀ ਧੋਣ ਅਤੇ ਸਫ਼ਾਈ ਤੋਂ ਬਾਅਦ ਗੰਦੇ ਪਾਣੀ ਨਿਕਾਸ ਦੇ ਲਈ ਨਾਲੀ, ਚੌਂਕੇ ਵਿਚ ਰਿੰਨ੍ਹਣ, ਪਕਾਉਣ ਲਈ ਬਾਲਣ ਰੱਖਣ ਲਈ ਥਾਂ। ਇਹ ਬਾਲਣ ਗੋਹੇ ਦੀਆਂ ਪਾਥੀਆਂ, ਨਰਮੇ ਦੀ ਮਣਛਿਟੀ, ਕਮਾਦ ਦੀਆਂ ਪੱਛੀਆਂ, ਕਿੱਕਰ ਜਾਂ ਹੋਰ ਦਰਖਤਾਂ ਦੇ ਛਾਪੇ, ਪਰਾਲੀ, ਸਰੋਂ ਤੋਰੀਏ ਦੀਆਂ ਟਾਹਣੀਆਂ ਆਦਿ ਕਈ ਫ਼ਸਲਾਂ ਦਾ ਨਿੱਕ ਸੁੱਕ ਹੁੰਦਾ। ਇਹ ਸਾਰੇ ਅੰਸ਼ ਚੌਂਕੇ ਦੀ ਵਿਉਂਤ ਵਿਚ ਸਮੋਏ ਹੁੰਦੇ। ਪੰਜਾਬੀ ਪਿੰਡਾਂ ਦੇ ਚੌਂਕੇ ਵਿਚ ਔਰਤਾਂ ਦੀ ਤੀਜਾ ਹਿੱਸਾ ਜ਼ਿੰਦਗੀ ਗੁਜ਼ਰਦੀ, ਚੌਂਕਾ ਘਰ ਦਾ ਉਹ ਹਿੱਸਾ ਹੁੰਦਾ ਜਿਥੇ ਭਾਵੇਂ ਪ੍ਰਤੀਕਾਤਮਕ ਹੀ ਸਹੀ ਔਰਤ ਦੀ ਸਰਦਾਰੀ ਹੁੰਦੀ।

ਚੌਂਕੇ ਨਾਲ ਘਰ ਵਿਚ ਕਈ ਤਰ੍ਹਾਂ ਦੇ ਕਾਰ ਵਿਹਾਰ ਕੰਮ ਕਾਰ ਚਲਦੇ, ਰਿੰਨ੍ਹਣ, ਪਕਾਉਣ, ਦੁੱਧ ਕਾੜਣ, ਦੁੱਧ ਰਿੜਕਣ, ਦਾਲ ਚੁਗਣ, ਸਬਜ਼ੀ ਤਰਕਾਰੀ ਛਿੱਲਣ ਕੱਟਣ ਅਤੇ ਤਿਆਰ ਭੋਜਨ ਟੱਬਰ ਦੇ ਸਾਰੇ ਜੀਆਂ ਨੂੰ ਪਰੋਸ ਕੇ ਜੂਠੇ ਭਾਂਡੇ ਮਾਂਜਣ ਤੱਕ, ਸਵੇਰੇ ਤੋਂ ਲੈ ਕੇ ਗਈ ਰਾਤ ਤੀਕ ਚੌਂਕੇ ਵਿਚ ਆਹਰ ਪਾਹਰ ਚਲਦਾ। ਚੌਂਕੇ ਦੇ ਇਹ ਕੰਮ ਬੜੇ ਲਚਕਦਾਰ ਹੁੰਦੇ; ਕਿਸੇ ਆਏ ਗਏ ਕੋਲ ਬੈਠ ਕੇ ਸਬਜ਼ੀ ਤਰਕਾਰੀ ਛਿੱਲ ਲਈ ਜਾਂਦੀ, ਕੱਟ ਲਈ ਜਾਂਦੀ, ਦਾਲ ਚੁਗ ਲਈ ਜਾਂਦੀ, ਸਾਗ ਕੁਤਰ ਲਿਆ ਜਾਂਦਾ, ਪੇੜੇ ਕਰ ਲਏ ਜਾਂਦੇ। ਪਰ ਦੂਜੇ ਪਾਸੇ ਚੌਂਕੇ ਦੇ ਕੰਮ ਬੜੇ ਇਕ ਥਾਂ ਵਿਸ਼ੇਸ਼ ਨਾਲ ਬੱਝਵੇਂ ਵੀ ਹੁੰਦੇ। ਲੋਹ ਉਤੇ ਜਾਂ ਤੰਦੂਰ ਉਤੇ ਹੀ ਫੁਲਕੇ ਪੱਕ ਸਕਦੇ, ਭੜੋਲੀ ਵਿਚ ਹੀ ਦੁੱਧ ਕੜ੍ਹਨਾ ਹੁੰਦਾ ਘੜਵੰਜੀ ਜਾਂ ਸਚੇ ਉਤੇ ਹੀ ਘੜੇ ਨੇ ਰੱਖਿਆ ਜਾਣਾ ਹੁੰਦਾ। ਮਾਂਜ ਧੋ ਕੇ ਭਾਂਡੇ ਕਿਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਟੋਕਰੇ ਆਲੇ ਵਿਚ ਕਿਸੇ ਖ਼ਾਸ ਪੜਛੱਤੀ ਆਲੇ ਵਿਚ ਟਿਕਾਣੇ ਹੁੰਦੇ ।

ਪੰਜਾਬ ਦੇ ਚੌਂਕੇ ਨਾਲ ਜੁੜੇ ਜੇਕਰ ਚੁਲ੍ਹਿਆਂ ਦੇ ਰੂਪ ਆਕਾਰ ਉਤੇ ਨਜ਼ਰ ਮਾਰੀ ਜਾਵੇ ਤਾਂ ਇਹ ਲੂੰਬੀ ਵਾਲਾ ਚੁਲ੍ਹਾ, ਚਾਵਾਂ ਚੁਲ੍ਹਾ, ਲੋਹ ਅਤੇ ਅੰਗੀਠੀ ਨੁਮਾ ਹੁੰਦੇ । ਚੌਂਕੇ ਦੇ ਮੁਖ ਚੁਲ੍ਹੇ ਦੇ ਪਿੱਛੇ ਅਤੇ ਕਈ ਹਾਲਤਾਂ ਵਿਚ ਨਾਲ ਹੀ ਚੁਲ੍ਹੇ ਵਿਚ ਬਲ ਰਹੀ ਅੱਗ ਦੀ ਲੂੰਬੀ ਦਾ ਸੇਕ ਜਾਇਆ (ਵੇਜਟ) ਨਾ ਜਾਏ ਇਸ ਲੂੰਬੀ ਦੇ ਸੇਕ ਨੂੰ ਵਰਤਣ ਲਈ ਪਿੱਛੇ ਇਕ ਉਪ ਚੁੱਲ੍ਹਾ ਬਣਾਇਆ ਜਾਂਦਾ । ਇਹ ਲੂੰਬੀ ਵਾਲਾ ਚੁੱਲ੍ਹਾ ਊਰਜਾ ਦੀ ਬਚਤ ਤਾਂ ਕਰਦਾ ਹੀ, ਚੁੱਲ੍ਹੇ ਦੀ ਕਾਰਜ ਕੁਸ਼ਲਤਾ ਵੀ ਵਧਾ ਦਿੰਦਾ, ਸਤਦੀਆਂ ਵਿਚ ਲੂੰਬੀ ਵਾਲੇ ਚੁੱਲ੍ਹੇ ਉਤੇ ਪਾਣੀ ਦੀ ਤੌੜੀ ਰੱਖੀ ਰਹਿੰਦੀ, ਜਿਵੇਂ ਹੀ ਟੱਬਰ ਦੇ ਜੀਅ ਖੇਤਾਂ ਤੋਂ ਜਾਂ ਹੋਰ ਕਾਰ-ਵਿਹਾਰ ਤੋਂ ਵਿਹਲੇ ਹੋ ਕੇ ਘਰ ਆਉਂਦੇ, ਹਰ ਇਕ ਨੂੰ ਗਰਮ ਪਾਣੀ ਹੱਥ ਪੈਰ ਸਾਫ਼ ਕਰਨ ਲਈ ਮਿਲਦਾ, ਥੱਕੇ ਬੋਝਲ ਅੰਗਾਂ ਦੀ ਸਾਰੀ ਥਕਾਵਟ ਲਹਿ ਜਾਂਦੀ । ਮਹਿਮਾਨ ਦੇ ਆਉਣ ਉਤੇ ਲੂੰਬੀ ਵਾਲੇ ਚੁੱਲੇ ਦੇ ਪਿਛਲੇ ਹਿੱਸੇ ਉਤੇ ਤੜਕੇਦਾਨੀ ਵਿਚ ਆਂਡਿਆਂ ਦੀ ਭੁਰਜੀ ਬਣ ਜਾਂਦੀ, ਸਬਜ਼ੀ/ਦਾਲ ਨੂੰ ਤੜਕਾ ਲੱਗ ਜਾਂਦਾ, ਜਦ ਕਿ ਅਗਲੇ ਮੁਖ ਚੁੱਲ੍ਹੇ ਦੇ ਪਿਛਲੇ ਹਿੱਸੇ ਉਤੇ ਇੰਨੀ ਦੇਰ ਵਿਚ ਫੁਲਕੇ ਪੱਕ ਜਾਂਦੇ, ਸਾਗ ਰਿਝ ਜਾਂਦਾ, ਸਲੂਣਾ ਬਣ ਜਾਂਦਾ ।[14] ਜਦ ਕਿ ਚਾਵਾਂ ਚੁੱਲ੍ਹਾ, ਉਹ ਚੁੱਲ੍ਹਾ ਜੋ ਚੁੱਕ ਕੇ ਇਕ ਥਾਂ ਤੋਂ ਦੂਸਰੇ ਥਾਂ ਖੜਿਆ ਜਾ ਸਕਦਾ, ਇਹ ਚੁੱਲ੍ਹਾ ਕਿਸੇ ਘੜੇ ਦੇ ਅੱਧੇ ਹਿੱਸੇ ਉਤੇ ਮਿੱਟੀ ਦੇ ਲਅ ਦੇ ਕੇ ਜਾਂ ਕਿਸੇ ਪੁਰਾਣੇ ਦਾਬੜੇ/ਤਸਲੇ ਨੂੰ ਆਧਾਰ ਰਖ ਕੇ, ਮਿੱਟੀ ਨਾਲ ਬਣਾਇਆ ਜਾਂਦਾ । ਇਸ ਚੁੱਲ੍ਹੇ ਵਿਚ ਪਾਥੀਆਂ ਦੀ ਅੱਗ, ਲੱਕੜ ਦੇ ਕੋਲੇ, ਜਦੋਂ ਮੁਖ ਚੁੱਲ੍ਹੇ ਦਾ ਕੰਮ ਮੁੱਕ ਜਾਂਦਾ, ਇਥ ਚੁੱਲੇ ਵਿਚ ਪਾ ਕੇ ਕਿਸੇ ਮਰੀਜ਼ ਨੂੰ ਸੇਕ ਦੇਣ ਲਈ ਜਾਂ ਸਿਆਲ ਦੀਆਂ ਠਰੀਆਂ ਰਾਤਾਂ ਵਿਚ ਸੌਣ ਵਾਲੇ ਕਮਰੇ ਨੂੰ ਨਿੱਘਾ ਕਰਨ ਲਈ ਵਰਤਿਆ ਜਾਂਦਾ ।

ਕਿਉਂਕਿ ਇਸ ਚੁੱਲ੍ਹੇ ਦਾ ਇਕ ਟਿਕਾਣਾ ਨਿਸ਼ਚਿਤ ਨਾ ਹੁੰਦਾ, ਇਸ ਲਈ ਹਰ ਉਹ ਵਿਅਕਤੀ ਜਿਸਦਾ ਪੱਕਾ ਇਰਾਦਾ ਟਿਕਾਣਾ ਨਾ ਹੁੰਦਾ ਉਹਨੂੰ "ਚਾਵਾਂ ਚੁੱਲ੍ਹਾ" ਕਿਹਾ ਜਾਂਦਾ । ਚੁੱਲ੍ਹੇ ਦਾ ਇਕ ਰੂਪ ਭੜੋਲੀ ਹੁੰਦੀ ਤਿੰਨਾਂ ਪਾਸਿਆਂ ਤੋਂ ਦੋ ਕੁ ਫੁੱਟ ਉੱਚੀਆਂ ਕੰਧਾਂ ਨਾਲ ਉਸਾਰੀ, ਚੌਥੇ ਪਾਸੇ ਕੰਧ ਦੀ ਥਾਂ ਉੱਤੇ ਲੱਕੜ ਦਾ ਬੂਹਾ ਕਿ ਭੜੋਲੀ ਦਾ ਬੂਹਾ ਬੰਦ ਹੋ ਸਕੇ । ਇਸ ਵਲਗਣ ਦੇ ਅੰਦਰ ਧਰਾਤਲ ਤੋਂ ਨੀਵਾਂ, ਟੋਏ ਨੁਮਾ ਥਾਂ ਵਿਚ ਗੋਹੇ ਚਿਣਕੇ ਅੱਗ ਧੁੱਖਾ ਕੇ ਮੱਠੀ ਮੱਠੀ ਅੱਗ ਉੱਤੇ ਦੁੱਧ ਕਾੜਿਆ ਜਾਂਦਾ, ਸਾਗ ਰਿੱਨਿਆਂ ਜਾਂਦਾ, ਮਾਂਹ ਦੀ ਦਾਲ ਜਾਂ ਉਹ ਦਾਲਾਂ, ਜਿਨ੍ਹਾਂ ਦੇ ਗਲਣ ਵਿਚ ਜ਼ਿਆਦਾ ਸਮਾਂ ਤੇ ਮੱਠੀ ਮੱਠੀ ਅੱਗ ਚਾਹੀਦੀ ਹੁੰਦੀ, ਰਿੰਨੀਆਂ ਜਾਂਦੀਆਂ । ਜਦ ਕਿ ਲੋਹ ਇਕ ਗੋਲਾਕਾਰ ਚੁੱਲ੍ਹਾ ਹੁੰਦਾ, ਇਕ ਪਾਸੇ ਤੋਂ ਵੱਡਾ ਮੂੰਹ ਖੁੱਲ੍ਹਿਆ ਹੋਇਆ ਜ਼ਿਆਦਾ ਬਾਲਣ ਖਾਣ ਲਈ ਤਿਆਰ, ਇਸ ਵਿਚ ਬਾਲਣ ਇਕ ਭੰਬੂਕੇ ਵਾਂਗ ਬਲਦਾ ਅਤੇ ਇੰਜ ਜੋ ਸੇਕ ਪੈਦਾ ਹੁੰਦਾ ਉਹਦੇ ਨਾਲ ਲੋਹ ਉੱਤੇ ਪਏ ਫੁਲਕੇ ਜਲਦੀ ਜਲਦੀ ਪੱਕਦੇ ਤੁਰੇ ਜਾਂਦੇ । ਆਮ ਲੋਹ ਉਹਨਾਂ ਘਰਾਂ ਵਿਚ ਵਰਤੀ ਜਾਂਦੀ ਜਿਥੇ ਟੱਬਰ ਦੇ ਜੀਅ ਜ਼ਿਆਦਾ ਹੁੰਦੇ ਜਾਂ ਉਦੋਂ ਜਦ ਜ਼ਿਆਦਾ ਜੀਅ ਇਕੱਠੇ ਹੁੰਦੇ, ਭਾਵੇਂ ਕਿਸੇ ਵਿਆਹ ਢੰਗ ਉੱਤੇ, ਭਾਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਗੀ ਆਦਿ ਲਈ, ਜਦੋਂ ਖੇਤੀਬਾੜੀ ਨਾਲ ਜੁੜੇ ਧੰਧਿਆਂ ਲਈ ਜ਼ਿਆਦਾ ਮਨੁੱਖੀ ਵਸੀਲਿਆਂ ਦੀ ਲੋੜ ਹੁੰਦੀ। ਇਸੇ ਤਰ੍ਹਾਂ ਚੌਂਕੇ ਦੇ ਵਿਚੇ ਜਾਂ ਚੌਂਕੇ ਤੋਂ ਰਤਾ ਕੁ ਹਟਵਾਂ ਤੰਦੂਰ ਹੁੰਦਾ। ਕਿਸੇ ਨੁੱਕਰ ਵਿਚ, ਕਿਸੇ ਛਾਂ ਦੀ ਓਟ ਵਿਚ ਤੰਦੂਰ ਗੱਡਿਆ ਹੁੰਦਾ। ਇਕ ਪਾਸੇ ਪੇੜਿਆਂ ਵਾਲੀ ਪਰਾਤ ਰੱਖਣ ਦੀ ਥਾਂ, ਦੂਜੇ ਪਾਸੇ ਫੁਲਕੇ ਰੱਖਣ ਲਈ ਚੰਗੇਰ, ਵਿਚਕਾਰ ਤੰਦੂਰ। ਤੰਦੂਰ ਵਿਚ ਢਿੰਢਣਾਂ, ਮਣਛਿੱਟੀ, ਛਾਪੇ, ਕਾਫੀ ਮਾਤਰਾ ਵਿਚ ਇਕੱਠੇ ਸੁੱਟ ਕੇ ਅੱਗ ਬਾਲੀ ਜਾਂਦੀ। ਕਿੰਨੀ ਕਿੰਨੀ ਦੇਰ ਭਾਂਬੜ ਵਾਂਗ ਮੱਚ ਕੇ ਜਦ ਅੱਗ ਮੱਠੀ ਹੁੰਦੀ, ਤੰਦੂਰ ਤਪ ਕੇ ਲਾਲ ਸੁਰਖ ਹੋ ਜਾਂਦਾ, ਇਸ ਸੇਕ ਉੱਤੇ ਫੁਲਕੇ ਲਾਹੇ ਜਾਂਦੇ। ਗਰਮੀਆਂ ਵਿਚ ਤਪੇ ਤੰਦੂਰ ਤੇ ਫੁਲਕੇ ਲਾਹੁਣੇ, ਤੰਦੂਰ ਦਾ ਸੇਕ, ਫੁਲਕਿਆਂ ਦਾ ਸੇਕ, ਉੱਤੋਂ ਸੂਰਜ ਦਾ ਸੇਕ, ਇਸ ਸੇਕ ਨਾਲ ਫੁਲਕੇ ਲਾਹੁੰਦਿਆਂ ਪੰਜਾਬਣਾਂ ਮੁੜਕੋ ਮੁੜਕਾ ਹੋ ਜਾਂਦੀਆਂ। ਇਹੋ ਜਿਹੀ ਹਾਲਤ ਵਿਚੋਂ ਹੀ ਸ਼ਾਇਦ ਇਹ ਬੋਲੀ ਉਗਮੀ ਹੋਵੇਗੀ "ਰੰਗ ਚੋ ਕੇ ਪਰਾਤ ਵਿਚ ਪੈ ਗਿਆ, ਧੁੱਪੇ ਨੀ ਪਕਾਈਆਂ ਰੋਟੀਆਂ," ਪਰ ਆਮ ਵੇਖਣ ਵਿਚ ਆਉਂਦਾ ਕਿ ਚੌਂਕੇ ਨਾਲ ਜੁੜੇ ਹਰ ਤਰ੍ਹਾਂ ਦੇ ਚੁੱਲ੍ਹੇ ਦੇ ਰੂਪ ਆਕਾਰ ਨੂੰ ਵਰਤਦੇ ਪੰਜਾਬੀ ਅੱਗ ਦੀ ਵੱਧ ਤੋਂ ਵੱਧ ਵਰਤੋਂ ਕਰਦੇ, ਭਾਵੇਂ ਤੰਦੂਰ ਤਪਾਉਂਦੇ ਹੋਏ ਭਾਂਬੜ ਦੇ ਸੇਕ ਉੱਤੇ ਪਾਣੀ ਗਰਮ ਕਰਨ, ਸਬਜ਼ੀ ਬਣਾਉਣ ਦਾ ਤਰੀਕਾ ਅਪਣਾਇਆ ਜਾਂਦਾ, ਭਾਵੇਂ ਲੂੰਬੀ ਵਾਲੇ ਚੁੱਲ੍ਹੇ ਉੱਤੇ ਅੰਡਿਆਂ ਦੀ ਭੁਰਜੀ, ਭਾਵੇਂ ਭੜੋਲੀ ਦੇ ਦੁਆਲੇ ਹੋਰ ਕੰਧਾਂ ਕਰਕੇ ਮੱਠੇ ਮੱਠੇ ਸੇਕ ਨੂੰ ਸਾਂਭਿਆ ਜਾਂਦਾ, ਚੁੱਲ੍ਹੇ ਦੇ ਰੂਪ ਆਕਾਰ ਨਾਲ ਅੱਗ ਦੇ ਸੇਕ ਦੀ ਵੱਧ ਤੋਂ ਵੱਧ ਵਰਤੋਂ ਦਾ ਸੰਕਲਪ ਕੰਮ ਕਰਦਾ। ਪਿੰਡ ਦੀਆਂ ਬਜ਼ੁਰਗ ਔਰਤਾਂ ਨੂੰ ਹਰ ਤਰ੍ਹਾਂ ਦੇ ਚੁੱਲ੍ਹੇ ਬਣਾਉਣ ਵਿਚ ਮੁਹਾਰਤ ਹਾਸਲ ਹੁੰਦੀ।

ਚੌਂਕੇ ਦੇ ਚਾਰ ਚੁਫੇਰੇ ਦਾ ਕਾਰ ਵਿਹਾਰ ਰੁੱਤਾਂ ਦੀ ਬਦਲੀ ਅਤੇ ਦਿਨ ਦੇ ਉਤਰਾ ਚੜਾਅ ਨਾਲ ਬਦਲਦਾ ਰਹਿੰਦਾ, ਨਾ ਸਿਰਫ ਇਹ ਕਾਰ ਵਿਹਾਰ ਬਦਲਦੇ, ਕਿਹੜਾ ਕਾਰ ਵਿਹਾਰ, ਕਿਸਨੇ ਕਰਨਾ ਹੈ, ਸਗੋਂ ਉਹ ਟੱਬਰ ਦੇ ਜੀਅ ਵੀ ਬਦਲਦੇ ਰਹਿੰਦੇ। ਘਰ ਦੀ ਸਭ ਤੋਂ ਬਜ਼ੁਰਗ ਸਿਆਣੀ ਔਰਤ ਸਰਘੀ ਵੇਲੇ ਉੱਠ ਕੇ ਦੁੱਧ ਰਿੜਕਣਾ ਸ਼ੁਰੂ ਕਰਦੀ, ਜਦਕਿ ਵੱਡੀ ਨੂੰਹ ਪਰੋਲਾ ਮਾਰ ਕੇ ਗੋਹਿਆਂ ਦੀ ਨੱਪੀ ਅੱਗ ਨੂੰ ਫੋਲ ਕੇ ਅੱਗ ਬਾਲਦੀ, ਫਿਰ ਜਿਵੇਂ ਜਿਵੇਂ ਦਿਨ ਚੜ੍ਹਦਾ ਕੋਈ ਛਾਹ ਵੇਲਾ ਲੈ ਕੇ ਖੇਤਾਂ ਨੂੰ ਜਾਂਦੀ, ਕੋਈ ਕੁੱਜੇ, ਚਾਟੀਆਂ, ਕਾੜ੍ਹਨੀਆਂ, ਡੋਲੂ, ਬਾਲਟੀਆਂ, ਦੋਹਣੀਆਂ ਨੂੰ ਕੂਚਣ ਬੈਠ ਜਾਂਦੀ। ਘਰ ਦੀ ਕੋਈ ਜੁਆਨ ਧੀ ਭੈਣ ਕਿਸੇ ਨਾਲ ਦੀ ਗੁਆਂਢਣ ਨਾਲ ਜਾ ਕੇ ਚੀਕਣੀ ਮਿੱਟੀ ਲਿਆ ਕੇ ਚੌਂਕੇ ਦੀ ਕੰਧ ਨੂੰ ਹੋਰ ਈ ਰੂਪ ਆਕਾਰ ਦੇਣ ਲੱਗ ਪੈਂਦੀ। ਉਹ ਕਈ ਤਰ੍ਹਾਂ ਦੇ ਆਲੇ, ਪੜਛੱਤੀਆਂ, ਭੜੋਲੀਆਂ ਸਿਰਜਦੀ। ਇਸ ਸਿਰਜਣਾ ਵਿਚ ਉਹ ਮੋਰ, ਕਬੂਤਰ, ਬਿੱਲੇ, ਸੂਰਜ, ਫੁੱਲ, ਬੂਟੇ, ਟਾਹਣੀਆਂ ਕਈ ਕੁਝ ਚੌਂਕੇ ਦੀਆਂ ਦੀਵਾਰਾਂ ਵਿਚੋਂ ਉਘਾੜ ਲੈਂਦੀ।

ਗਰਮੀਆਂ ਵਿਚ ਕਾਰ ਵਿਹਾਰ ਚੁੱਲ੍ਹੇ ਦੇ ਸੇਕ ਕਰਕੇ ਚੌਂਕੇ ਦੇ ਚਾਰ ਚੁਫੇਰੇ ਖਿੱਲਰ ਜਾਂਦੇ, ਮੀਂਹ ਕਣੀ ਦੇ ਦਿਨਾਂ ਵਿਚ ਚੌਂਕਾ ਸੁਫੇ, ਬਰਾਂਡੇ ਜਾਂ ਕਿਸੇ ਹੋਰ ਛੱਤੇ ਕਮਰੇ ਵਿਚ ਸਮਾ ਜਾਂਦਾ। ਸਰਦੀਆਂ ਵਿਚ ਟੱਬਰ ਦੇ ਜੀਆਂ ਦਾ ਕਾਰ ਵਿਹਾਰ ਖ਼ਾਸ ਕਰਕੇ ਸ਼ਾਮ ਵੇਲੇ ਚੁੱਲ੍ਹੇ ਦੇ ਕੋਲ ਕੋਲ ਸਿਮਟ ਆਉਂਦਾ। **ਚੁੱਲ੍ਹੇ 'ਚ ਜਲਦੀ ਬੁਝਦੀ ਅੱਗ ਅੱਗੇ, ਧੂੰਏਂ ਨਾਲ ਨਾਲ ਕੌੜੀਆਂ ਅੱਖਾਂ, ਅੱਗ ਬਾਲਣ ਲਈ ਫੂਕਾਂ ਮਾਰ ਮਾਰ ਲਾਲ ਹੋਈਆਂ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਆਣੀ ਦੀਆਂ ਗੱਲ੍ਹਾਂ, ਜੱਟੀ ਦਾ ਲਾਲ ਹੋਇਆ ਮੂੰਹ ਵੇਖ ਜੱਟ ਤੀਲਾ ਫੜ ਅੱਗ ਨੂੰ ਤੁਖਣੀਆਂ ਦੇਣ ਲੱਗ ਪੈਂਦਾ। ਥਪਕ ਥਪਕ ਮੱਕਈ ਦੀ ਰੋਟੀ ਨੂੰ ਹੱਥਾਂ ਨਾਲ ਵੇਲਣਾ, ਥਪਕ ਥਪਕ ਕਰਦੇ ਕੱਚ ਦੀਆਂ ਚੂੜੀਆਂ ਦੀ ਛਣਕਾਰ। ਚੌਂਕੇ ਵਿਚ ਅੱਗ ਦਾ ਸਕੂਨ ਦਿੰਦਾ ਸੇਕ ਹੁੰਦਾ, ਜੱਟੀ ਦਾ ਹੁਸਨ ਹੁੰਦਾ, ਚੂੜੀਆਂ ਦੀ ਛਣਕਾਰ ਦਾ ਸੰਗੀਤ ਹੁੰਦਾ, ਸਾਗ ਦੀ ਹਵਾੜ ਹੁੰਦੀ, ਮਕੱਈ ਦੀ ਮਹਿਕ ਉੱਤੇ ਪਿਘਲ ਰਿਹਾ ਮੱਖਣ ਹੁੰਦਾ। ਇਹੋ ਜਿਹੇ ਵੇਲੇ ਮਚਲੇ ਹੋਏ ਜੱਟ ਦਾ ਜੀਅ ਕਰਦਾ ਉਹ ਰੱਬ ਤੋਂ ਪੁੱਛੇ, "ਸਾਲਿਆ ਰੱਬ ਬਣ ਕੇ ਤੂੰ ਕੀ ਲੈ ਲਿਆ"।[15]

ਕੁਝ ਵਿਦਵਾਨ ਇਹ ਸਮਝਦੇ ਹਨ, ਕਿਉਂਕਿ ਪੰਜਾਬ ਦੇ ਸਭਿਆਚਾਰ ਵਿਚ ਔਰਤ ਨੂੰ ਗੁਲਾਮ ਰੱਖਿਆ ਜਾਂਦਾ, ਪਛੜੀ ਹੋਈ ਸਮਝਿਆ ਜਾਂਦਾ, ਇਸ ਲਈ ਚੌਂਕੇ ਦੀ ਕੋਈ ਨਿਰਧਾਰਤ ਥਾਂ ਅਤੇ ਰੂਪ ਆਕਾਰ ਨਹੀਂ ਸੀ। ਇਹ ਕਿਤੇ ਵੀ ਆਰਜ਼ੀ ਤੌਰ ਉੱਤੇ ਬਣਾ ਲਿਆ ਜਾਂਦਾ। ਪਰ ਸਚਾਈ ਸ਼ਾਇਦ ਇਹ ਨਹੀਂ ਸੀ। ਪੰਜਾਬ ਦੇ ਗਰਮ ਮੌਸਮ ਵਿਚ ਪੰਜਾਬੀਆਂ ਨੇ ਆਪਣੀਆਂ ਬਹੁਤ ਸਾਰੀਆਂ ਕ੍ਰਿਆਵਾਂ ਅਤੇ ਧੰਦਿਆਂ ਨੂੰ ਖੁੱਲ੍ਹੇ ਅਸਮਾਨ ਥੱਲੇ ਪੂਰਾ ਕਰਨ ਦੀ ਜੀਵਨ ਜਾਚ ਅਪਣਾ ਲਈ ਸੀ ਇਸੇ ਕਰਕੇ ਚੌਂਕਾ ਛੱਤ ਤੋਂ ਬਗੈਰ ਖੁਲ੍ਹੇ ਅਸਮਾਨ ਥੱਲੇ ਰਸੋਈ ਨਾਲ ਜੁੜੇ ਰੋਟੀ ਪਕਾਉਣ ਸੰਬੰਧੀ ਕ੍ਰਿਆਵਾਂ ਨੂੰ ਸਮੋਈ ਰੱਖਦਾ। ਇਹ ਕਈ ਵਾਰੀ ਆਰਜ਼ੀ ਹੁੰਦਾ (ਮੀਂਹ ਕਣੀ ਦੇ ਦਿਨਾਂ ਵਿਚ) ਇਹ ਬਰਾਂਡੇ, ਸੂਫੇ, ਕੋਠੜੀ, ਪੌੜੀਆਂ ਥੱਲੇ ਜਾਂ ਚੁਬਾਰੇ ਵਿਚ ਖਿਸਕਾ ਲਿਆ ਜਾਂਦਾ। ਪਰ ਮੁੱਖ ਤੌਰ ਤੇ ਇਹ ਛੱਤੇ ਹੋਏ ਕਮਰਿਆਂ ਦੇ ਐਨ ਨਾਲ ਲੱਗਦਾ ਬਾਹਰ ਖੁੱਲ੍ਹੇ ਥਾਂ ਉੱਤੇ ਪਸਰਿਆ ਹੁੰਦਾ। ਨਾ ਸਿਰਫ ਇਹੀ ਸਗੋਂ ਬਹੁਤੀ ਵਾਰੀ ਘਰ ਦੇ ਮੁਖ ਦਰਵਾਜੇ ਵਾਲੇ ਪਾਸੇ ਤੋਂ ਆਏ ਗਏ ਓਪਰੇ ਮਹਿਮਾਣ/ਬਿਰਾਦਰੀ ਦੇ ਜੀਆਂ ਕਰਕੇ ਇਹਨੂੰ ਨਿੱਕੀ ਢਾਈ ਤਿੰਨ ਫੁੱਟੀ ਉੱਚੀ ਕੰਧ ਨਾਲ ਉਹਲਾ ਦਿੱਤਾ ਜਾਂਦਾ ਜਦ ਕਿ ਨਾਲ ਲੱਗਦੇ ਛੱਤੇ ਹੋਏ ਕਮਰੇ ਵਾਲੇ ਪਾਸੇ ਅਕਸਰ ਇਹਨੂੰ ਮੁੱਖ ਪਹੁੰਚ ਦਿੱਤੀ ਗਈ ਹੁੰਦੀ। ਕਾਰਣ ਚੌਂਕੇ ਵਿਚ ਕੰਮ ਕਰਦੀ ਧੀ, ਧਿਆਣੀ, ਸੁਆਣੀ ਲੋੜ ਪੈਣ ਉੱਤੇ ਕਮਰੇ ਵਿਚੋਂ ਆਟਾ, ਦਾਲ, ਲੂਣ, ਮਿਰਚਾਂ, ਹਲਦੀ ਲਿਆ ਕੇ ਰਿੰਨ੍ਹ ਪਕਾ ਸਕੇ।

ਉਪਰੋਕਤ ਵਿਚਾਰ ਦੇ ਉਲਟ ਚੌਂਕੇ ਵਿਚ ਔਰਤ ਦੀ ਸਰਦਾਰੀ ਹੁੰਦੀ, ਇਸ ਸਰਦਾਰੀ ਦੇ ਅਸਰ ਵਜੋਂ ਚੌਂਕਾ ਸੁੱਚ ਅਤੇ ਸੁਹਜ ਦਾ ਸਿਖ਼ਰ ਹੁੰਦਾ। ਚੌਂਕੇ ਵਿਚ ਵਸਤਾਂ ਅਤੇ ਥਾਵਾਂ ਦੀ ਸੁੱਚ ਨਾਲ ਵੱਖੋ ਵੱਖਰੇ ਮਿਆਰ ਦੀ ਦਰਜਾ ਬਦਰਜਾ ਸੁੱਚ ਦੇ ਕਈ ਸੰਕਲਪ ਜੁੜੇ ਹੁੰਦੇ। ਸਾਰੇ ਚੌਂਕੇ ਵਿਚ ਸੁੱਚ ਹੈ ਇਸ ਲਈ ਚੌਂਕੇ ਨੂੰ ਵਿਹੜੇ ਨਾਲੋਂ ਵੱਖਰਾ ਕਰਨ ਲਈ ਚੌਂਕੇ ਦਾ ਪੱਧਰ ਕੁਝ ਉੱਚਾ ਰਖਿਆ ਜਾਂਦਾ ਅਤੇ ਚੌਂਕੇ ਵਿਚ ਗੋਹੇ ਦਾ ਪੋਚਾ ਫੇਰਿਆ ਜਾਂਦਾ। ਉਹ ਚੌਂਕੇ ਦੀ ਦਿੱਖ ਅਤੇ ਕਾਰਜ ਪੱਖੋਂ ਹੱਦ ਨਿਰਧਾਰਤ ਕਰਦਾ। ਚੌਂਕੇ ਦੀ ਹੱਦ ਦੀਵਾਰਾਂ (ਕੱਚੀਆਂ/ਆਰਜ਼ੀ) ਤਾਂ ਨਿਰਧਾਰਤ ਕਰਦੀਆਂ ਹੀ ਪਰ ਇਹਨਾਂ ਦੀਵਾਰਾਂ ਨਾਲ ਉਸਾਰੇ ਅਤੇ ਬਣਾਏ ਗਏ ਆਲੇ, ਪੜਛੱਤੀਆਂ, ਭੜੋਲੀਆਂ ਇਹਦੀ ਦਿੱਖ ਨੂੰ ਸ਼ਿੰਗਾਰਦੀਆਂ। ਸਭਿਆਚਾਰ ਨੇ ਸਿਖਾਇਆ ਕਿ ਚੌਂਕੇ ਵਿਚ ਕੰਮ ਕਰਦੇ ਹੋਏ ਅੰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਣੀ ਕਰਨ ਲੱਗੇ ਹਰ ਚੀਜ਼ ਨੂੰ ਸੁੱਚੇ ਹੱਥ ਲਾਉਣੇ ਹਨ। ਭਾਵੇਂ ਧੋ ਕੇ ਲਾਉਣੇ ਹਨ, ਜੇ ਹੱਥ ਧੋਣ ਦੀ ਵਿਹਲ ਨਹੀਂ ਤਾਂ ਚੁੰਨੀ ਦੇ ਪੱਲੇ ਨਾਲ ਹੱਥ ਵਲੇਟ ਕੇ ਘੜੇ, ਕਾਹੜਣੀ ਵਿਚੋਂ ਦੁੱਧ ਜਾਂ ਪਾਣੀ ਲੈਣਾ ਹੈ।[16] ਹਰ ਚੀਜ਼ ਦੀ ਸੁੱਚ ਦਾ ਆਪਣਾ ਅੰਦਾਜ਼ ਹੈ ਦੁੱਧ ਸੁੱਚਾ ਰੱਖਣਾ ਹੈ, ਇਸ ਲਈ ਚਾਟੀ, ਕਾਹੜਣੀ, ਦੋਹਣੀ, ਬਾਲਟੀ, ਮਾਂਜ ਕੇ, ਕੂਚ ਕੇ, ਧੋ ਕੇ, ਸੁੱਕੇ ਰਖਣੇ ਹਨ। ਨਾ ਸਿਰਫ ਇਹੀ ਸਗੋਂ ਭੜੋਲੀ ਜਿਸ ਵਿਚ ਕਾਹੜਣੀ ਰਖ ਕੇ ਦੁੱਧ ਕਾਹੜਣਾ ਹੈ, ਸਗੋਂ ਮਧਾਣੀ, ਸੱਚਾ ਆਦਿ ਉਹ ਸਾਰਾ ਕੁਛ ਜੋ ਦੁੱਧ ਕਾਹੜਣ, ਰਿੜਕਣ ਦੇ ਕੰਮ ਆਉਂਦਾ ਹੈ ਉਹਨੂੰ ਪਰੋਲਾ ਮਾਰਨ ਤੋਂ ਲੈ ਕੇ ਧੋ ਕੇ ਨਿੱਤ ਸੁਕਾਉਣਾ ਹੈ। ਇੰਜ ਦੁੱਧ, ਭੜੋਲੀ, ਕਾਹੜਣੀ, ਚਾਟੀ, ਮਧਾਣੀ, ਮਧਾਣੀ ਵਾਲੇ ਸਚੇ ਨਾਲ ਇਕ ਆਪਣੇ ਕਿਸਮ ਦੀ ਸੁੱਚ ਦਾ ਸੰਕਲਪ ਜੁੜਦਾ। ਇਸ ਸੰਕਲਪ ਨਾਲ ਰੀਤੀ ਰਿਵਾਜ ਤਾਂ ਜੁੜੇ ਹੀ ਹੁੰਦੇ ਹਨ ਪਰ ਇਹਦੀ ਲੋੜ ਬੜੀ ਕਾਰਜ ਸਾਧਕ ਸੀ। **ਪੰਜਾਬ ਦੇ ਗਰਮ ਮੌਸਮ ਵਿਚ ਜਿਸ ਦਿਨ ਵੀ ਭਾਂਡੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਮਾਂਜੇ ਅਤੇ ਧੋਤੇ ਨਾ ਗਏ ਹੁੰਦੇ, ਦਹੀਂ ਨਾ ਜੰਮਦਾ, ਕਈ ਵਾਰੀ ਦੁੱਧ ਦਾ ਫੁੱਟ ਜਾਣਾ, ਦੋਵੇਂ ਹੀ ਬਦਸ਼ਗਨੀ ਦਾ ਚਿੰਨ੍ਹ ਸਮਝੇ ਜਾਂਦੇ। ਇਹ ਬਦਸ਼ਗਨੀ ਨਾ ਹੋਵੇ ਇਸ ਲਈ ਚੌਂਕੇ ਵਿਚ ਦੁੱਧ ਲਈ ਵਰਤੇ ਜਾਂਦੇ ਭਾਂਡਿਆਂ ਅਤੇ ਵਸਤਾਂ ਦੀ ਸਫ਼ਾਈ ਅਤੇ ਸੁੱਚ ਦਾ ਉਚੇਚਾ ਖਿਆਲ ਕੀਤਾ ਜਾਂਦਾ।** ਗੋਹਿਆਂ ਦੀ ਮੱਠੀ ਮੱਠੀ ਅੱਗ ਉਤੇ ਸਾਰਾ ਸਾਰਾ ਦਿਨ ਦੁੱਧ ਕੜ੍ਹਦਾ ਰਹਿੰਦਾ, ਸ਼ਾਮ ਤੱਕ ਦੁੱਧ ਕੜ੍ਹ ਕੜ੍ਹ ਕੇ ਗੇਰੂਏ ਰੰਗਾ ਹੋ ਜਾਂਦਾ, ਉਤੇ ਮੋਟਾ ਮਲਾਈ ਦਾ ਲੇਅ ਆ ਜਾਂਦਾ, ਇਹ ਦੁੱਧ ਜਦੋਂ ਕੜੇ ਵਾਲੇ ਵੱਡੇ ਗਲਾਸ ਜਾਂ ਛੰਨੇ ਵਿਚ ਪਾ ਕੇ ਪੰਜਾਬੀ ਪੀਂਦੇ ਤਾਂ ਉਹਨਾਂ ਦਾ ਖ਼ੂਨ ਦਾ ਦਬਾਅ ਵਧਦਾ ਨਾ, ਉਹਨਾਂ ਨੂੰ ਦਿਲ ਦੀ, ਸਾਹ ਦੀ ਕੋਈ ਬਿਮਾਰੀ ਦੁੱਧ ਪੀਣ ਨਾਲ ਨਾ ਹੁੰਦੀ ਕਿਉਂਕਿ ਦੁੱਧ ਵਿਚਲੀ ਤਾਕਤ ਮਲਾਈ ਦੀ ਤਹਿ ਨਾਲ ਵੱਖਰੀ ਹੋ ਚੁੱਕੀ ਹੁੰਦੀ। ਗੋਹੇ ਦੀ ਅੱਗ ਧੁੱਖਦੀ ਰਹਿੰਦੀ, ਧੁੱਖਦੀ ਰਹਿੰਦੀ, ਜਿਸ ਨਾਲ ਚੌਂਕੇ ਦੇ ਚਾਰ ਚੁਫੇਰੇ ਧੂੰਏਂ ਦੇ ਛਲੇ ਨਾਚ ਕਰਦੇ। ਇਸ ਨਾਚ ਕਰਦੇ ਧੂੰਏਂ ਨਾਲ ਚੌਂਕੇ ਦੇ ਚਾਰ ਚੁਫੇਰੇ ਮੱਖੀ ਮੱਛਰ ਨੇੜੇ ਫਟਕਣ ਦਾ ਹੀਆ ਨਾ ਕਰਦੇ। ਦੁੱਧ ਪਾਉਣ ਵਾਲੇ ਭਾਂਡਿਆਂ ਦੀ ਸੁੱਚ ਲਈ ਭੜੋਲੀ, ਆਲੇ, ਪੜਛੱਤੀਆਂ ਨੁਮਾ ਰੋਸ਼ ਚੌਕੇ ਦੀ ਉਸਾਰੀ ਵਿਚ ਸਮੋ ਲਏ ਜਾਂਦੇ।

ਦੁੱਧ ਦੇ ਨਾਲ ਨਾਲ ਪੀਣ ਵਾਲੇ ਪਾਣੀ ਦੀ ਆਪਣੀ ਸੁੱਚ ਹੁੰਦੀ, ਘੜੇ, ਸੁਰਾਹੀਆਂ, ਕੁੱਜੇ ਆਦਿ ਨੂੰ ਸਾਫ਼ ਅਤੇ ਸੁੱਚਾ ਰਖਿਆ ਜਾਂਦਾ। ਉਹ ਘੜਵੰਜੀਆਂ, ਸੱਚੇ ਅਤੇ ਨੁਮਣੇ ਜਿਥੇ ਘੜੇ ਰੱਖੇ ਜਾਣੇ ਹੁੰਦੇ, ਕਿਤੇ ਸਾਫ਼ ਕੀਤੇ ਜਾਂਦੇ, ਕਿਤੇ ਧੋਏ ਜਾਂਦੇ, ਫਿਰ ਚੁੱਲ੍ਹੇ ਨੂੰ ਵਸ ਲਗਦੇ ਰੋਜ਼ ਹੀ ਚੀਕਨੀ ਮਿੱਟੀ ਦਾ ਪਰੋਲਾ ਮਾਰਿਆ ਜਾਂਦਾ। ਚੌਂਕੇ ਵਿਚ ਚਮੜੇ ਦੀ ਜੁੱਤੀ ਲੈ ਕੇ ਜਾਣੀ ਚੌਂਕਾ ਭਿੱਟੇ ਜਾਣ ਦਾ ਪ੍ਰਤੀਕ ਮੰਨੀ ਜਾਂਦੀ, ਇਸ ਦੇ ਨਤੀਜੇ ਵਜੋਂ ਚੌਂਕੇ ਵਿਚ ਕੰਮ ਕਰਦੀਆਂ ਔਰਤਾਂ ਅਕਸਰ ਚੌਂਕੇ ਵਿਚ ਨੰਗੇ ਪੈਰੀਂ ਕੰਮ ਕਰਦੀਆਂ। ਕਈ ਘਰਾਂ ਵਿਚ ਇਹ ਗੱਲ ਰੀਤ ਵਾਂਗ ਹੀ ਪ੍ਰਚਲਿਤ ਸੀ ਕਿ ਔਰਤਾਂ ਜੰਗਲ ਪਾਣੀ (ਬਾਹਰ ਜਾਣ) ਲਈ ਵੱਖਰੀ ਜੁੱਤੀ ਰਖਦੀਆਂ ਅਤੇ ਇਹ ਜੁੱਤੀ ਚੌਂਕੇ ਤੋਂ ਬਾਹਰ ਲਾਹ ਕੇ ਹੀ ਚੌਂਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਪ੍ਰਵੇਸ਼ ਕਰਦੀਆਂ । **ਕਈ ਥਾਈਂ ਚੌਂਕੇ ਵਿਚ ਕੰਮ ਕਰਨ ਵਲ ਲਕੜ ਦੀਆਂ ਖੜਾਵਾਂ ਵਰਤੀਆਂ ਜਾਂਦੀਆਂ । ਚੌਂਕੇ ਵਿਚ ਕਿਸੇ ਵੀ ਪਲੀਤ, ਭਿੱਟੀ ਹੋਈ ਵਸਤੂ, ਵਿਚਾਰ ਅਤੇ ਮਨੁੱਖ ਲਈ ਕੋਈ ਥਾਂ ਨਾ ਹੁੰਦੀ । ਇਸੇ ਲਈ ਜੂਠੇ ਭਾਂਡੇ ਚੌਂਕੇ ਦੇ ਇਕ ਸਿਰੇ ਰੱਖੇ ਜਾਂਦੇ ਅਤੇ ਭਾਂਡੇ ਸਾਫ਼ ਕਰਕੇ ਹੀ ਚੌਂਕੇ ਵਿਚ ਲਿਜਾਏ ਜਾਂਦੇ ।**

(ਹ) ਸੁਫਾ ਜਾਂ ਬਰਾਂਡਾ : ਚੌਂਕੇ ਚੁਲ੍ਹੇ ਤੋਂ ਅੱਗੇ ਘਰ ਦੀ ਛਤੋਤ ਸੁਫੇ ਜਾਂ ਬਰਾਂਡੇ ਨਾਲ ਸ਼ੁਰੂ ਹੁੰਦੀ । ਸੁਫਾ ਉਹ ਬਾਹਰਵਾਰ ਕਮਰਾ ਹੁੰਦਾ ਜਿਸ ਵਿਚ ਘਰ ਦੇ ਕਈ ਕਮਰਿਆਂ ਦੇ ਬੂਹੇ ਖੁਲ੍ਹਦੇ ਅਤੇ ਇਹਦਾ ਬੂਹਾ ਘਰ ਦੇ ਵਿਹੜੇ ਵਿਚ ਖੁਲ੍ਹਦਾ । ਭਵਨ ਉਸਾਰੀ ਪੱਖੋਂ ਇਹ ਉਹ ਕਮਰਾ ਹੁੰਦਾ ਜਿਸਨੂੰ ਬਾਹਰੋਂ ਕੁੰਡਾ ਲਾਉਣ ਉਤੇ ਸਾਰਾ ਘਰ ਬੰਦ ਹੋ ਜਾਂਦਾ, ਸਿਵਾਏ ਵਿਹੜੇ ਅਤੇ ਡਿਉਢੀ ਦੇ । ਪਰ ਕਈ ਵਾਰੀ ਵਿਹੜੇ ਜਾਂ ਚੌਂਕੇ ਵਲ ਦੀ ਕੰਧ ਪੂਰੀ ਨਾ ਉਸਾਰ ਕੇ ਥੰਮਾਂ ਉਤੇ ਮਹਿਰਾਬਦਾਰ ਡਾਟਾਂ ਪਾ ਕੇ ਬਰਾਂਡਾ ਉਸਾਰਿਆ ਜਾਂਦਾ, ਇੰਜ ਬਰਾਂਡਾ ਸੁਫੇ ਦੀ ਥਾਂ ਲੈ ਲੈਂਦਾ ।

ਇਸ ਬਰਾਂਡੇ ਵਿਚ ਇਕ ਅੱਧ ਮੰਜਾ, ਕਿੱਲੀਆਂ, ਦੁਆਖੇ, ਆਲਿਆਂ ਅਤੇ ਰੋਸਾਂ ਦੀ ਭਰਮਾਰ ਹੁੰਦੀ । ਕਿੱਲੀਆਂ ਉੱਤੇ ਕਪੜੇ, ਦੁਆਖਿਆਂ ਉੱਤੇ ਤੇਲ ਦੇ ਦੀਵੇ, ਤੇਲ ਵਾਲੀ ਸ਼ੀਸ਼ੀ, ਕਿਸੇ ਕਿੱਲੀ ਉੱਤੇ ਕ੍ਰਿਪਾਨ, ਕਿਸੇ ਨੁੱਕਰ ਵਿਚ ਗੰਡਾਸੀ, ਕਿਸੇ ਕਿਸੇ ਘਰ ਬੰਦੂਕ ਟੰਗੀ ਹੁੰਦੀ, ਉਹ ਕਿੱਲੀ, ਨੁੱਕਰ ਜਿਥੇ ਹਥਿਆਰ ਕ੍ਰਿਪਾਨ, ਗੰਡਾਸੀ, ਨੇਜਾ, ਬਲਮ, ਬਰਛਾ, ਪਏ ਹੁੰਦੇ ਆਮ ਤੌਰ ਉਤੇ ਇਹਨਾਂ ਹਥਿਆਰਾਂ ਨੇੜੇ ਕਪੜੇ ਆਦਿ ਹੋਰ ਨਿੱਕ-ਸੁਕ ਨਾ ਟੰਗਿਆ ਹੁੰਦਾ ਤਾਕਿ ਲੋੜ ਪੈਣ ਉਤੇ ਇਹ ਹਥਿਆਰ ਸੁਖਾਲੇ ਹੀ ਚੁੱਕ ਕੇ ਵਰਤੇ ਜਾ ਸਕਣ ।

ਇਸੇ ਸੁਫੇ ਵਿਚ ਅਖੰਡ ਪਾਠ ਰਖਿਆ ਜਾਂਦਾ, ਵਿਖਾਲਾ ਪਾਇਆ ਜਾਂਦਾ, ਮੀਂਹ ਕਣੀ ਹੋਣ ਉੱਤੇ ਇਥੇ ਹੀ ਕਈ ਵਾਰੀ ਫੇਰੇ ਹੁੰਦੇ ਅਤੇ ਇਥੇ ਹੀ ਰੋਟੀ ਖੁਆਈ ਜਾਂਦੀ । ਇਹ ਸੁਫਾ ਜਾਂ ਬਰਾਂਡਾ ਬਹੁਮੁਖੀ ਲੋੜਾਂ ਦੀ ਪੂਰਤੀ ਕਰਦਾ । ਇਸੇ ਕਰਕੇ ਪਿੰਡਾਂ ਵਿਚ ਬਰਾਂਡਾ ਖੁਲ੍ਹਾ ਡੁਲ੍ਹਾ ਹੁੰਦਾ । ਆਰਥਿਕ ਪੱਖੋਂ ਬੁੜੇ ਪਤੀ ਨੇ ਜਦੋਂ ਤੀਜੇ ਪੱਖੇ ਉੱਤੇ ਕੰਧ ਉਸਾਰਣੀ ਚਾਹੀ ਤਾਂ ਉਹਦੇ ਘਰੋਂ ਬੋਲੀ "ਨਾ ਜੀ ਆਪਾਂ ਖੁੱਡ ਜਿਹੀ ਨੂੰ ਕੀ ਕਰਾਂਗੇ, ਕਲ ਨੂੰ ਧੀਆਂ ਵਿਆਹੁਣੀਆਂ ਪੰਜ ਮੰਜੇ ਕਿਥੇ ਡਾਹਾਂਗੇ" ਸਿਆਣੇ ਮਿਸਤਰੀ ਨੇ ਬੀਬੀ ਦੀ ਗਲ੍ਹ ਵੱਡੀ ਕਰਦੇ ਕਿਹਾ, "ਸਰਦਾਰਾ ਘਰ ਕੋਈ ਰੋਜ ਥੋੜੇ ਬਣਦੇ ਆ ਐਤਕੀਂ ਤਿੰਨ ਪੱਖੇ ਪਾ ਲਉ ਅਤੇ ਅੱਗੇ ਹੋਰ ਬਣਾਉਣ ਲਈ ਦਾੜਾ ਛੱਡ ਲਉ ਕਣਕ ਉੱਤੋਂ ਤਿੰਨ ਚਾਰ ਹੋਰ ਪਖਿਆਂ ਦਾ ਛੱਤਣ ਲੈ ਆਇਉ, ਘਰ ਦੀ ਨਾਲੇ ਟੌਹਰ ਬਣ ਜਾਊ ਨਾਲੇ ਵੇਲੇ ਕੁਵੇਲੇ ਚਾਰ ਜੀਆਂ ਦਾ ਸਿਰ ਲਕੋ ਹੋ ਜਾਊ ।"[17]

ਜਿਵੇਂ ਪਹਿਲੇ ਕਿਹਾ ਜਾ ਚੁੱਕਾ ਹੈ ਇਸ ਸੁਫੇ ਜਾਂ ਬਰਾਂਡੇ ਵਿਚ ਆਲੇ, ਰੋਸ, ਪੜਛੱਤੀਆਂ, ਦੁਆਖਿਆਂ, ਕਿੱਲੀਆਂ ਦੀ ਭਰਮਾਰ ਹੁੰਦੀ । **ਪਹਿਲੀ ਨਜ਼ਰੇ ਦੇਖਣ ਉੱਤੇ ਸੁਫੇ ਜਾਂ ਬਰਾਂਡੇ ਵਿਚ ਪਈ ਹਰ ਚੀਜ਼ ਉੱਘੜ ਦੁੱਘੜੀ ਲੱਗਦੀ । ਪਰ ਅਸਲ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਇੰਜ ਨਾ ਹੁੰਦਾ । ਦੁਆਖ ਉੱਤੇ ਦੀਵੇ ਦੇ ਕੋਲ ਹੀ ਤੇਲ ਵਾਲੀ ਸ਼ੀਸ਼ੀ ਹੁੰਦੀ, ਕਿਸੇ ਆਲੇ ਵਿਚ ਰੂੰ ਵਾਲਾ ਛਿਕੂ, ਪੂਣੀਆਂ, ਸੂਤਰ ਦੀਆਂ ਅੱਟੀਆਂ, ਤੱਕਲਾ, ਤਕਲੇ ਦੀਆਂ ਚਿੜੀਆਂ, ਚਰਖੇ ਦੀ ਮਾਹਲ, ਲੱਠ ਆਦਿ ਪਈਆਂ ਹੁੰਦੀਆਂ, ਅਟੇਰਣ ਪਿਆ ਹੁੰਦਾ । ਕਿਸੇ ਆਲੇ ਵਿਚ ਬੱਚਿਆਂ ਦੇ ਗੁੱਡੀਆਂ ਪਟੋਲੇ, ਕਿਸੇ ਵਿਚ ਵੇਲੇ ਕੁਵੇਲੇ ਲਈ ਸਾਂਭ ਕੇ ਰੱਖੀ ਕੋਈ ਫੱਕੀ, ਨੌਸ਼ਾਦਰ, ਜਵੈਣ, ਮੁਰੱਬਾ, ਆਚਾਰ ਹੁੰਦਾ, ਕਿਸੇ 'ਚ ਪੁਰਾਣੇ ਕਿੱਸੇ, ਹੱਥ ਲਿਖਤਾਂ, ਪੋਥੀ, ਪੰਜ ਗਰੰਥੀ ਜਾਂ ਫਿਰ ਵਹੀਆਂ, ਜੰਤਰੀਆਂ, ਗੁਟਕੇ, ਰਹਿਲਾ ਪਈਆਂ ਹੁੰਦੀਆਂ, ਅਜਿਹੇ ਆਲੇ ਨੂੰ ਜ਼ਿਆਦਾਤਰ ਸਾਫ਼ ਰੱਖਿਆ ਜਾਂਦਾ ਅਤੇ ਸੁੱਚੇ ਕਰਕੇ ਹੱਥ ਲਾਏ ਜਾਂਦੇ । ਕਿੱਲੀਆ ਉੱਤੇ ਕਪੜਿਆਂ ਦੇ ਨਾਲ ਨਾਲ ਨੱਥਾ, ਨਾੜਕੇ, ਖੋਪੇ, ਛਾਂਟਾ, ਪਖੋਰਨੇ, ਹਮੇਲਾ, ਟੱਲੀਆਂ, ਘੁੰਗਰੂ ਟੰਗੇ ਹੁੰਦੇ । ਕਿਸੇ ਆਲੇ ਦੁਆਖੇ ਵਿਚ ਲੋਹੇ ਦੇ ਕਿੱਲ, ਕੋਕੇ, ਵਾਛਲਾਂ, ਹਥੌੜੀਆਂ, ਹਲਾਂ ਦੇ ਕਾਂਬਲੇ, ਫਾਲੇ, ਪੱਠੇ ਕੁਤਰਣ ਵਾਲਾ ਹੱਥਾਂ ਨਾਲ ਟੁਕਦਾ ਟੋਕਾ ਪਿਆ ਹੁੰਦਾ ।

ਜੇ ਰਸੋਈ ਦੇ ਸਮਾਨ ਲਈ (ਆਟੇ, ਦਾਲ, ਭਾਂਡਿਆਂ ਆਦਿ ਲਈ ਵੱਖਰਾ ਕਮਰਾ ਜਾਂ ਕੋਠੜੀ ਨਾ ਹੁੰਦੀ) ਤਾਂ ਅਜਿਹੀ ਹਾਲਤ ਵਿਚ ਸੁਫੇ ਜਾਂ ਬਰਾਂਡੇ ਦੇ ਇਕ ਪਾਸੇ ਭੜੋਲੇ ਭੜੋਲੀਆਂ ਘੜਿਆਂ ਦੀ ਇਕ ਉਤੇ ਦੂਜਾ ਟਿਕਾ ਕੇ ਜੋੜੀ ਕਤਾਰ ਲੱਗੀ ਹੁੰਦੀ; ਹੇਠਲੇ ਘੜੇ ਚੌੜੇ ਅਤੇ ਵੱਡੇ ਉਪਰਲੇ ਛੋਟੇ । ਇਹਨਾਂ ਘੜਿਆਂ ਵਿਚ ਆਚਾਰ, ਚੌਲ, ਸ਼ੱਕਰ, ਗੁੜ, ਮੁਰੱਬੇ ਆਦਿ ਵਸਤਾਂ ਸਾਂਭੀਆਂ ਹੁੰਦੀਆਂ । ਪੜਛੱਤੀ ਉੱਤੇ ਲਿਸ਼ਕਾ ਕੇ ਭਾਂਡੇ ਟਿਕਾਏ ਹੁੰਦੇ । ਕਈ ਘਰਾਂ ਵਿਚ ਸੁਫੇ ਜਾਂ ਬਰਾਂਡੇ ਵਿਚ ਪੜਛੱਤੀ ਤਾਂ ਭਾਵੇਂ ਹੁੰਦੀ ਪਰ ਆਟੇ, ਦਾਲ, ਲੂਣ, ਆਚਾਰ ਆਦਿ ਲਈ ਘੜੇ ਅਤੇ ਭੜੋਲੀਆਂ, ਭੜੋਲੇ ਪਿਛਲੀ ਕੋਠੜੀ ; ਜੋ ਬਹੁਤੀਆਂ ਹਾਲਤਾਂ ਵਿਚ ਸੁਫੇ ਜਾਂ ਬਰਾਂਡੇ ਦੇ ਪਿਛੇ ਹੋਣ ਕਰਕੇ ਹਨੇਰੀ ਹੁੰਦੀ, ਵਿਚ ਰਖੇ ਜਾਂਦੇ ।

ਖਾਸ ਕਰਕੇ ਜਿਨ੍ਹਾਂ ਦਿਨਾਂ ਵਿਚ ਮੀਂਹ ਕਣੀ ਹੁੰਦੀ ਜਾਂ ਬਾਹਰ ਸੀਤ ਲਹਿਰ ਚਲ ਰਹੀ ਹੁੰਦੀ, ਸੁਫੇ/ਬਰਾਂਡੇ ਵਿਚ ਵਿਹੜੇ ਦੇ ਕਈ ਕਾਰਜ ਸਮੋਂ ਜਾਂਦੇ । ਚਾਂਵਾਂ ਚੁਲ੍ਹਾ ਸੁਫੇ ਵਿਚ ਆ ਟਿਕਦਾ । ਬਾਰਿਸ਼ ਦੇ ਦਿਨਾਂ ਵਿਚ ਇਸ ਚਾਂਵੇਂ ਚੁੱਲ੍ਹੇ ਉਤੇ ਖੀਰ ਬਣਦੀ, ਪੂੜੇ ਅਤੇ ਮਾਲ ਪੂੜੇ ਤਲੇ ਜਾਂਦੇ; ਫਿਰ ਤਲੇ ਜਾਂਦੇ ਪੂੜਿਆਂ ਕੋਲ ਆਟੇ ਵਿਚ ਗੁੜ ਘੋਲੀ ਗਈ ਪਰਾਤ ਕੋਲ ਬੱਚੇ ਬੜੇ ਬੇਸਬਰੇ ਹੋ ਕੇ ਪਹਿਲੇ ਪੂੜੇ ਲਹਿਣ ਦਾ ਇੰਤਜ਼ਾਰ ਕਰਦੇ ਤੇ ਗਾਉਂਦੇ, "ਪਹਿਲਾ ਪੂੜਾ ਚਿੜੀਆਂ ਕਾਵਾਂ, ਦੂਜਾ ਪੂੜਾ ਮੱਝਾਂ ਗਾਵਾਂ, ਤੀਜਾ ਪੂੜਾ ਭੈਣ ਭਰਾਵਾਂ" ।[18] ਪੂੜੇ ਖੀਰ ਅੰਬ ਦੇ ਆਚਾਰ ਨਾਲ ਖਾਂਦੇ । ਇਹ ਜੀਅ ਕਦੀ ਵੀ ਖਿਆਲ ਨਾ ਕਰਦੇ ਕਿ ਚਾਵੇਂ ਚੁੱਲ੍ਹੇ ਨਾਲ ਕਮਰੇ ਵਿਚ ਕਿੰਨਾ, ਧੂੰਆਂ ਕਿੰਨਾ ਹੁੰਮਸ ਹੈ । ਅਤੇ ਪੂੜੇ ਤਲਣ ਵਾਲੀ ਬੀਬੀ, ਤਾਈ, ਚਾਚੀ ਦੀ ਧੂੰਏ ਅਤੇ ਸੇਕ ਨਾਲ ਪਸੀਨਾ ਆ ਆ ਕੇ ਕਿੰਨੀ ਕਮੀਜ਼ ਭਿੱਜ ਗਈ ਹੈ, ਉਹਦੀਆਂ ਅੱਖਾਂ ਕਿੰਨੀਆਂ ਲਾਲ ਹੋ ਗਈਆਂ ਹਨ । ਇਸ ਧੂੰਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਕੇ ਅਕਸਰ ਸੂਫੇ ਅਤੇ ਬਰਾਂਡੇ ਦਾ ਰੰਗ ਧੂੰਆਂਖਲਾ ਅਤੇ ਛੱਤਾਂ ਧੂੰਆਂਖੀਆਂ ਧੂੰਆਂਖੀਆਂ ਲਗਦੀਆਂ।

ਸਿਆਲ ਵਿਚ ਇਹੀ ਸੁਫਾ ਜਾਂ ਬਰਾਂਡਾ ਥੋੜ੍ਹਾ ਹੋਰ ਤਰ੍ਹਾਂ ਪੇਸ਼ ਆਉਂਦਾ ਦੀਵੇ ਦੀ ਟਿਮਟਿਮਾਉਂਦੀ ਲੋਅ ਉਤੇ ਬੇਬੇ ਚਰਖੇ ਤੇ ਸੂਤ ਦੇ ਮੂਢੇ ਲਾਹ ਰਹੀ ਹੁੰਦੀ, ਪੁੱਤ ਗਰਮ ਪਾਣੀ ਨਾਲ ਪੈਰ ਹੱਥ ਧੋ ਕੇ ਖੇਤਾਂ ਵਿਚ ਕੀ ਕੁਝ ਹੋ ਰਿਹਾ ਹੈ, ਬੇਬੇ ਨੂੰ ਦਸ ਰਿਹਾ ਹੁੰਦਾ। ਨੂੰਹ ਰੋਟੀ ਪਾਣੀ ਦਾ ਆਹਰ ਪਾਹਰ ਕਰ ਰਹੀ ਹੁੰਦੀ, ਵੱਡੀ ਧੀ ਭੈਣ ਸਾਰੇ ਜੀਆਂ ਨੂੰ ਰੋਟੀ ਪਾਣੀ ਵਰਤਾਉਂਦੀ, ਉਹਨਾਂ ਦੀਆਂ ਮੰਜੀਆਂ ਡਾਹ ਕੇ ਬਿਸਤਰੇ ਵਿਛਾਉਂਦੀ। ਬੱਚੇ ਬੇਬੇ ਨੂੰ ਚਰਖਾ ਛੱਡ ਬਾਤ ਪਾਉਣ ਲਈ ਕਹਿੰਦੇ। ਕੋਈ ਬੇਬੇ ਨੂੰ ਇਧਰੋਂ ਜੱਫੀ ਪਾਉਂਦਾ ਕੋਈ ਉਧਰੋਂ, ਕੋਈ ਸੂਤ ਦੀ ਤੰਦ ਤੋੜਦਾ, ਕੋਈ ਤਕਲਾ ਫੜ ਬਹਿੰਦਾ। ਚਰਖੇ ਦੇ ਚੁੱਕੇ ਜਾਂਦਿਆਂ ਹੀ ਬੱਚੇ ਮੰਜੀਆਂ ਪਲੰਘੀਰੀਆਂ ਉਤੇ ਬੇਬੇ ਦੇ ਕੋਲ ਇਕੱਠੇ ਹੋ ਜਾਂਦੇ। ਫਿਰ ਬੇਬੇ ਬਾਤ ਸ਼ੁਰੂ ਕਰਦੀ, 'ਇਕ ਸੀ ਪਰੀ, ਇਕ ਸੀ ਰਾਜਾ, ਇਕ ਸੀ ਦੂੰਬੀ, ਇਕ ਸੀ ਚਿੱਬੜ, ਇਕ ਸੀ ਅੱਧਾ ਭਾਈ।' ਲੋਕ ਕਹਾਣੀਆਂ ਕਹਿੰਦੇ ਕਹਿੰਦੇ ਕਦੋਂ ਗੁਰੂਆਂ ਦੀਆਂ ਸਾਖੀਆਂ, ਰਾਮਾਇਣ, ਮਹਾਂਭਾਰਤ ਦੀਆਂ ਕਥਾਵਾਂ ਸ਼ੁਰੂ ਹੋ ਜਾਂਦੀਆਂ, ਕਦੋਂ ਦੇਵੀ ਦੇਵਤਿਆਂ ਅਤੇ ਦੈਂਤਾਂ ਦੀ ਲੜਾਈ ਆ ਜਾਂਦੀ। ਬੱਚਿਆਂ ਦੇ ਉਘਲਾਂਦੇ ਜ਼ਿਹਨ ਵਿਚ, ਹਨੂੰਮਾਨ ਦੇ ਪੂਛ ਨਾਲ ਲੰਕਾ ਸਾੜਨ ਦੇ ਵਰਣਨ ਨਾਲ ਕੁਝ ਚੇਤੰਨ ਹੁੰਦੇ। ਕੋਈ ਪੁੱਛ ਲੈਂਦਾ ਲੰਕਾ ਸਾੜਦੇ ਹੋਏ ਹਨੂੰਮਾਨ ਨੂੰ ਆਪ ਸੇਕ ਕਿਵੇਂ ਨਾ ਲੱਗਾ? ਉਸ ਬੱਚੇ ਤੋਂ ਕੋਈ ਵੱਡਾ ਬੱਚਾ ਰਿਸ਼ਤੇਦਾਰ ਉਹਨੂੰ ਸਮਝਾਉਂਦਾ, 'ਸ਼ੁਦਾਈਆ ਦੇਵਤਿਆਂ ਨੂੰ ਵੀ ਕਦੀ ਸੇਕ ਲੱਗਾ ਏ।"[19]

ਦਾਦੀ ਦੀਆਂ, ਬੇਬੇ ਦੀਆਂ ਇਹਨਾਂ ਕਹਾਣੀਆਂ ਵਿਚ ਸੱਚ ਧਰਮ, ਦੋਸਤੀ, ਕੁਦਰਤ ਦੀ ਪੂਜਾ, ਪਸ਼ੂ ਪੰਛੀਆਂ ਨਾਲ ਪਿਆਰ, ਬਿਰਾਦਰੀ, ਆਪਸੀ ਭਾਈਚਾਰਾ, ਮੇਲ ਜੋਲ; ਇਮਾਨਦਾਰੀ ਲੋਕਾਂ ਲਈ, ਦੇਸ਼ ਲਈ, ਧਰਮ ਲਈ, ਆਪਾ ਵਾਰਨਾ; ਕੁਰਬਾਨੀ ਜੋਸ਼ ਜਜ਼ਬਿਆਂ ਦੇ ਵਲਵਲੇ, ਅਰਜਨ, ਭੀਮ, ਲਛਮਣ, ਗਾਮੇ ਭਲਵਾਨ, ਵਰਗੇ ਸੂਰਮੇ; ਹਰੀ ਸਿੰਘ ਨਲੂਏ; ਸਿੰਘਾਂ, ਸ਼ਹੀਦਾਂ, ਨਿਹੰਗਾਂ ਦੇ ਜੁਝਾਰੂ ਕਾਰਨਾਮੇ ਆਦਿ ਵਿਸ਼ਿਆਂ ਦੁਆਲੇ ਬਾਤਾਂ ਘੁੰਮਦੀਆਂ। ਇਹ ਬਾਤਾਂ ਬੱਚੇ ਨੂੰ ਗੁੜ੍ਹਤੀ ਵਾਂਗ ਉਹਦੇ ਵਿਰਸੇ ਨਾਲ ਜਾਣੂ ਕਰਾਉਂਦੀਆਂ ਅਤੇ ਉਹਦੇ ਚਰਿਤਰ ਨਿਰਮਾਣ ਵਿਚ ਨਿੱਗਰ ਯੋਗਦਾਨ ਪਾਉਂਦੀਆਂ। ਸਿਆਲ ਵਿਚ ਇਨ੍ਹਾਂ ਕਹਾਣੀਆਂ ਦਾ ਪਿੜ ਸੁਫਾ ਹੁੰਦਾ।

ਬਜ਼ੁਰਗ ਮਰਦ ਤੋਂ ਬਿਨਾਂ ਕਿਸੇ ਵੀ ਜੀਅ ਦੇ ਬਿਮਾਰ ਹੋਣ ਉੱਤੇ ਉਹਦੀ ਮੰਜੀ ਸੁਫੇ 'ਚ ਡਾਹੀ ਜਾਂਦੀ। ਇਥੇ ਰੋਗੀ ਇਕ ਪਾਸੇ ਔਰਤਾਂ ਅਤੇ ਬੱਚਿਆਂ ਵਿਚਕਾਰ ਹੋਣ ਕਰਕੇ ਹੁਸੜਦਾ ਨਾ, ਉਥੇ ਦੂਜੇ ਪਾਸੇ ਉਹਦੀ ਖ਼ਬਰ ਸਾਰ ਲਈ ਆਏ ਬਿਰਾਦਰੀ ਦੇ ਜੀਆਂ ਦੀ ਚਾਹ ਪਾਣੀ ਦੀ ਪੁੱਛ ਗਿੱਛ ਸੁਖਾਲੀ ਹੋ ਜਾਂਦੀ। ਇਸ ਸੁਫੇ 'ਚ ਨਵੇਂ ਜੰਮੇ ਬੱਚੇ ਨੂੰ ਜਨਮ ਤੋਂ ਥੋੜੇ ਦਿਨਾਂ ਬਾਅਦ ਪਾ ਦਿੱਤਾ ਜਾਂਦਾ। ਇਹੋ ਜਿਹੀ ਹਾਲਤ 'ਚ ਸੂਫੇ ਦੇ ਬੂਹੇ ਅੱਗੇ ਮੌਲੀ ਦੀਆਂ ਤੰਦਾਂ ਅਤੇ ਸ਼ਰੀਂਹ ਦੇ ਪੱਤੇ ਬੱਝ ਜਾਂਦੇ। ਇਸ ਸੁਫੇ ਵਿਚ, ਸਿਆਲ ਵਿਚ ਤ੍ਰਿੰਞਣ ਦੀਆਂ ਬੋਲੀਆਂ ਚਰਖੇ ਦੀ ਘੂਕਰ, ਦਰੀਆਂ ਬੁਣਨ ਲਈ ਅੱਡਾ ਲਾਇਆ ਜਾਂਦਾ, ਰਾਂਗਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਲੰਘ ਉਣੇ ਜਾਂਦੇ, ਨਵਾਰ, ਨਾਲ ਬਣਾਏ ਜਾਂਦੇ, ਚਾਦਰਾਂ ਮੇਜ਼ਪੋਸ਼, ਸਿਰਹਾਣੇ, ਫੁੱਲਕਾਰੀਆਂ, ਬਾਗ ਕੱਢੇ ਜਾਂਦੇ। ਇਸੇ ਸੁਫੇ 'ਚ ਜੁਆਈ ਜਾਂ ਨੂੰਹ ਨੂੰ ਵਿਆਹ ਤੋਂ ਬਾਅਦ ਬਿਠਾ ਕੇ ਬਿਰਾਦਰੀ ਦਾ ਲੈਣ ਦੇਣ ਕੀਤਾ ਜਾਂਦਾ, ਜੀਜੇ ਸਾਲੀ ਦੇ ਮਖੌਲ, ਦਿਉਰ ਭਾਬੀਆਂ ਦੀਆਂ ਰਮਜ਼ਾਂ, ਦਾਜ ਵਰੀ ਦੀ ਚਿਲਕੋਰ, ਪੰਜੀਰੀ ਦੀ ਮਹਿਕ, ਸੁਫੇ ਵਿਚ ਸਭਿਆਚਾਰਕ ਰੰਗ ਵੀ ਹੁੰਦੇ, ਮਹਿਕ ਵੀ, ਹੇਕਾਂ ਵੀ, ਜਾਤ ਬਿਰਾਦਰੀ ਦਾ ਦੁਖ ਸੁਖ ਵੀ ਅਤੇ ਸੁਹਜਮਈ ਹੱਥਾਂ ਦੀ ਸ਼ਿੰਗਾਰਮਈ ਸਿਰਜਣਾਤਮਕ ਪ੍ਰਕਿਰਿਆ ਵੀ। ਇਸ ਸੁਫੇ ਵਿਚ ਕੱਚ ਦੀਆਂ ਚੂੜੀਆਂ ਦੀ ਜਲਤਰੰਗ ਵਰਗੀ ਆਵਾਜ਼ ਵੀ ਹੁੰਦੀ, ਪੈਰ ਦੀਆਂ ਝਾਂਜਰਾਂ, ਕਦੀ ਇੰਨਾ ਪੈਰ ਨੱਪ ਕੇ ਨੂੰਹਾਂ ਤੁਰਦੀਆਂ ਜਿਵੇਂ ਬੇਬੇ ਤੇ ਬਾਪੂ ਜੀ ਕੋਲੋਂ ਆਵਾਜ਼ ਲੁਕਾ ਰਹੀਆਂ ਹੋਣ। ਇਹੀ ਝਾਂਜਰਾਂ ਘਰ ਵਿਚ ਕਿਸੇ ਸਮਾਗਮ ਤੇ ਇੰਨਾ ਖਰੂਦਮਈ ਨਾਚ ਨੱਚਦੀਆਂ ਕਿ ਗਲੀ ਗਲੀ ਛਲਕਾਟਾ ਪੈ ਜਾਂਦਾ। ਕਦੀ ਇਸ ਸੁਫੇ ਦੇ ਮੰਜਿਆਂ ਥੱਲੇ ਗੰਢੇ, ਥੋਮ, ਖਿਲ੍ਹਾਰ ਕੇ ਰਖਿਆ ਜਾਂਦਾ ਅਤੇ ਕਦੀ ਫ਼ਸਲ ਆਉਣ ਉਤੇ ਮੰਜੇ ਚੁੱਕ ਕੇ ਸੁਫਾ ਜਿਨਸ ਦੀਆਂ ਬੋਰੀਆਂ ਨਾਲ ਨੱਕੋ ਨੱਕ ਭਰ ਜਾਂਦਾ।

(ਕ) ਕੋਠੜੀਆਂ : ਬਰਾਂਡੇ ਅਤੇ ਸੁਫੇ ਤੋਂ ਬਾਅਦ ਘਰ ਦੇ ਪਿਛਲੇ ਕਮਰਿਆਂ ਨੂੰ ਕੋਠੜੀਆਂ ਕਿਹਾ ਜਾਂਦਾ। ਪਿਛਲੇ ਘਰਾਂ ਨਾਲ ਕੰਧ ਸਾਝੀ ਹੋਣ ਕਰਕੇ ਇਨ੍ਹਾਂ ਕੋਠੜੀਆਂ ਨੂੰ ਬੂਹੇ ਬਾਰੀਆਂ ਅਤੇ ਰੋਸ਼ਨਦਾਨ ਬਹੁਤ ਘੱਟ ਲਗੇ ਹੁੰਦੇ। ਸਿਰਫ ਬਰਾਂਡੇ ਜਾਂ ਸੁਫੇ ਵਿਚੋਂ ਇਕ ਕੋਠੜੀ ਨੂੰ ਇਕ ਬੂਹਾ ਹੁੰਦਾ, ਨਾ ਤਾਂ ਇਨ੍ਹਾਂ ਵਿਚ ਤਾਜੀ ਹਵਾ ਇਧਰੋਂ ਉਧਰ ਰੁਮਕਦੀ ਅਤੇ ਨਾ ਹੀ ਪੂਰੀ ਸੂਰਜ ਦੀ ਰੋਸ਼ਨੀ। ਇਸ ਕਰਕੇ ਕੋਠੜੀਆਂ ਹਨੇਰੀਆਂ ਅਤੇ ਸਲ੍ਹਾਬੇ ਭਰੀਆਂ ਹੁੰਦੀਆਂ। ਪਰ ਪੰਜਾਬ ਦੇ ਗਰਮ ਮੌਸਮ ਵਿਚ ਇਹ ਕੋਠੜੀਆਂ ਬਾਹਰ ਨਾਲੋਂ ਠੰਡੀਆਂ ਅਤੇ ਸਿਆਲ ਵਿਚ ਨਿੱਘੀਆਂ ਹੁੰਦੀਆਂ। ਪਿਛਲੇ ਘਰ ਨਾਲ ਕੰਧ ਸਾਂਝੀ ਹੋਣ ਕਰਕੇ ਇਹ ਕੋਠੜੀਆਂ ਸੁਰੱਖਿਆ ਪੱਖੋਂ ਮਹਿਫੂਜ਼ ਅਤੇ ਉੱਤਮ ਹੁੰਦੀਆਂ, ਇਸੇ ਕਰਕੇ ਘਰ ਦਾ ਕੀਮਤੀ ਕੱਪੜਾ, ਗਹਿਣਾ ਗੱਟਾ ਅਤੇ ਨਕਦ ਪੈਸਾ ਧੇਲਾ ਇਨ੍ਹਾਂ ਕੋਠੜੀਆਂ ਵਿਚ ਰਖਿਆ ਜਾਂਦਾ। ਜਿਥੇ ਕੋਠੜੀ ਦੀ ਪਿਛਲੀ ਕੰਧ ਨਾਲ ਦੇ ਘਰ ਨਾਲ ਸਾਂਝੀ ਨਾ ਹੁੰਦੀ, ਉਥੇ ਕੋਠੜੀ ਨੂੰ ਹਮੇਸ਼ਾਂ ਸੰਨ ਲਗਣ ਦਾ ਅੰਦੇਸ਼ਾ ਰਹਿੰਦਾ। ਜਿਥੇ ਕੰਧ ਸਾਂਝੀ ਹੁੰਦੀ ਉਥੇ ਜਦ ਚੋਰਾਂ ਨੂੰ ਸੂਹ ਹੁੰਦੀ ਕਿ ਵਿਆਹ ਸਮਾਗਮ ਲਈ ਗਹਿਣਾ ਗੱਟਾ ਬਣਿਆ ਹੈ ਜਾਂ ਨਵੀਂ ਫ਼ਸਲ ਕਰਕੇ ਘਰ ਵਿਚ ਨਕਦੀ ਹੈ, ਉਹ ਕੋਠੜੀ ਦੀ ਛੱਤ ਪਾੜ ਕੇ ਚੋਰੀ ਕਰਦੇ।

ਸਵੇਰ ਤੋਂ ਲੈ ਕੇ ਸ਼ਾਮ ਤਕ ਇੰਨਾ ਕੋਠੜੀਆਂ ਦੀ ਬਹੁਤੀ ਵਰਤੋਂ ਨਾ ਹੁੰਦੀ, ਮਰਦ ਬਾਹਰ ਹਵੇਲੀ ਜਾਂ ਖੇਤਾਂ ਵਿਚ ਹੁੰਦੇ ਅਤੇ ਔਰਤਾਂ ਬੱਚੇ ਵਿਹੜੇ ਬਰਾਂਡੇ ਜਾਂ ਸੁਫੇ ਵਿਚ। ਹਨੇਰੀਆਂ ਅਤੇ ਹੁੰਮਸ ਭਰੀਆਂ ਹੋਣ ਕਰਕੇ ਇਨ੍ਹਾਂ ਕੋਠੜੀਆਂ ਵਿਚ ਚੂਹੇ, ਕਿਰਲੀਆਂ ਨੂੰਹੇ ਅਤੇ ਸੱਪਾਂ ਆਦਿ ਦੀ ਚਹਿਲ ਪਹਿਲ ਰਹਿੰਦੀ। ਕਈ ਤਾਂ ਇੰਨੀਆਂ ਹਨੇਰੀਆਂ ਹੁੰਦੀਆਂ ਕਿ ਦਿਨੇ ਵੀ ਕੋਈ ਲੈਂਪ, ਦੀਵਾ ਲੈ ਕੇ ਉਥੋਂ ਕੋਈ ਚੀਜ਼ ਚੁੱਕੀ ਜਾਂ ਰੱਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਸਕਦੀ।

ਇਕੋ ਘਰ ਵਿਚ ਕਈ ਕਈ ਕੋਠੜੀਆਂ ਦਾ ਸੰਕਲਪ ਤਾਂ ਸੀ ਪਰ ਨਾਲੋਂ ਨਾਲ ਇਕੋ ਕੋਠੜੀ ਦੀ ਬਹੁ ਮੰਤਵੀ ਵਰਤੋਂ ਦਾ ਸੰਕਲਪ ਜ਼ਿਆਦਾ ਪ੍ਰਚਲਿਤ ਸੀ। ਕੋਠੜੀ ਵਿਚ ਡੰਗਰਾਂ ਨੂੰ ਪਾਉਣ ਲਈ ਆਟਾ, ਦਲੀਆ, ਸੂੜਾ, ਖਲ, ਰੱਖੀ ਜਾਂਦੀ, ਖੇਤੀ ਲਈ ਕਣਕ, ਛੋਲਿਆਂ, ਜਵਾਰ, ਬਰਸੀਮ, ਸਰੋਂ, ਤੋਰੀਆਂ ਦੇ ਬੀਅ ਰੱਖੇ ਜਾਂਦੇ। ਟੱਬਰ ਦੇ ਖਾਣ ਲਈ ਆਨਾਜ ਵੱਡੇ ਵੱਡੇ ਭੜੋਲੇ, ਭੜੋਲੀਆਂ ਅਤੇ ਆਰਜੀ ਕੋਠੀਆਂ ਬਣਾ ਕੇ ਰਖਿਆ ਜਾਂਦਾ। ਕਈ ਘਰਾਂ ਵਿਚ ਸਿਆਲ ਵਿਚ ਪਸ਼ੂ ਵੀ ਇਨ੍ਹਾਂ ਕੋਠੜੀਆਂ 'ਚ ਬੱਝਦੇ। ਕਿਸੇ ਕੋਠੜੀ ਦੇ ਇਕ ਪਾਸੇ ਆਏ ਦਾਜ ਦੀ ਪੇਟੀ ਹੁੰਦੀ, ਦੂਸਰੇ ਪਾਸੇ ਇਕ ਮੰਜੀ ਡਾਹ ਕੇ ਉਤੋਂ ਨਿੱਤ ਵਰਤੋਂ ਵਿਚ ਆਉਂਦੇ ਬਿਸਤਰੇ, ਤਲਾਈਆਂ, ਰਜਾਈਆਂ, ਖੇਸ, ਚਾਦਰਾਂ, ਸਿਰਹਾਣੇ ਆਦਿ ਰਖੇ ਜਾਂਦੇ। ਕਈ ਕੋਠੜੀਆਂ ਵਿਚ ਦੇਸੀ ਦਾਰੂ ਕੱਢਣ ਲਈ ਕਾਰਖਾਨਾ ਚਲਦਾ ਹੁੰਦਾ ਜਦਕਿ ਉਹ ਪਿੰਡ ਜਾਂ ਘਰ ਜਿਥੇ ਬਾਲਣ ਦੀ ਘਾਟ ਹੁੰਦੀ, ਉਥੇ ਕੋਠੜੀਆਂ ਵਿਚ ਬਾਲਣ ਰੱਖਿਆ ਜਾਂਦਾ, ਪਾਥੀਆਂ ਦੇ ਢੇਰ, ਮਣਛਿੱਟੀ, ਢਿੰਢਣ, ਮਕੱਈ ਦੇ ਟਾਂਡੇ, ਟਾਲੀਆਂ ਕਿੱਕਰਾਂ ਦੇ ਛਾਪੇ, ਕਮਾਦ ਦੀਆਂ ਪੱਛੀਆਂ ਆਦਿ।

ਵੇਲੇ ਕੁਵੇਲੇ ਇੰਨ੍ਹਾਂ ਕੋਠੜੀਆਂ ਵਿਚ ਸੌਣ ਲਈ ਮੰਜੇ ਵੀ ਡਾਹੇ ਜਾਂਦੇ। ਜੇ ਪੁੱਤ ਫੌਜੀ ਹੈ ਤਾਂ ਸੱਸ ਨੂੰਹ ਦਾ ਮੰਜਾ ਕੋਠੜੀ ਵਿਚ ਡੁਹਾ ਕੇ ਆਪਣੀ ਮੰਜੀ ਬੂਹਾ ਮਲ ਕੇ ਡਾਹੁੰਦੀ। ਜੇ ਧੀ ਮਾਈਏਂ ਪਈ ਹੈ ਤਾਂ ਉਹਦਾ ਮੰਜਾ ਉਸਦੀ ਕਿਸੇ ਭੈਣ ਜਾਂ ਮਾਸੀ ਭੂਆ ਨਾਲ ਕੋਠੜੀ ਵਿਚ ਡਾਹਿਆ ਜਾਂਦਾ। ਕਮਰਿਆਂ ਦੀ ਘਾਟ ਅਤੇ ਚੁਬਾਰੇ ਦੀ ਅਣਹੋਂਦ ਕਰਕੇ ਸਿਆਲ ਰੁੱਤੇ ਹੋਏ ਕਈ ਵਿਆਹਵਾਂ ਦੀਆਂ ਸੁਹਾਗ ਰਾਤਾਂ ਕੋਠੜੀਆਂ ਵਿਚ ਮਨਾਈਆਂ ਜਾਂਦੀਆਂ। ਇਨ੍ਹਾਂ ਕੋਠੜੀਆਂ ਵਿਚ ਹੀ ਪਿੰਡਾਂ ਦੀਆਂ ਦਾਈਆਂ ਆ ਕੇ ਬੱਚੇ ਦਾ ਜਨਮ ਕਰਾਉਂਦੀਆਂ। ਭਾਵ ਜੋ ਕੁਝ ਲੁਕਾ ਕੇ, ਸੰਭਾਲ ਕੇ, ਉਹਲਾ ਕਰਕੇ ਰਖਣਾ ਹੈ, ਉਹ ਕੋਠੜੀ ਵਿਚ ਰਖਣਾ ਹੈ। ਇੰਜ ਕੋਠੜੀ ਉਹਲੇ, ਪੜਦੇ ਅਤੇ ਲੁਕਾ ਕੇ ਰੱਖੀਆਂ ਗਈਆਂ ਚੀਜ਼ਾਂ ਵਸਤਾਂ ਦਾ ਪ੍ਰਤੀਕ ਹੋ ਨਿਬੜਦੀ। ਇਥੋਂ ਤਕ ਕਿ ਪਿੰਡਾਂ ਵਿਚ ਚੋਰੀ ਕਰਕੇ ਲਿਆਂਦੇ ਮਾਲ ਡੰਗਰ ਕਿੰਨਾ ਕਿੰਨਾ ਸਮਾਂ ਪਿਛਲੀਆਂ ਕੋਠੜੀਆਂ ਵਿਚ ਬੱਝੇ ਰਹਿੰਦੇ।

ਕਈ ਵਾਰੀ ਇੰਜ ਹੁੰਦਾ ਕਿ ਹਨੇਰੇ ਹੁੰਮਸ ਸਲ੍ਹਾਬੇ ਨਾਲ ਇਨ੍ਹਾਂ ਕੋਠੜੀਆਂ ਵਿਚ ਸਾਂਭੀਆਂ ਪਈਆਂ ਜਿਣਸਾਂ ਨੂੰ ਨੁਕਸ ਪੈ ਜਾਂਦਾ।[20] ਛੋਲਿਆਂ ਨੂੰ ਢੋਰਾ ਲਗ ਜਾਂਦਾ, ਚੌਲਾਂ ਨੂੰ ਲੜੀਆਂ ਪੈ ਜਾਂਦੀਆਂ, ਕਣਕ ਨੂੰ ਸੁਸਰੀ ਲਗ ਜਾਂਦੀ, ਸਲ੍ਹਾਬੀ ਹਵਾ ਨਾਲ ਗੁੜ ਵਹਿ ਤੁਰਦਾ। ਇਹੋ ਜਿਹੀ ਹਾਲਤ ਵਿਚ ਕੋਠੜੀਆਂ ਦਾ ਸਾਰਾ ਸਮਾਨ ਬਾਹਰ ਕੱਢਿਆ ਜਾਂਦਾ। ਫਿਰ ਪਤਾ ਲਗਦਾ ਕਿ ਕੋਠਾ ਚੋਅ ਚੋਅ ਕੇ ਬਿਸਤਰਿਆਂ ਨੂੰ ਗਿੱਲੇ ਰਹਿਣ ਕਰਕੇ ਉੱਲੀ ਲਗ ਗਈ ਹੈ, ਆਚਾਰ ਬਾਸ ਮਾਰ ਗਿਆ ਹੈ। ਜਿਨਸਾਂ, ਵਸਤਾਂ ਕਪੜਿਆਂ ਨੂੰ ਧੁੱਪ ਲੁਆਈ ਜਾਂਦੀ, ਕੋਠੜੀ ਨੂੰ ਘਾਹਣੀ ਮਾਰਕੇ ਮਿੱਟੀ ਦੇ ਲੇਆਂ ਨਾਲ ਲਿੰਬਿਆ ਪੋਚਿਆ ਜਾਂਦਾ। ਸੱਪਾਂ, ਚੂਹਿਆਂ ਦੀਆਂ ਖੁੱਡਾਂ ਨੂੰ ਇੱਟਾਂ ਰੋੜੇ ਕੁਟ ਕੁਟ ਬੰਦ ਕੀਤਾ ਜਾਂਦਾ। ਗੁਗਲ ਦੀ, ਗਾਜਰਾਂ ਦੇ ਬੀਅ ਦੀ ਧੂਣੀ ਧੁਖਾਈ ਜਾਂਦੀ, ਗੋਹਿਆਂ ਦੀ ਰੀਣੀ ਲਾ ਕੇ ਕੋਠੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਨਵੇਂ ਦਿੱਤੇ ਲੋਅ ਸੁਕਾਏ ਜਾਂਦੇ ਅਤੇ ਫਿਰ ਕੋਠੜੀ ਵਿਚ ਥਾਉਂ ਥਾਈਂ ਸਮਾਨ ਟਿਕਾ ਦਿੱਤਾ ਜਾਂਦਾ।

ਪਰ ਕਈ ਵਾਰੀ ਇੰਜ ਹੁੰਦਾ ਕਿ ਢੋਰਾ, ਸੁਸਰੀ ਆਦਿ ਭੜੋਲੇ, ਭੜੋਲੀਆਂ, ਆਰਜੀ ਤੌਰ ਤੇ ਦਾਣੇ ਪਾਉਣ ਲਈ ਬਣਾਈਆਂ ਕੋਠੜੀਆਂ ਦੀਆਂ ਵਿਰਲਾਂ, ਝੀਥਾਂ ਵਿਚ ਕੁਰਬਲ ਕੁਰਬਲ ਕਰਦੇ, ਅਜਿਹੀ ਹਾਲਤ ਵਿਚ ਭੜੋਲੇ ਭੜੋਲੀਆਂ ਕੋਠੜੀਆਂ ਨੂੰ ਭੰਨ ਤੋੜ ਦਿੱਤਾ ਜਾਂਦਾ, ਕੁੜੀਆਂ ਮੁਟਿਆਰਾਂ ਦਾਬੜਾ ਲੈ ਕੇ ਛੱਪੜ ਤੋਂ ਚੀਕਣੀ ਮਿੱਟੀ ਲੈਣ ਤੁਰ ਪੈਂਦੀਆ, ਕਿਤਿਉਂ ਕਾਨੇ, ਕਿਤਿਉਂ ਸਰਕੜਾ, ਕਿਤਿਉਂ ਮਣਛਿਟੀ, ਤੂੜੀ ਆਦਿ ਇਕੱਠੀ ਕਰਕੇ ਉਹ ਭੜੋਲੇ, ਭੜੋਲੀ ਅਤੇ ਦਾਣੇ ਪਾਉਣ ਵਾਲੀਆਂ ਕੋਠੀਆਂ ਨੂੰ ਨਵੇਂ ਸਿਰੇ ਤੋਂ ਬਣਾਉਣ ਲਗ ਪੈਂਦੀਆਂ। **ਫਿਰ ਟੁੱਟੇ ਭੱਜੇ ਸ਼ੀਸ਼ੇ ਵੰਗਾਂ ਦੇ ਟੋਟੇ ਕੋਠੀ ਦੀਆਂ ਕੰਧਾਂ ਵਿਚ ਚਿਣੇ ਜਾਣ ਲਗ ਪੈਂਦੇ। ਹਨੇਰੀਆਂ ਕੋਠੜੀਆਂ ਵਿਚ ਜਦੋਂ ਨਿੱਕ ਸੁੱਕ ਰਖਣ ਲਈ ਲੈਂਪ, ਦੀਵੇ, ਲੈ ਕੇ ਅੰਦਰ ਆਉਣਾ ਜਾਣਾ ਪੈਂਦਾ, ਇਨ੍ਹਾਂ ਸ਼ੀਸ਼ੇ ਦੇ ਆਕਾਰਾਂ ਵਿਚ ਝਲਕਦੀ ਰੋਸ਼ਨੀ, ਹਨੇਰੀ ਕਾਲੀ ਹੁੰਮਸ ਵਾਲੀ ਕੋਠੜੀ ਨੂੰ ਸ਼ੀਸ਼ ਮਹਿਲ ਵਾਂਗ ਜਗਮਗ ਜਗਮਗ ਕਰ ਦਿੰਦੀ।**

ਇਨ੍ਹਾਂ ਕੋਠੜੀਆਂ ਵਿਚ ਜ਼ਿਆਦਾ ਸਮਾਨ ਸਮੋ ਸਕੇ ਇਸ ਲਈ ਆਰਜ਼ੀ ਛੱਤਣ ਪਾਏ ਜਾਂਦੇ। ਇਨ੍ਹਾਂ ਛੱਤਣਾਂ ਉਤੇ ਬਿਸਤਰੇ ਬੀਅ ਆਦਿ ਨਾਲ ਭਰੇ ਘੜੇ ਅਤੇ ਖੇਤੀ ਨਾਲ ਜੁੜੇ ਕਈ ਤਰ੍ਹਾਂ ਦੇ ਸੰਦ ਰਖੇ ਜਾਂਦੇ। ਕਈ ਵਾਰੀ ਕੋਠੜੀ ਵਿਚ ਪੂਰੀ ਛੱਤਣ ਨੁਮਾ ਛੱਤ ਨਾ ਪਾ ਕੇ ਪੜਛੱਤੀਆਂ ਛੱਤੀਆਂ ਜਾਂਦੀਆਂ। ਇਨ੍ਹਾਂ ਪੜਛੱਤੀਆਂ ਉਤੇ ਵੱਡੇ ਕੈਹਿ ਦੇ ਥਾਲ ਛੰਨੇ, ਕੜੇ ਵਾਲਾ ਗਿਲਾਸ, ਪਿੱਤਲ ਦੇ ਜੱਗ ਆਦਿ ਰੱਖੇ ਜਾਂਦੇ। ਪੁਰਾਣੇ ਵੱਡੀ ਕੁੜਮਾਚਾਰੀ ਵਾਲੇ ਘਰਾਂ ਦੀਆਂ ਕੋਠੜੀਆਂ ਅੰਦਰ ਪਿੱਤਲ ਦੀਆਂ ਬਾਲਟੀਆਂ ਵੱਡੀਆਂ ਦੋਹਣੀਆਂ, ਪਰਾਤਾਂ, ਵੱਡੇ ਪਤੀਲੇ, ਗਾਗਰਾਂ ਆਦਿ ਦੀਆਂ ਪਾਲਾਂ ਲੱਗੀਆਂ ਹੁੰਦੀਆਂ। ਜਿੰਨੀਆਂ ਨੂੰਹਾਂ ਹੁੰਦੀਆਂ ਹਰ ਇਕ ਦੇ ਦਾਜ ਵਾਲੇ ਵੱਡੇ ਸੰਦੂਕ ਅਤੇ ਪੇਟੀਆਂ ਇਨ੍ਹਾਂ ਕੋਠੜੀਆਂ ਵਿਚ ਸਮੋਈਆਂ ਹੁੰਦੀਆਂ। ਇਨ੍ਹਾਂ ਕੋਠੜੀਆਂ ਵਿਚ ਹੀ ਕਿਸੇ ਭਾਂਡੇ ਵਿਚ ਪਾ ਕੇ ਮੋਹਰਾਂ ਚਾਂਦੀ ਦੇ ਰੁਪੈ ਅਤੇ ਹੋਰ ਗਹਿਣਾ, ਗੱਟਾ, ਮਿੱਟੀ ਵਿਚ ਨੱਪ ਕੇ ਰਖਿਆ ਜਾਂਦਾ। ਕੋਠੜੀਆਂ ਦੀ ਗਿਣਤੀ ਮਾਲ ਡੰਗਰਾਂ ਦੀ ਗਿਣਤੀ, ਪਰਿਵਾਰ ਦੇ ਸਮਾਜਿਕ ਰੁਤਬੇ, ਪਰਿਵਾਰ ਦੇ ਵਿਆਹੇ ਜੋੜਿਆਂ ਦੀ ਗਿਣਤੀ, ਆਦਿ ਤੱਥਾਂ ਨਾਲ ਨਿਰਧਾਰਿਤ ਹੁੰਦੀ। ਬਹੁਤੇ ਪਰਿਵਾਰਾਂ ਵਿਚ ਖੁਲ੍ਹੇ ਰੋਸ਼ਨੀ ਅਤੇ ਹਵਾ ਨਾਲ ਭਰਪੂਰ ਕਮਰਿਆਂ ਦੀ ਘਾਟ ਹੁੰਦੀ ਪਰ ਹਨੇਰੀਆਂ ਹੁੰਮਸ ਸਲ੍ਹਾਬੇ ਨਾਲ ਭਰੀਆਂ ਕੋਠੜੀਆਂ ਜ਼ਿਆਦਾ ਹੁੰਦੀਆਂ। ਮੁੱਖ ਤੌਰ ਤੇ ਕੋਠੜੀ ਪੜਦੇ ਅਤੇ ਮੱਧਕਾਲੀਨ ਸੁਰੱਖਿਆ ਦੇ ਸੰਕਲਪਾਂ ਮੁਤਾਬਿਕ ਜ਼ਿਅ ਦਾ ਢੁਕਵੀਂ, ਪੇਂਡੂ ਘਰਾਂ ਦੀ ਉਸਾਰੀ ਦਾ ਅੰਗ ਮੰਨੀ ਜਾਂਦੀ।

(ਖ) ਚੁਬਾਰਾ : ਚੁਬਾਰਾ ਛੱਤ ਉਤੇ ਉਸਾਰਿਆ ਉਹ ਕਮਰਾ ਹੁੰਦਾ ਜਿਹਦੇ ਚਾਰ ਚੁਫੇਰੇ ਬਾਰ ਜਾਂ ਬੂਹੇ ਬਾਰੀਆਂ ਹੁੰਦੀਆਂ। ਇਸ ਕਰਕੇ ਚੁਬਾਰਾ ਰੋਸ਼ਨੀ ਅਤੇ ਹਵਾ ਵਿਚ ਤਰਦਾ ਹੋਇਆ ਕਮਰਾ ਲਗਦਾ। ਚੁਬਾਰੇ ਦੀ ਲੋੜ ਇਸ ਕਰਕੇ ਵੀ ਪਈ ਲਗਦੀ ਹੈ ਕਿ ਰਵਾਇਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰਾਂ ਦੀ ਉਸਾਰੀ ਵਿਚ ਘਰ ਦੇ ਖਿੱਤੇ ਦੀ ਹੱਦ ਦੇ ਨਾਲ ਨਾਲ ਕਮਰੇ ਪਾਉਣ ਦੀ ਰੀਤ ਸੀ। ਇਸ ਕਰਕੇ ਗਲੀ ਵਾਲੇ ਪਾਸੇ ਡਿਉਢੀ ਅਤੇ ਪਿਛਲੇ ਪਾਸੇ ਕੋਠੜੀਆਂ ਦੀ ਉਸਾਰੀ ਹੋਣ ਕਰਕੇ ਅਤੇ ਦੋਹਾਂ ਬਾਰੀਆਂ ਉਤੇ ਗੁਆਂਢੀ ਘਰਾਂ ਦੀ ਉਸਾਰੀ ਕਰਕੇ ਘਰ ਚਾਰ ਚੁਫੇਰੇ ਤੋਂ ਕਿਲ੍ਹੇ ਨੁਮਾ ਬੰਦ ਹੋ ਜਾਂਦਾ। ਕਿਲ੍ਹੇ ਨੁਮਾ ਚਾਰ ਚੁਫੇਰੇ ਦੀ ਉਸਾਰੀ ਦੇ ਵਿਚਕਾਰ ਵਿਹੜੇ ਦਾ ਸੰਕਲਪ ਘਰ ਨੂੰ ਜਿਥੇ ਇਕ ਪਾਸੇ ਸੁਰੱਖਿਆ ਪੱਖੋਂ ਮਹਿਫੂਜ਼ ਰਖਦਾ ਉਥੇ ਇਸ ਤਰ੍ਹਾਂ ਦੀ ਉਸਾਰੀ ਕਰਕੇ ਸਿਵਾਏ ਸੁਫੇ ਜਾਂ ਬਰਾਂਡੇ ਦੇ, ਬਹੁਤੇ ਕਮਰੇ ਉਪਰ ਪਹਿਲਾਂ ਲਿਖੇ ਅਨੁਸਾਰ ਕੋਠੜੀ ਨੁਮਾ ਬਣ ਜਾਂਦੇ, ਜਿਨ੍ਹਾਂ 'ਚ ਇਧਰੋਂ ਉਧਰੋਂ ਹਵਾ ਦੀ ਚਹਿਲ ਕਦਮੀਂ ਬਹੁਤ ਘੱਟ ਹੁੰਦੀ ਅਤੇ ਇੰਜ ਹੀ ਕੁਦਰਤੀ ਰੋਸ਼ਨੀ ਵੀ ਕਮਰਿਆਂ ਵਿਚ ਘੱਟ ਹੁੰਦੀ। ਚੁਬਾਰਾ ਘਰ ਦੀ ਛੱਤ ਉਤੇ ਨਰੋਈ ਸਿਹਤ, ਖੁਲ੍ਹੀ ਹਵਾ ਅਤੇ ਖੁਲ੍ਹੀ ਰੋਸ਼ਨੀ ਵਾਲੇ ਕਮਰੇ ਬਣਾਉਣ ਦੀ ਕੋਸ਼ਿਸ਼ ਵੱਲ ਇਕ ਸਾਰਥਿਕ ਯਤਨ ਸੀ।

ਚੁਬਾਰੇ ਦੀ ਉਸਾਰੀ, ਘਰ ਦਾ ਵਿਹੜਾ ਵੱਡਾ ਰੱਖਣ ਲਈ ਹੁੰਦੀ। ਕਈ ਘਰਾਂ 'ਚ ਜਵਾਨ ਧੀ ਭੈਣ ਦੇ ਹੁੰਦੇ ਜਦੋਂ ਪੁੱਤ ਵਿਆਹਿਆ ਜਾਂਦਾ ਤਾਂ ਨੂੰਹ ਪੁੱਤਰ ਨੂੰ ਚੁਬਾਰਾ ਪਾ ਕੇ ਸਮਾਜਿਕ ਤੌਰ ਤੇ ਇਕ ਵੱਖਰਾ ਮਾਹੌਲ ਦਿੱਤਾ ਜਾਂਦਾ। ਕਈ ਘਰਾਂ ਚੋਂ ਜਿਥੇ ਸਿਰ ਵੱਢਵੇਂ ਵੈਰ ਹੁੰਦੇ ਉਥੇ ਗਲੀ ਗੁਆਂਢ ਉਤੇ ਨਜ਼ਰ ਰੱਖਣ ਲਈ ਚੁਬਾਰਾ ਛੱਤਿਆ ਜਾਂਦਾ। ਕਦੀ ਕਦੀ ਜਦੋਂ ਭਰਾਵਾਂ ਦੀ ਵੰਡ ਹੁੰਦੀ ਇਕ ਭਰਾ ਘਰ ਦੇ ਛੱਤੇ ਹੋਏ ਕਮਰਿਆਂ ਉਤੇ ਹੀ ਚੁਬਾਰਾ ਅਤੇ ਹੋਰ ਕਮਰੇ ਛੱਤ ਲੈਂਦਾ। ਕਦੀ ਕਦੀ ਚੁਬਾਰਾ ਸਮਾਜਿਕ ਰੁਤਬੇ ਦੀ ਸਥਾਪਤੀ ਭਾਵ ਆਪਣੇ ਆਪ ਨੂੰ ਗਲੀ ਗੁਆਂਢ ਨਾਲੋਂ ਉੱਚਾ ਦਰਸਾਉਣ ਲਈ ਵੀ ਪਾਇਆ ਜਾਂਦਾ।

ਜੇਕਰ ਚੁਬਾਰਾ, ਨੂੰਹ ਪੁੱਤਰ ਨੂੰ ਵਿਆਹ ਬਾਅਦ ਵੱਖਰਾ ਮਾਹੌਲ ਦੇਣ ਲਈ ਛੱਤਿਆ ਹੁੰਦਾ ਤਾਂ ਅਜਿਹੀ ਹਾਲਤ 'ਚ ਚੁਬਾਰਾ ਬਰਾਂਡੇ ਜਾਂ ਸੁਫੇ ਉੱਤੇ ਛੱਤਿਆ ਜਾਂਦਾ ਅਤੇ ਚੁਬਾਰੇ ਨੂੰ ਜਾਂਦੀਆਂ ਪੌੜੀਆਂ ਚੌਂਕੇ ਚੁੱਲ੍ਹੇ ਦੇ ਕੋਲੋਂ ਹੀ ਚੜ੍ਹਾਈਆਂ ਜਾਂਦੀਆਂ। ਇਹ ਇਸ ਲਈ ਵੀ ਹੁੰਦਾ ਕਿ ਰਾਤ ਬਰਾਤੇ ਚੁਬਾਰੇ ਚੜ੍ਹਨ ਉਤਰਣ ਲੱਗੇ ਨੂੰਹ ਚੌਂਕੇ ਕੋਲੋਂ ਹੀ ਪੌੜੀਆਂ ਚੜ੍ਹ ਉਤਰ ਜਾਏ। ਪਰ ਜੇਕਰ ਚੁਬਾਰਾ ਕਿਸੇ ਦੁਸ਼ਮਣੀ ਕਰਕੇ ਛੱਤਿਆ ਜਾਂਦਾ ਤਾਂ ਅਜਿਹੀ ਹਾਲਤ ਵਿਚ ਚੁਬਾਰਾ ਡਿਉਢੀ ਉਤੇ ਉਸਰਦਾ, ਇਸ ਹਾਲਤ ਵਿਚ ਚੁਬਾਰੇ ਨੂੰ ਪੌੜੀਆਂ ਡਿਉਢੀ ਦੇ ਅੰਦਰੋਂ ਜਾਂ ਨਾਲੋਂ ਚੜ੍ਹਾਈਆਂ ਜਾਂਦੀਆਂ। ਇਹੋ ਜਿਹੇ ਚੁਬਾਰੇ ਉਤੇ ਕਈ ਮਜਲਸਾਂ ਲੱਗਦੀਆਂ। ਪਰ ਜੇ ਚੁਬਾਰਾ ਵੰਡ ਕਰਕੇ ਬਣਾਉਣਾ ਪਿਆ ਹੈ ਤਾਂ ਅਜਿਹੀ ਹਾਲਤ 'ਚ ਬਹੁਤੀ ਵਾਰੀ ਚੁਬਾਰੇ ਦੀਆਂ ਪੌੜੀਆਂ ਡੰਗਰਾਂ ਵਾਲੇ ਇਲਾਕੇ ਵਿਚੋਂ ਉਤੇ ਚਾੜ੍ਹੀਆਂ ਜਾਂਦੀਆਂ, ਕਈ ਵਾਰੀ ਟੱਬਰ ਵੱਡਾ ਕੋੜਮਾ ਕਬੀਲਾ ਕਰਕੇ ਚੁਬਾਰਾ ਛੱਤਿਆ ਹੁੰਦਾ, ਅਜਿਹੀ ਹਾਲਤ ਵਿਚ ਵੀ ਪੌੜੀਆਂ ਚੌਂਕੇ ਚੁੱਲ੍ਹੇ ਦੇ ਕੋਲੋਂ ਹੀ ਚੜ੍ਹਦੀਆਂ।

ਥੱਲੇ ਵਿਹੜੇ 'ਚ ਗਰਮੀ ਹੁੰਦੀ, ਹੁੰਮਸ ਹੁੰਦਾ, ਚੁੱਲ੍ਹੇ, ਤੰਦੂਰਾਂ ਦਾ ਸੇਕ ਹੁੰਦਾ, ਡੰਗਰਾਂ ਦੇ ਗੋਹੇ ਪਿਸ਼ਾਬ ਕੂੜੇ ਦੀ ਹਵਾੜ ਹੁੰਦੀ, ਮੱਛਰ ਹੁੰਦਾ ਇਹੋ ਜਿਹੀ ਹਾਲਤ 'ਚ ਕੋਈ ਬਜ਼ੁਰਗ ਡਿਉੜੀ ਦੇ ਬੂਹੇ ਕੋਲ ਸੌਂਦਾ ਅਤੇ ਬਾਕੀ ਸਾਰਾ ਟੱਬਰ ਕੋਠੇ ਦੀ ਛੱਤ ਉਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖਿੜੇ ਚੰਨ ਦੀ ਚਾਨਣੀ ਵਿਚ ਪੁਰੇ ਦੀ ਰੁਕਮ ਰੁਮਕ ਕਰਦੀ ਹਵਾ ਵਿਚ ਬੇਬੇ ਕੋਲੋਂ ਬਾਤਾਂ ਸੁਣਨ ਬੱਚੇ ਇਕੱਠੇ ਹੁੰਦੇ। ਟੱਬਰ ਅਜੇ ਜਾਗੋ ਮੀਟੀ ਹੀ ਹੁੰਦਾ ਕਿ ਸਾਉਣ ਦੀ ਘਟ ਚੜ੍ਹ ਆਉਂਦੀ। ਪਹਿਲੀਆਂ ਛਿੱਟਾਂ ਆਉਂਦੇ ਹੀ ਮੰਜੀਆਂ ਦੀ ਦਗੜ ਦਗੜ ਸ਼ੁਰੂ ਹੋ ਜਾਂਦੀ, ਜਿੰਨੇ ਕੁ ਜੀਅ ਚੁਬਾਰੇ ਵਿਚ ਸਮੋ ਸਕਦੇ ਉਤੇ ਸੌਂਦੇ, ਬਾਕੀ ਬਿਸਤਰੇ ਚੁੱਕ ਹੇਠਾਂ ਆ ਜਾਂਦੇ। ਕਦੀ ਕਦੀ ਚੁਬਾਰੇ ਵਿਚ ਮੰਜੇ ਬਿਸਤਰੇ ਅੰਦਰ ਕਰਕੇ ਸਾਰਾ ਟੱਬਰ ਥੱਲੇ ਆ ਜਾਂਦਾ। ਜਿੰਨਾਂ ਦਿਨਾਂ ਵਿਚ ਕੋਠੇ ਉਤੇ ਨਾ ਸੌਣਾ ਹੁੰਦਾ ਉਹਨੀਂ ਦਿਨੀਂ ਚੁਬਾਰਾ ਵਾਧੂ ਸਮਾਨ ਲਈ ਕਮਰੇ ਵਜੋਂ ਵਰਤਿਆ ਜਾਂਦਾ।

ਚੁਬਾਰਾ ਕਿਉਂਕਿ ਧਰਤੀ ਦੇ ਧਰਾਤਲ ਤੋਂ ਉੱਚਾ ਹੈ। ਇਹ ਪਿੰਡ ਦੀ ਉਚਾਈ ਪੱਖੋਂ ਦਿੱਖ ਨੂੰ ਪ੍ਰਭਾਵਿਤ ਕਰਦਾ। ਪਰ ਗੱਲ ਸਿਰਫ਼ ਪ੍ਰਭਾਵਿਤ ਕਰਨ ਦੀ ਹੀ ਨਹੀਂ ਚੁਬਾਰੇ ਦੀ ਮਾਲਕੀ ਨਾਲ ਘਰ ਦੇ ਜੀਆਂ ਦੀ ਹਉਮੈਂ ਨੂੰ ਪੱਠੇ ਵੀ ਪੈਂਦੇ, ਜਿਸ ਅਧੀਨ ਵਿਖਾਲਾ ਅਤੇ ਸ਼ਰੀਕਾਂ ਉਤੇ ਭਾਰੂ ਹੋਣ ਦੇ ਸੰਕਲਪ ਨਾਲੋ ਨਾਲ ਕੰਮ ਕਰ ਰਹੇ ਹੁੰਦੇ। ਚੁਬਾਰੇ ਦੀ ਉਸਾਰੀ ਵਿਚ ਸਭ ਤੋਂ ਮਾਹਰ ਕਾਰੀਗਰ, ਘਰਾਂ ਦੀ ਉਸਾਰੀ ਦੀ ਨਵੀਂ ਤੋਂ ਨਵੀਂ ਤਕਨੀਕ ਅਪਣਾਈ ਜਾਂਦੀ। **ਦਿਲ ਖਿੱਚਵੇਂ ਰੰਗ, ਸਾਫ਼ ਸੁਥਰੀ ਇੱਟਾਂ ਦੀ ਉਸਾਰੀ, ਚੂਨਾ, ਲਾਲ ਸੁਰਖੀ, ਰੰਗਦਾਰ ਮੂਰਤਾਂ, ਫੁੱਲ, ਵੇਲਾਂ, ਪੱਤੇ, ਮੋਰ ਘੁੱਗੀਆਂ, ਤੋਤੇ ਭਾਵ ਕਾਰੀਗਰ ਜੋ ਵੀ ਨਵਾਂ ਬਣਾ ਸਕਦਾ ਉਹ ਇੰਜ ਸਿਰਜਿਆ ਜਾਂਦਾ ਕਿ ਨਾ ਸਿਰਫ਼ ਦੂਰੋਂ ਦਿੱਸੇ, ਸਗੋਂ ਇਹ ਪ੍ਰਭਾਵ ਵੀ ਦੇਵੇ ਕਿ ਘਰ ਵਾਲੇ ਖਾਂਦੇ ਪੀਂਦੇ ਹਨ। ਡਿਉਢੀ ਦੀ ਉਸਾਰੀ ਤੋਂ ਬਾਅਦ ਚੁਬਾਰੇ ਦੀ ਉਸਾਰੀ ਵਿਚ ਹਰ ਤਰ੍ਹਾਂ ਦੀਆਂ ਰੀਝਾਂ ਲਾਹੀਆਂ ਜਾਂਦੀਆਂ।**

ਚੁਬਾਰਾ ਕਿਉਂਕਿ ਉੱਚਾ ਹੈ ਇਸੇ ਉੱਚਾਈ ਸਦਕਾ ਚੁਬਾਰੇ ਤੋਂ ਇਕੋ ਵੇਲੇ ਘਰ ਗੁਆਂਢ ਅਤੇ ਗਲੀ ਵਿਚ ਕੀ ਹੋ ਰਿਹਾ ਹੈ, ਕੌਣ ਆ ਜਾ ਰਿਹਾ ਹੈ, ਨਜ਼ਰ ਰੱਖੀ ਜਾ ਸਕਦੀ। ਗਲੀ ਦੇ ਨਾਲ ਲਗਦੇ ਚੁਬਾਰੇ ਅੱਥਰੀ ਜੁਆਨੀ ਦੇ ਅਮੋੜ ਜਜ਼ਬਿਆਂ ਨੂੰ ਕਈ ਵਾਰ ਠੱਲ ਨਾ ਪਾ ਸਕਦੇ। ਡਿਉਢੀ ਦਾ ਗਲੀ ਵਾਲਾ ਬੂਹਾ ਖੁਲ੍ਹਣ ਉਤੇ ਖੜਾਕ ਹੋਣ ਦੀ ਸੰਭਾਵਨਾ ਨਾਲ ਬੇਬੇ ਬਾਪੂ ਦੇ ਜਾਗ ਪੈਣ ਦੀ ਸ਼ੰਕਾ ਤੋਂ ਬਚਣ ਲਈ ਚੁਬਾਰੇ ਤੋਂ ਰੱਸੇ ਜਾਂ ਆਰਜ਼ੀ ਪੌੜੀ ਨਾਲ ਵੇਲੇ ਕੁਵੇਲੇ ਹਾਣੀ ਨੂੰ ਗਲੀ ਵਿਚੋਂ ਉਤੇ ਖਿੱਚ ਲਿਆ ਜਾਂਦਾ। ਇੰਜ ਉੱਚਾ, ਘਰ ਤੋਂ ਵੱਖਰੇ ਪੱਧਰ ਉਤੇ ਹੋਣ ਕਰਕੇ ਚੁਬਾਰਾ ਪ੍ਰੀਤ, ਚੋਰੀਆਂ, ਸੈਨਤਾਂ ਅਤੇ ਗੁੱਝੀਆਂ ਰਮਜ਼ਾਂ ਦਾ ਕੇਂਦਰ ਵੀ ਬਣ ਜਾਂਦਾ। "ਸੁਟ ਡੋਰੀਆ ਜਲੇਬ ਫੜਾਵਾਂ ਉਤਲੇ ਚੁਬਾਰੇ ਵਾਲੀਏ" ਵਰਗੀਆਂ ਬੋਲੀਆਂ ਇਸ ਗੱਲ ਦੀ ਹਾਮੀ ਭਰਦੀਆਂ ਹਨ।

ਇਸ ਚੁਬਾਰੇ ਦੀ ਉੱਚੀ ਟੀਸੀ ਉਤੇ ਵਿਆਹ ਵੇਲੇ, ਕੁੜਮਾਈ ਵੇਲੇ, ਧਮਾਣ ਵੇਲੇ ਜਾਂ ਅਖੰਡ ਪਾਠ ਰੱਖਣ ਉਤੇ ਸਪੀਕਰ ਲਾਇਆ ਜਾਂਦਾ। ਇਸ ਚੁਬਾਰੇ ਤੇ ਘਰ ਨੂੰ ਨਜ਼ਰ ਨਾ ਲੱਗੇ ਕਾਲੀ ਤੌੜੀ ਪੁੱਠੀ ਰਖੀ ਜਾਂਦੀ। ਇਸੇ ਚੁਬਾਰੇ ਉਤੇ ਵੋਟਾਂ ਵੇਲੇ ਮੁਸਲਿਮ ਲੀਗ, ਕਾਂਗਰਸ ਅਤੇ ਅਕਾਲੀਆਂ ਦੇ ਝੰਡੇ ਟੰਗੇ ਜਾਂਦੇ। ਭਾਵ ਚੁਬਾਰਾ ਬਿਨਾਂ ਕਿਸੇ ਸ਼ੰਕੇ ਦੇ ਪਿੰਡ ਵਿਚ ਚੁਬਾਰੇ ਵਾਲੇ ਘਰ ਦੀ ਸਿਆਸੀ ਸੋਚ ਨੂੰ ਪ੍ਰਗਟਾਉਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਦਾ ਵਿਹੜਾ ਛੋਟਾ ਹੋਣ ਦੀ ਹਾਲਤ ਵਿਚ ਕਈ ਵਾਰੀ ਚੁਬਾਰੇ ਦੇ ਸਾਹਵੇਂ ਛੱਤ ਉਤੇ ਘਰ ਦੀਆਂ ਕਈ ਲੋੜਾਂ ਪੂਰੀਆਂ ਹੁੰਦੀਆਂ। ਚੁਬਾਰੇ ਵਿਚ ਰਹਿ ਰਹੇ ਟੱਬਰ ਲਈ ਛੱਤ ਵਿਹੜੇ ਵਾਂਗ ਕੰਮ ਕਰਦੀ। ਕਈ ਹਾਲਤਾਂ ਵਿਚ ਚੁਬਾਰੇ ਦੇ ਸਾਹਵੇਂ ਛੱਤ ਉਤੇ ਧੀ ਦੇ ਫੇਰੇ ਦੇ ਕੇ ਵਿਆਹ ਦਿੱਤਾ ਜਾਂਦਾ।[21] ਚੁਬਾਰੇ ਸਾਹਵੇਂ ਇਸ ਛੱਤ ਉਤੇ ਕਪਾਹ ਜਾਂ ਹੋਰ ਫ਼ਸਲਾਂ ਸੁਕਾਉਣ, ਛੱਟਣ, ਸਾਂਭਣ ਸੰਬੰਧੀ ਸਾਰੇ ਆਹਰ ਪਾਹਰ ਕਰ ਲਏ ਜਾਂਦੇ। ਇਥੋਂ ਤਕ ਕਿ ਜੇ ਛਤੀਰ ਅਤੇ ਬਾਲੇ ਮਜ਼ਬੂਤ ਹੁੰਦੇ ਤਾਂ ਚੁਬਾਰੇ ਦੇ ਸਾਹਵੀਂ ਛੱਤ ਉਤੇ ਛੱਲੀਆਂ ਵੀ ਕੁੱਟ ਲਈਆਂ ਜਾਂਦੀਆਂ।

ਚੁਬਾਰਾ ਗਲੀ ਵਾਲੇ ਪਾਸੇ ਜੁੜਦਾ ਹੋਣ ਕਰਕੇ ਚੁਬਾਰੇ ਨੂੰ ਬਾਹਰ ਨੂੰ ਵਧਾ ਲਿਆ ਜਾਂਦਾ। ਇੰਜ ਚੁਬਾਰੇ ਦੇ ਪਰਛਾਵੇਂ ਨਾਲ ਗਲੀ ਠੰਡੀ ਰਹਿੰਦੀ, ਉਥੇ ਗਲੀ ਵਾਲੇ ਪਾਸੇ ਦੇ ਵਧਾ ਕਰਕੇ ਗਲੀ ਵਿਚੋਂ ਰੁਮਕਦੀ ਹਵਾ, ਚੁਬਾਰੇ ਵਿਚ, ਬਾਰੀਆਂ, ਜਾਲੀਆਂ ਝਰੋਖੇ, ਛੱਜੇ ਬੁਖਾਰਚੇ ਆਦਿ ਬਣਾ ਕੇ, ਖਿਚ ਲਈ ਜਾਂਦੀ। ਇੰਜ ਪਿੰਡ ਦੇ ਭਵਨ ਨਿਰਮਾਣ ਪੱਖੋਂ, ਝਰੋਖੇ, ਛੱਜੇ, ਬੁਖਾਰਚੇ ਆਦਿ ਭਵਨ ਉਸਾਰੀ ਦੇ ਤੱਤ ਚੁਬਾਰੇ ਵਿਚ ਸਮੋ ਜਾਂਦੇ। ਘਰ ਦੇ ਬਾਕੀ ਕਮਰਿਆਂ ਦੇ ਮੁਕਾਬਲੇ ਵਿਚ ਚੁਬਾਰਾ ਰੋਸ਼ਨੀ ਅਤੇ ਤਾਜੀ ਹਵਾ ਵਿਚ ਤਰਦਾ ਹੋਇਆ ਕਮਰਾ ਲਗਦਾ ਜਿਥੇ ਹੁੰਮਸ, ਮੱਖੀ, ਮੱਛਰ, ਪਸ਼ੂਆਂ ਦੇ ਗੋਹੇ ਪਿਸ਼ਾਬ ਦੀ ਹਵਾੜ, ਚੁੱਲ੍ਹੇ ਚੌਂਕ ਦਾ ਸੇਕ ਰਾਤ ਨੂੰ ਬਹੁਤ ਘੱਟ ਹੁੰਦਾ। ਇਸ ਕਰਕੇ ਚੁਬਾਰੇ ਵਿਚ ਰਹਿਣਾ ਪੰਜਾਬ ਦੇ ਗਰਮ ਮੌਸਮ ਵਿਚ ਸਭ ਤੋਂ ਜ਼ਿਆਦਾ ਸੁਖਦਾਈ ਮੰਨਿਆ ਗਿਆ ਹੈ। ਇਸ ਗੱਲ ਦੀ ਹਾਮੀ ਇਹ ਕਹਾਵਤ ਵੀ ਭਰਦੀ ਹੈ, "ਜੋ ਸੁਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ" ਭਾਵ ਮੱਧ ਸ਼੍ਰੇਣੀ ਦੇ ਹੇਠਲੇ ਤੱਬਕੇ ਵਲੋਂ ਬਣਾਏ ਛੱਜੂ ਦਾ ਚੁਬਾਰਾ, ਨਿਆਮਤਾਂ ਪੱਖੋਂ, ਮੌਸਮ ਪੱਖੋਂ ਆਪਣੇਪਣ ਦੇ ਅਹਿਸਾਸ ਪੱਖੋਂ ਪਰਦੇਸਾਂ ਦੇ ਉੱਤਮ ਥਾਵਾਂ ਨਾਲੋਂ ਚੰਗਾ ਹੈ।

ਹਵਾਲੇ ਅਤੇ ਟਿੱਪਣੀਆਂ

1. ਪਿੰਡਾਂ ਦੇ ਘਰਾਂ ਖਾਸ ਕਰਕੇ ਦਿੱਲੀ ਅਤੇ ਹਰਿਆਣੇ ਦੇ ਘਰਾਂ ਨੂੰ ਮੁਖ ਤੌਰ ਉਤੇ, ਵਿਹੜਾ, ਜਨਾਨਾ ਹਿੱਸਾ ਅਤੇ ਮਰਦਾਨਾ ਹਿੱਸਾ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ।
2. ਹਮਲਾਵਰ ਅਤੇ ਮੌਸਮ ਤੋਂ ਘਰ ਦੇ ਵਸਨੀਕਾਂ ਨੂੰ ਬਚਾਉਣ ਦੇ ਸੰਕਲਪਾਂ ਨੇ ਪੰਜਾਬ ਦੇ ਪੇਂਡੂ ਘਰ ਦੇ ਰੂਪ, ਆਕਾਰ ਅਤੇ ਤਰਤੀਬ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕੀਤਾ ਹੈ।
3. ਗਲੀ ਪਹੁੰਚ ਰਸਤੇ ਦੇ ਨਾਲ ਨਾਲ ਘਰ ਨੂੰ ਤਾਜੀ ਹਵਾ, ਰੋਸ਼ਨੀ ਅਤੇ ਸੂਰਜ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰਮੀ ਦੇ ਨਾਲ ਘਰ ਦੇ ਅੱਗੇ ਖੁਲ੍ਹੇ ਥਾਂ ਵਜੋਂ ਵੀ ਵਰਤੀ ਜਾਂਦੀ ਹੈ।

4. ਇਹ ਇਕੋ ਪਹੁੰਚ ਰਸਤਾ ਜਾਂ ਪ੍ਰਵੇਸ਼ ਦੁਆਰ ਕਈ ਕਈ ਘਰਾਂ ਦੇ ਸਾਹਮਣੇ ਛੱਡੇ ਵਿਹੜੇ ਵਿਚ ਜਾ ਖੁੱਲ੍ਹਦਾ ਅਤੇ ਅਗੋਂ ਇਸ ਵਿਹੜੇ ਵਿਚੋਂ ਲੋਕ ਆਪੋ ਆਪਣੇ ਇਕ ਇਕ ਕਮਰੇ ਦੇ ਘਰ ਅੰਦਰ ਪੁੱਜਦੇ।

5. ਵੱਡੇ ਘਰਾਂ ਦੇ ਇਕ ਵਿਹੜੇ ਦੁਆਲੇ ਕਈ ਕਮਰੇ ਹੁੰਦੇ ਅਤੇ ਆਰਥਿਕ ਪੱਖੋਂ ਪੱਛੜੇ ਲੋਕਾਂ ਦੇ ਇਸ ਵਿਹੜੇ ਦੇ ਚਾਰ ਚੁਫੇਰੇ ਕਈ ਘਰ। ਸੰਕਲਪ ਉਹੀ ਸੀ ਕਿ ਵਿਹੜੇ ਤੋਂ ਪਹੁੰਚ ਰਖਣੀ ਹੈ, ਕਿਤੇ ਇਹ ਪਹੁੰਚ ਘਰਾਂ ਲਈ ਹੁੰਦੀ, ਕਿਤੇ ਕਮਰਿਆਂ ਲਈ।

6. ਗੁਰੂ ਸਾਹਿਬਾਨ ਦੇ ਕੰਧ ਚਿਤਰ ਹੀ ਨਹੀਂ, ਕਈ ਥਾਵਾਂ ਉੱਤੇ ਜਾਲੀ ਵਿਚ ਮੂਰਤੀ ਨੁਮਾ ਆਕਾਰ ਵੀ ਉਘਾੜੇ ਜਾਂਦੇ ਹਨ।

7. 'ਮਾਰਗ' ਮੈਗਜੀਨ ਵਿਚ 'ਹਵੇਲੀਜ਼ ਆਫ ਸੇਖਵਤੀ' ਦੇ ਆਧਾਰ ਉੱਤੇ।

8. ਘਰ ਮੱਥਾ ਮਨੁੱਖ ਦੇ ਮੂੰਹ ਵਾਂਗ ਕਿਆਸ ਕੀਤਾ ਜਾਂਦਾ ਹੈ ਜਦੋਂ ਮੱਥਾ ਚੋਰਸ ਨਾ ਹੋਵੇ ਤਾਂ ਇਹਨੂੰ ਗਾਂ ਜਾਂ ਸ਼ੇਰ ਦੇ ਮੂੰਹ ਵਾਂਗ ਵੀ ਤਸੱਵਰ ਕੀਤਾ ਜਾਂਦਾ ਹੈ।

9. ਇਹ ਉਚਾਈ ਪੁਰਾਣੇ ਪਿੰਡਾਂ ਵਿਚ ਬਾਰ ਬਾਰ ਉਸੇ ਥਾਂ ਉੱਤੇ ਮਲਬਾ ਡਿੱਗਣ ਕਰਕੇ ਅਤੇ ਉਥੇ ਹੀ ਮੁੜ ਉਸਾਰੀ ਕਰਨ ਕਰਕੇ ਜ਼ਿਆਦਾ ਹੁੰਦੀ।

10. ਇਹ ਵਿਚਕਾਰਲੀ ਥਾਂ (Transitional Space) ਘਰ ਦੇ ਮਾਹੌਲ ਨੂੰ ਅੰਦਰ ਦੇ ਜਗਤ ਨੂੰ ਬਾਹਰਲੀ ਦੁਨੀਆਂ; ਬਾਹਰ ਦੇ ਜਗਤ ਨਾਲੋਂ ਵੱਖਰਾ ਕਰਦੀ।

11. ਇਹ ਲੋਕ ਵਿਉਂਤ (Folk Planning) ਦੀਆਂ ਵੱਖੋ ਵੱਖਰੀਆਂ ਤਕਨੀਕਾਂ ਹਨ ਜਿੰਨਾਂ ਨਾਲ ਇਕ ਭੋਂ ਵਰਤੋਂ (Land use) ਨੂੰ ਦੂਜੀ ਨਾਲੋਂ ਨਿਖੇੜਿਆ ਜਾ ਸਕਦਾ ਹੈ।

12. ਘਰਾਂ ਦਾ ਵਿਹੜਾ ਕਲਾਤਮਕ ਸਿਰਜਣਾ ਅਤੇ ਆਰਥਿਕ ਪ੍ਰਕਿਰਿਆ ਨਾਲ ਹਰ ਪਲ ਗਤਿਸ਼ੀਲ ਰਹਿੰਦਾ।

13. ਪੰਜਾਬੀ ਸਭਿਆਚਾਰ ਨੇ ਥਾਂ ਨੂੰ ਥੋੜ੍ਹੀ ਜਿਹੀ ਤਬਦੀਲੀ ਨਾਲ ਲੋੜ ਪੈਣ ਉਤੇ ਕਿਵੇਂ ਸੰਗਠਿਤ (Organise) ਕਰ ਲੈਣਾ ਹੈ ਇਸ ਪੱਖੋਂ ਸਦੀਆਂ ਦੇ ਤਜ਼ਰਬੇ ਨਾਲ ਕਾਫ਼ੀ ਮੁਹਾਰਤ ਹਾਸਿਲ ਕਰ ਲਈ ਸੀ, ਲੋੜ ਹੈ ਇਸ ਮੁਹਾਰਤ ਦੇ ਅਸੂਲਾਂ ਨੂੰ ਸਮਝ ਕੇ ਇਹਨੂੰ ਅੱਜ ਦੀ ਸ਼ਹਿਰੀ ਅਤੇ ਪੇਂਡੂ ਵਿਉਂਤ ਵਿਚ ਵਰਤਣ ਦੀ ਸਮਰੱਥਾ ਦੀ।

14. ਊਰਜਾ ਦੀ ਬੱਚਤ ਪੱਖੋਂ ਲੂੰਬੀ ਵਾਲਾ ਚੁੱਲ੍ਹਾ ਅੱਜ ਵੀ ਅਹਿਮੀਅਤ ਰੱਖਦਾ ਹੈ।

15. ਇਕ ਮਾਲਵੇ ਦੇ ਵਸਨੀਕ ਦੀ ਰੱਬ ਨੂੰ ਟਿੱਚਰ।

16. ਲਗਭਗ ਹਰ ਸਭਿਆਚਾਰ ਵਿਚ ਸੁੱਚ ਅਤੇ ਭਿੱਟ ਦੇ ਸੰਕਲਪ ਮਿਲਦੇ ਹਨ ਜੋ ਧਾਰਮਿਕ ਵਿਸ਼ਵਾਸ਼ਾਂ ਨਾਲ ਨਿਰਧਾਰਤ ਹੁੰਦੇ ਹਨ।

17. ਇਸ ਤਰ੍ਹਾਂ ਦੀਆਂ ਗੱਲਾਂ ਸੰਕੇਤ ਕਰਦੀਆਂ ਹਨ ਕਿ ਘਰ ਦੀ ਉਸਾਰੀ ਮੌਸਮ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਸਲਾਂ ਨਾਲ ਜੁੜੀ ਆਰਥਿਕਤਾ ਨਾਲ ਪ੍ਰਭਾਵਿਤ ਹੁੰਦੀ, ਨਵੀਂ ਫ਼ਸਲ ਹੋਣ ਉੱਤੇ ਫਿਰ ਉਸਾਰੀ ਕਰ ਲਈ ਜਾਂਦੀ ।

18. ਇਹ ਸਾਬਿਤ ਹੁੰਦਾ ਹੈ ਕਿ ਪੰਜਾਬੀ ਸਭਿਆਚਾਰ ਵਿਚ ਪਸ਼ੂਆਂ ਅਤੇ ਪੰਛੀਆਂ ਨਾਲ ਮਨੁੱਖ ਦਾ ਕਿੰਨਾ ਤਾਲਮੇਲ ਸੀ ।

19. ਜਿਸ ਨੂੰ ਸੇਕ ਲਗੇ ਉਹ ਕਾਹਦਾ ਦੇਵਤਾ ।

20. ਆਮ ਘਰਾਂ ਦੇ ਪਿਛਲੇ ਕਮਰੇ ਜਾਂ ਕੋਠੜੀਆਂ ਹਨੇਰੇ, ਸਲ੍ਹਾਬੇ, ਘੱਟ ਹਵਾ ਅਤੇ ਰੋਸ਼ਨੀ ਵਾਲੇ ਹੁੰਦੇ । ਇਹਦੇ ਪਿਛੇ ਵੀ ਸੰਕਲਪ ਘਰ ਨੂੰ ਮੌਸਮ ਅਤੇ ਧਾੜਵੀਆਂ ਤੋਂ ਬਚਾਉਣ ਦਾ ਸੀ ।

21. ਆਜ਼ਾਦੀ ਤੋਂ ਤੁਰੰਤ ਬਾਅਦ ਕਈ ਵਿਆਹ ਘਰਾਂ ਦੀ ਛੱਤਾਂ ਉਤੇ ਹੁੰਦੇ, ਫਿਰ ਹੌਲੀ ਹੌਲੀ ਤੰਬੂ ਕਨਾਤਾਂ ਲਿਆ ਕੇ, ਸਕੂਲ ਜਾਂ ਗੁਰਦੁਆਰੇ ਵਿਚ ਵਿਆਹ ਕਰਨ ਜਾਂ ਘਰ/ਹਵੇਲੀ ਦੇ ਖੁੱਲ੍ਹੇ ਵਿਹੜੇ ਵਿਚ ਵਿਆਹ ਹੋਣ ਲਗ ਪਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵੇਲੀ : ਸਭਿਆਚਾਰਕ ਪਰਿਪੇਖ ਵਿਚ ਇਕ ਅਧਿਐਨ

ਪਿੰਡਾਂ ਦਾ ਸਭਿਆਚਾਰ, ਪੰਜਾਬੀਆਂ ਦੀਆਂ ਹੁਨਰਮੰਦ ਸੋਚਾਂ ਅਤੇ ਡੌਲਿਆਂ ਦੀ ਤਾਕਤ ਨਾਲ ਕੁਦਰਤ ਅਤੇ ਪਸ਼ੂਆਂ ਨੂੰ ਲਾਹੇਵੰਦ ਕੰਮਾਂ ਲਈ ਵਰਤ ਸਕਣ ਦੀ ਸਮਰੱਥਾ ਨਾਲ ਉਗਮਿਆ ਅਤੇ ਵਿਕਸਿਤ ਹੋਇਆ। ਕੁਦਰਤ ਦੇ ਵੱਖੋ ਵੱਖਰੇ ਤੱਤਾਂ, ਜਲ, ਪੌਣ, ਧਰਤੀ, ਅਗਨਿ, ਆਕਾਸ਼ ਦੀ ਪੂਜਾ ਦੇ ਨਾਲ ਨਾਲ ਪੰਜਾਬੀਆਂ ਚੌਗਿਰਦੇ ਵਿਚ ਵਿਚਰਦੇ ਪਸ਼ੂਆਂ ਨੂੰ ਪਾਲਣ ਵਲ ਉਚੇਚਾ ਧਿਆਨ ਦਿੱਤਾ। ਇੰਜ ਕਰਦੇ ਹੋਏ ਕਿਤੇ ਪਸ਼ੂਆਂ ਨੂੰ ਵਾਹੀ ਲਈ, ਕਿਤੇ ਆਵਾਜਾਈ ਦੇ ਵਸੀਲੇ ਵਜੋਂ, ਕਿਤੇ ਦੁੱਧ ਘਿਉ ਦੀ ਨਰੋਈ ਖੁਰਾਕ ਲਈ ਪਾਲਿਆ। ਇਥੋਂ ਤਕ ਕਿ ਪਸ਼ੂਆਂ ਦੀ ਪੂਜਾ, ਸਾਜ ਸ਼ਿੰਗਾਰ ਅਤੇ ਸੇਵਾ ਦੇ ਨਾਲ ਨਾਲ ਉਹਨਾਂ ਨੂੰ ਆਪਣੇ ਘਰਾਂ ਅਤੇ ਇਕੋ ਇਕ ਕਮਰੇ ਵਿਚ ਵੀ ਭਾਈਵਾਲ ਬਣਾ ਲਿਆ। ਪਸ਼ੂਆਂ ਦੇ ਗੋਹੇ ਨਾਲ ਜਿਥੇ ਇਕ ਪਾਸੇ ਘਰਾਂ ਨੂੰ ਲਿੰਬਿਆਂ ਪੋਚਿਆ ਜਾਂਦਾ, ਉਥੇ ਨਾਲੋ ਨਾਲ ਘਰਾਂ ਵਿਚ ਹੀ ਪਸ਼ੂਆਂ ਦੇ ਦਾਣੇ, ਪੱਠੇ, ਪਾਣੀ ਅਤੇ ਆਰਾਮ ਦੇ ਪ੍ਰਬੰਧ ਵੀ ਕੀਤੇ ਜਾਣ ਲੱਗੇ।

ਪਸ਼ੂਆਂ ਦੇ ਪਾਲਣ ਪੋਸਣ ਲਈ ਘਰਾਂ ਵਿਚ ਪ੍ਰਬੰਧ ਦੇ ਨਾਲ ਨਾਲ ਵੱਖਰੇ ਵਾੜੇ ਅਤੇ ਹਵੇਲੀਆਂ ਬਣਾਉਣ ਦੀ ਪਰੰਪਰਾ ਵੀ ਰਹੀ ਹੈ। ਹਾਲਾਂ ਕਿ ਸ਼ਬਦ "ਹਵੇਲੀ" ਚਾਰ ਚੁਫੇਰੇ ਤੋਂ ਘੇਰੇ ਹੋਏ, ਵਲੇ ਹੋਏ, ਘਰ ਲਈ ਵਰਤਿਆ ਜਾਂਦਾ ਸੀ[1] ਪਰ ਆਮ ਬੋਲਚਾਲ ਦੀ ਭਾਸ਼ਾ ਵਿਚ ਹੌਲੀ ਹੌਲੀ ਹਵੇਲੀ ਤੋਂ ਭਾਵ ਚੁਫੇਰੇ ਤੋਂ ਵਲੇ ਹੋਏ ਅਜਿਹੇ ਥਾਂ ਵਜੋਂ ਲਿਆ ਜਾਣ ਲੱਗ ਪਿਆ ਜਿਥੇ ਪਸ਼ੂਆਂ ਦੇ ਚਾਰੇ ਪੱਠੇ ਅਤੇ ਰਹਿਣ ਸਹਿਣ ਲਈ ਛੱਤੋਂ ਛੱਤੀ ਹੁੰਦੀ। ਸਭਿਆਚਾਰਕ ਪਰਿਪੇਖ ਵਿਚ ਹਵੇਲੀ ਉਸਾਰੀ ਵਜੋਂ ਵੱਖਰੀ ਇਕਾਈ ਹੁੰਦੀ ਹੋਈ ਵੀ ਘਰ ਦਾ ਹਿੱਸਾ ਸਮਝੀ ਜਾਂਦੀ। ਪੰਜਾਬ ਦੇ ਕਈ ਇਲਾਕਿਆਂ ਵਿਚ ਘਰ ਅਤੇ ਹਵੇਲੀ ਇਕੋ ਥਾਂ ਹੀ ਹੁੰਦੇ[2], ਕਿਤੇ ਗਲੀ ਦੇ ਇਕ ਪਾਸੇ ਘਰ ਅਤੇ ਦੂਜੇ ਪਾਸੇ ਹਵੇਲੀ, ਕਿਤੇ ਘਰ ਪਿੰਡ ਦੇ ਵਿਚਕਾਰ ਅਤੇ ਹਵੇਲੀ ਬਾਹਰਵਾਰ ਫਿਰਨੀ ਵਾਲੀ ਗਲੀ ਉੱਤੇ।[3] ਇਸ ਲੇਖ ਵਿਚ ਇਹ ਦੇਖਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਹ ਕੀ ਕੀ ਭੌਂ ਵਰਤੋਂ, ਅਸੂਲ, ਰੀਤਾਂ ਰਿਵਾਜ਼ ਹਨ ਜਿਨ੍ਹਾਂ ਨੇ ਹਵੇਲੀ ਦੀ, ਸਥਿਤੀ, ਰੂਪ. ਆਕਾਰ ਅਤੇ ਮੁੱਖ ਅੰਸ਼ਾਂ ਨੂੰ ਪ੍ਰਭਾਵਿਤ ਕੀਤਾ। ਇੰਜ ਕਰਦੇ ਹੋਏ ਇਸ ਲਿਖਤ ਨੂੰ ਅਗੋਂ ਦੋ ਭਾਗਾਂ ਵਿਚ ਵੰਡਿਆ ਗਿਆ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੳ) ਹਵੇਲੀ ਦੀ ਸਥਿਤੀ

(ਅ) ਹਵੇਲੀ ਦੇ ਮੁੱਖ ਅੰਸ਼

(ੳ) ਹਵੇਲੀ ਦੀ ਸਥਿਤੀ : ਪੰਜਾਬ ਦੇ ਪਿੰਡਾਂ ਨੂੰ ਡੂੰਘੀ ਨਜ਼ਰੇ ਘੋਖਣ ਉੱਤੇ ਇਹ ਗੱਲ ਸੁਭਾਵਿਕ ਹੀ ਉੱਘੜ ਆਉਂਦੀ ਹੈ ਕਿ ਜਿਵੇਂ ਜਿਵੇਂ ਸਮਾਜਿਕ ਅਤੇ ਆਰਥਿਕ ਰੁਤਬਾ ਉੱਚਾ ਹੁੰਦਾ ਚਲਾ ਜਾਂਦਾ ਹੈ, ਘਰ ਦੇ ਜੀਅ ਅਤੇ ਪਸ਼ੂਆਂ ਵਿਚਕਾਰ ਦੂਰੀ ਵਧਦੀ ਤੁਰੀ ਜਾਂਦੀ। ਇਸ ਪਰਿਪੇਖ ਵਿਚ ਜੇ ਪੰਜਾਬ ਦੇ ਪਿੰਡਾਂ ਦੀ ਬਣਤਰ ਨੂੰ ਵੀ ਘੋਖਿਆ ਜਾਏ ਤਾਂ ਇਹ ਆਮ ਵੇਖਣ ਨੂੰ ਮਿਲਦਾ ਹੈ ਕਿ ਵੱਡੇ ਘਰਾਂ, ਅਟਾਰੀਆਂ, ਮਹੱਲਾਂ, ਚੁਬਾਰਿਆਂ ਵਾਲੇ ਘਰ, ਪਿੰਡ ਦੇ ਵਿਚਕਾਰ ਹੁੰਦੇ ਜਿਥੇ ਬਹੁਤੀਆਂ ਹਾਲਤਾਂ ਵਿਚ ਛੋਟੀ ਗਲੀ ਜਾ ਰਹੀ ਹੁੰਦੀ। ਇਹ ਮੱਧਕਾਲੀਨ ਪਿੰਡਾਂ ਨੂੰ ਸੁਰੱਖਿਆ ਨਿਯਮਾਂ ਅਧੀਨ ਵਿਉਂਤਣ ਕਰਕੇ ਸੀ। ਅਜਿਹੇ ਵੱਡੇ ਜ਼ਿਮੀਂਦਾਰ, ਪੰਡਿਤਾਂ ਦੇ ਘਰਾਂ ਨਾਲ ਜੇਕਰ ਜ਼ਿਆਦਾ ਥਾਂ ਵਲਿਆ ਹੁੰਦਾ ਤਾਂ ਡੰਗਰਾਂ ਲਈ ਘਰ ਦੇ ਅੰਦਰ ਹੀ ਪਰ ਇਕ ਬਿਲਕੁਲ ਹੀ ਵੱਖਰਾ ਹਿੱਸਾ ਨੀਯਤ ਕੀਤਾ ਗਿਆ ਹੁੰਦਾ। ਅਜਿਹੇ ਘਰਾਂ ਵਿਚ ਤੂੜੀ ਵਾਲੇ ਗੱਡੇ, ਪੱਠੇ ਅਤੇ ਹੋਰ ਚਾਰਾ ਲੈ ਕੇ ਆਉਣਾ ਮੁਸ਼ਕਿਲ ਹੁੰਦਾ। ਸੋ ਪਿੰਡ ਦੀ ਗਲੀ ਜਿਥੋਂ ਘੱਟ ਚੌੜੀ ਹੁੰਦੀ ਉਥੋਂ ਇਹ ਸਾਰਾ ਸਾਮਾਨ ਕਾਮੇ ਸਿਰਾਂ ਉਤੇ ਪੰਡਾਂ ਤੰਗੜਾਂ ਦੀ ਸ਼ਕਲ ਵਿਚ ਲੈ ਕੇ ਆਉਂਦੇ।

ਮਾਲਵੇ ਅਤੇ ਰਾਜਸਥਾਨ ਵਲ ਦੇ ਜ਼ਿਆਦਾ ਪਿੰਡਾਂ ਵਿਚ ਘਰ ਅਤੇ ਡੰਗਰਾਂ ਲਈ ਥਾਂ ਇਕ ਇਕਾਈ ਹੁੰਦੇ ਅਤੇ ਇਧਰ ਦੇ ਘਰਾਂ ਨੂੰ ਹਵੇਲੀ ਕਿਹਾ ਜਾਂਦਾ। ਇਧਰ ਦੇ ਵੱਡੇ ਘਰ ਉੱਚੇ ਬੂਹੇ ਅਤੇ ਖੁਲ੍ਹੀਆਂ ਗਲੀਆਂ ਉੱਤੇ ਸਥਿੱਤ ਹੁੰਦੇ। ਡਿਉਢੀ ਤੋਂ ਅੰਦਰ ਹੁੰਦੇ ਹੀ ਇਕ ਪਾਸੇ ਘਰ, ਇਕ ਪਾਸੇ ਡੰਗਰਾਂ ਲਈ ਥਾਂ ਹੁੰਦਾ ਅਤੇ ਡਿਉਢੀ ਜਾਂ ਉਹਦੇ ਨਾਲ ਲਗਦਾ ਕਮਰਾ ਆਏ ਗਏ ਲਈ ਬੈਠਕ ਵਜੋਂ ਵਰਤਿਆ ਜਾਂਦਾ।

ਮਾਲਵੇ ਦੇ ਉਲਟ ਉਹ ਪਹਾੜੀ ਇਲਾਕੇ ਜਾਂ ਦੁਆਬੇ ਦੇ ਉਹ ਪਿੰਡ ਜਿਥੇ ਚੋਰੀ ਅਤੇ ਖੂੰਖਾਰ ਜਾਨਵਰਾਂ ਦਾ ਖ਼ਤਰਾ ਘੱਟ ਹੁੰਦਾ ਅਜਿਹੇ ਇਲਾਕਿਆਂ ਵਿਚ ਪਿੰਡ ਦੀ ਵਸੋਂ ਦੇ ਨਾਲ ਹੀ ਖੁਲ੍ਹੇ ਵਾੜੇ ਵਲੇ ਜਾਂਦੇ। ਕਈ ਇਲਾਕਿਆਂ ਵਿਚ ਇਹਨਾਂ ਵਾੜਿਆਂ ਵਿਚ ਭੇਡਾਂ ਬੱਕਰੀਆਂ ਰੱਖੀਆਂ ਜਾਂਦੀਆਂ ਅਤੇ ਕਈ ਇਲਾਕਿਆਂ 'ਚ ਛੰਨਾਂ ਢਾਰੇ ਛੱਤ ਲਏ ਜਾਂਦੇ। ਪਰ ਇਹ ਆਮ ਵੇਖਣ ਵਿਚ ਆਉਂਦਾ ਕਿ ਇਹ ਵਾੜੇ ਕਿਤੇ ਤਾਂ ਮਣਛਿੱਟੀ, ਸਰਕੰਡੇ ਦੀ ਬੜੇ ਭਾਵ ਪੂਰਤ ਬੁਣਾਈ ਨਾਲ ਬਣੇ ਹੁੰਦੇ, ਕਿਤੇ ਕੰਡਿਆਲੇ ਛਾਪੇ ਲਾ ਕੇ ਵਲੇ ਹੁੰਦੇ।

ਦੇਸ਼ ਦੀ ਵੰਡ ਤੋਂ ਬਾਅਦ ਜਦ ਪੰਜਾਬ ਵਿਚ ਕਿੱਲੇਬੰਦੀ ਹੋਈ ਤਾਂ ਪਿੰਡਾਂ ਦੇ ਵੱਡੇ ਜ਼ਿਮੀਂਦਾਰਾਂ ਨੇ ਪਿੰਡ ਦੇ ਚਾਰ ਚੁਫੇਰੇ ਹਵੇਲੀਆਂ ਲਈ ਖਿੱਤੇ ਅਲਾਟ ਕਰਾ ਲਏ। ਪਿੰਡ ਦੇ ਪ੍ਰਸਾਰ ਦੇ ਨਾਲ ਜਾਂ ਜਦੋਂ ਪਿੰਡ ਦੇ ਅੰਦਰਲੇ ਘਰ ਟਰੈਕਟਰ, ਟਰਾਲੀ, ਕੰਬਾਈਨ ਆਦਿ ਗਲੀਆਂ ਭੀੜੀਆਂ ਹੋਣ ਕਰਕੇ ਨਾ ਪੁੱਜਣ ਲੱਗੇ ਤਾਂ ਅਜਿਹੇ ਘਰਾਂ ਨੇ ਇਹਨਾਂ ਖਿੱਤਿਆਂ ਨੂੰ ਹਵੇਲੀਆਂ ਵਿਚ ਤਬਦੀਲ ਕਰਕੇ ਮਾਲ ਡੰਗਰ ਇਥੇ ਲੈ ਆਂਦਾ। ਇੰਜ ਹਵੇਲੀ ਘਰ ਨਾਲੋਂ ਵੱਖਰੀ ਅਤੇ ਦੂਰ ਹੋ ਗਈ। ਭਾਵ ਹਰੀ ਕ੍ਰਾਂਤੀ ਨਾਲ ਜੁੜੇ ਮਸ਼ੀਨੀ ਔਜ਼ਾਰ ਅਤੇ ਕਿੱਲੇਬੰਦੀ ਨਾਲ ਪਿੰਡ ਦੀ ਫਿਰਨੀ ਦੇ ਨਾਲ ਅਲਾਟ ਹੋਏ ਖਿੱਤੇ, ਦੋ ਮੁੱਖ ਕਾਰਣ ਬਣੇ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵੇਲੀ ਡੰਗਰਾਂ ਵਾਲੀ ਥਾਂ, ਘਰ ਦੀ ਵਸੋਂ ਵਾਲੀ ਥਾਂ ਤੋਂ ਵੱਖਰੀ ਉਸਾਰੀ ਜਾਣ ਲੱਗੀ।

ਪੰਜਾਬ ਦੇ ਉਹ ਪਿੰਡ ਜੋ ਨਹਿਰਾਂ ਦੀ ਸਿੰਚਾਈ ਕਰਕੇ ਸਥਾਪਿਤ ਗਏ ਅਤੇ ਵਿਕਸਿਤ ਹੋਏ, ਅਜਿਹੇ ਪਿੰਡ ਮੁੱਖ ਤੌਰ ਤੇ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਬਾਅਦ ਪ੍ਰਫੁਲਿਤ ਹੋਏ। ਇਸ ਲਈ ਇਹਨਾਂ ਪਿੰਡਾਂ ਦੀਆਂ ਗਲੀਆਂ ਚੌੜੀਆਂ ਅਤੇ ਸਿੱਧੀਆਂ ਵਿਉਂਤਬੰਦ ਹੋਈਆਂ। ਅਜਿਹੇ ਪਿੰਡਾਂ ਵਿਚ ਇਹ ਆਮ ਵੇਖਣ ਨੂੰ ਮਿਲਦਾ ਹੈ ਕਿ ਗਲੀ ਦੇ ਇਕ ਪਾਸੇ ਘਰ ਅਤੇ ਘਰ ਦੇ ਸਾਹਮਣੇ ਗਲੀ ਦੇ ਦੂਸਰੇ ਪਾਸੇ ਹਵੇਲੀ ਹੁੰਦੀ।

ਹਰੀ ਕ੍ਰਾਂਤੀ ਨਾਲ ਥਾਂ ਥਾਂ ਲੱਗੀਆਂ ਪਾਣੀ ਦੀਆਂ ਬੰਬੀਆਂ ਅਤੇ ਬਿਜਲੀ ਕਰਕੇ ਪੰਜਾਬ ਦੇ ਕਈ ਪਿੰਡਾਂ ਵਿਚ, ਪਿੰਡ ਛੱਡ ਕੇ ਖੇਤਾਂ ਵਿਚ ਹੀ ਆਪਣਾ ਡੇਰਾ ਜਾਂ ਘਰ ਬਣਾਉਣ ਦੀ ਰੀਤ ਚਲ ਪਈ। ਜੇਕਰ ਇਹੋ ਜਿਹੇ ਡੇਰਿਆਂ ਦਾ ਅਧਿਐਨ ਕੀਤਾ ਜਾਏ ਤਾਂ ਇਥੇ ਵੀ ਘਰ ਦਾ ਮੁੱਖ ਬੂਹਾ ਜੋ ਸੁਰੱਖਿਆ ਨਿਯਮਾਂ ਕਰਕੇ ਉੱਚਾ, ਕਈ ਹਾਲਤਾਂ ਵਿਚ ਡਿਉਢੀ ਨੁਮਾ ਹੁੰਦਾ, ਇਹਦੇ ਅੰਦਰ ਜਾਂਦੇ ਹੀ ਇਕ ਪਾਸੇ ਪਸ਼ੂਆਂ ਲਈ ਥਾਂ ਅਤੇ ਦੂਜੇ ਪਾਸੇ ਰਹਿਣ ਵਾਲੇ ਕੋਠੇ ਵੇਖਣ ਨੂੰ ਮਿਲਦੇ ਹਨ।

7785

ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਇਕ ਗੱਲ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਥੇ ਘਰ ਵਿਚ ਥਾਂ ਘੱਟ ਹੈ (ਥਾਂ ਘੱਟ ਹੋਣ ਦੇ ਆਰਥਿਕ ਸਮਾਜਿਕ ਕਈ ਕਾਰਣ ਹੋ ਸਕਦੇ ਹਨ। ਭਰਾਵਾਂ ਦੇ ਘਰ ਵੰਡਣ ਦੇ ਸੰਕਲਪ ਤੋਂ ਲੈ ਕੇ ਬਹੁਤ ਪੁਰਾਣੇ ਘਰ ਜੋ ਜੀਆਂ ਦੇ ਵਾਧੇ ਨਾਲ ਹੌਲੀ ਹੌਲੀ ਹੋਰ ਕਮਰੇ ਉਸਰਦੇ ਗਏ) ਜਿਥੇ ਗਲੀ ਘਟ ਚੌੜੀ ਅਤੇ ਨਵੇਂ ਮਸ਼ੀਨੀ ਔਜ਼ਾਰ ਘਰ ਅੰਦਰ ਨਹੀਂ ਆ ਜਾ ਸਕਦੇ, ਅਜਿਹੇ ਥਾਵਾਂ ਉੱਤੇ ਹੀ ਘਰ ਇਕ ਵੱਖਰੀ ਇਕਾਈ ਅਤੇ ਡੰਗਰਾਂ ਲਈ ਹਵੇਲੀ ਵੱਖਰੀ ਇਕਾਈ ਹੈ, ਨਹੀਂ ਤਾਂ ਭਾਵੇਂ ਇਹ ਪੁਰਾਣੇ ਪੇਂਡੂ ਘਰ ਹਨ, ਭਾਵੇਂ ਮਾਲਵੇ ਵੱਲ ਦੀਆਂ ਹਵੇਲੀਆਂ, ਭਾਵੇਂ ਖੇਤਾਂ ਵਿਚ ਨਵੇਂ ਉਸਰੇ ਡੇਰੇ, ਹਰ ਥਾਂ ਇਹੀ ਕੋਸ਼ਿਸ਼ ਹੈ ਕਿ ਹਵੇਲੀ ਭਾਵ ਡੰਗਰਾਂ ਵਾਲਾ ਥਾਂ ਵਰਤੋਂ ਪੱਖੋਂ ਵੱਖਰੀ ਇਕਾਈ ਹੁੰਦਾ ਹੋਇਆ ਵੀ ਦਿੱਖ ਪੱਖੋਂ, ਸੁਰੱਖਿਆ ਪੱਖੋਂ, ਘਰ ਦੇ ਨਾਲ ਜੁੜਿਆ ਹੋਇਆ ਹੀ ਹੋਵੇ।

ਘਰ ਅਤੇ ਡੰਗਰਾਂ ਲਈ ਥਾਂ ਨੂੰ ਇਕ ਦੂਜੇ ਨਾਲ ਇਕਮਿਕ ਅਤੇ ਨੇੜੇ ਤੋਂ ਨੇੜੇ ਵਿਉਂਤਣ ਦੀ ਮਾਨਸਿਕਤਾ ਪਿੱਛੇ ਕਈ ਸੰਕਲਪ ਕੰਮ ਕਰਦੇ ਹਨ ਜਿਵੇਂ, ਜੇ ਘਰ ਨੇੜੇ ਹੈ ਤਾਂ ਜਦ ਮਰਦ ਖੇਤਾਂ ਵਿਚ ਕੰਮ ਕਰ ਰਹੇ ਹੋਣ, ਔਰਤਾਂ ਉਸ ਵੇਲੇ ਸੂਈ ਮੱਝ, ਗਾਂ ਨੂੰ ਦਲਿਆ ਗੁੜ ਪਾਣੀ, ਨਿੱਕੇ ਕੱਟੀ ਵੱਛੇ ਦਾ ਖਿਆਲ ਕਰ ਸਕਦੀਆ ਹਨ। ਪਸ਼ੂ ਛੋਟੇ ਅਤੇ ਮੱਧ ਵਰਗੀ ਪਰਿਵਾਰ ਦੀ ਆਰਥਿਕਤਾ ਦੀ ਟੇਕ ਹੁੰਦੇ ਹਨ, ਜਿੰਨਾਂ ਉਹਨਾਂ ਦਾ ਖਿਆਲ ਕੀਤਾ ਜਾਏ ਉੱਨਾ ਜ਼ਿਆਦਾ ਉਹ ਦੁੱਧ ਘਿਉ ਅਤੇ ਵਾਹੀ ਦੇ ਕੰਮਾਂ ਵਿਚ ਸਹਿਯੋਗੀ ਹੁੰਦੇ ਹਨ। ਪਸ਼ੂਆਂ 'ਤੇ ਆਰਥਿਕ ਟੇਕ ਹੋਣ ਕਰਕੇ ਪੰਜਾਬ ਵਿਚ ਪਸ਼ੂਆਂ ਦੀ ਚੋਰੀ ਇਕ ਆਮ ਗੱਲ ਸੀ (ਇਹ ਰੁਝਾਨ ਹੁਣ ਹੌਲੀ ਹੌਲੀ ਘੱਟ ਰਿਹਾ ਹੈ) ਇੰਜ ਜੇਕਰ ਹਵੇਲੀ ਘਰੋਂ ਵੱਖਰੀ ਇਕਾਈ ਹੈ ਤਾਂ ਵੀ ਹਵੇਲੀ ਵਿਚ ਕਿਸੇ ਮਰਦ ਦਾ ਰਾਤ ਨੂੰ ਪਸ਼ੂਆਂ ਦੀ ਰਾਖੀ ਵਜੋਂ ਸੌਣਾ ਲਾਜ਼ਮੀ ਹੁੰਦਾ। ਫ਼ਿਰ ਜਿਸ ਪਸ਼ੂਆਂ ਕੋਲ ਸੌਣਾ ਹੁੰਦਾ, ਉਹਦੇ ਮੰਜੇ ਬਿਸਤਰੇ ਰੋਟੀ ਪਾਣੀ ਦੇ ਪ੍ਰਬੰਧ ਲਈ ਹਵੇਲੀ ਘਰੋਂ ਦੂਰ ਹੋਣ ਉੱਤੇ ਕਈ ਫੇਰੇ ਮਾਰਨੇ ਪੈਂਦੇ। ਫਿਰ ਗੱਲ ਇਥੇ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਾਂ ਨਹੀਂ ਮੁੱਕਦੀ ਪਸ਼ੂਆਂ ਦਾ ਗੋਹਾ ਕੂੜਾ, ਪਿੰਡਾਂ ਵਿਚ ਦੋ ਤਰ੍ਹਾਂ ਦਾ ਆਰਥਿਕ ਵਸੀਲਾ ਹੁੰਦਾ। ਇਕ, ਗੋਹੇ ਕੂੜੇ ਨੂੰ ਖੇਤਾਂ ਵਿਚ ਰੂੜੀ ਵਜੋਂ ਵਰਤਣਾ ਹੁੰਦਾ। ਦੂਸਰਾ, ਉਹਨਾਂ ਪਿੰਡਾਂ ਵਿਚ ਜਿਥੇ ਚੁੱਲ੍ਹੇ ਚੌਂਕੇ ਵਿਚ ਬਾਲਣ ਲਈ ਲੱਕੜਾਂ, ਮਣਛਿੱਟੀ, ਪੱਛੀਆਂ, ਢਿੰਢਣ ਆਦਿ ਦੇ ਟਾਂਡਿਆਂ ਦੀ ਘਾਟ ਹੁੰਦੀ, ਅਜਿਹੇ ਪਿੰਡਾਂ ਅਤੇ ਘਰਾਂ ਵਿਚ ਗੋਹੇ ਦੀਆਂ ਪਾਥੀਆਂ ਬਣਾ ਕੇ ਬਾਲਣ ਵਜੋਂ ਵਰਤੀਆਂ ਜਾਣੀਆਂ ਹੁੰਦੀਆਂ। ਮਾਲ ਡੰਗਰ ਬਿਮਾਰ ਹੋਣ ਉੱਤੇ, ਦੁੱਧ ਚੋ ਕੇ ਲਿਆਉਣ ਲਈ, ਕਈ ਫੇਰੇ ਹਵੇਲੀ ਦੇ ਮਾਰਨੇ ਪੈਂਦੇ, ਇਸੇ ਕਰਕੇ ਪਿੰਡਾਂ ਵਿਚ ਸਫ਼ਾਈ ਪ੍ਰਤਿ ਦਿਨੋ ਦਿਨ ਵਧ ਰਹੀ ਸੋਝੀ ਦੇ ਬਾਵਜੂਦ ਵੱਸ ਲੱਗਦੇ ਹਰ ਪੇਂਡੂ, ਆਪਣੇ ਪਸ਼ੂ, ਆਪਣੀਆਂ ਨਜ਼ਰਾਂ ਥੱਲੇ, ਆਪਣੇ ਘਰ ਦੇ ਕੋਲ ਰੱਖਣਾ ਚਾਹੁੰਦਾ ਹੈ।

ਇਸ ਕਰਕੇ ਪੰਜਾਬ ਦੇ ਵੱਡੇ ਪਿੰਡ ਜੋ ਕਸਬਿਆਂ ਵਿਚ ਤਬਦੀਲ ਹੋ ਰਹੇ ਹਨ ਉਹਨਾਂ ਵਿਚ ਇਹ ਰੁਝਾਨ ਵੇਖਣ ਵਿਚ ਆਮ ਮਿਲਦਾ ਹੈ ਕਿ ਪਸ਼ੂ ਤਾਂ ਘਰ ਦੇ ਕੋਲ ਹੀ ਰਖੇ ਜਾ ਰਹੇ ਹਨ ਜਦ ਕਿ ਪਿੰਡ ਦੇ ਨਾਲ ਨਾਲ ਉਹ ਖਿੱਤੇ ਜੋ ਹਵੇਲੀਆਂ ਲਈ ਛੱਡੇ ਗਏ ਸਨ ਉਥੇ ਮੁਰਗੀ ਪਾਲਣ ਜਾਂ ਹੋਰ ਧੰਦੇ ਚਲਾਏ ਜਾ ਰਹੇ ਹਨ। ਪਿੰਡ ਦੇ ਕੇਂਦਰ ਤੋਂ ਫਿਰਨੀ ਵੱਲ ਆਉਣ ਉੱਤੇ ਕਿਰਸਾਨੀ ਦੇ ਘਰਾਂ ਅਤੇ ਹਵੇਲੀਆਂ ਹੇਠਲੇ ਖਿਤਿਆਂ ਦਾ ਰਕਬਾ ਵੱਡਾ ਹੁੰਦਾ ਚਲਾ ਜਾਂਦਾ ਹੈ। ਉਹ ਘਰ ਜੋ ਸਿੱਧੇ ਤੌਰ ਤੇ ਖੇਤੀਬਾੜੀ ਵਿਚ ਨਹੀਂ ਰੁੱਝੇ, ਉਹਨਾਂ ਦੇ ਘਰਾਂ ਵਿਚ ਆਜ਼ਾਦੀ ਤੋਂ ਪਹਿਲਾਂ ਮੁੱਖ ਤੌਰ ਤੇ ਦੁਧਾਰੂ ਜਾਨਵਰ ਮਿਲਦੇ, ਆਜ਼ਾਦੀ ਤੋਂ ਬਾਅਦ ਕਿਰਸਾਨੀ ਪਿਛੋਕੜ ਦੇ ਕਈ ਪਰਿਵਾਰ ਹੌਲੀ ਹੌਲੀ ਦੁਧਾਰੂ ਪਸ਼ੂ ਰਖ ਕੇ ਡੇਅਰੀ ਜਾਂ ਦੁੱਧ ਵੇਚਣ ਦਾ ਧੰਦਾ ਅਪਣਾ ਰਹੇ ਹਨ। ਇਨ੍ਹਾਂ ਸਾਰੇ ਹਾਲਾਤਾਂ ਵਿਚ ਜ਼ਿਆਦਾ ਪ੍ਰਤਿਸ਼ਤ ਲੋਕ ਘਰਾਂ ਵਿਚ ਹੀ ਪਸ਼ੂ ਰਖ ਰਹੇ ਹਨ। ਕੰਮੀਂ ਕਮੀਣ ਅਤੇ ਹੋਰ ਜ਼ਾਤਾਂ ਜਿਵੇਂ ਘੁਮਿਆਰ ਆਦਿ ਵੀ ਆਪਣੇ ਖੋਤੇ ਘਰਾਂ ਵਿਚ ਰਖਣ ਨੂੰ ਤਰਜੀਹ ਦਿੰਦੇ ਹਨ। ਕਿਰਸਾਨੀ ਨਾਲ ਜੁੜੇ ਪਰਿਵਾਰ ਦੇ ਪਸ਼ੂਆਂ ਲਈ ਹੀ ਵੱਖਰੀਆਂ ਹਵੇਲੀਆਂ ਵਿਚ ਪਸ਼ੂ ਰਖਣ ਦੀ ਰੀਤ ਹੈ, ਕਿਤੇ ਕਿਤੇ ਬਹੁਤ ਵੱਡੇ ਜ਼ਿਮੀਂਦਾਰ ਪਰਿਵਾਰਾਂ ਦੇ ਗਊਆਂ (ਜਰਸੀ) ਦੇ ਫ਼ਾਰਮ ਅਤੇ ਘੋੜਿਆਂ ਦੇ ਫ਼ਾਰਮਾਂ ਨੂੰ ਆਧੁਨਿਕ ਲੀਹਾਂ ਉੱਤੇ ਘਰੋਂ ਅਤੇ ਕਈ ਹਾਲਤਾਂ ਵਿਚ ਬਸਤੀ ਤੋਂ ਵੀ ਦੂਰ ਸਥਾਪਿਤ ਕਰਨ ਦੀ ਰੁਚੀ ਵੇਖਣ ਨੂੰ ਮਿਲਦੀ ਹੈ ਜਦ ਕਿ ਭੇਡਾਂ ਬੱਕਰੀਆਂ ਦੇ ਵਾੜੇ, ਪਿੰਡਾਂ ਦੇ ਨਾਲ ਹੀ ਵਲੇ ਗਏ ਦ੍ਰਿਸ਼ਟੀਗੋਚਰ ਹੁੰਦੇ ਹਨ। ਵਾਹ ਲਗਦੇ ਪੰਜਾਬੀ ਪਸ਼ੂਆਂ ਨੂੰ ਆਪਣੇ ਕੋਲ ਘਰ ਦੇ ਵਿਚ, ਨਾਲ, ਘਰ ਦੇ ਸਾਹਮਣੇ ਰਖ ਕੇ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹਨ। ਘਰ ਤੋਂ ਵੱਖਰੀ ਪਸ਼ੂਆਂ ਲਈ ਹਵੇਲੀ ਦਰਅਸਲ ਮੱਧ ਅਤੇ ਉੱਚ ਮੱਧ ਸ਼੍ਰੇਣੀ ਦੇ ਕਿਰਸਾਨੀ ਦੇ ਲੋਕਾਂ ਦਾ ਸੰਕਲਪ ਹੈ, ਜਿੰਨਾ ਵੀ ਕਿਸੇ ਪਿੰਡ ਵਿਚ ਮੱਧ ਸ਼੍ਰੇਣੀ ਅਤੇ ਉੱਚ ਮੱਧ ਕਿਰਸਾਨੀ ਦੇ ਲੋਕਾਂ ਦੀ ਗਿਣਤੀ ਅਤੇ ਅਨੁਪਾਤ ਹੈ, ਉੱਨਾ ਹੀ ਉਸ ਪਿੰਡ ਵਿਚ ਵੱਖਰੀ ਹਵੇਲੀ ਵੇਖਣ ਨੂੰ ਮਿਲੇਗੀ। ਹਰੀ ਕ੍ਰਾਂਤੀ ਤੋਂ ਬਾਅਦ ਡੰਗਰਾਂ ਦੀ ਗਿਣਤੀ ਤੋਂ ਜ਼ਿਆਦਾ ਟਰੈਕਟਰ, ਟਰਾਲੀ ਅਤੇ ਕੰਬਾਈਨ ਦੇ ਪਿੰਡ ਦੇ ਵਿਚਕਾਰ ਘਰ ਹੋਣ ਉੱਤੇ ਭੀੜੀ ਗਲੀ ਕਰਕੇ ਇਹ ਸੰਦ, ਮਸ਼ੀਨਾਂ ਘਰ ਨਾ ਪੁੱਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕਣ ਕਰਕੇ ਫਿਰਨੀ ਦੇ ਨਾਲ ਹਵੇਲੀ ਅਤੇ ਕਈ ਹਾਲਤਾਂ ਵਿਚ ਘਰ ਵੀ ਫਿਰਨੀ ਕੋਲ ਪਾਉਣ ਜਾਂ ਖੇਤਾਂ ਵਿਚ ਡੇਰਾ ਪਾਉਣ ਦਾ ਰੁਝਾਣ ਵਧਿਆ ਹੈ। ਦੋਹਾਂ ਹਾਲਤਾਂ ਵਿਚ ਮਸ਼ੀਨੀ ਸੰਦ ਅਤੇ ਡੰਗਰਾਂ ਦੀ ਹਵੇਲੀ ਨਾਲ ਆਈ ਤਬਦੀਲੀ ਕਰਕੇ ਗਲੀਆਂ ਦਾ ਆਕਾਰ, ਪਿੰਡ ਦੀ ਨੁਹਾਰ, ਦਿੱਖ ਅਤੇ ਬਣਤਰ ਵਿਚ ਤਬਦੀਲੀ ਆ ਰਹੀ ਹੈ। ਇਸ ਤਬਦੀਲੀ ਸਦਕਾ ਕਈ ਪਿੰਡ ਫਿਰਨੀ ਦੇ ਨਾਲ ਨਾਲ ਜਾਂ ਮੁਖ ਸੜਕਾਂ ਦੇ ਨਾਲ ਨਾਲ ਪਸਰ ਰਹੇ ਹਨ ਜਦਕਿ ਅਜਿਹੇ ਪਿੰਡਾਂ ਦਾ ਕੇਂਦਰ ਹੌਲੀ ਹੌਲੀ ਖੰਡਰਾਂ ਵਿਚ ਬਦਲ ਰਿਹਾ ਹੈ। ਪਿੰਡ ਦੇ ਇਹ ਖੰਡਰਨੁਮਾ ਖਾਲੀ ਇਲਾਕੇ ਹੌਲੀ ਹੌਲੀ ਨਾਲ ਦੇ ਗੁਆਂਢੀ ਖਰੀਦ ਰਹੇ ਹਨ ਅਤੇ ਇੰਜ ਇਹੋ ਜਿਹੇ ਥਾਵਾਂ ਨੂੰ ਮੱਝਾਂ ਗਾਵਾਂ ਪਾਲ ਕੇ ਦੁੱਧ ਵੇਚਣ ਭਾਵ ਡੇਅਰੀ ਵਜੋਂ ਵਰਤਣ ਦਾ ਰੁਝਾਣ, ਉਹਨਾਂ ਪਿੰਡਾਂ ਵਿਚ ਵਧ ਰਿਹਾ ਹੈ ਜੋ ਵੱਡੇ ਸ਼ਹਿਰਾਂ ਦੇ ਨੇੜੇ ਹਨ। ਉਹ ਪਿੰਡ ਜੋ ਵੱਡੇ ਸ਼ਹਿਰਾਂ ਤੋਂ ਦੂਰ ਹਨ ਉਥੇ ਪਿੰਡਾਂ ਦਾ ਕੇਂਦਰੀ ਇਲਾਕਾ ਹੌਲੀ ਹੌਲੀ ਢਹਿ ਢੇਰੀ ਹੋ ਰਿਹਾ ਹੈ। ਭਾਵ ਹਵੇਲੀ ਦੀ ਸਥਿਤੀ, ਪਿੰਡ ਦੀ ਦਿੱਖ, ਰੂਪ ਆਕਾਰ ਅਤੇ ਬਣਤਰ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਬਦਲ ਰਹੀ ਹਾਲਤ ਵਿਚ ਪਿੰਡਾਂ ਨੂੰ ਵਿਉਂਤਣ ਲਈ ਹਵੇਲੀ ਦੀ ਪਿੰਡ ਦੀ ਦਿੱਖ, ਰੂਪ ਆਕਾਰ ਨੂੰ, ਪ੍ਰਭਾਵਿਤ ਕਰਨ ਦੀ ਸ਼ਕਤੀ ਦਾ ਅਧਿਐਨ ਇਕ ਮੁੱਢਲੀ ਲੋੜ ਬਣ ਜਾਂਦੀ ਹੈ।

(ਅ) ਹਵੇਲੀ ਦੇ ਮੁਖ ਅੰਸ਼ : ਪਸ਼ੂਆਂ ਲਈ ਉਸਾਰੀਆਂ ਗਈਆਂ ਹਵੇਲੀਆਂ ਨੂੰ ਅਧਿਐਨ ਕਰਨ ਉੱਤੇ ਭੋਂ ਵਰਤੋਂ ਅਤੇ ਭੋਂ ਵਰਤੋਂ ਦੀ ਵੰਡ ਪੱਖੋਂ ਹਵੇਲੀ ਨੂੰ ਹੇਠ ਲਿਖੇ ਅੰਸ਼ਾਂ ਵਿਚ ਵੰਡਿਆ ਜਾ ਸਕਦਾ ਹੈ :

1. ਡੰਗਰਾਂ ਲਈ ਥਾਂ ਤੇ ਕੋਠੇ
2. ਪੱਠੇ, ਤੂੜੀ ਲਈ ਥਾਂ
3. ਗੋਹੇ ਕੂੜੇ ਲਈ ਥਾਂ
4. ਸੰਦ, ਮਸ਼ੀਨਾਂ, ਖਾਦ ਆਦਿ ਲਈ ਥਾਂ
5. ਦਾਣੇ ਅਤੇ ਬੀਆਂ ਲਈ ਥਾਂ
6. ਆਏ ਗਏ ਲਈ ਬੈਠਕ

1. ਡੰਗਰਾਂ ਲਈ ਥਾਂ ਤੇ ਕੋਠੇ : ਗਰਮੀਆਂ ਵਿਚ ਦਿਨੇ ਪਸ਼ੂਆਂ ਨੂੰ ਕਿਸੇ ਸੰਘਣੀ ਛਾਂ ਦਾਰ ਰੁੱਖ ਜਿਵੇਂ ਟਾਹਲੀ, ਤੂਤ, ਪਿੱਪਲ, ਬੋਹੜ, ਨਿੰਮ ਆਦਿ ਥੱਲੇ ਬੰਨ੍ਹਿਆ ਜਾਂਦਾ। ਜਿਥੇ ਰੁੱਖ ਨਾ ਹੁੰਦੇ ਉਥੇ ਡੰਗਰਾਂ ਨੂੰ ਢਾਰੇ ਥੱਲੇ ਬੰਨ੍ਹਿਆ ਜਾਂਦਾ, ਖੁਰਲੀ ਵਾਲੀ ਕੰਧ ਕਈ ਹਾਲਤਾਂ ਵਿਚ ਉੱਚੀ ਚੁੱਕ ਕੇ ਇਹਦੇ ਉੱਤੇ ਦਸ ਦਸ ਬਾਰਾਂ ਬਾਰਾਂ ਫੁੱਟ ਦੀ ਵਿੱਥ ਉੱਤੇ, ਛਤੀਰੀਆਂ ਟਿਕਾ ਕੇ ਜਾਂ ਵਲੀਆਂ ਟਿਕਾ, ਛਤੀਰੀ/ਵਲੀ ਦਾ ਦੂਸਰਾ ਸਿਰਾ ਜ਼ਮੀਨ ਵਿਚ ਟੋਇਆ ਪੁੱਟ ਕੇ ਗੱਡੀ ਗਈ ਸਾਂਗੜ ਵਿਚ ਫਸਾਇਆ ਜਾਂਦਾ ਜਾਂ ਇੱਟਾਂ ਦੇ ਕੋਲੇ ਜਾਂ ਕੱਚੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿੱਟੀ ਦੇ ਥੰਮਲਿਆਂ ਉੱਤੇ ਟਿਕਾਇਆ ਜਾਂਦਾ। ਵਲੀਆਂ/ਛਤੀਰੀਆਂ ਉੱਤੇ ਛਾਪੇ, ਛੋਟੀਆਂ ਲੱਕੜਾਂ, ਛੋਟੇ ਰੁਖ ਟਿਕਾ ਕੇ ਉੱਤੇ ਘਾਹ ਫੂਸ, ਪਰਾਲੀ ਕਾਨੇ ਆਦਿ ਪਾ ਕੇ ਖੁਰਲੀ ਉੱਤੇ ਆਰਜ਼ੀ ਡੰਗ ਟਪਾਊ ਛਾਂਦਾਰ ਆਸਰਾ ਖੜ੍ਹਾ ਕਰ ਲਿਆ ਜਾਂਦਾ। ਇਸ ਢਾਰੇ ਥੱਲੇ ਛਾਂ ਵੀ ਹੁੰਦੀ, ਡੰਗਰ ਖੁਰਲੀ ਵਿਚੋਂ ਪੱਠੇ, ਗਤਾਵਾ ਵੀ ਖਾ ਸਕਦਾ ਅਤੇ ਚਾਰ ਚੁਫੇਰੇ ਤੋਂ ਖੁਲ੍ਹਾ ਹੋਣ ਕਰਕੇ ਹਵਾ ਵੀ ਨਿਰਵਿਘਣ ਆ ਜਾ ਸਕਦੀ, ਜਿਸ ਪਾਸਿਉਂ ਲੂ ਆਉਂਦੀ ਹੁੰਦੀ ਉਸ ਪਾਸੇ ਪੱਲੀ ਤਾਣਕੇ ਜਾਂ ਆਰਜ਼ੀ ਖਿੜਕ ਨੁਮਾ ਬੂਹਾ ਲਾ ਕੇ ਉਹਲਾ ਕਰ ਲਿਆ ਜਾਂਦਾ। ਜਦੋਂ ਆਰਥਿਕਤਾ ਸਾਥ ਦਿੰਦੀ ਇਸ ਢਾਰੇ ਨੂੰ ਥੱਲਿਉਂ ਪੱਕਾ ਕਰਕੇ ਉੱਤੇ ਛੱਤ ਪਾ ਕੇ ਬਰਾਂਡੇ ਵਿਚ ਬਦਲ ਲਿਆ ਜਾਂਦਾ। ਇਸ ਢਾਰੇ ਜਾਂ ਬਰਾਂਡੇ ਵਿਚ ਜ਼ਿਆਦਾ ਦਿਨ ਚੜ੍ਹ ਆਉਣ ਉੱਤੇ ਕੜਾਕੇ ਦੀ ਗਰਮੀ ਵਿਚ ਹੀ ਪਸ਼ੂ ਬੰਨ੍ਹੇ ਜਾਂਦੇ।[4] ਸਵੇਰੇ ਸ਼ਾਮ ਪਸ਼ੂਆਂ ਨੂੰ ਖੁਲ੍ਹੇ ਥਾਂ ਉੱਤੇ ਲੱਕੜ ਦੀਆਂ ਖੁਰਲੀਆਂ ਜਾਂ ਆਰਜ਼ੀ ਤੌਰ ਤੇ ਕੋਈ ਇੱਟਾਂ ਲੱਕੜਾਂ ਦੀ ਓਟ ਦੇ ਕੇ ਬਣਾਈ ਖੁਰਲੀ ਵਿਚ ਪੱਠੇ ਪਾਏ ਜਾਂਦੇ। ਜਿਥੇ ਥਾਂ ਜ਼ਿਆਦਾ ਹੁੰਦੀ ਅਤੇ ਪੁੱਜਤ ਹੁੰਦੀ ਉਥੇ ਲੱਕੜ ਦੀ ਪਹੀਆਂ ਵਾਲੀ ਖੁਰਲੀ ਹੁੰਦੀ। ਸੰਕਲਪ ਸੀ ਕਿ ਇਕੋ ਥਾਂ ਉੱਤੇ ਗੋਹਾ ਪਿਸ਼ਾਬ ਕਰਨ ਕਰਕੇ ਡੰਗਰਾਂ ਦੇ ਹੇਠਲਾ ਥਾਂ ਚਿੱਕੜ ਕਰਕੇ ਖੋਭਾ ਹੋ ਜਾਂਦਾ ਅਜਿਹੀ ਹਾਲਤ ਵਿਚ ਚਿੱਚੜ ਹੋਣ ਉੱਤੇ ਖੁਰਲੀ ਸੁੱਕੇ ਥਾਂ ਉੱਤੇ ਪਹੀਏ ਰੇਹੜ ਕੇ ਕਰ ਲਈ ਜਾਂਦੀ। ਕਈ ਥਾਵਾਂ ਉੱਤੇ ਢਾਰਾ ਨਾ ਪਾ ਕੇ ਛੰਨ ਬਣਾਈ ਜਾਂਦੀ। ਆਮ ਵੇਖਣ ਵਿਚ ਆਉਂਦਾ ਕਿ ਛੰਨ ਦੇ ਦੋ ਪਾਸੇ ਪੰਜ ਛੇ ਫੁੱਟ ਦੀ ਉੱਚਾਈ ਤਕ ਕੰਧਾਂ ਹੁੰਦੀਆਂ ਅਤੇ ਉੱਤੇ ਕਾਨੇ ਘਾਹ ਫੂਸ ਨੂੰ ਵਾਣ ਨਾਲ ਬੰਨ੍ਹ ਕੇ ਢਾਲਵੀਂ ਛੱਤ ਵਾਲੀ ਛੰਨ ਪਾਈ ਜਾਂਦੀ।[5] ਇਸ ਛੰਨ ਨੂੰ ਲਿਫਣ ਤੋਂ ਬਚਾਉਣ ਲਈ ਥਾਂ ਥਾਂ ਉੱਤੇ ਵਲੀਆਂ ਅਤੇ ਦੁਸਾਂਗੜਾਂ ਨਾਲ ਸਹਾਰਾ ਦਿੱਤਾ ਜਾਂਦਾ। ਜ਼ਿਆਦਾ ਜ਼ੋਰ ਦੀ ਹਨੇਰੀ ਆਉਣ ਤੇ ਕਈ ਛੰਨਾਂ ਉੱਡ ਵੀ ਜਾਂਦੀਆਂ ਪਰ ਘਾਹ ਫੂਸ ਕਾਨਿਆਂ ਦੀਆਂ ਬਣੀਆਂ ਹੋਣ ਕਰਕੇ ਇਨ੍ਹਾਂ ਨਾਲ ਸੱਟ ਫੇਟ ਅਤੇ ਨੁਕਸਾਨ ਦਾ ਡਰ ਘਟ ਹੀ ਹੁੰਦਾ। ਕਈ ਪਿੰਡਾਂ ਵਿਚ ਕਾਰੀਗਰਾਂ ਨੂੰ ਇੰਨੀ ਮੁਹਾਰਤ ਹਾਸਲ ਸੀ ਕਿ ਉਹ ਘਾਹ ਫੂਸ, ਕਾਨੇ, ਵਾਣ ਵਲੀਆਂ ਛਤੀਰੀਆਂ ਹੋਣ ਉੱਤੇ ਇਕ ਦਿਨ ਵਿਚ ਪੰਜ ਸੱਤ ਡੰਗਰਾਂ ਲਈ ਛੰਨ ਤਿਆਰ ਕਰ ਦਿੰਦੇ।

ਕਈ ਹਵੇਲੀਆਂ ਵਿਚ ਇਕ ਖੁਲ੍ਹਾ ਵੱਡਾ ਸਾਰਾ ਕਈ ਥੰਮਾਂ ਵਾਲਾ ਕਮਰਾ ਜਾਂ ਬਰਾਂਡਾ ਛੱਤੀਆ ਹੁੰਦਾ। ਗਰਮੀਆਂ ਵਿਚ ਇਸ ਕਮਰੇ ਵਿਚ ਤੂੜੀ ਜਾਂ ਹੋਰ ਸੁੱਕਾ ਘਾਹ ਫੂਸ ਜਿਵੇਂ ਕੁਟਲ ਫਲਿਆਟ ਆਦਿ ਪਿਆ ਰਹਿੰਦਾ। ਗਰਮੀਆਂ 'ਚ ਹਰੇ ਪੱਠੇ ਘੱਟ ਹੋਣ ਕਰਕੇ ਇਕ ਸਮਾਂ ਆਉਂਦਾ ਜਦੋਂ ਬਰਸੀਮ ਮੁੱਕ ਗਿਆ ਹੁੰਦਾ ਅਤੇ ਜਵਾਰ, ਬਾਜਰੇ, ਗਵਾਰੇ, ਮਕੱਈ ਆਦਿ ਵਾਲੇ ਹਰੇ ਪੱਠੇ ਜਾਂ ਗਾਚਾ ਅਜੇ ਤਿਆਰ ਨਾ ਹੋਇਆ ਹੁੰਦਾ। ਅਜਿਹੀ ਹਾਲਤ ਵਿਚ ਵੱਡੇ ਕਮਰੇ ਵਿਚੋਂ ਤੂੜੀ ਅਤੇ ਸੁੱਕੇ ਘਾਹ ਫੂਸ, ਭੋਂ ਫਲਿਆਟ, ਕੁਟਲ ਆਦਿ ਨੂੰ ਰਲਾ ਕੇ ਉੱਤੇ ਦਲਿਆ ਪਾ ਕੇ ਗਤਾਵਾ ਕਰ ਦਿੱਤਾ ਜਾਂਦਾ। ਇੰਜ ਜਿਵੇਂ ਜਿਵੇਂ ਗਰਮੀਆਂ ਬੀਤਦੀਆਂ ਇਸ ਵੱਡੇ ਕਮਰੇ ਜਾਂ ਬਰਾਂਡੇ ਦਾ ਇਕ ਹਿੱਸਾ ਹੌਲੀ ਹੌਲ ਖਾਲੀ ਹੋਣਾ ਸ਼ੁਰੂ ਹੋ ਜਾਂਦਾ। ਜੇ ਹਵੇਲੀ ਵਿਚ ਹੋਰ ਵੱਖਰਾ ਕਮਰਾ ਨਾ ਹੁੰਦਾ ਤਾਂ ਬਿਮਾਰ ਪਸ਼ੂ ਜਾਂ ਮੱਝ ਗਾਂ ਸੂਣ ਉੱਤੇ ਉਹਨੂੰ ਇਸ ਨੁੱਕਰੇ ਬੰਨ੍ਹ ਲਿਆ ਜਾਂਦਾ। ਸਿਆਲ ਆਉਣ, ਸਾਉਣ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝੜੀਆਂ ਅਤੇ ਕੱਤੇ ਦੀ ਬੀਜਾਈ ਤਕ ਇਸ ਕਮਰੇ ਵਿਚ ਹੌਲੀ ਹੌਲੀ ਸਾਰੀ ਤੂੜੀ ਘਾਹ ਫੂਸ ਮੁੱਕਣ ਤੇ ਆ ਜਾਂਦਾ। ਸਿਆਲ ਦੇ ਸ਼ੁਰੂ ਵਿਚ ਪਹਿਲਾਂ ਗਾਵਾਂ ਬਲਦ ਅਤੇ ਬਾਅਦ ਵਿਚ ਕੜਾਕੇ ਦੀ ਸਰਦੀ ਦੇ ਦਿਨਾਂ ਵਿਚ ਮੱਝਾਂ ਝੋਟੇ ਇਸ ਕਮਰੇ ਵਿਚ ਬੱਝ ਜਾਂਦੇ ਤਦ ਤਕ ਤੂੜੀ ਮੁੱਕ ਕੇ ਕਮਰਾ ਖਾਲੀ ਹੋ ਚੁੱਕਾ ਹੁੰਦਾ। ਇੰਜ ਇਕੋ ਕਮਰੇ ਨੂੰ ਗਰਮੀਆਂ ਵਿਚ ਤੂੜੀ ਤੰਦ ਸਾਂਭਣ ਅਤੇ ਸਿਆਲ ਵਿਚ ਪਸ਼ੂ ਬੰਨ੍ਹ ਕੇ ਵਰਤ ਲਿਆ ਜਾਂਦਾ।

ਡੰਗਰਾਂ ਦੀਆਂ ਖੁਰਲੀਆਂ ਅਤੇ ਅਰਾਮਦਾਇਕ ਥਾਂ ਦਾ ਪਸ਼ੂਆਂ ਦੀ ਆਰਥਿਕ ਉਪਯੋਗਤਾ[6] ਨਾਲ ਸਿੱਧਾ ਸੰਬੰਧ ਹੁੰਦਾ, ਫੰਡਰ ਮੱਝ ਨੂੰ ਬਾਹਰੋਂ ਵੱਗ ਨਾਲ ਚੁਰਾ ਕੇ ਹੀ ਢਿੱਡ ਭਰਨਾ ਪੈਂਦਾ, ਤੋਕੜ ਮੱਝ ਜਿਸ ਦਿਨ ਦੁੱਧ ਨਾ ਦਿੰਦੀ ਉਹਨੂੰ ਭਾੜਾ ਪਾ ਕੇ, ਜਿਸ ਵਿਚ ਹਰੇ ਪੱਠੇ ਜਾਂ ਦਲਿਆ ਹੁੰਦਾ, ਪਸਮਾ ਕੇ ਚੋਣ ਦੀ ਕੋਸ਼ਿਸ਼ ਕੀਤੀ ਜਾਂਦੀ ਅਤੇ ਨਾ ਦੁੱਧ ਦੇਣ ਉੱਤੇ ਖੁਰਲੀ ਤੋਂ ਹਟਾ ਕੇ ਪੱਕੇ ਕਿੱਲੇ ਨਾਲ ਬੰਨ੍ਹ ਦਿੱਤਾ ਜਾਂਦਾ। ਪਰ ਲਵੇਰੀਆਂ ਮੱਝਾਂ, ਵਗਣ ਵਾਲੇ ਬਲਦਾਂ, ਸੰਢਿਆਂ ਦੇ ਢਿੱਡ ਭਰਨ ਨੂੰ ਪਹਿਲ ਦਿੱਤੀ ਜਾਂਦੀ, ਇੰਜੇ ਸਵਾਰੀ ਲਈ ਵਰਤੇ ਜਾਂਦੇ ਘੋੜੇ/ਘੋੜੀ ਲਈ ਕੀਤਾ ਜਾਂਦਾ। ਪਸ਼ੂਆਂ ਨੂੰ ਚਾਰਦੇ ਵਾਗੀ ਲਵੇਰੀਆਂ ਮੱਝਾਂ ਨੂੰ ਹਰੇ ਘਾਹ ਵਾਲੀਆਂ ਵੱਟਾਂ ਨਾਲ ਚਾਰਦੇ, ਢਾਬ ਛੱਪੜ ਤੋਂ ਮਲ ਮਲ ਕੇ ਪਿੰਡੇ ਲਿਸ਼ਕਾ ਨੁਹਾ ਕੇ ਲਿਆਉਂਦੇ। ਰੱਬ ਤੋਂ ਡਰਦੀਆਂ ਪੰਜਾਬਣਾਂ ਘਰ 'ਚ ਜਦੋਂ ਦੁੱਧ ਦੀ ਲਹਿਰ ਹੁੰਦੀ, ਵਾਗੀ ਨੂੰ ਦੁੱਧ ਦਾ ਗਿਲਾਸ ਦੇ ਕੇ ਉਹਦੀ ਹੌਂਸਲਾ ਅਫ਼ਜਾਈ ਕਰਦੀਆਂ। ਨਿੱਕੇ ਜਾਵਾਂ ਨੂੰ ਹਰੇ ਹਰੇ ਪੱਠੇ ਹੱਥਾਂ ਨਾਲ ਮੂੰਹ 'ਚ ਪਾ ਕੇ ਪੱਠੇ ਖਾਣ ਦੀ ਆਦਤ ਪਾਈ ਜਾਂਦੀ। ਸੋਚ ਇਹ ਸੀ ਕਿ ਨਿੱਕਾ ਜਾਅ ਹੀ ਵੱਡਾ ਹੋ ਕੇ ਨਰੋਆ ਡੰਗਰ ਬਣੇਗਾ, ਨਾਲੇ ਜਿੰਨੀ ਜਲਦੀ ਪੱਠੇ ਖਾਣੇ ਸਿੱਖੇਗਾ, ਉੱਨਾ ਹੀ ਜ਼ਿਆਦਾ ਮੱਝ ਗਾਂ ਦਾ ਦੁੱਧ ਚੋਇਆ ਜਾ ਸਕੇਗਾ।

ਹਵੇਲੀ ਦੀ ਵਿਉਂਤ ਵਿਚ ਖੁਰਲੀ ਦਾ ਮੂੰਹ, ਭਾਵ ਜਦੋਂ ਡੰਗਰ ਪੱਠੇ ਖਾ ਰਿਹਾ ਹੋਵੇਗਾ ਤਾਂ ਉਹਦਾ ਮੂੰਹ ਕਿਸ ਦਿਸ਼ਾ ਵਿਚ ਹੋਵੇਗਾ, ਲਵੇਰੀਆਂ ਲਈ ਵੱਖਰੀ ਖੁਰਲੀ, ਹਾਲੀਆਂ ਲਈ ਵੱਖਰੀ, ਨਿੱਕੇ ਜਾਵਾਂ ਲਈ ਵੱਖਰੀ ਖੁਰਲੀ ਰਖਣ ਦਾ ਸੰਕਲਪ ਰੱਖਿਆ ਜਾਂਦਾ।[7] ਹਵੇਲੀਆਂ ਦੀ ਕੰਧਾਂ ਦੀ ਉੱਚਾਈ ਅਤੇ ਚੌੜਾਈ, ਡੰਗਰਾਂ ਦੀ ਗਰਮੀ ਸਰਦੀ ਤੋਂ ਹਿਫਾਜ਼ਤ ਦੇ ਨਾਲ ਚੋਰਾਂ ਤੋਂ ਵੀ ਹਿਫਾਜ਼ਤ ਨੂੰ ਸਾਹਵੇਂ ਰਖਕੇ ਉਸਾਰੀ ਕੀਤੀ ਜਾਂਦੀ। ਨਿੱਕੀ ਅਤੇ ਘੱਟ ਚੌੜੀ ਕੰਧ ਤੋਂ ਚੋਰ ਡੰਗਰ ਨੂੰ ਸੂਏਨੁਮਾ ਆਰ ਮਾਰ ਕੇ ਟੱਪਾ ਕੇ ਲੈ ਜਾਂਦੇ। ਉਹ ਕੰਧ ਜੋ ਵਸੋਂ ਵਾਲੇ ਪਾਸੇ ਨਾ ਹੁੰਦੀ ਉਸ ਕੰਧ ਨੂੰ ਸੰਨ ਲਾ ਕੇ ਪਾੜ ਪਾ ਕੇ ਚੋਰ ਡੰਗਰ ਖੋਹਲਕੇ ਲੈ ਜਾਂਦੇ। ਜਿਥੇ ਹਵੇਲੀ ਦੀਆਂ ਕੰਧਾਂ ਨਾ ਉਸਾਰੀਆਂ ਜਾਂਦੀਆਂ, ਵਾੜਾ ਵਲਿਆ ਗਿਆ ਹੁੰਦਾ, ਉਥੇ ਵਾੜੇ ਦੇ ਛਾਪੇ ਇੰਨੇ ਉੱਚੇ ਅਤੇ ਇੰਨੇ ਫੈਲਾਅ ਵਿਚ ਗੱਡੇ ਜਾਂਦੇ ਕਿ ਖੂੰਖਾਰ ਜਾਨਵਰ ਕੋਈ ਨੁਕਸਾਨ ਨਾ ਕਰ ਸਕੇ। ਹਵੇਲੀ ਦੀ ਵਿਉਂਤ ਵਿਚ, ਡੰਗਰਾਂ ਦੀ ਗਿਣਤੀ, ਕਮਰਿਆਂ ਕੋਠਿਆਂ ਦੇ ਮੁਖ ਬੂਹੇ ਦੀ ਦਿਸ਼ਾ, ਖੁਰਲੀ ਦੀ ਦਿਸ਼ਾ, ਜੇਕਰ ਘਰ ਦੀ ਪੁਜਤ ਹੈ ਅਤੇ ਉਹ ਨਲਕਾ ਜਾਂ ਖੂਹੀ ਲੁਆ ਸਕਦੇ ਹਨ ਤਾਂ ਖੂਹੀ ਦੀ ਸਥਿਤੀ ਆਦਿ ਤੱਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਮ ਕਰਦੇ।

2. ਪੱਠੇ ਤੂੜੀ ਲਈ ਥਾਂ : ਹਵੇਲੀ ਵਿਚ ਡੰਗਰਾਂ ਦੀਆਂ ਖੁਰਲੀਆਂ ਅਤੇ ਜੇ ਡੰਗਰ ਬਾਹਰੋਂ ਪਾਣੀ ਪੀਣ ਨਹੀਂ ਸਨ ਜਾਂਦੇ ਤਾਂ ਖੂਹੀ/ਨਲਕੇ ਦੇ ਪ੍ਰਬੰਧ ਦੇ ਨਾਲ ਨਾਲ ਪੱਠੇ ਅਤੇ ਤੂੜੀ ਲਈ ਵੀ ਤਾਂ ਨੀਯਤ ਹੁੰਦੀ। ਡੰਗਰਾਂ ਨੂੰ ਪੱਠੇ ਕੁਤਰ ਕੇ ਪਾਉਣ ਵਾਲਾ ਟੋਕਾ ਹੁੰਦਾ। ਕਿਤੇ ਹੱਥ ਵਾਲੇ ਟੋਕੇ ਨਾਲ ਪੱਠੇ ਕੁਤਰੇ ਜਾਂਦੇ, ਕਿਸੇ ਘਰ ਹੱਥ ਨਾਲ ਗੇੜਕੇ ਚਲਾਉਣ ਵਾਲਾ ਟੋਕਾ ਹੁੰਦਾ, ਕਿਸੇ ਕਿਸੇ ਡੰਗਰਾਂ ਨਾਲ ਪੱਠੇ ਕੁਤਰਣ ਵਾਲਾ ਟੋਕਾ ਹੁੰਦਾ। ਹਰ ਟੋਕੇ ਦੇ ਪੱਠੇ ਕੁਤਰਣ ਦੀ ਸਮਰੱਥਾ ਵੱਖਰੀ ਵੱਖਰੀ ਹੁੰਦੀ। ਹੱਥ ਵਾਲੇ ਦੀ ਘੱਟ, ਗੇੜਣ ਵਾਲੇ ਦੀ ਜ਼ਿਆਦਾ ਅਤੇ ਡੰਗਰਾਂ ਵਾਲੇ ਦੀ ਹੋਰ ਜ਼ਿਆਦਾ, ਇਸ ਲਈ ਜਿੰਨੀ ਟੋਕੇ ਦੀ ਸਮਰੱਥਾ, ਉੱਨਾ ਹੀ ਟੋਕੇ ਦੇ ਚਾਰ ਚੁਫੇਰੇ ਸਾਫ਼ ਉੱਚਾ ਥੜੇ ਨੁਮਾ ਥਾਂ ਰੱਖਿਆ ਹੁੰਦਾ, ਕਿਤੇ ਕਿਤੇ ਇਹ ਥਾਂ ਇੱਟਾਂ ਲਾ ਕੇ ਫ਼ਰਸ਼ ਪੱਕਾ ਵੀ ਕੀਤਾ ਹੁੰਦਾ। ਕੁਤਰੇ ਹੋਏ ਪੱਠੇ ਰਾਤ ਬਰਾਤੇ ਖੁੱਲ੍ਹ ਗਏ ਡੰਗਰ ਤੋਂ ਬਚਾਉਣੇ ਵੀ ਜ਼ਰੂਰੀ ਹੁੰਦੇ। ਖਾਸ ਕਰਕੇ ਹਾਲੀਆਂ, ਬਲਦਾਂ, ਸੰਡਿਆਂ ਲਈ ਜਾਂ ਲਵੇਰੀਆਂ ਲਈ, ਇਸ ਕਰਕੇ ਜਿਥੇ ਡੰਗਰਾਂ ਵਾਲਾ ਟੋਕਾ ਹੁੰਦਾ, ਉਹਦੇ ਪੱਠੇ ਕੁਤਰ ਕੁਤਰ ਕੇ ਕਈ ਹਾਲਤਾਂ 'ਚ ਕਿਸੇ ਕਮਰੇ ਵਿਚ ਡਿੱਗਦੇ, ਜਦਕਿ ਡੰਗਰ ਬਾਹਰ ਗੇੜਾ ਦੇ ਕੇ ਟੋਕਾ ਖਿੱਚਦੇ। ਹੱਥ ਨਾਲ ਗੇੜ ਕੇ ਚਲਾਉਣ ਵਾਲੇ ਟੋਕੇ ਦੇ ਪੱਠੇ ਕੁਤਰੇ ਜਾਣ ਤੋਂ ਬਾਅਦ ਕਮਰੇ ਵਿਚ ਸੁੱਟ ਕੇ ਬੂਹਾ ਬੰਦ ਕੀਤਾ ਜਾਂਦਾ। ਜਿਥੇ ਕਮਰਾ ਨਾ ਹੁੰਦਾ, ਉਥੇ ਟੋਕੇ ਦੇ ਚਾਰ ਚੁਫੇਰੇ, ਥੰਮੀਆਂ ਦੁਸਾਂਗੜਾ ਗੱਡ ਕੇ, ਲੱਕੜ ਦੇ ਮੋਛੇ ਰਖਕੇ, ਪੱਠਿਆਂ ਨੂੰ ਖੁੱਲ੍ਹੇ ਡੰਗਰਾਂ ਤੋਂ ਬਚਾ ਕੇ ਰਖਿਆ ਜਾਂਦਾ। ਇਹ ਵਲਗਣ ਬਣਾਉਣ ਲਈ ਘਸ ਚੁੱਕੇ ਸੁਹਾਗੇ, ਟੁੱਟ ਚੁੱਕੇ ਗੱਡੇ ਦੇ ਪਹੀਏ, ਆਮ ਵਰਤੇ ਜਾਂਦੇ।

ਟੋਕਾ ਕਿਥੇ ਗੱਡਣਾ ਹੈ, ਇਹਦੇ ਪਿੱਛੇ ਸੋਚ ਹੁੰਦੀ ਕਿ ਬਲਦਾਂ ਦੇ ਗੇੜ ਲਈ ਕਿਸੇ ਪਾਸੇ ਥਾਂ ਹੋਵੇ, ਗੱਡਾ ਜਾਂ ਰੇਹੜੀ ਉਥੇ ਪੁੱਜ ਸਕੇ, ਨਹੀਂ ਤਾਂ ਅਜਿਹੀ ਥਾਂ ਹੋਵੇ ਜਿਥੇ ਕਾਮੇ ਸੁਖਾਲੇ ਹੀ ਗੱਡੇ ਤੋਂ ਪੱਠੇ ਸਿਰ ਤੇ ਲਿਆ ਕੇ ਸੁੱਟ ਸਕਣ, ਕੁਤਰ ਸਕਣ। ਟੋਕੇ ਵਾਲੀ ਥਾਂ ਤੱਕ ਊਠ, ਰੇਹੜੀ, ਖੋਤੀ, ਬਲਦ ਗੱਡਾ ਆਦਿ ਨਿਰਵਿਘਨ ਪੱਠੇ ਲੈ ਕੇ ਪੁੱਜ ਸਕਣ, ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ।

ਉਹ ਘਰ ਜਿਥੇ ਤੂੜੀ ਲਈ ਵੱਖਰਾ ਕਮਰਾ ਨਾ ਹੁੰਦਾ, ਉਥੇ ਜਾਂ ਤਾਂ ਤੂੜੀ ਖੇਤਾਂ ਵਿਚ ਧੜਾਂ ਲਾ ਕੇ ਜਾਂ ਕੁੱਪਾਂ/ਮੂਸਲਾਂ ਵਿਚ ਸਾਂਭੀ ਜਾਂਦੀ। ਕਈ ਘਰਾਂ ਦੀਆਂ ਹਵੇਲੀਆਂ ਵਿਚ ਕਣਕ ਸਾਂਭਦੇ ਹੀ ਤੂੜੀ ਘਰ ਢੋਅ ਲਈ ਜਾਂਦੀ। ਸੋਚ ਸੀ, ਮੀਂਹ ਕਣੀ ਦੇ ਦਿਨਾਂ ਵਿਚ ਰੋਜ਼ ਰੋਜ਼ ਖੇਤਾਂ ਤੋਂ ਤੂੜੀ ਲਿਆਉਣੀ ਮੁਸ਼ਕਿਲ ਹੁੰਦੀ ਹੈ ਇਸ ਲਈ ਘਰ ਹੀ ਕੁੱਪ ਜਾਂ ਮੂਸਲ ਵਿਚ ਤੂੜੀ ਸਾਂਭੀ ਜਾਂਦੀ। ਤੂੜੀ ਕਿੰਨੀ ਸਾਂਭਣੀ ਹੈ, ਇਸ ਗੱਲ ਨੂੰ ਕਿਆਸ ਕੇ ਸਿਆਣੇ ਕਾਮੇ ਤਿੰਨ ਹੱਥ, ਪੰਜ ਹੱਥ, ਸਤ ਹੱਥ, ਨੌਂ ਹੱਥ ਰੱਸਾ ਜਾਂ ਖੱਬੜ ਮਿਣ ਕੇ, ਵਿਚਕਾਰ ਕਿੱਲੀ ਗੱਡ ਕੇ, ਰੱਸੇ ਦੇ ਦੂਸਰੇ ਸਿਰੇ ਨੂੰ ਖਿੱਚ ਕੇ, ਇਕ ਗੋਲ ਚੱਕਰ ਜ਼ਮੀਨ ਉੱਤੇ ਉਲੀਕਦੇ। ਇਸ ਗੋਲ ਚੱਕਰ ਵਿਚ ਫਾਲੇ ਨਾਲ ਖਾਲੀ ਨੁਮਾ ਗੋਲ ਟੋਇਆ ਕੱਢਿਆ ਜਾਂਦਾ, ਇਸ ਵਿਚ ਮਣਛਿਟੀ, ਛਾਪੇ, ਟਾਹਲੀ ਕਿੱਕਰ ਦੀਆਂ ਟਾਹਣੀਆਂ ਨੂੰ ਗੱਡਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ, ਇਹ ਛਾਬਾ ਬਾਹਰ ਵੱਲ ਉਲਰ ਕੇ ਪੁੱਟ ਨਾ ਜਾਏ, ਇਸ ਲਈ ਉਚੇਰੇ ਤੋਂ ਖਿੱਚ ਕੇ ਖੱਬੜ ਦਾ ਬੰਦ ਮਾਰ ਦਿੱਤਾ ਜਾਂਦਾ। ਤਿੰਨ ਚਾਰ ਫੁੱਟ ਦੀ ਉੱਚਾਈ ਤਕ ਲਤਾੜ ਲਤਾੜ ਕੇ ਤੂੜੀ ਅੰਦਰਲੇ ਦਾਇਰੇ ਵਿਚ ਪੰਡਾਂ ਨਾਲ ਸੁੱਟੀ ਜਾਂਦੀ। ਫਿਰ ਕਣਕ ਦੇ ਨਾੜ, ਸਰਕੜੇ, ਪਰਾਲੀ ਜਾਂ ਹੋਰ ਲੰਮੀਆਂ ਟਾਹਣੀਆਂ ਵਾਲੀ ਫ਼ਸਲ ਦੇ ਬਚ ਚੁੱਕੇ ਘਾਹ ਫੂਸ ਨੂੰ, ਜਿਵੇਂ ਦੱਬ ਆਦਿ ਨੂੰ ਬੜਾ ਸਾਂਵਾਂ ਰਖਕੇ, ਖਿਲਾਰ ਕੇ ਖੱਬੜ ਦੇ ਰੱਸੇ ਨਾਲ ਆਸਰਾ ਦੇ ਕੇ, ਵਾਣ ਦੀਆਂ ਰੱਸੀਆਂ ਨਾਲ ਪਿੜੀਆਂ ਬਣਾ ਬਣਾ ਕੇ, ਮੁਸਲ/ਕੁੱਪ ਬਣਾਇਆ ਜਾਂਦਾ। ਇਹ ਤੂੜੀ ਸਾਂਭਣ ਦਾ ਬੜਾ ਸਰਲ ਤੇ ਸਸਤਾ ਤਰੀਕਾ ਅਜੇ ਵੀ ਵਰਤੋਂ ਵਿਚ ਆਉਂਦਾ ਹੈ। ਮੂਸਲ ਬਣਾਉਣ ਵਾਲੇ ਕਾਰੀਗਰ ਨੂੰ ਕਿੰਨੇ ਹੱਥ ਦਾਇਰੇ ਦਾ ਮੂਸਲ ਬੰਨ੍ਹਿਆ ਹੈ, ਇਸ ਮਾਪ ਅਨੁਸਾਰ ਦਾਣੇ ਦੇਣੇ ਹੁੰਦੇ, ਕਿਤੇ ਇਕ ਹੱਥ ਦਾਇਰੇ ਦੀ ਇਕ ਧੜੀ, ਕਿਤੇ ਇਕ ਹੱਥ ਦਾਇਰੇ ਮਾਪ ਦੇ ਇਕ ਛੱਜ ਦਾਣੇ। ਕੁਝ ਹਵੇਲੀਆਂ ਵਿਚ ਮੂਸਲ ਦਾ ਹੇਠਲਾ ਦਾਇਰਾ ਇੱਟਾਂ ਨਾਲ ਪੱਕਾ ਚਿਣਿਆ ਹੁੰਦਾ, ਵਿਚਕਾਰ ਇਕ ਕੁੰਡੇ ਨੁਮਾ ਬਾਰੀ ਲੱਗੀ ਹੁੰਦੀ ਅਤੇ ਤਿੰਨ ਚਾਰ ਫੁੱਟ ਉਤੋਂ ਨਾੜ ਨਾਲ ਮੂਸਲ/ਕੁੱਪ ਬੰਨਿਆ ਜਾਂਦਾ।

ਪੱਠੇ, ਤੂੜੀ, ਟੋਕੇ ਲਈ ਥਾਂ ਦੀ ਵਿਉਂਤ, ਹਵੇਲੀ ਦਾ ਇਕ ਹਿੱਸਾ ਮੱਲ ਖਲੋਂਦੀ। ਇਸਦੇ ਇਕ ਪਾਸੇ ਡੰਗਰਾਂ ਦੇ ਆਰਾਮ ਲਈ ਛੰਨਾਂ, ਢਾਰੇ, ਬਰਾਂਡੇ ਜਾਂ ਕਮਰੇ ਹੁੰਦੇ। ਦੂਸਰੇ ਪਾਸੇ ਪੱਠੇ ਤੂੜੀ ਲਿਆਉਣ ਲਈ ਪਹੁੰਚ ਮਾਰਗ ਹੁੰਦਾ। ਇਸੇ ਥਾਂ ਉੱਤੇ ਕਈ ਵਾਰੀ ਦੁਸਾਂਗੜ ਗੱਡੀ ਹੁੰਦੀ ਜਾਂ ਕਿਸੇ ਛਾਂ ਦਾਰ ਰੁੱਖ ਦੇ ਨਾਲ ਮੂੰਹ ਜੋੜਕੇ ਕਿਸੇ ਡੰਗਰ ਨੂੰ ਦੁੱਧ ਘਿਉ ਜਾਂ ਦੁਆਈ ਨਾਲ ਦੁਵਾਰਾ ਦਿੱਤੀ ਜਾਂਦੀ। ਜਿੰਨਾਂ ਘਰਾਂ ਦਾ ਸਿਰਫ ਦੁੱਧ ਵੇਚਣ ਦਾ ਧੰਦਾ ਹੁੰਦਾ, ਉਹਨਾਂ ਇਕ ਤਖਤਪੋਸ਼ ਨੁਮਾ ਉੱਚਾ ਮੇਜ਼ ਜਾਂ ਹੋਰ ਫੱਟਾ ਰਖਿਆ ਹੁੰਦਾ। ਇਸੇ ਫੱਟੇ ਉੱਤੇ ਦੁੱਧ ਦੀਆਂ ਬਾਲਟੀਆਂ ਜਾਂ ਦੋਹਣੀਆਂ ਲਿਆ ਕੇ ਰੱਖੀਆਂ ਜਾਂਦੀਆਂ। ਪੱਠਿਆਂ ਵਾਲੇ ਕਮਰੇ ਵਿਚ ਕਈ ਵਾਰੀ ਲਵੇਰੀਆਂ ਮੱਝਾਂ, ਗਾਵਾਂ ਨੂੰ ਪਾਉਣ ਲਈ ਖਲ, ਸੂੜੀ, ਦਲਿਆ, ਗੁੜ, ਕਣਕ ਆਦਿ ਰਖੀ ਹੁੰਦੀ। ਇਥੋਂ ਲੋੜ ਮੁਤਾਬਿਕ ਡੰਗਰਾਂ ਨੂੰ ਦਿੱਤੀ ਜਾਂਦੀ, ਨਿੱਕੀ ਕੱਟੀ ਨੂੰ ਗੁੜ ਚਟਾ ਕੇ ਨਿੱਕੇ ਬੱਚੇ ਖੁਸ਼ ਹੁੰਦੇ, ਜੁਆਨ ਹੋ ਰਹੇ ਵਹਿੜਕੇ ਨੂੰ ਆਟੇ ਦਾ ਪੇੜਾ ਦਿੱਤਾ ਜਾਂਦਾ। ਕਈ ਘਰਾਂ ਦੀਆਂ ਖੁਰਲੀਆਂ ਵਿਚ ਡੰਗਰਾਂ ਅੱਗੇ ਪਾਕਿਸਤਾਨੀ ਲੂਣ ਦੇ ਢੇਲੇ ਪਏ ਰਹਿੰਦੇ, ਪੱਠੇ ਖਾ ਕੇ ਡੰਗਰ ਇਹ ਲੂਣ ਚੱਟਦੇ ਜੋ ਉਹਨਾਂ ਦੇ ਹਾਜ਼ਮੇ ਲਈ ਮੁਨਾਸਿਬ ਸਮਝਿਆ ਜਾਂਦਾ। ਜੋ ਘਰ ਲੂਣ ਦੇ ਢੇਲੇ ਖੁਰਲੀਆਂ 'ਚ ਨਾ ਰਖਦੇ, ਉਹ ਲੂਣ ਪੀਹ ਕੇ ਲੂਣ ਦੀਆਂ ਲੱਪਾਂ ਡੰਗਰਾਂ ਦੇ ਮੂੰਹ ਵਿਚ ਮਲਦੇ।

3. ਗੋਹੇ ਕੂੜੇ ਲਈ ਥਾਂ : ਡੰਗਰਾਂ ਦੇ ਗੋਹੇ ਕੂੜੇ ਲਈ ਵੀ ਹਵੇਲੀ ਦੇ ਅੰਦਰ ਜਾਂ ਕਈ ਵਾਰੀ ਬਿਲਕੁਲ ਹਵੇਲੀ ਤੇ ਬੂਹੇ ਦੇ ਸਾਹਵੇਂ ਥਾਂ ਰਾਖਵੀਂ ਹੁੰਦੀ। ਬਹੁਤੀ ਵਾਰੀ ਗੋਹਾ ਕੂੜਾ ਹੂੰਝ ਕੇ ਹਵੇਲੀ ਦੇ ਅੰਦਰ ਹੀ ਕਿਸੇ ਹਿੱਸੇ 'ਚ ਇਕੱਠਾ ਕੀਤਾ ਹੁੰਦਾ। ਇਹਦੇ ਕੋਲ ਹੀ ਰੋਜ਼ ਰੋਜ਼ ਗੋਹਾ ਪੱਥ ਕੇ, ਪਾਥੀਆਂ ਬਣਾਉਣ ਕਰਕੇ ਥਾਂ ਰਗੜ ਹੋ ਕੇ ਸਾਫ਼ ਹੋ ਗਿਆ ਹੁੰਦਾ। ਪਾਥੀਆਂ ਕੰਧਾਂ ਨਾਲ, ਕੋਠਿਆਂ ਦੇ ਬਨੇਰਿਆਂ ਉਤੇ ਜਾਂ ਫਿਰ ਅਜਿਹੇ ਥਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੱਪ ਕੇ ਬੀੜੀਆਂ ਜਾਂਦੀਆਂ ਜਿੱਥੇ ਆਉਂਦੇ ਜਾਂਦੇ ਡੰਗਰਾਂ ਦੇ ਪੈਰਾਂ ਨਾਲ ਘਿਸ ਕੇ ਨਾ ਟੁੱਟਣ। ਪਾਥੀਆਂ ਨੂੰ ਚੁਲ੍ਹੇ ਵਿਚ ਅੱਗ ਦੇ ਸਰੋਤ ਵਜੋਂ ਬਾਲਣ ਲਈ, ਕਿਤੇ ਤਾਜੀਆਂ ਪੱਥੀਆਂ ਪਾਥੀਆਂ ਦੀ ਕਤਾਰ ਹੁੰਦੀ, ਕਿਤੇ ਉਲਟਾ ਕੇ ਸੁੱਕਣ ਲਈ ਰਖੀਆਂ ਦੀ ਕਤਾਰ, ਕਿਤੇ ਸੁੱਕੀਆਂ ਪਾਥੀਆਂ ਨੂੰ ਜੋੜ ਕੇ ਰੱਖਿਆ ਹੁੰਦਾ। ਜੇਕਰ ਘਰ ਵਿਚ ਸੁੱਕੀਆਂ ਪਾਥੀਆਂ ਪਿਛਲੀ ਕੋਠੜੀ ਜਾਂ ਕੂੜ ਵਿਚ ਸਾਂਭਣ ਦੀ ਥਾਂ ਨਾ ਹੁੰਦੀ ਤਾਂ ਹਵੇਲੀ ਵਿਚ ਪਾਥੀਆਂ ਸਾਂਭਣ ਲਈ ਗਹੀਰਾ ਉਸਾਰਿਆ ਜਾਂਦਾ।[8] ਗਹੀਰਾ ਸ਼ਕਲ ਵਿਚ ਕੁੱਪ ਜਾਂ ਮੂਸਲ ਵਰਗਾ ਹੋਣ ਤੇ ਵੀ ਇਹਦਾ ਆਕਾਰ ਛੋਟਾ ਹੁੰਦਾ। ਗਹੀਰੇ ਅੰਦਰ ਬੜੇ ਸੁਹਜ ਨਾਲ, ਇੰਜ ਜਿਵੇਂ ਹਲਵਾਈ ਥਾਲ ਵਿਚ ਪੇੜੇ ਚਿਣਦਾ ਹੈ, ਕਤਾਰਾਂ ਵਿਚ ਪਾਥੀਆਂ ਚਿਣੀਆਂ ਜਾਂਦੀਆਂ। ਪਾਥੀਆਂ ਚਿਣ ਕੇ ਗਹੀਰੇ ਦੇ ਬਾਹਰਲੇ ਪਾਸੇ ਚੀਕਣੀ ਮਿੱਟੀ, ਤੂੜੀ ਨਾਲ ਮੋਟਾ ਲੇਅ ਦੇ ਕੇ ਮੀਂਹ ਕਣੀ ਤੋਂ ਪਾਥੀਆਂ ਨੂੰ ਲੋੜ ਵੇਲੇ ਵਰਤਣ ਲਈ ਸੁੱਕਾ ਰੱਖਣ ਦਾ ਪ੍ਰਬੰਧ ਕੀਤਾ ਜਾਂਦਾ। ਕਈ ਥਾਵਾਂ ਉੱਤੇ ਬਾਹਰਲਾ ਲੇਅ ਵੀ ਗੋਹੇ ਦਾ ਹੁੰਦਾ ਅਤੇ ਗੋਹੇ ਦੇ ਚਾਪੜਾਂ ਵਾਲੇ ਲੇਅ ਲਾ ਕੇ ਉੱਤੇ ਹੱਥ ਦੀਆਂ ਉਂਗਲਾਂ (ਪੰਜੇ ਦੇ ਸ਼ਕਲ) ਨਾਲ ਬੜੇ ਦਿਲਕਸ਼ ਨਮੂਨੇ ਬਣਾਏ ਜਾਂਦੇ। ਕਿਤੇ ਇਕ ਤੋਂ ਬਾਅਦ ਦੂਜੇ ਹੱਥ ਦਾ ਪੰਜਾ, ਲਹਿਰੀਏ ਦੀ ਸ਼ਕਲ ਵਿਚ ਗੋਲਾਈ ਦੇ ਆਕਾਰ ਦੇ ਨਾਲ ਨਾਲ ਥੱਲੇ ਉੱਤੇ ਹੁੰਦਾ। ਕਿਤੇ ਉਂਗਲਾਂ ਨਾਲ ਗਹੀਰੇ ਉੱਤੇ ਰੇਖਾ ਗਣਿਤ ਦੀਆਂ ਸ਼ਕਲਾਂ ਵਾਹੀਆਂ ਜਾਂਦੀਆਂ। ਕਿਤੇ ਲੋਕ ਕਲਾ ਦੇ ਚਿੰਨ੍ਹ ਪੰਛੀਆਂ ਦੇ ਆਕਾਰ, ਹੱਥਾਂ ਦੀਆਂ ਉਂਗਲਾਂ ਨਾਲ ਗਿੱਲੇ ਗੋਹੇ ਵਿਚੋਂ ਉਘਾੜੇ ਜਾਂਦੇ। ਹੱਥਾਂ ਦੀਆਂ ਤਲੀਆਂ ਅਤੇ ਉਂਗਲਾਂ ਨਾਲ ਇੰਨੇ ਵਿਲੱਖਣ ਅਤੇ ਨਵੇਂ ਨਰੋਏ ਨਮੂਨੇ ਸਿਰਜੇ ਜਾਂਦੇ ਕਿ ਹਰ ਨਮੂਨਾ, ਕਈ ਅਰਥ, ਕਈ ਚਿੰਨ੍ਹਮਈ ਆਕਾਰ ਸੁਝਾ ਜਾਂਦਾ। ਗਹੀਰੇ ਉਤੇ ਉਕਰੇ ਹੱਥ ਨਮੂਨੇ ਦੀ ਇਕਾਈ ਵੀ, ਮੇਲ ਜੋਲ ਤਾਕਤ ਦਾ ਪ੍ਰਤੀਕ ਵੀ ਅਤੇ ਸਿਰਜਣਾਤਮਕ ਪ੍ਰਕਿਰਿਆ ਦਾ ਪ੍ਰਗਟਾ ਵੀ।

ਆਮ ਤੌਰ ਉਤੇ ਇਹ ਹੱਥ ਦੇ ਨਮੂਨੇ ਘਰ ਦੀਆਂ ਤ੍ਰੀਮਤਾਂ ਜਾਂ ਗੋਹਾ ਕੂੜਾ ਕਰਨ ਵਾਲੀ ਔਰਤ ਨੇ ਉਘਾੜੇ ਹੁੰਦੇ। ਇਨ੍ਹਾਂ ਵਿਚ ਲੋਕ ਕਲਾ ਦੇ ਚਿੰਨ੍ਹ ਝਲਕ ਝਲਕ ਪੈਂਦੇ। ਕਈ ਇਲਾਕਿਆਂ ਜਾਂ ਪਿੰਡਾਂ ਵਿਚ ਗਹੀਰੇ ਉੱਤੇ ਹੱਥ ਦਾ ਆਕਾਰ ਨਾ ਉਕਰ ਕੇ ਚੀਕਨੀ ਮਿੱਟੀ ਦਾ ਪਰੋਲਾ ਮਾਰਕੇ ਉਤੇ ਗੇਰੂਏ ਰੰਗ ਜਾਂ ਕਲੀ ਨਾਲ ਕਈ ਬਿੰਬ ਵਾਹੇ ਜਾਂ ਉੱਕਰੇ ਹੁੰਦੇ। ਜਿਸ ਇਲਾਕੇ ਵਿਚ ਮੀਂਹ ਜ਼ਿਆਦਾ ਪੈਂਦੇ ਹਨ, ਉਧਰ ਗਹੀਰੇ ਦੇ ਚਾਰ ਚੁਫੇਰੇ ਹੱਥਾਂ ਦੇ ਸੁਹਜਮਈ ਆਕਾਰ ਨਹੀਂ ਸਗੋਂ ਚੀਕਣੀ ਮਿੱਟੀ ਦੇ ਮੋਟੇ ਲੇਅ ਨਾਲ ਗਹੀਰਾ ਲਿੰਬਿਆ ਜਾਂਦਾ। ਅੰਮ੍ਰਿਤਸਰ ਤੋਂ ਅਬੋਹਰ ਫ਼ਾਜ਼ਿਲਕਾ ਵੱਲ ਗਹੀਰਿਆਂ ਉੱਤੇ ਗੋਹੇ ਨਾਲ ਆਕਾਰਾਂ ਦਾ ਰੁਝਾਨ ਵਧਦਾ ਚਲਾ ਜਾਂਦਾ ਹੈ। ਇੰਜੇ ਦਿੱਲੀ ਤੋਂ ਅੱਗੇ ਮਥੁਰਾ, ਭਰਤਪੁਰ ਵੱਲ ਵੀ ਹੱਥ ਛਾਪ ਨਾਲ ਗਹੀਰੇ ਸ਼ਿੰਗਾਰਣ ਦੀ ਰੁਚੀ ਵਧਦੀ ਚਲੀ ਜਾਂਦੀ ਹੈ। ਭੂਗੋਲਿਕ ਪਰਿਪੇਖ ਵਿਚ ਜਿਥੇ ਮੀਂਹ ਘੱਟ ਪਵੇਗਾ, ਉਥੇ ਬਾਲਣ ਲਈ ਲੱਕੜੀ ਵੀ ਘੱਟ ਮਿਲੇਗੀ। ਇੰਜ ਜਿੰਨਾ ਕਿਸੇ ਇਲਾਕੇ ਵਿਚ ਪਾਥੀਆਂ ਊਰਜਾ ਸਰੋਤ ਵਜੋਂ ਜ਼ਿਆਦਾ ਬਾਲੀਆਂ ਜਾਂਦੀਆਂ ਹਨ, ਉੱਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਗਹੀਰੇ ਨੂੰ ਇਕ [illegible] ਵਸੀਲੇ ਵਜੋਂ ਸਜਾਉਣ ਦੀ ਰੁਚੀ ਵਧਦੀ ਚਲੀ ਜਾਂਦੀ ਹੈ ।[9]

ਕਿਸੇ ਆਕਾਰ ਅਤੇ ਅਨੁਪਾਤ ਦੀਆਂ ਕਿੰਨੀਆਂ ਪਾਥੀਆਂ ਇਕ ਦਾਇਰੇ ਵਿਚ ਆਉਣਗੀਆਂ । ਗਹੀਰੇ ਦਾ ਘੇਰਾ ਕਿੰਨਾ ਰਖਣਾ ਹੈ, ਟੱਬਰ ਦੀਆਂ ਊਰਜਾ ਦੀਆਂ ਲੋੜਾਂ ਕੀ ਹਨ । ਗਹੀਰੇ ਦੀ ਸ਼ਕਲ ਕਿਵੇਂ ਦੀ ਹੋਵੇਗੀ, ਵਿਚਕਾਰੋਂ ਗਹੀਰੇ ਦਾ ਢਿੱਡ ਬਾਹਰ ਨੂੰ ਕੱਢਣਾ ਹੈ ਜਾਂ ਗੁੰਬਦ ਵਰਗਾ, ਹਵੇਲੀ ਦੀ ਕਿਸ ਨੁੱਕਰ ਵਿਚ ਗਹੀਰਾਂ ਦੋ ਕੰਧਾਂ ਦੇ ਸਮਕੋਣ ਵਿਚਕਾਰ ਬਣਾਉਣਾ ਹੈ, ਕਿੰਨੇ ਦਾਇਰੇ ਦੇ ਗਹੀਰੇ ਵਿਚ ਕਿੰਨੀਆਂ ਹੱਥ ਛਾਪਾਂ ਪੂਰੀਆਂ ਲਗਣਗੀਆਂ, ਉਹ ਉੱਚਾਈ ਜਿਥੇ ਹੱਥ ਛਾਪ ਲਾਉਣੀ ਮੁਸ਼ਕਿਲ ਹੋਵੇਗੀ ਕਿਵੇਂ ਉਸ ਉੱਚਾਈ ਤੇ ਜਾ ਕੇ ਬਣਤਰ ਟੀਸੀ ਨਾਲ ਇਕਮਿਕ ਹੋ ਜਾਵੇਗੀ । ਪਿੰਡਾਂ ਵਿਚ ਔਰਤਾਂ ਇਹ ਸਭ ਪੀੜ੍ਹੀ ਦਰ ਪੀੜ੍ਹੀ ਇਕ ਦੂਜੀ ਨੂੰ ਸਿਖਾਉਂਦੀਆਂ ਰਹੀਆਂ ਹਨ ।

ਇਥੇ ਹੀ ਬਸ ਨਹੀਂ, ਗਹੀਰੇ ਦਾ ਆਕਾਰ ਉਸ ਇਲਾਕੇ ਵਿਚ ਜਿਥੇ ਜ਼ਿਆਦਾ ਮੀਂਹ ਪੈਂਦੇ, ਥਲਿਉਂ ਥੋੜਾ ਘੇਰਾ ਵਿਚਕਾਰੋਂ ਬਾਹਰ ਨੂੰ ਨਿਕਲ ਕੇ ਉਤੋਂ ਲੰਮਾ ਹੋ ਕੇ ਟੀਸੀ ਵੱਲ ਵਧਦਾ । ਪਰ ਜਿਸ ਇਲਾਕੇ ਵਿਚ ਮੀਂਹ ਘੱਟ ਪੈਣ ਅਤੇ ਸਲ੍ਹਾਬੇ ਨਾਲ ਹੇਠਲੀ ਕਤਾਰ ਦੀਆਂ ਪਾਥੀਆਂ ਦੇ ਸਿਲ੍ਹੇ ਹੋ ਕੇ ਫਿਸਣ ਦਾ ਖ਼ਤਰਾ ਘੱਟ ਹੁੰਦਾ ਉਸ ਇਲਾਕੇ ਵਿਚ ਗਹੀਰੇ ਦਾ ਰੂਪ ਅਤੇ ਆਕਾਰ ਤੂੜੀ ਦੀ ਧੜ ਵਰਗਾ ਹੋ ਜਾਂਦਾ ।

ਭਾਵ ਭਾਵੇਂ ਤੂੜੀ ਸਾਂਭਣ ਲਈ ਕੁੱਪ/ਮੂਸਲ ਜਾਂ ਧੜ ਹਨ, ਭਾਵੇਂ ਪਾਥੀਆਂ ਸਾਂਭਣ ਲਈ ਗਹੀਰੇ, ਹਰ ਹਾਲਤ 'ਚ ਗੰਢੇ ਨੁਮਾ ਆਕਾਰ ਨਾਲ ਪਾਥੀਆਂ ਅਤੇ ਤੂੜੀ ਸਾਂਭੀ ਜਾਂਦੀ । ਗਹੀਰੇ ਕੁੱਪ/ਮੂਸਲ ਦੀ ਇਹ ਸ਼ਕਲ ਐਸਕੀਮੋ ਦੀਆਂ ਬਰਫ਼ ਦੀਆਂ ਕੁਟੀਆਂ ਜਾਂ ਅਫ਼ਰੀਕੀ ਕਬੀਲਿਆਂ ਦੀਆਂ ਝੁੱਗੀਆਂ ਦੇ ਆਕਾਰ ਲਗਭਗ ਇਕਮਿਕ ਹੋ ਜਾਂਦੇ । ਇਹ ਆਕਾਰ ਮੁੱਢ ਕਦੀਮ ਭਵਨ ਉਸਾਰੀ ਦੇ ਆਕਾਰਾਂ ਦਾ ਪ੍ਰਗਟਾ ਹਨ ।

ਗੋਹੇ ਕੂੜੇ ਨਾਲ ਹਵੇਲੀ ਵਿਚ ਬਰੀਕ ਮਿੱਟੀ ਦੇ ਭੂਰੇ ਭੂਰੇ ਕਣ (ਮਲੀ) ਇਕੱਠੀ ਹੁੰਦੀ ਰਹਿੰਦੀ । ਸਰਦੀਆਂ ਵਿਚ ਉਹਨਾਂ ਕੋਠੇ ਕਮਰਿਆਂ ਵਿਚ ਇਹ ਮਲੀ ਸੁਟਕੇ ਡੰਗਰਾਂ ਦੇ ਪਿਸ਼ਾਬ ਗੋਹੇ ਨਾਲ ਗਿੱਲੇ ਹੋਏ ਥਾਂ ਨੂੰ ਸੁੱਕਾ ਕੀਤਾ ਜਾਂਦਾ । ਮੀਂਹ/ਬਾਰਿਸ਼ ਦੇ ਦਿਨਾਂ ਵਿਚ ਕੂੜੇ ਦਾ ਸੁੱਕਾ ਕੱਖ-ਕਾਣ ਇਕੱਠਾ ਕਰਕੇ ਡੰਗਰਾਂ ਦੇ ਚਾਰ ਚੁਫੇਰੇ ਧੂਣੀ ਲਾਈ ਜਾਂਦੀ ਕਿ ਮੱਛਰ ਮੱਝਾਂ, ਗਾਵਾਂ ਅਤੇ ਦੂਜੇ ਪਸ਼ੂਆਂ ਨੂੰ ਤੰਗ ਨਾ ਕਰੇ ।

ਇਕ ਪਾਸੇ ਡੰਗਰਾਂ ਦਾ ਗੋਹਾ ਕੂੜਾ ਸੁੱਟਿਆ ਜਾਂਦਾ ਜੋ ਹੌਲੀ ਹੌਲੀ ਦੱਬ ਕੇ ਰੂੜੀ ਬਣਦਾ ਜਾਂਦਾ । ਇਹ ਰੂੜੀ ਕਣਕਾਂ ਵੱਢ ਕੇ ਖੇਤਾਂ ਵਿਚ ਖਿਲਾਰੀ ਜਾਂਦੀ । ਖਿਲਾਰ ਤੇ ਭਾਵੇਂ ਇਹ ਕਿਸੇ ਵੀ ਖੇਤ ਵਿਚ ਦਿੱਤੀ ਜਾਂਦੀ, ਫਿਰ ਉਹ ਖੇਤ ਜਿਹਨਾਂ ਵਿਚ ਵਪਾਰਕ ਫ਼ਸਲਾਂ ਜਿਵੇਂ ਕਮਾਦ, ਕਪਾਹ, ਸਰੋਂ, ਤੋਰੀਆ, ਸਬਜ਼ੀਆਂ ਆਦਿ, ਜਿਵੇਂ ਆਲੂ, ਗੰਢੇ, ਟਮਾਟਰ, ਮਟਰ ਆਦਿ ਬੀਜਣੇ ਹੁੰਦੇ, ਉਹਨਾਂ ਖੇਤਾਂ ਵਿਚ ਖਿਲਾਰਣ ਨੂੰ ਤਰਜੀਹ ਦਿੱਤੀ ਜਾਂਦੀ । ਸ਼ਹਿਰੀ ਸੋਚ ਅਤੇ ਸਿਹਤ ਕੇਂਦਰ ਵੱਲੋਂ ਦਿੱਤੇ ਜਾਂਦੇ ਸੁਝਾਵਾਂ ਅਨੁਸਾਰ ਰੂੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੇਸ਼ਕ ਮੁਸ਼ਕ, ਮੱਖੀ, ਮੱਛਰ ਪੈਦਾ ਕਰਦੀ ਪਰ ਪੰਜਾਬ ਦੀ ਕਿਰਸਾਣੀ ਲਈ ਰੂੜੀ ਆਰਥਿਕ ਵਸੀਲਾ ਹੁੰਦੀ, ਜ਼ਿਆਦਾ ਰੂੜੀ ਜ਼ਿਆਦਾ ਮਾਲ ਡੰਗਰਾਂ ਦਾ ਪ੍ਰਗਟਾ ਹੁੰਦਾ, ਰੂੜੀ ਵਧੇ ਫੁਲੇ ਭਾਵ ਮਾਲ ਡੰਗਰ ਵਧਣ, ਇਸ ਲਈ ਰੂੜੀ ਉੱਤੇ ਦੀਵਾਲੀ ਨੂੰ ਦੀਵਾ ਜਗਾਇਆ ਜਾਂਦਾ।[10]

4. ਸੰਦ ਮਸ਼ੀਨਾਂ ਖਾਦ ਆਦਿ ਲਈ ਥਾਂ : ਭਾਵੇਂ ਕਿ ਵੱਡੀਆਂ ਮਸ਼ੀਨਾਂ, ਟਰੈਕਟਰ, ਟਰਾਲੀ, ਕੰਬਾਈਨ ਆਦਿ ਦੀ ਵਰਤੋਂ ਪੰਜਾਬ ਵਿਚ ਸਿਰਫ ਦੋ ਕੁ ਦਹਾਕਿਆਂ ਤੋਂ ਹੀ ਜ਼ਿਆਦਾ ਹਰਮਨ ਪਿਆਰੀ ਹੋਈ ਹੈ, ਫਿਰ ਵੀ ਹਵੇਲੀਆਂ ਵਿਚ ਵੱਖੋ ਵੱਖਰੀ ਕਿਸਮ ਦੇ ਹਲ ਜਿਵੇਂ ਤ੍ਰਿਫਾਲੀ ਹਲ, ਉਲਟਾਵੀਂ ਹੱਲ, ਨਾਗ ਹੱਲ, ਸੁਹਾਗਾ, ਗਿਰੜੀ, ਸਿੰਜਾਈ ਵਾਲੇ ਖੂਹ ਨਾਲ ਜੁੜੀਆਂ ਵਸਤਾਂ ਟਿੰਡਾਂ, ਬੈਡ, ਪੰਜਾਲੀਆਂ, ਕਹੀਆਂ, ਕਸੋਲੇ, ਰੰਬਾ, ਦਾਤਰੀਆਂ, ਜਿੰਦਰੇ, ਫੁਹੜੇ, ਕੁਹਾੜੀ, ਵੇਲਣੇ ਨਾਲ ਜੁੜੀਆਂ ਵਸਤਾਂ ਲੱਠਾਂ, ਗੰਢ, ਕੜਾਹ, ਪੋਣੀਆਂ ਆਦਿ ਕਈ ਸੰਦ ਸਨ ਜੋ ਹਵੇਲੀ ਵਿਚ, ਕਿਸੇ ਕਮਰੇ ਵਿਚ ਰਖੇ ਹੁੰਦੇ ਜਾਂ ਤੂੜੀ ਤੰਦ ਵਾਲੇ ਕਮਰੇ ਵਿਚ ਜਾਂ ਕਮਰਿਆਂ ਬਰਾਂਡਿਆਂ ਦੀਆਂ ਨੁੱਕਰਾਂ, ਆਲਿਆਂ, ਰੋਸਾਂ, ਕਿੱਲੀਆਂ, ਪੜਛੱਤੀਆਂ ਆਦਿ ਉੱਤੇ ਪਏ ਰਹਿੰਦੇ। ਫਿਰ ਖ਼ਾਸ ਖ਼ਾਸ ਫ਼ਸਲਾਂ ਨੂੰ ਸੰਭਾਲਣ ਲਈ ਸੰਦਾਂ, ਮਸ਼ੀਨਾਂ ਦਾ ਇਕ ਵੱਖਰਾ ਸਿਲਸਲਾ ਸੀ ਕਣਕ, ਗਾਹੁਣ ਲਈ ਤਰੰਗਲੀਆਂ, ਫਲ੍ਹੇ ਆਦਿ ਹੁੰਦੇ, ਮਕੱਈ ਕੁੱਟਣ ਲਈ ਮੂੰਗਲੀਆਂ ਹੁੰਦੀਆਂ, ਕਮਾਦ ਵੱਢਣ ਲਈ ਟੋਕਾ ਆਦਿ, ਗੁੜ ਗੋਡਣ ਲਈ ਰੰਬੇ ਆਦਿ, ਕੀੜੇ ਸੁੰਡੀ ਤੋਂ ਫ਼ਸਲ ਬਚਾਉਣ ਲਈ ਸਪਰੇ ਪੰਪ ਆਦਿ ਡੰਗਰਾਂ ਨੂੰ ਸਜਾਉਣ ਲਈ ਘੁੰਗਰੂ, ਹਮੇਲਾਂ, ਕੌਡੀਆਂ ਵਾਲੀਆਂ ਝੁੱਲਾਂ, ਸ਼ੀਸ਼ਿਆਂ ਵਾਲੀਆਂ ਮੱਥੇ ਦੀਆਂ ਝਾਲਰਾਂ, ਪੈਰਾਂ ਵਿਚ ਪਾਉਣ ਲਈ ਝਾਂਜਰਾਂ, ਛਾਂਟਾ ਆਦਿ ਵਾਹੀ ਨਾਲ ਜੁੜੇ ਸੰਦਾਂ ਦਾ ਇਕ ਲੰਮਾ ਸਿਲਸਿਲਾ ਸੀ ਜੋ ਹਵੇਲੀ ਵਿਚ ਹੁੰਦਾ। ਇਹਦੇ ਨਾਲ ਨਾਲ ਇਹ ਸੰਦ ਅਤੇ ਖਾਦਾਂ ਕਈ ਵਾਰ ਹਵੇਲੀ ਵਿਚ ਐਵੇਂ ਉੱਘੜ ਦੁੱਘੜੇ ਪਏ ਰਹਿੰਦੇ। ਪਰ ਵਸ ਲਗਦੇ ਇਹ ਕਿਸੇ ਨਾ ਕਿਸੇ ਕਮਰੇ ਵਿਚ ਹੁੰਦੇ, ਬਰਾਂਡੇ ਵਿਚ ਹੁੰਦੇ।[11]

ਕਈ ਹਵੇਲੀਆਂ ਵਿਚ ਹੀ ਕਮਾਦ ਪੀੜਣ ਵਾਲਾ ਵੇਲਣਾ ਗੱਡਿਆ ਹੁੰਦਾ, ਖੇਤੋਂ ਗੰਨੇ ਛਿੱਲਕੇ ਹਵੇਲੀ ਲੈ ਆਂਦੇ ਜਾਂਦੇ ਅਤੇ ਫਿਰ ਹਵੇਲੀ ਵਿਚ ਹੀ ਕਮਾਦ ਪੀੜ ਕੇ ਗੁੜ ਬਣਾਉਣ ਦੀ ਪ੍ਰਕਿਰਿਆ ਚਲਦੀ। ਉਸ ਹਾਲਤ 'ਚ ਜਦੋਂ ਹਵੇਲੀ ਵੱਡੀ ਹੁੰਦੀ ਜਾਂ ਲਾਗਤ ਬਾਜੀ ਹੁੰਦੀ ਜਿਵੇਂ ਕਣਕ, ਜੌਂ, ਛੋਲੇ ਆਦਿ ਵੱਢੇ ਜਾਂਦੇ. ਨਾਲੋ ਨਾਲ ਫ਼ਸਲ ਹਵੇਲੀ ਵਿਚ ਢੋਅ ਲਈ ਜਾਂਦੀ ਕਿ ਦੁਸ਼ਮਣ ਫ਼ਸਲ ਨੂੰ ਅੱਗ ਨਾ ਲਾ ਦੇਵੇ। ਅਜਿਹੀ ਹਾਲਤ ਵਿਚ ਫ਼ਸਲ ਹਵੇਲੀ ਵਿਚ ਹੀ ਗਾਹੀ ਜਾਂਦੀ, ਤੇ ਫਿਰ ਬੋਹਲ ਬਣਾ ਕੇ ਤੋਲੀ ਜਾਂਦੀ। ਉਸ ਹਾਲਤ 'ਚ ਜਦੋਂ ਹਵੇਲੀ ਵਿਚ ਕਮਾਦ ਪੀੜਿਆ ਜਾਂਦਾ, ਹਵੇਲੀ ਵਿਚ ਇਕ ਪਾਸੇ ਰਹੁ ਕਾਹੜ ਕੇ ਗੁੜ ਬਣਾਉਣ ਵਾਲਾ ਚੁੰਬਾ ਬਣਾਇਆ ਜਾਂਦਾ। ਜਦੋਂ ਗੁੜ ਬਣਾਉਣ ਦਾ ਕੰਮ ਮੁੱਕ ਜਾਂਦਾ, ਇਸ ਚੁੰਬੇ ਨੂੰ ਛੋਈ, ਕੂਟਲ ਜਾਂ ਪੱਛੀਆਂ ਨਾਲ ਭਰ ਦਿੱਤਾ ਜਾਂਦਾ ਕਿ ਆਉਂਦਾ ਜਾਂਦਾ ਡੰਗਰ ਇਹਦੇ ਵਿਚ ਡਿੱਗ ਕੇ ਸੱਟ ਨਾ ਲੁਆ ਲਵੇ। ਫ਼ਸਲ ਗਾਹੁਣ ਲਈ ਹਵੇਲੀ ਦਾ ਇਕ ਹਿੱਸਾ ਸਾਫ਼ ਕਰਕੇ ਲਿੰਬ ਪੋਚ ਕੇ ਪਿੜ ਬਣਾਇਆ ਜਾਂਦਾ। ਇੰਜ ਹਵੇਲੀ ਖੇਤੀਬਾੜੀ ਨਾਲ ਜੁੜੀਆਂ ਕਈ ਪ੍ਰਕਿਰਿਆਵਾਂ ਦਾ ਪਿੜ ਬਣ ਖਲੋਂਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਦਾਣੇ ਅਤੇ ਬੀਆਂ ਲਈ ਥਾਂ : ਉਹ ਹਵੇਲੀਆਂ ਜੋ ਘਰਾਂ ਦੇ ਨੇੜੇ ਹੁੰਦੀਆਂ ਜਾਂ ਜਿਥੇ ਹਰ ਪਲ ਘਰ ਦਾ ਕੋਈ ਨਾ ਕੋਈ ਜੀਅ ਹੁੰਦਾ, ਅਜਿਹੀਆਂ ਹਵੇਲੀਆਂ ਵਿਚ ਦਾਣੇ ਅਤੇ ਬੀਆਂ ਲਈ ਵਿੱਤ ਅਨੁਸਾਰ ਕੋਠੇ ਉਸਾਰੇ ਹੁੰਦੇ । ਇਹ ਕੋਠੇ ਬਹੁਪੱਖੀ ਮੰਤਵਾਂ ਲਈ ਵਰਤੇ ਜਾਂਦੇ । ਇਨ੍ਹਾਂ ਕੋਠਿਆਂ ਵਿਚ ਕਈ ਵਾਰੀ ਉਹ ਸਾਰੀਆਂ ਚੀਜ਼ਾਂ ਹੁੰਦੀਆਂ ਜੋ ਘਰ ਦੀ ਕੋਠੜੀ ਵਿਚ ਹੁੰਦੀਆਂ । ਕਈਆਂ ਵਿਚ ਭੜੋਲੇ ਅਤੇ ਭੜੋਲੀਆਂ ਵਿਚ ਕਣਕ ਛੋਲੇ ਜੋ ਮਕੱਈ ਆਦਿ ਸਾਂਭੇ ਜਾਂਦੇ । ਭਾਵ ਹਰ ਫ਼ਸਲ ਲਈ ਵੱਖਰੀ ਭੜੋਲੀ, ਕੋਠੇ ਵਿਚ ਨਿੱਕੀ ਉਸਾਰੀ ਕੋਠੜੀ ਜਾਂ ਭੜੋਲਾ । ਇਨ੍ਹਾਂ ਕੋਠਿਆਂ ਦੀਆਂ ਕਿੱਲੀਆਂ ਉੱਤੇ ਸਣ ਸੰਦੂਕੜੇ ਦੀਆਂ ਅੱਟੀਆਂ ਪਈਆਂ ਹੁੰਦੀਆਂ, ਪਰਛੱਤੀਆਂ ਉੱਤੇ ਕਪਾਹ ਪਈ ਹੁੰਦੀ। ਇਕ ਪਾਸੇ ਘੜਿਆਂ ਦੀਆਂ ਪਾਲਾਂ ਲੱਗੀਆਂ ਹੁੰਦੀਆਂ । ਇਨ੍ਹਾਂ ਘੜਿਆਂ ਵਿਚ ਵੱਖੋ ਵੱਖਰੀਆਂ ਫ਼ਸਲਾਂ ਦੇ ਬੀਅ ਪਏ ਹੁੰਦੇ । ਕਿਸੇ ਘੜੇ ਵਿਚ ਗੁੜ ਹੁੰਦਾ, ਕਿਸੇ ਪੀਪੇ ਵਿਚ ਸਰੋਂ ਦਾ ਤੇਲ ਹੁੰਦਾ, ਕਿਸੇ ਹੋਰ ਪੀਪੇ ਕੁੱਜੇ, ਘੜੇ ਵਿਚ, ਆਲੇ ਵਿਚ ਜਾਂ ਰੌਂਸ ਕਿੱਲੀਆਂ ਉੱਤੇ ਨਿੱਕੀਆਂ ਨਿੱਕੀਆਂ ਪੋਟਲੀਆਂ ਵਿਚ ਵੱਖੋ ਵੱਖਰੀਆਂ ਸਬਜ਼ੀਆਂ ਜਿਵੇਂ ਗਾਜ਼ਰਾਂ, ਮੂਲੀਆਂ, ਗੰਢਿਆਂ, ਕੱਦੂ, ਟਿੰਡੇ, ਤੋਰੀਆਂ, ਖਰਬੂਜ਼ਿਆਂ, ਹਦਵਾਣਿਆਂ ਦੇ ਬੀਅ ਰਖੇ ਹੁੰਦੇ ।[12]

ਉਪਰ ਪਹਿਲਾਂ ਲਿਖੇ ਗਏ ਮੁਤਾਬਿਕ ਜੇਕਰ ਡੰਗਰਾਂ ਲਈ ਦਲਿਆ ਸੂੜ੍ਹੀ, ਖਲ ਵਗੈਰਾ ਕਿਸੇ ਹੋਰ ਕਮਰੇ ਵਿਚ ਨਾ ਹੁੰਦੇ ਤਾਂ ਉਹ ਵੀ ਵੱਖੋ ਵੱਖਰੀਆਂ ਮੱਟੀਆਂ, ਭੜੋਲੀਆਂ ਆਦਿ ਵਿਚ ਇਸ ਕਮਰੇ ਵਿਚ ਪਏ ਮਿਲਦੇ । ਵੱਸ ਲਗਦੇ ਇਸ ਕਮਰੇ ਦੀ ਚਾਬੀ ਜਿਥੇ ਬੀਅ ਦਾਣੇ ਅਤੇ ਗੁੜ ਪਿਆ ਹੁੰਦਾ, ਘਰ ਦੇ ਮੁਖ ਜੀਆਂ ਕੋਲ ਰਹਿੰਦੀ । ਜਦੋਂ ਕਿਤੇ ਵਾਗੀ ਜਾਂ ਕਾਮੇ, ਹਾਲੀ ਚਾਬੀ ਲੈ ਕੇ ਇਸ ਕਮਰੇ ਵਿਚ ਕੋਈ ਬੀਅ ਲੈਣ ਆਉਂਦੇ, ਡੰਗਰਾਂ ਲਈ ਦਲੀਆ ਤੇਲ ਲੈਣ ਆਉਂਦੇ, ਇਸ ਗੱਲ ਦਾ ਖ਼ਿਆਲ ਰਖਿਆ ਜਾਂਦਾ ਕਿ ਉਹ ਆਉਂਦੇ ਜਾਂਦੇ ਬੁੱਕਲ ਵਿਚ ਗੁੜ, ਦਾਣੇ ਅਤੇ ਬੀਅ ਚੋਰੀ ਕਰਕੇ ਨਾ ਲੈ ਜਾਣ। ਖ਼ਾਸ ਕਰਕੇ ਗੁੜ ਤਾਂ ਹਾਲੀਆਂ ਵਾਗੀਆਂ ਤੋਂ ਬਹੁਤ ਬਚਾਅ ਕੇ ਰਖਿਆ ਜਾਂਦਾ । ਸਿਆਲ ਵਿਚ ਨਿੱਘ ਦੇਣ, ਮਿਠਾਸ ਕਰਕੇ, ਥਕੇਵਾਂ ਲਾਹੁਣ ਕਰਕੇ ਅਤੇ ਇਸ ਵਿਸ਼ਵਾਸ ਕਰਕੇ ਕਿ ਜਿਨਸੀ ਸੰਬੰਧਾਂ ਤੋਂ ਬਾਅਦ ਖਾਦਾ ਗੁੜ ਜਿਸਮ ਨੂੰ ਘੋੜੇ ਵਰਗਾ ਕਰ ਦਿੰਦਾ ਹੈ। ਇਨ੍ਹਾਂ ਸੰਕਲਪਾਂ ਕਰਕੇ ਜਦੋਂ ਵੀ ਦਾਅ ਲਗਦਾ, ਹਾਲੀ ਅਤੇ ਵਾਗੀ ਗੁੜ ਦੀ ਪੇਸੀ ਚੁੱਕ ਕੇ ਖਾ ਜਾਂਦੇ । ਆਮ ਗੁੜ ਦੀ ਪੇਸੀ, ਇਕ ਪਾ ਦੇ ਆਸ ਪਾਸ ਹੁੰਦੀ, ਦਿਨ ਭਰ ਦੀ ਹੱਡ-ਤੋੜਵੀਂ ਮਿਹਨਤ ਤੋਂ ਬਾਅਦ ਗੁੜ ਦੀ ਇਕ ਪੇਸੀ ਖਾ ਕੇ, ਪਚਾ ਜਾਣੀ ਬੜੀ ਆਮ ਜਿਹੀ ਗੱਲ ਸੀ ਜਦੋਂ ਵੀ ਦਾਅ ਲਗਦਾ ਗੁੜ ਖਾ ਲੈਣਾ ਵਾਗੀਆਂ ਅਤੇ ਹਾਲੀ ਕਾਮਿਆਂ ਦਾ, ਖ਼ਾਸ ਕਰਕੇ ਉਸ ਹਾਲ 'ਚ ਜਦੋਂ ਉਹ ਘਰ ਦੇ ਜੀਅ ਨਾ ਹੁੰਦੇ ਇਕ ਸ਼ੁਗਲ ਵਾਂਗ ਸੀ । ਇਸ ਲਈ ਉਸ ਕਮਰੇ ਵਿਚ ਆਉਂਦੇ ਜਾਂਦੇ ਹਾਲੀਆਂ ਪਾਲੀਆਂ ਦੀ ਸੂਹ ਰੱਖੀ ਜਾਂਦੀ ਕਿ ਉਹ ਕੀ ਰਖਦੇ ਅਤੇ ਕੀ ਚੁੱਕਦੇ ਹਨ।

ਦਾਣਿਆਂ ਵਾਲੇ ਕਮਰੇ ਦੇ ਕਈ ਪੱਖੇ ਹੁੰਦੇ । ਇਕ ਪੱਖਾ ਇਕ ਦੀਵਾਰ ਅਤੇ ਸ਼ਤੀਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਦੋ ਸ਼ਤੀਰੀਆਂ ਵਿਚਕਾਰਲਾ ਉਹ ਪੱਖਾ ਹੁੰਦਾ ਜਿਹਦੇ ਉੱਤੇ ਬਾਲੇ ਜਾਂ ਕੜੀਆਂ ਬੀੜ ਕੇ ਪਾਈਆਂ ਜਾਂਦੀਆਂ। ਸ਼ਤੀਰੀ ਦੀ ਲੰਬਾਈ ਦਸ ਫੁੱਟ ਤੋਂ ਲੈ ਕੇ ਚੌਦਾਂ ਫੁੱਟ ਤਕ ਆਦਰਸ਼ ਮੰਨੀ ਜਾਂਦੀ ਅਤੇ ਦੋ ਸ਼ਤੀਰੀਆਂ ਜਾਂ ਸ਼ਤੀਰੀ ਅਤੇ ਕੰਧ ਦਾ ਫ਼ਾਸਲਾ ਪੰਜ ਤੋਂ ਸੱਤ ਫੁੱਟ ਆਦਰਸ਼ ਮੰਨਿਆ ਜਾਂਦਾ। ਇਹ ਮਾਪ ਦਸ ਤੋਂ ਚੌਦਾਂ ਫੁੱਟ ਦੀ ਸ਼ਤੀਰੀ ਅਤੇ ਪੰਜ ਤੋਂ ਸੱਤ ਫੁੱਟ ਲੰਮੇ ਬਾਲੇ ਕਮਰਿਆਂ ਦੀ ਲੰਬਾਈ ਚੌੜਾਈ ਨਿਰਧਾਰਤ ਕਰਦੇ। ਜੇ ਕਮਰਾ ਹੋਰ ਚੌੜਾ ਕਰਨਾ (ਰੱਖਣਾ) ਹੁੰਦਾ ਤਾਂ ਵਿਚਕਾਰ ਥੰਮ ਉਸਾਰ ਕੇ ਉਹਦੇ ਉੱਤੇ ਸ਼ਤੀਰੀ ਰੱਖ ਲਈ ਜਾਂਦੀ। **ਕਮਰਿਆਂ ਦੀ ਉਸਾਰੀ ਵਿਚ ਇਹ ਵੀ ਸੰਕਲਪ ਸੀ ਕਿ ਪੱਖੇ ਦੋ ਦੀ ਗਿਣਤੀ ਉੱਤੇ ਤਕਸੀਮ ਹੁੰਦੇ ਨਾ ਹੋ ਕੇ ਤਿੰਨ, ਪੰਜ, ਸੱਤ, ਨੌਂ, ਗਿਆਰਾਂ ਆਦਿ ਜੋ ਤਕਸੀਮ ਨਾ ਹੋਣ ਅਜਿਹੀ ਗਿਣਤੀ ਵਿਚ ਹੋਣ।** ਦਾਣੇ ਅਤੇ ਬੀਅ ਵਾਲੇ ਕਮਰੇ ਵਿਚ ਕੀ ਕੀ ਰੱਖਣਾ ਹੈ, ਇਹ ਬਹੁਤੀ ਵਾਰੀ ਇਸ ਗੱਲ ਤੇ ਵੀ ਨਿਰਭਰ ਕਰਦਾ ਹੈ ਕਿ ਘਰ ਹਵੇਲੀ ਤੋਂ ਕਿੰਨੀ ਦੂਰ ਹੈ ਅਤੇ ਹਵੇਲੀ ਵਿਚ ਰਾਖੀ ਲਈ ਸੌਣ ਵਾਲਾ ਬਜ਼ੁਰਗ ਜਾਂ ਕੋਈ ਹੋਰ ਮਰਦ ਕਿੰਨਾ ਚੌਕੰਨਾ ਅਤੇ ਚੇਤੰਨ ਹੋ ਕੇ ਸੌਂਦਾ ਹੈ। ਜੇਕਰ ਹਵੇਲੀ ਘਰ ਤੋਂ ਵੱਖਰੀ ਨਾ ਹੁੰਦੀ ਤਾਂ ਅਜਿਹੀ ਹਾਲਤ ਵਿਚ ਘਰ ਦੀ ਕੋਠੜੀ ਵਿਚ ਹੀ ਦਾਣੇ ਅਤੇ ਬੀਅ ਰੱਖੇ ਹੁੰਦੇ। ਦਾਣੇ ਅਤੇ ਬੀਆਂ ਲਈ ਕਮਰਾ ਵੱਖਰਾ ਹੋਣ ਦੇ ਬਾਵਜੂਦ ਇਸ ਕਮਰੇ ਨੂੰ ਡੰਗਰ ਬੰਨ੍ਹਣ, ਤੂੜੀ ਤੰਦ ਪਾਉਣ, ਖੇਤੀਬਾੜੀ ਦੇ ਲੋੜੀਂਦੇ ਸੰਦ ਰੱਖਣ, ਆਦਿ ਕਾਰਜਾਂ ਲਈ ਵੀ ਵਰਤ ਦਿਆ ਜਾਂਦਾ। ਕਈ ਹਾਲਤਾਂ ਵਿਚ ਵੱਖਰਾ ਕਮਰਾ ਨਾ ਹੋਣ ਉੱਤੇ ਕਿਸੇ ਇਕ-ਅੱਧੇ ਕਮਰੇ ਦੀ ਬਹੁਮੁਖੀ ਵਰਤੋਂ ਕਰ ਲਈ ਜਾਂਦੀ। ਕੋਸ਼ਿਸ਼ ਇਹੀ ਹੁੰਦੀ ਕਿ ਦਾਣੇ ਅਤੇ ਬੀਅ ਲਈ ਕਮਰਾ ਹਵੇਲੀ ਦੀ ਉਸ ਕੰਧ ਨਾਲ ਬਣਾਇਆ ਜਾਏ ਜਿਸਦੇ ਪਿਛਵਾੜੇ ਗੁਆਂਢੀ ਘਰਾਂ ਦੇ ਵੀ ਕਮਰੇ ਹੁੰਦੇ।

6. ਆਏ ਗਏ ਲਈ ਬੈਠਕ : ਹਵੇਲੀ ਵਿਚ ਹੀ ਬਹੁਤੀ ਵਾਰੀ ਆਏ ਗਏ ਲਈ ਬੈਠਕ ਛੱਤੀ ਜਾਂਦੀ। ਇਸ ਬੈਠਕ ਵਿਚ ਵੱਡੇ ਸਾਰੇ ਸੂਤਰੀ ਜਾਂ ਨਵਾਰੀ ਪਲੰਘ, ਬੂਹੇ ਤੋਂ ਵੜਦੇ ਹੀ ਸਾਹਮਣੇ ਪੜਛੱਤੀ, ਜਾਂ ਰੌਂਸ, ਰੌਂਸ ਉੱਤੇ ਬਹੁਤੀ ਵਾਰੀ ਦਸੂਤੀ ਕਪੜੇ ਉੱਤੇ ਕੱਢੀ ਹੋਈ ਕੋਈ ਕਲਾ ਕਿਰਤ ਜਿਵੇਂ ਕਿਸੇ ਸ਼ੇਰ, ਫੁੱਲ, ਸੂਰਜ ਜਾਂ ਦਰਸ਼ਨੀ ਡਿਉਢੀ (ਦਰਬਾਰ ਸਾਹਿਬ ਅੰਮ੍ਰਿਤਸਰ ਦੀ) ਨੂੰ ਸ਼ੀਸ਼ੇ ਦੇ ਫਰੇਮ ਵਿਚ ਮੜ੍ਹਾ ਕੇ ਰਖਿਆ ਹੁੰਦਾ। ਘਰ ਦੇ ਕਿਸੇ ਫੌਜੀ ਪੁੱਤ ਜਾਂ ਦਾਦੇ ਪੜਦਾਦੇ, ਤਾਏ ਚਾਚੇ ਦੀ ਫੋਟੋ, ਗੱਭਰੂ ਜੁਆਨ ਮੁੰਡੇ ਦੀ ਫੋਟੋ, ਗੁਰੂ ਸਾਹਿਬਾਨ, ਬਾਲ ਕਿਸ਼ਨ, ਸੀਤਾ ਰਾਮ, ਰਾਧਾ ਕ੍ਰਿਸ਼ਨ, ਸ਼ਿਵ ਪਾਰਬਤੀ, ਲਕਸ਼ਮੀ, ਵਿਸ਼ਨੂੰ, ਹਨੂੰਮਾਨ, ਆਦਿ ਦੀਆਂ ਫੋਟੋ ਜਾਂ ਕੈਲੰਡਰ ਲਾਏ ਹੁੰਦੇ। ਕਿਸੇ ਕਿਸੇ ਘਰ ਦੀ ਬੈਠਕ ਵਿਚ ਕੁਦਰਤੀ ਦ੍ਰਿਸ਼ ਜਾਂ ਫ਼ਿਲਮੀ ਅਦਾਕਾਰਾਂ ਦੀ ਫੋਟੋ ਵੀ ਵੇਖਣ ਨੂੰ ਮਿਲਦੀ। ਸੂਤਰੀ, ਨਵਾਰੀ ਜਾਂ ਪਲੰਘ ਜੋ ਕਈ ਹਾਲਤਾਂ ਵਿਚ ਤਖ਼ਤ ਪੋਸ਼ ਹੁੰਦਾ ਉੱਤੇ ਬਿਸਤਰਾ ਲੋੜ ਮੁਤਾਬਿਕ ਜੇ ਕੋਈ ਮਹਿਮਾਨ ਆਇਆ ਹੈ ਤਾਂ ਵਿਛਿਆ ਹੋਇਆ, ਜੇ ਨਹੀਂ ਤਾਂ ਵਲੇਟ ਕੇ ਰਖਿਆ ਪਿਆ ਹੁੰਦਾ। ਜ਼ੈਲਦਾਰਾਂ, ਲੰਬੜਾਂ, ਵੱਡੇ ਜ਼ਿਮੀਂਦਾਰਾਂ ਦੀਆਂ ਬੈਠਕਾਂ ਵਿਚ ਕਈ ਪਲੰਘ, ਤਖ਼ਤ ਪੋਸ਼, ਕਈ ਕਈ ਮੰਜੇ ਪਏ ਹੁੰਦੇ। ਪਲੰਘਾਂ ਉੱਤੇ ਚਾਦਰਾਂ, ਚਾਦਰਾਂ ਉੱਤੇ ਗੋਲ ਵੱਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰਹਾਣੇ ਪਏ ਹੁੰਦੇ। ਛੱਤ ਉੱਤੇ ਦੋ ਰਸੀਆਂ ਨਾਲ ਡਾਂਗ ਬੰਨ੍ਹ ਕੇ ਉੱਤੇ ਵੱਡਾ ਸਾਰਾ ਸ਼ੋਖ ਰੰਗਾਂ ਵਾਲਾ ਭਾਰਾ ਕਪੜਾ ਟੰਗਿਆ ਹੁੰਦਾ, ਇਹ ਪੱਖਾ ਹੁੰਦਾ, ਕਮਰੇ ਤੋਂ ਬਾਹਰ ਬੈਠਕੇ ਕੋਈ ਲੰਮੀ ਡਾਂਗ ਨੂੰ ਰੱਸੀ ਨਾਲ ਬੰਨ੍ਹ ਕੇ ਇਕ ਹਿਜੋਕੇ ਨਾਲ ਖਿੱਚਦਾ, ਡਾਂਗ ਉੱਤੇ ਪਿਆ ਕੱਪੜਾ ਆਪਣੇ ਨਾਲ ਹਵਾ ਅੱਗੇ ਪਿੱਛੇ ਕਰਦਾ। ਆਮ ਘਰਾਂ ਦੀਆਂ ਬੈਠਕਾਂ ਵਿਚ ਇਕ ਦੋ ਪੱਖੀਆਂ ਪਈਆਂ ਹੁੰਦੀਆਂ, ਸੂਤਰੀ ਧਾਗੇ ਨਾਲ ਕੱਢੀਆਂ ਹੋਈਆਂ ਝਾਲਰਾਂ ਵਾਲੀਆਂ ਪੱਖੀਆਂ ਜੋ ਬੜੇ ਆਰਾਮ ਨਾਲ ਹੱਥਾਂ ਵਿਚ ਘੁੰਮਣ ਉੱਤੇ ਹਵਾ ਦੀ ਝੱਲ ਮਾਰਦੀਆਂ। ਕਿਸੇ ਕਿਸੇ ਬੈਠਕ ਵਿਚ ਹੀ ਅਲਮਾਰੀ ਹੁੰਦੀ। ਆਮ ਬੈਠਕਾਂ ਵਿਚ ਕਿੱਲੀਆਂ ਅਤੇ ਆਲਿਆਂ ਦੁਆਖਿਆਂ ਦੀ ਭਰਮਾਰ ਹੁੰਦੀ। ਆਲੇ ਵਿਚ ਤੇਲ ਸਾਬਣ ਆਏ ਗਏ ਲਈ ਪਿਆ ਰਹਿੰਦਾ। ਦੁਆਖਿਆਂ ਉੱਤੇ ਦੀਵੇ ਜਾਂ ਲੈਂਪ ਰੱਖੇ ਜਾਂਦੇ, ਕਿੱਲੀਆਂ ਉੱਤੇ ਪੱਗ, ਪਰਨਾ, ਕੁੜਤਾ, ਕਿਰਪਾਨ ਆਦਿ ਟੰਗੇ ਜਾਂਦੇ। ਗਰਮੀਆਂ ਵਿਚ ਬੈਠਕ ਵਿਚ ਇਕ ਨੁੱਕਰੇ ਰੇਤ ਦੀ ਗਿੱਲੀ ਢੇਰੀ ਉੱਤੇ ਘੜਾ ਜਾਂ ਸੁਰਾਹੀ ਰੱਖੀ ਹੁੰਦੀ, ਉੱਤੇ ਇਕ ਕੌਲ ਛੰਨਾ, ਜਾਂ ਗਲਾਸ ਮੂਧਾ ਮਾਰਿਆ ਹੁੰਦਾ। ਪਾਣੀ ਪੀਣ ਨਾਲ ਕੌਲ ਨੂੰ ਧੋਣ ਲੱਗੇ ਇਹ ਕੋਸ਼ਿਸ਼ ਕਰਦਾ ਕਿ ਪਾਣੀ ਰੇਤ ਉੱਤੇ ਡਿੱਗ ਕੇ ਰੇਤ ਨੂੰ ਗਿੱਲੀ ਰਖੇ ਤਾਂ ਕਿ ਗਿੱਲੀ ਰੇਤ ਘੜੇ ਜਾਂ ਸੁਰਾਹੀ ਦੇ ਪਾਣੀ ਨੂੰ ਠੰਢਾ ਰੱਖੇ।

ਇਸੇ ਹਵੇਲੀ ਵਿਚ ਇਕ ਪਾਸੇ ਇਕ ਬਿਸਤਰਾ ਵਲੇਟ ਕੇ ਰੱਖਿਆ ਹੁੰਦਾ। ਇਹ ਹਵੇਲੀ ਵਿਚ ਸੌਣ ਵਾਲੇ ਮਰਦ ਦਾ ਬਿਸਤਰਾ ਹੁੰਦਾ। ਬੈਠਕ ਦੇ ਕੋਲ ਤੂਤ, ਨਿੰਮ, ਟਾਹਲੀ ਜਾਂ ਹੋਰ ਨਹੀਂ ਤਾਂ ਕਿੱਕਰ ਦਾ ਰੁੱਖ ਲੱਗਾ ਹੁੰਦਾ। ਕਿਸੇ ਕਿਸੇ ਹਵੇਲੀ ਦੀ ਬੈਠਕ ਸਾਹਵੇਂ ਬਰਾਂਡਾ ਵੀ ਹੁੰਦਾ, ਜੇ ਬਰਾਂਡਾ ਨਾ ਵੀ ਹੁੰਦਾ ਤਾਂ 'ਉੱਚਾ ਕਰਕੇ ਚਬੂਤਰੇ ਨੁਮਾ ਥੜਾ ਉਸਾਰਿਆ ਹੁੰਦਾ। ਪੰਜਾਬ ਦੇ ਗਰਮ ਮੌਸਮ ਵਿਚ ਸੰਘਣੀ ਛਾਂ ਵਾਲੇ ਰੁੱਖ ਦੀ ਛਾਂ ਥੱਲੇ ਇਸ ਚਬੂਤਰੇ ਨੁਮਾ ਥੜੇ ਉੱਤੇ ਸਾਰਾ ਦਿਨ ਕਈ ਵਾਰੀ ਚੰਗੀ ਰੌਣਕ ਹੁੰਦੀ। ਹਵੇਲੀ ਦੀ ਗਲੀ ਨਾਲ ਲੱਗਦਾ ਇਹ ਚਬੂਤਰਾ ਅਸਲ ਵਿਚ ਪਿੰਡ ਦੇ ਕਈ ਤਰ੍ਹਾਂ ਦੇ ਝਗੜੇ ਨਿਜੱਠਣ ਅਤੇ ਆਂਢ ਗੁਆਂਢ ਦੇ ਦੁੱਖ ਸੁੱਖ ਪੁੱਛਣ ਦੇ ਕੰਮ ਆਉਂਦਾ। ਹਿੰਦੂ ਅਤੇ ਮੁਸਲਿਮ ਘਰਾਂ ਦੀਆਂ ਹਵੇਲੀਆਂ ਦੇ ਚਬੂਤਰੇ ਉੱਤੇ ਇਕ ਪਾਸੇ ਗੋਹਿਆਂ ਦੀ ਰੀਣੀ ਵਿਚ ਅੱਗ ਧੁੱਖਦੀ ਰਹਿੰਦੀ। ਜਦੋਂ ਵੀ ਕੁਝ ਮਰਦ ਇਕੱਠੇ ਹੁੰਦੇ, ਉਹ ਇਕ ਪਾਸੇ ਤੋਂ ਹੁੱਕਾ ਲਿਆ ਕੇ ਤੰਬਾਕੂ ਭਰ ਕੇ ਪੀਂਦੇ ਅਤੇ ਦੁਖ ਸੁਖ ਕਰਦੇ।[13]

ਸ਼ਾਮ ਹੁੰਦੇ ਹੀ ਹਵੇਲੀ ਵਿਚ ਖਾਣ ਪੀਣ ਦਾ ਪ੍ਰੋਗਰਾਮ ਸ਼ੁਰੂ ਹੁੰਦਾ। ਖਾਸ ਕਰਕੇ ਉਹਨਾਂ ਘਰਾਂ ਦੀਆਂ ਹਵੇਲੀਆਂ ਵਿਚ ਜਿਥੇ ਔਰਤਾਂ ਨੇ ਸੂਤਕ, ਪਾਤਕ, ਧਾਗੇ ਤਵੀਤ ਕਰਕੇ ਮੀਟ, ਮੱਛੀ, ਮੁਰਗੇ ਨੂੰ ਹੱਥ ਨਾ ਲਾਉਣਾ ਹੁੰਦਾ, ਉਥੇ ਹਵੇਲੀ ਵਿਚ ਮੀਟ ਨੂੰ ਤੜਕਾ ਲਗਦਾ, ਮੱਛੀ ਭੁੱਜਦੀ ਅਤੇ ਸ਼ਰਾਬੀ ਡੋਰੀਆ ਉਡਾ ਉਡਾ ਕੇ ਵੇਖਦੇ ਕਿ ਸ਼ਰਾਬ ਕਿੰਨੀ ਜ਼ਾਲਿਮ ਅਤੇ ਖਰੀ ਹੈ। ਬੈਠਕ ਘਰ ਦੇ ਮਰਦਾਂ ਦੀ ਬਾਕੀ ਪਿੰਡ ਅਤੇ ਰਿਸ਼ਤੇਦਾਰਾਂ ਦੀ ਸੇਵਾ ਅਤੇ ਤਾਲਮੇਲ ਦਾ ਕੇਂਦਰੀ ਬਿੰਦੂ ਹੁੰਦੀ। ਇਸੇ ਬੈਠਕ ਵਿਚ ਦਾਰੂ ਪੀ ਕੇ ਲੜਾਈਆਂ ਕਰਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਸੂਬੇ ਬੰਨ੍ਹਦੇ । ਇਸੇ ਬੈਠਕ ਵਿਚ ਪਰ੍ਹੇ ਪੰਚਾਇਤ ਜੁੜ ਕੇ ਆਉਂਦੀ ਅਤੇ ਘਰ ਦੇ ਜੀਆਂ ਦੀ ਜ਼ਿਆਦਤੀ ਦੀਆਂ ਗੱਲਾਂ ਮੂੰਹ ਉਤੇ ਮਾਰਦੀ । ਇਸੇ ਬੈਠਕ ਵਿਚ ਗਾਲੀ ਗਲੋਚ ਅਤੇ ਕਈ ਵਾਰੀ ਖਾਂਦੇ ਪੀਂਦੇ ਮੁੰਡੇ ਛਿਤਰੋ ਛਿੱਤਰੀ ਹੋ ਜਾਂਦੇ । ਇਸ ਬੈਠਕ ਵਿਚ ਸੁਲਾਹ ਸਫ਼ਾਈ ਲਈ ਅਤੇ ਪਿੰਡ ਦੇ ਕਿਸੇ ਸਾਂਝੇ ਕੰਮ ਉਤੇ ਘਰ ਦੇ ਕਿਸੇ ਜੀਅ ਨੂੰ ਭੇਜਣ ਲਈ ਸਲਾਹਾਂ ਹੁੰਦੀਆਂ ।

ਇਸ ਬੈਠਕ ਵਿਚ ਬਜ਼ੁਰਗ ਦਾਦਾ ਜਾਂ ਕੋਈ ਹੋਰ ਰਿਸ਼ਤੇਦਾਰ ਜੁਆਨ ਪੋਤਰੇ ਨੂੰ ਜ਼ਿੰਦਗੀ ਦੀਆਂ ਤਲਖ਼ੀਆਂ ਅਤੇ ਮਿਠਾਸ ਬਾਰੇ ਆਪਣੇ ਤਜ਼ਰਬੇ ਦਸਦਾ । ਵਾਹੀ ਦੇ ਗੁਰ ਦਸਦਾ, ਸਰੀਰ ਕਮਾਉਣ, ਡੰਡ ਬੈਠਕਾਂ ਕੱਢਣ, ਖ਼ੁਰਾਕ ਖਾਣ, ਬ੍ਰਹਮਚਾਰੀ ਅਤੇ ਸਾਦਾ ਜੀਵਨ ਜੀਉਣ ਦੇ ਫ਼ਾਇਦੇ ਦਸਦਾ । ਬਜ਼ੁਰਗ ਅਤੇ ਜਵਾਨ ਦੀ ਗੱਲ ਕਈ ਵਾਰੀ ਪੰਜਾਹ ਸਾਲ ਪਿਛਲੇ ਪੇਂਡੂ ਜੀਵਨ ਦੀਆਂ ਝਲਕੀਆਂ ਵਲ ਚਲੀ ਜਾਂਦੀ । ਬਜ਼ੁਰਗ ਦਸਦਾ ਉਦੋਂ ਕੌਣ ਇਲਾਕੇ ਦਾ ਭਲਵਾਨ ਸੀ ਕੌਣ ਉੱਚੀ ਬਾਂਹ ਕਰਕੇ ਕੌਡੀ ਪਾਉਂਦਾ, ਕੌਣ ਕਿੰਨੇ ਹੱਥ ਲੰਮੀ ਛਾਲ ਮਾਰਦਾ, ਕੌਣ ਕਿੰਨੇ ਮਣ ਪੱਕਾ ਭਾਰ ਚੁੱਕ ਕੇ ਕਿੱਲਾ ਵਾਹੇ ਹੋਏ ਵਾਹਣ ਵਿਚ ਦੁੜੰਗੇ ਮਾਰਦਾ ਨਿਕਲ ਜਾਂਦਾ । ਜਦੋਂ ਲਾਟ ਸਾਹਿਬ ਨਾਲ ਦੇ ਸ਼ਹਿਰ ਆਇਆ, ਦਾਦੇ ਜਾਂ ਉਹਦੇ ਕਿਸੇ ਜਾਣੂ ਨੇ ਕਿਵੇਂ ਉਹਨੂੰ ਆਪਣੇ ਇਲਾਕੇ ਦੀਆਂ ਤਕਲੀਫ਼ਾਂ ਨਿਝੱਕ ਹੋ ਕੇ ਦੱਸੀਆਂ ਵੱਡੇ ਲਾਟ ਨੇ ਕਿਵੇਂ ਥਾਣੇਦਾਰ ਅਤੇ ਤਹਿਸੀਲਦਾਰ ਨੂੰ ਝਾੜ ਪਾਈ । ਫਿਰ ਬਜ਼ੁਰਗ ਦੱਸਦਾ ਜਲ੍ਹਿਆਂ ਵਾਲੇ ਬਾਗ਼ ਕਿੰਨੀ ਗੋਲੀ ਚੱਲੀ, ਨਨਕਾਣੇ ਸਾਹਿਬ ਦੇ ਸਾਕੇ, ਜੈਤੋ ਦੇ ਮੋਰਚੇ ਉੱਤੇ ਕਿੰਨੇ ਸਿੰਘ ਸ਼ਹੀਦ ਹੋਏ, ਭਗਤ ਸਿੰਘ ਨੂੰ ਜਦੋਂ ਫਾਹੇ ਲਾਉਣ ਦੀ ਖ਼ਬਰ ਫ਼ੈਲੀ ਲੋਕੀਂ ਕਿਵੇਂ ਰੋਹ ਵਿਚ ਆਏ । ਬਜ਼ੁਰਗ ਅਤੇ ਜੁਆਨ ਵਿਚ ਪੀੜ੍ਹੀ ਦਾ ਫ਼ਰਕ ਹੋਣ ਦੇ ਬਾਵਜੂਦ ਇਕ ਸਾਂਝ ਹੁੰਦੀ । ਬਜ਼ੁਰਗ ਦਾ ਨਿਚੋੜ ਹੁੰਦਾ, ਜੁਆਨ ਦੀ ਜ਼ਿੰਦਗੀ ਸਮਝਣ ਦੀ ਜਗਿਆਸਾ ਹੁੰਦੀ ।

ਬੈਠਕ ਵਿਚ ਘਰ ਦੇ ਜੀਅ ਕਦੋਂ, ਕਿਹੜੇ ਵੇਲੇ ਮਿਲਣਗੇ ਪਿੰਡ ਨੂੰ ਪਤਾ ਹੁੰਦਾ, ਇਥੋਂ ਹੀ ਵਾਹੀ ਦੇ ਸੰਦ, ਡੰਗਰ, ਘੋੜੀਆਂ ਮਾਂਗਵੀਆਂ ਦਿੱਤੀਆਂ ਜਾਂਦੀਆਂ । ਇਥੇ ਹੀ ਦੂਰੋਂ ਕਿਸੇ ਹੱਥ ਆਇਆ ਦੁੱਖ ਸੁੱਖ ਦਾ ਸੁਨੇਹਾ ਪੁੱਜਦਾ । ਇਸੇ ਬੈਠਕ ਵਿਚ ਸਲਾਹ ਹੁੰਦੀ ਕਿ ਖਾਲ ਦੀ ਭਲ ਕਦੋਂ ਕੱਢਣੀ ਹੈ, ਕਿਹੜੇ ਖੇਤ ਦੀ ਰੌਣੀ ਕਰਕੇ ਉਸ ਵਿਚ ਕਿੰਨੀਆਂ ਸੀਆਂ ਲਾ ਕੇ ਕਿਹੜੀ ਫ਼ਸਲ ਬੀਜਣੀ ਹੈ, ਕਿਹੜੀ ਫ਼ਸਲ਼ ਪੱਕ ਗਈ ਹੈ, ਉਹਨੂੰ ਕਦੋਂ ਸੰਭਾਲਣਾ ਹੈ । ਬੈਠਕ ਵਿਚ ਹੀ ਤਾਸ਼, ਚੌਪੜ, ਬਾਰਾਂ ਟਾਹਣੀ ਆਦਿ ਖੇਡਾਂ ਦਾ ਸਾਮਾਨ ਪਿਆ ਹੁੰਦਾ । ਗਰਮੀਆਂ ਦੀਆਂ ਦੁਪਹਿਰਾਂ ਵਿਚ ਇਨ੍ਹਾਂ ਖੇਡਾਂ ਨਾਲ ਬੈਠਕ ਵਿਚ ਕਾਵਾਂ ਰੌਲੀ ਪਈ ਰਹਿੰਦੀ । ਇਸੇ ਬੈਠਕ ਵਿਚ ਮਾਸੜ, ਫੁਫੜ, ਤਾਇਆ, ਪ੍ਰਾਹੁਣਾ ਆਦਿ ਜਦੋਂ ਨਵੇਂ ਨਵੇਂ ਵਿਆਹੇ ਹੁੰਦੇ, ਉਹਨਾਂ ਨੂੰ ਸੁਲਾਇਆ ਜਾਂਦਾ । ਬਹੁਤੀਆਂ ਹਾਲਤਾਂ ਵਿਚ ਮਰਦਾਂ ਲਈ ਸੌਣ, ਗੱਪ ਸ਼ਪ ਮਾਰਨ. ਖਾਣ ਪੀਣ, ਮਹਿਮਾਨ ਨਿਵਾਜ਼ੀ' ਪਿੰਡ ਨਾਲ ਲੈਣ ਦੇਣ, ਬੈਠਕ ਵਿਚ ਬੈਠਿਆਂ ਹੀ ਹੁੰਦਾ । ਜੇਕਰ ਚੌਂਕੇ ਚੁੱਲ੍ਹੇ, ਸੁਫੇ, ਕੋਠੜੀ ਵਿਚ ਔਰਤਾਂ ਦੀ ਸਰਦਾਰੀ ਮੰਨੀ ਜਾਂਦੀ ਹੈ ਤਾਂ ਬੈਠਕ ਵਿਚ ਮਰਦਾਂ ਦੀ ਸਰਦਾਰੀ ਹੁੰਦੀ । ਔਰਤਾਂ ਹਵੇਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਬੈਠਕ ਵਿਚ ਉਸ ਵਕਤ ਹੀ ਆਉਂਦੀਆਂ ਜਦੋਂ ਓਪਰਾ ਮਰਦ ਹਵੇਲੀ ਵਿਚ ਨਾ ਹੁੰਦਾ।

ਪੰਜਾਬ ਦੇ ਸਭਿਆਚਾਰ ਵਿਚ ਹਵੇਲੀ ਵਿਚ ਔਰਤ ਦਾ ਆਉਣਾ ਜਦੋਂ ਜ਼ਰੂਰੀ ਹੁੰਦਾ ਤਾਂ ਕਈ ਤਰ੍ਹਾਂ ਦੇ ਚਿੰਨ੍ਹ ਮਈ ਵਿਹਾਰ ਅਪਣਾਏ ਜਾਂਦੇ। ਕਈ ਵਾਰੀ ਕਿਸੇ ਗੋਹੇ ਕੂੜਾ ਕਰਨ ਵਾਲੇ ਕੰਮੀ ਕਮੀਣ ਨੂੰ ਪਹਿਲਾਂ ਅੱਗੇ ਅੱਗੇ ਭੇਜਿਆ ਜਾਂਦਾ ਜੋ ਜ਼ਿਆਦਾਤਰ ਔਰਤ ਹੁੰਦੀ। ਘਰ ਦੀਆਂ ਜੁਆਨ ਔਰਤਾਂ ਹਵੇਲੀ ਵੱਸ ਲੱਗਦੇ ਇਕੱਲੀਆਂ ਨਾ ਆਉਂਦਿਆਂ, ਉਹ ਆਪਣੇ ਨਾਲ ਕਿਸੇ ਛੋਟੇ ਬੱਚੇ ਨੂੰ ਲੈ ਕੇ ਤੁਰਦੀਆਂ। ਇਸ ਬੱਚੇ ਜਾਂ ਗੋਹੇ ਕੂੜੇ ਵਾਲੀ ਔਰਤ ਨੂੰ ਵੇਖਦੇ ਹੀ ਬਜ਼ੁਰਗ ਨੂੰ ਸੰਕੇਤਮਈ ਸੂਚਨਾ ਮਿਲ ਜਾਂਦੀ ਕਿ ਨੂੰਹ, ਧੀ ਵੀ ਆਉਣ ਵਾਲੀ ਹੈ ਉਹ ਹਵੇਲੀ ਦੇ ਨਾਲ ਲੱਗਦੇ ਚਬੂਤਰੇ ਨੁਮਾ ਥੜ੍ਹੇ ਉੱਤੇ ਆ ਬੈਠਦਾ। ਫਿਰ ਜਿੰਨਾਂ ਚਿਰ ਗੋਹੇ ਕੂੜੇ ਵਾਲੀ ਔਰਤ ਸਫਾਈ ਕਰਦੀ, ਘਰ ਦੀ ਸੁਆਣੀ ਬੈਠਕ ਵਿਚ ਸਭ ਕੁਝ ਥਾਂ ਤੋਂ ਥਾਈਂ ਟਿਕਾ ਦਿੰਦੀ, ਬਿਸਤਰੇ ਦੀ ਚਾਦਰ, ਛੰਡ ਝਾੜ ਲੈਂਦੀ, ਗੰਦੀ ਹੋਣ ਉੱਤੇ ਉਹਨੂੰ ਘਰ ਧੋਣ ਲਈ ਅਤੇ ਉਹਦੀ ਥਾਂ ਦੂਸਰੀ ਸਾਫ਼ ਵਿਛਾ ਦਿੰਦੀ। ਦਾਣੇ ਬੀਅ ਆਦਿ ਵਾਲੇ ਕਮਰੇ ਨੂੰ ਵੇਖ ਲੈਂਦੀ। ਸੁੱਕੀਆਂ ਪਾਥੀਆਂ ਦਾ ਟੋਕਰਾ ਗੋਹੇ ਕੂੜੇ ਵਾਲੀ ਔਰਤ ਨੂੰ ਚੁਕਾ ਕੇ ਘਰ ਲੈ ਕੇ ਜਾਣ ਲਈ ਤੁਰ ਪੈਂਦੀ, ਮਰਦਾਂ ਦੀ ਮਜਲਿਸ ਨੇ ਰਾਤ ਜੋ ਗੰਦ ਪਾਇਆ ਹੁੰਦਾ, ਉਹਦੀ ਸਭ ਸਾਂਭ ਸਫ਼ਾਈ ਹੋ ਜਾਂਦੀ। **ਹਵੇਲੀ ਚਾਰ ਚੁਫੇਰੇ ਤੋਂ ਵਲੀ ਹੋਈ ਹੋਣ ਕਰਕੇ ਕਈ ਵਾਰੀ ਹਵੇਲੀ ਵਿਚ ਇਕੱਲੀ ਕਾਰੀ ਔਰਤ ਉੱਤੇ ਜਬਰ ਜ਼ੁਲਮ ਵੀ ਹੁੰਦਾ, ਇਹ ਜ਼ਬਰ ਜ਼ੁਲਮ ਗੋਹਾ ਕੂੜਾ ਕਰਨ ਵਾਲੀ ਭੰਗਣ ਤੋਂ ਲੈ ਕੇ ਘਰ ਦੀ ਕਿਸੇ ਵੀ ਮੁਟਿਆਰ ਨਾਲ ਹੋ ਸਕਦਾ। ਇਸੇ ਲਈ ਇਥੇ ਔਰਤਾਂ ਉਦੋਂ ਹੀ ਆਉਂਦੀਆਂ ਜਦੋਂ ਮਰਦ ਇਥੇ ਨਾ ਹੁੰਦੇ ਜਾਂ ਉਹ ਮਰਦ ਹੁੰਦਾ ਜਿਹਦੇ ਨਾਲ ਬਹਿਣ ਖਲੋਣ ਬੋਲਣ ਚਾਲਣ ਦੀ ਸਮਾਜਿਕ ਪ੍ਰਵਾਨਗੀ ਮਿਲੀ ਹੁੰਦੀ।** ਭਾਵ ਜੇ ਭਰਾ ਹਵੇਲੀ ਵਿਚ ਹੈ ਤਾਂ ਮੁਟਿਆਰ ਭੈਣ ਹਵੇਲੀ ਵਿਚ ਲੋੜੀਂਦੀ ਫੇਰੀ ਪਾ ਆਉਂਦੀ, ਦਿਉਰ ਦੇ ਹੁੰਦੇ ਭਰਜਾਈ ਆ ਜਾਂਦੀ। ਪਰ ਸਹੁਰੇ ਦੇ ਹੁੰਦੇ, ਨੂੰਹ ਜਾਂ ਜੇਠ ਦੇ ਹੁੰਦੇ ਨਿੱਕੀ ਭਰਜਾਈ ਵੱਸ ਲੱਗਦੇ ਹਵੇਲੀ ਨਾ ਜਾਂਦੀਆਂ, ਕਈ ਹਾਲਤਾਂ ਵਿਚ ਬਜ਼ੁਰਗ ਸਹੁਰੇ ਦੀ ਜਾਂ ਜੇਠ ਲਈ ਰੋਟੀ ਲੱਸੀ ਪਾਣੀ ਲੈ ਕੇ ਜੇ ਜਾਣਾ ਹੀ ਪੈਂਦਾ ਤਾਂ ਨਾਲ ਕਿਸੇ ਬੱਚੇ ਨੂੰ ਲੈ ਕੇ ਜਾਣਾ ਜਾਂ ਬਹੁਤ ਛੇਤੀ ਪਰਤ ਆਉਣਾ ਸਭਿਆਚਾਰਕ ਹਦਾਇਤਾਂ ਸਨ।

ਕੁਝ ਪਰਿਪੇਖਾਂ ਵਿਚ ਹਵੇਲੀ ਵਿਚ ਉਹ ਭੋਂ ਵਰਤੋਂ ਜਾਂ ਕਾਰਜ ਧੰਦੇ ਸਮੋਏ ਹੁੰਦੇ ਜੋ ਔਰਤਾਂ ਦੀਆਂ ਨਜ਼ਰਾਂ ਸਾਹਵੇ ਹੋਣ ਕਰਕੇ ਠੀਕ ਨਾ ਸਮਝੇ ਜਾਂਦੇ ਜਿਵੇਂ ਬਕਰੇ ਨੂੰ ਝਟਕਾ ਕੇ ਮੀਟ ਸਾਫ਼ ਕਰਨਾ, ਕੁੱਕੜ ਦੀ ਧੌਣ ਮਰੋੜ ਕੇ ਮੀਟ ਬਣਾਉਣਾ, ਕਿਸੇ ਦੂਰ ਦੇ ਰਿਸ਼ਤੇਦਾਰ ਦਾ ਨਹਾਉਣਾ, ਸੌਣਾ, ਆਦਿ। ਇੰਜ ਉਹ ਕਾਰਜ ਧੰਦੇ ਜੋ ਔਰਤਾਂ ਦੀਆਂ ਨਜ਼ਰਾਂ ਤੋਂ ਉਹਲਾ ਭਾਲਦੇ, ਉਹ ਹਵੇਲੀ ਵਿਚ ਚਲਦੇ। ਮਰਦਾਂ ਦੇ ਹਵੇਲੀ ਵਿਚ ਹੋਣ ਉੱਤੇ ਖਾਸ ਕਰਕੇ ਸਵੇਰੇ ਸ਼ਾਮ, ਹਵੇਲੀ ਵਿਚ ਚਹਿਲ ਪਹਿਲ ਹੁੰਦੀ ਅਤੇ ਕਦੀ ਕਦੀ ਹਵੇਲੀ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਸ ਕਰਕੇ ਸਿਆਲ ਵਿਚ ਸੁੰਨਸਾਨ ਹੁੰਦੀ। ਜਿੰਨੇ ਘਰ ਵਿਚ ਮਰਦ ਹੁੰਦੇ ਹਵੇਲੀ ਵਿਚ ਉਨੀ ਹੀ ਜ਼ਿਆਦਾ ਗਹਿਮਾ ਗਹਿਮ ਹੁੰਦੀ। ਜਿੰਨੀ ਕਿਸੇ ਦੀ ਸਰਕਾਰੇ ਦਰਬਾਰੇ ਚਲਦੀ, ਉਨੀ ਹੀ ਹਵੇਲੀ ਵਿਚ ਆਵਾਜਾਈ ਹੁੰਦੀ। ਥਾਣੇਦਾਰ ਅਤੇ ਤਹਿਸੀਲਦਾਰ ਦੇ ਦੌਰੇ ਉੱਤੇ ਆਉਣ ਉੱਤੇ ਕੋਈ ਕੋਈ ਹਵੇਲੀ ਪਿੰਡ ਦੇ ਪੰਚਾਇਤ ਘਰ ਵਿਚ ਤਬਦੀਲ ਹੋ ਜਾਂਦੀ। ਇੰਜ ਪਿੰਡ ਦੀ ਜ਼ਿੰਦਗੀ, ਰੁਮਾਂਸ ਅਤੇ ਭਵਿੱਖ ਦੇ ਕਈ ਅਹਿਮ ਫੈਸਲੇ ਹਵੇਲੀ ਵਿਚ ਹੁੰਦੇ।

ਹਵਾਲੇ ਅਤੇ ਟਿੱਪਣੀਆਂ

1. 'ਮਹਾਨ ਕੋਸ਼', ਭਾਈ ਕਾਨ੍ਹ ਸਿੰਘ ਨਾਭਾ, ਵਿਚ ਹਵੇਲੀ ਸ਼ਬਦ ਦੇ ਅਰਥ ਉੱਤੇ ਆਧਾਰਿਤ।
2. ਮਾਲਵੇ ਦੇ ਪਿੰਡਾਂ ਵਿਚ ਬਹੁਤੀਆਂ ਹਾਲਤਾਂ ਵਿਚ ਘਰ ਹਵੇਲੀ ਨੁਮਾ ਹਨ।
3. ਜਿਥੇ ਘਰ ਪਿੰਡ ਦੇ ਵਿਚਕਾਰ ਅਤੇ ਗਲੀਆਂ ਤੰਗ ਵਲ ਵਲੇਵੇਂਦਾਰ ਹਨ, ਉਥੇ ਇੰਜ ਦੀਆਂ ਹਾਲਤਾਂ ਹਨ।
4. ਢਾਰੇ, ਮੰਡ ਦੇ ਇਲਾਕੇ ਵਿਚ, ਜਿਥੇ ਹਰ ਸਾਲ ਹੜ੍ਹ ਆਉਣ ਦਾ ਖ਼ਤਰਾ ਹੁੰਦਾ, ਜਿਥੇ ਜ਼ਿਆਦਾ ਕਲਰ/ਬੰਜਰ ਭੋਇ ਕਰਕੇ ਆਰਥਿਕਤਾ ਸਾਥ ਨਾ ਦਿੰਦੀ, ਆਮ ਵੇਖਣ ਵਿਚ ਮਿਲਦੇ।
5. ਪੇਂਡੂ ਆਰਥਿਕਤਾ ਦੇ ਵਿਕਾਸ ਵਿਚ ਹਵੇਲੀ ਦੀ ਉਤਪਤੀ ਵਿਚ ਪਹਿਲਾਂ ਢਾਰਾ, ਅਤੇ ਛੰਨ ਬਾਅਦ ਵਿਚ ਵਿਕਸਿਤ ਹੋਈ। ਉਹ ਇਲਾਕੇ ਜਿਥੇ ਕਾਨੇ ਅਤੇ ਸਰਕੜਾ ਜ਼ਿਆਦਾ ਮਿਲਦੇ ਉਥੇ ਢਾਰੇ ਨਾਲੋਂ ਛੰਨ ਨੂੰ ਤਰਜੀਹ ਦਿੱਤੀ ਜਾਂਦੀ।
6. ਪਿੰਡਾਂ ਦੇ ਸਭਿਆਚਾਰ ਵਿਚ ਹਰ ਉਹ ਵਸਤ, ਡੰਗਰ, ਮਨੁੱਖ ਜਿਸ ਦੀ ਜਿੰਨੀ ਜ਼ਿਆਦਾ ਉਪਯੋਗਿਤਾ (Utility) ਹੁੰਦੀ, ਜਿਸ ਦੀ ਦੌਲਤ ਪੈਦਾ ਕਰਨ ਦੀ ਜਿੰਨੀ ਜ਼ਿਆਦਾ ਸਮਰੱਥਾ ਹੁੰਦੀ ਉਹਨੂੰ ਉੱਨਾ ਹੀ ਜ਼ਿਆਦਾ ਸਾਂਭ ਕੇ ਰੱਖਿਆ ਜਾਂਦਾ।
7. ਸਮਰਾਗਣ ਸੂਤਰਧਾਰ ਵਿਚ ਘਰ ਨੂੰ ਕਿਸ ਦਿਸ਼ਾ ਪ੍ਰਨਾਲੀ (Orientation) ਅਨੁਸਾਰ ਵਿਉਂਤਣਾ ਹੈ ਬਾਰੇ ਕਾਫੀ ਸੰਕੇਤ ਮਿਲਦੇ ਹਨ। ਇੰਜੇ ਦੇ ਸੰਕੇਤ ਪੁਰਾਣਿਕ ਸਾਹਿਤ ਅਤੇ ਹਿੰਦੂ ਧਰਮ ਸ਼ਾਸਤਰ ਦੇ ਇਤਿਹਾਸ ਵਿਚ ਵੀ ਮਿਲਦੇ ਹਨ। ਇਹੀ ਸੰਕੇਤ ਖੁਰਲੀਆਂ ਦੀ ਦਿਸ਼ਾ ਨਿਰਧਾਰਣ ਦਾ ਆਧਾਰ ਬਣੇ ਲਗਦੇ ਹਨ।
8. ਗਹੀਰੇ ਅਤੇ ਕੁੱਪ ਦਾ ਰੂਪ ਅਤੇ ਆਕਾਰ ਦੁਨੀਆਂ ਦੇ ਵੱਖੋ ਵੱਖਰੇ ਸਭਿਆਚਾਰਾਂ ਵਿਚ ਘਰਾਂ ਲਈ ਉਸਾਰੇ ਗਏ ਮੁੱਢ ਕਦੀਮੀ ਰੂਪ ਅਤੇ ਆਕਾਰਾਂ ਦਾ ਹਾਣੀ ਹੈ। ਇਹ ਰੂਪ ਅਤੇ ਆਕਾਰ ਇਕ ਪਾਸੇ ਅਫਰੀਕਾਦੇ ਪੁਰਾਣੇ ਕਬੀਲਿਆਂ ਦੇ ਘਰ ਵਰਗਾ ਅਤੇ ਦੂਜੇ ਪਾਸੇ ਸਾਈਬੇਰੀਆ ਵਿਚ ਐਸਕੀਮੋ ਦੇ ਇਗਲੂ ਘਰ ਵਰਗਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਅਤੇ ਅਕਾਰ ਹੈ ।

9. ਸ਼ਿਵਾਲਕ ਪਹਾੜੀਆਂ ਤੋਂ ਜਿਵੇਂ ਜਿਵੇਂ ਰਾਜਸਥਾਨ ਵਲ (ਮਾਲਵੇ ਦੇ ਪਿੰਡਾਂ) ਵਲ ਸਫਰ ਕੀਤਾ ਜਾਏ ਗਹੀਰਾ ਸਜਾਉਣ ਦੀ ਰੁਚੀ ਵਧਦੀ ਚਲੀ ਜਾਂਦੀ ਹੈ ।

10, ਆਧੁਨਿਕ ਸ਼ਹਿਰੀ ਵਿਉਂਤ ਦੇ ਮਾਹਿਰ ਜੋ ਬਾਹਰੋਂ ਉੱਚ ਵਿਦਿਆ ਲੈ ਕੇ ਆਉਂਦੇ ਹਨ, ਉਹਨਾਂ ਲਈ ਰੂੜੀ ਗੰਦ ਤੋਂ ਵੱਧ ਕੁਝ ਵੀ ਨਹੀਂ । ਉਹਨਾਂ ਨੂੰ ਇਹ ਸਮਝਾਉਣਾ ਬੜਾ ਔਖਾ ਹੈ ਕਿ ਗੋਹਾ, ਕੂੜਾ ਅਤੇ ਰੂੜੀ ਆਰਥਿਕ ਵਸੀਲੇ ਦੇ ਨਾਲ ਨਾਲ ਊਰਜਾ ਦਾ ਸਰੋਤ ਵੀ ਹਨ । ਖਾਸ ਕਰਕੇ ਉਥੇ ਜਿਥੇ ਜੰਗਲ ਘਟ ਰਹੇ ਹਨ ਜਾਂ ਅਲੋਪ ਹੋ ਚੁੱਕੇ ਹਨ ।

11, ਖੇਤੀ ਵਿਚ ਮਸ਼ੀਨੀਕਰਨ ਅਪਣਾਉਣ ਨਾਲ, ਹਵੇਲੀਆਂ ਵਿਚ ਟਰੈਕਟਰ, ਟਰਾਲੀਆਂ ਕਲਟੀਵੇਟਰ, ਹਾਰਵੈਸਟਰ ਆਦਿ ਨੂੰ ਸਾਂਭਣ ਲਈ ਥਾਂ ਅਤੇ ਕਮਰਿਆਂ ਦੀ ਘਾਟ ਮਹਿਸੂਸ ਹੋ ਰਹੀ ਹੈ ।

12. ਜਿਵੇਂ ਜਿਵੇਂ ਖੇਤੀ ਵਿਚ ਹਰੀ ਕ੍ਰਾਂਤੀ ਦਾ ਪ੍ਰਾਕੋਪ ਹੋਇਆ ਹੈ ਪੁਰਾਣੇ ਬੀਆਂ ਸਾਂਭ ਕੇ ਰੱਖਣਦੀ ਰੂਚੀ ਘਟ ਰਹੀ ਹੈ । ਅਜ ਦੀ ਸੰਘਣੀ ਖੇਤੀ (Intensive Agriculture) ਦੇ ਯੁੱਗ ਵਿਚ ਗਿਣਤੀ ਪੱਖੋਂ ਥੋੜੇ ਬੀਆਂ ਨੂੰ ਬਿਮਾਰੀ ਲੱਗਣ ਦਾ ਖਤਰਾ ਜ਼ਿਆਦਾ ਹੈ ਜਿਸ ਕਰਕੇ ਭਵਿੱਖ ਵਿਚ ਖੇਤੀ ਬੀਆਂ ਪੱਖੋਂ ਸੀਮਿਤ ਹੁੰਦੀ ਜਾ ਰਹੀ ਹੈ ।

13, ਹੌਲੀ ਹੌਲੀ ਹੁੱਕੇ ਦੇ ਚੁਫੇਰੇ ਬਹਿ ਕੇ ਦੁਖ ਸੁਖ ਕਰਨ ਦਾ ਸੰਕਲਪ ਸਭਿਆਚਾਰਕ ਪੱਖੋਂ ਅਲੋਪ ਹੋ ਰਿਹਾ ਹੈ । ਹੁਕੇ ਦੀ ਥਾਂ ਬੀੜੀ ਅਤੇ ਸਿਗਰੇਟ ਮੱਲ ਖਲੋਤੀਆਂ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੇ ਪਿੰਡਾਂ ਵਿਚ ਸੁਹਜ-ਸ਼ਿੰਗਾਰ ਨਾਲ ਜੁੜੇ ਸੰਕਲਪ ਅਤੇ ਪ੍ਰਤੀਕ

ਆਪਣੇ ਘਰਾਂ, ਪਿੰਡਾਂ ਅਤੇ ਨਗਰਾਂ ਦੇ ਰੂਪ 'ਤੇ ਬਣਤਰ ਦੀ ਵਿਉਂਤਬੰਦੀ ਅਤੇ ਨਿਰਮਾਣ ਕਰਦੇ ਹੋਏ ਮਨੁੱਖ ਲਗਾਤਾਰ ਚਿੰਤਨਸ਼ੀਲ ਹੁੰਦਾ ਹੈ। ਚਿੰਤਨਸ਼ੀਲ ਮਨੁੱਖ ਆਪਣੇ ਚੌਗਿਰਦੇ ਦੀ ਜਗ੍ਹਾ, ਸਮੇਂ, ਰੁੱਤਬੇ, ਰੁਝੇਵੇਂ, ਫ਼ਰਜ਼ ਅਤੇ ਸਦਾਚਾਰ ਨੂੰ ਤਰਤੀਬ ਦਿੰਦਾ ਹੈ। ਇਹ ਤਰਤੀਬ ਦਿੰਦੇ ਹੋਏ ਮਨੁੱਖ ਆਪਣੇ ਵਾਤਾਵਰਣ ਨੂੰ ਜਗ੍ਹਾ, ਸੰਚਾਰ ਸਮੇਂ ਅਤੇ ਇਹਨਾਂ ਤਿੰਨਾਂ ਤੱਤਾਂ ਨਾਲ ਜੁੜੇ ਅਰਥਾਂ ਦੇ ਪਰਿਪੇਖ ਵਿਚ ਵਿਉਂਤਦਾ ਹੈ। ਹਰ ਸਥਾਨ ਦੇ ਰੂਪ ਅਤੇ ਬਣਤਰ ਦੀ ਵਿਉਂਤਬੰਦੀ ਕਿਸੇ ਨਾ ਕਿਸੇ ਅਰਥ/ਉਦੇਸ਼, ਚਿਨ੍ਹਾਂ, ਰੰਗਾਂ, ਰੂਪ, ਆਕਾਰਾਂ, ਇਮਾਰਤੀ ਸਮਾਨ ਦੀ ਵਰਤੋਂ, ਸੁਹਜ ਸ਼ਿੰਗਾਰ ਨਾਲ ਜੁੜੇ ਸੰਕਲਪਾਂ, ਭੂ-ਦ੍ਰਿਸ਼ (ਲੈਂਡਸਕੇਪ) ਵਰਗੇ ਤੱਤਾਂ ਰਾਹੀਂ ਮੂਰਤੀਮਾਨ ਹੁੰਦੇ ਹਨ।

ਘਰਾਂ ਅਤੇ ਪਿੰਡਾਂ ਦੇ ਰੂਪ, ਬਣਤਰ, ਆਕਾਰ, ਸੁਹਜ ਸ਼ਿੰਗਾਰ ਨਾਲ ਜੁੜੇ ਅਰਥ, ਸੰਕਲਪ ਅਤੇ ਪ੍ਰਤੀਕ ਜਿਥੇ ਇਕ ਪਾਸੇ ਭਵਨ-ਉਸਾਰੀ ਕਲਾ (Architecture) ਦੀਆਂ ਤਕਨੀਕਾਂ ਅਤੇ ਭੂ-ਦ੍ਰਿਸ਼ ਤਰਤੀਬ (Landscape Design) ਦੀਆਂ ਤਕਨੀਕਾਂ ਨਾਲ ਮੂਰਤੀਮਾਨ ਹੁੰਦੇ ਹਨ, ਉਥੇ ਦੂਜੇ ਪਾਸੇ ਲੋਕਾਂ ਦੇ ਸੁਹਜ ਸ਼ਿੰਗਾਰ ਨਾਲ ਜੁੜੇ ਵਿਸ਼ਵਾਸ, ਜੀਵਨ ਕਦਰਾਂ, ਸਭਿਆਚਾਰਕ ਚਿੰਨ੍ਹਾਂ, ਪ੍ਰਤੀਕਾਂ ਅਤੇ ਬਿੰਬਾਂ ਦੀ ਵਰਤੋਂ ਵੀ ਇਨ੍ਹਾਂ ਅਰਥਾਂ ਅਤੇ ਭਾਵਾਂ ਨੂੰ ਉਘਾੜਣ ਵਿਚ ਉੱਘਾ ਯੋਗਦਾਨ ਪਾਉਂਦੀ ਹੈ।

ਕੈਵਿਨ ਲਿੰਚ, ਬਰਲੀਅਨ ਅਤੇ ਐਮਸ ਰੈਪੋਪੋਰਟ ਵਰਗੇ ਸ਼ਹਿਰੀ ਤਰਤੀਬ (Urban Design) ਦੇ ਮਾਹਿਰ, ਘਰਾਂ ਅਤੇ ਨਗਰਾਂ ਦੇ ਰੂਪ ਬਣਤਰ ਅਤੇ ਨੁਹਾਰ ਨੂੰ ਨਿਰਧਾਰਤ ਕਰਨ ਵਿਚ "ਭਵਨ ਨਿਰਮਾਣ ਕਲਾ ਦੇ ਸਭਿਆਚਾਰਕ ਮੂਲ" ਨੂੰ ਜੋ ਉਸਰੇ ਹੋਏ ਇਲਾਕੇ (Built up Area) ਦੇ ਵਾਤਾਵਰਣ ਦਾ ਮਾਹੌਲ ਨੀਅਤ ਕਰਦੇ ਹਨ, ਇਕ ਮੁੱਖ ਭਾਗ ਸਮਝਦੇ ਹਨ।[1] ਪਰ ਇਹ ਹੈਰਾਨੀ ਦੀ ਗੱਲ ਹੈ ਕਿ ਸ਼ਹਿਰਾਂ, ਘਰਾਂ ਅਤੇ ਪਿੰਡਾਂ ਬਾਰੇ ਬਹੁਤਾ ਸਾਹਿਤ ਇਹਨਾਂ ਅਰਥਾਂ, ਸੰਕਲਪਾਂ ਅਤੇ ਪ੍ਰਤੀਕਾਂ ਬਾਰੇ ਚਿੰਤਨ ਤਾਂ ਹੈ, ਪਰ ਫਿਰ ਵੀ ਇਹਨਾਂ ਅਰਥਾਂ ਸੰਕਲਪਾਂ ਅਤੇ ਪ੍ਰਤੀਕਾਂ ਨਾਲ ਜੁੜੇ ਅਧਿਐਨ ਦੀ ਘਾਟ ਹੀ ਹੈ। ਪਿਵੇਟ ਆਫ਼ ਫੋਰ ਕੁਆਟਰਜ਼ ਵਿਚ ਪਾਲ ਵਿਟਲੇ ਨੇ ਚੀਨ ਦੇ ਸ਼ਹਿਰਾਂ ਨਾਲ ਜੁੜੇ ਸੰਕਲਪਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸੁਹਜ ਸ਼ਿੰਗਾਰ ਦੇ ਪ੍ਰਤੀਕਾਂ ਨੂੰ ਸਭਿਆਚਾਰਕ ਦ੍ਰਿਸ਼ਟੀਕੋਣ ਤੋਂ ਅਧਿਐਨ ਤੇ ਰੋਮਨ ਸਭਿਆਤਾਵਾਂ ਨਾਲ ਮੁਕਾਬਲਾ ਕਰਨ ਦਾ ਯਤਨ ਕੀਤਾ ਹੈ। ਪਰ ਪੰਜਾਬ ਦੇ ਸੰਦਰਭ ਵਿਚ ਇਸ ਤਰ੍ਹਾਂ ਦੇ ਅਧਿਐਨ ਦੀ ਘਾਟ ਹੀ ਰਹੀ ਹੈ; ਭਾਵੇਂ ਕਿ ਕੰਵਰਜੀਤ ਸਿੰਘ ਕੰਗ, ਮਹਿੰਦਰਜੀਤ ਸਿੰਘ ਆਰਕੀਟੈਕਟ, ਪ੍ਰੀਤਮ ਸਿੰਘ ਅਰਸ਼ੀ ਨੇ ਆਪੋ ਆਪਣੇ ਖੇਤਰਾਂ 'ਚ ਜੋ ਕੰਮ ਕੀਤਾ ਹੈ, ਉਸ ਤੋਂ ਇਹੋ ਜਿਹੇ ਇਸ਼ਾਰੇ ਮਿਲਦੇ ਹਨ, ਪਰ ਸਭਿਆਚਾਰਕ ਸੰਕਲਪ ਅਤੇ ਪ੍ਰਤੀਕ ਸੁਹਜ ਸ਼ਿੰਗਾਰ ਦਾ ਆਧਾਰ ਬਣ ਕੇ ਉਸਰੇ ਹੋਏ ਇਲਾਕੇ ਦੇ ਮਾਹੌਲ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ, ਇਹੋ ਜਿਹਾ ਅਧਿਐਨ ਕਿਤੇ ਨਹੀਂ ਮਿਲਦਾ। ਇਸ ਲੇਖ ਵਿਚ ਇਸ ਨਵੇਂ ਰਾਹ ਤੇ ਤੁਰਨ ਲਈ ਇਕ ਉਲਾਂਘ ਪੁੱਟਣ ਦਾ ਯਤਨ ਕੀਤਾ ਗਿਆ ਹੈ। ਸਮਝਣ ਦੀ ਸੌਖ ਲਈ ਇਸ ਲੇਖ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਗਿਆ ਹੈ:

1. ਪੰਜਾਬ ਦਾ ਸਭਿਆਚਾਰ, ਕੁਦਰਤ, ਪਸ਼ੂਆਂ ਅਤੇ ਮਨੁੱਖਾਂ ਦਾ ਤਾਲਮੇਲ

ਪੰਜ ਪਾਣੀਆਂ ਦਾ ਦੇਸ਼ ਪੰਜਾਬ ਖੇਤੀ ਪ੍ਰਧਾਨ ਇਲਾਕਾ ਹੋਣ ਕਰਕੇ, ਇਥੇ ਖੇਤੀ ਕੁਦਰਤ ਦੀਆਂ ਕਰੋਪੀਆਂ ਅਤੇ ਬਖਸ਼ਿਸ਼ਾਂ ਉੱਤੇ ਨਿਰਭਰ ਕਰਦੀ। ਪੰਜਾਬ ਵਿਚ ਕੁਦਰਤ ਮਿਹਰਬਾਨ ਹੈ ਜਿਥੇ ਉਪਜਾਊ ਮਿੱਟੀ, ਮਿੱਠਾ ਪਾਣੀ ਜੋ ਪੀਣ ਅਤੇ ਸੰਜਾਈ ਦੇ ਕੰਮ ਆਉਂਦਾ। ਹਰੇ ਭਰੇ ਜੰਗਲ, ਬੇਲੇ, ਝੱਲਾਂ, ਮੰਡਾਂ ਜਾਂ ਛਾਂਦਾਰ, ਫ਼ਲਦਾਰ, ਰੰਗਦਾਰ ਦਰੱਖਤਾਂ ਨਾਲ ਮੌਸਮ, ਰੁੱਤਾਂ ਨੂੰ ਖੁਸ਼-ਗੁਆਰ ਕਰਦੇ। ਮੀਂਹ ਪੈਂਦੇ ਹੁਲਾਰੇ ਮਾਰ ਕੇ ਫ਼ਸਲਾਂ ਪੱਕ ਜਾਂਦੀਆਂ, ਘਰ ਦਾਣਿਆਂ ਨਾਲ ਭਰ ਜਾਂਦੇ, ਦਾਣੇ ਸਾਂਭਣ ਲਈ ਕੋਠੜੀਆਂ, ਭੜੋਲੀਆਂ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਘਾਹ ਪੱਠਾ ਲਹਿਰਾ ਕੇ ਵੱਡਾ ਹੁੰਦਾ ਤਾਂ ਮੱਝਾਂ ਗਾਵਾਂ ਦਾ ਦੁੱਧ ਵਧ ਜਾਂਦਾ। ਮਧਾਣੀਆਂ, ਚਾਟੀਆਂ, ਘੜਵੰਜੀਆਂ, ਕਾੜ੍ਹਣੀਆਂ, ਦੁੱਧ ਕਾੜ੍ਹਣ ਲਈ ਭੜੋਲੀਆਂ, ਆਲੇ ਅਤੇ ਦੁੱਧ ਨਾਲ ਬਣੀਆਂ ਵਸਤਾਂ, ਦਹੀਂ, ਪਨੀਰ, ਲੱਸੀ, ਛਿੱਡੀ, ਮੱਖਣ, ਘਿਉ ਦੇ ਨਾਲ ਦੋਧੀਆਂ, ਪੰਜੀਰੀਆਂ, ਦਾਲਾਂ ਬਣਾ ਕੇ ਖਾਣ ਦਾ ਕੰਮ ਸ਼ੁਰੂ ਹੋ ਜਾਂਦਾ। **ਕੁਦਰਤ ਨਿਹਾਲ ਹੁੰਦੀ ਤਾਂ ਹਵਾ ਚਲਦੀ, ਧੜਾਂ ਗਾਹੀਆਂ ਜਾਂਦੀਆਂ, ਪਉਣ ਚੱਕੀਆਂ ਚਲਦੀਆਂ, ਪੁਰੇ ਦੀ ਹਵਾ ਵਗਦੀ ਤਾਂ ਸਾਉਣ ਦੀਆਂ ਫ਼ੁਹਾਰਾਂ ਸ਼ੁਰੂ ਹੋ ਜਾਂਦੀਆਂ, ਅੰਬੀਆਂ ਪੱਕ ਜਾਂਦੀਆਂ, ਮੋਰ ਨੱਚ ਉਠਦੇ, ਕੋਇਲਾਂ ਕੂਕਦੀਆਂ, ਹਿਰਨ ਚੁੰਗੀਆਂ ਭਰਨ ਲਗਦੇ। ਕੁਦਰਤ ਦੀ ਅਮੀਰੀ ਰੁੱਖਾਂ, ਝੱਲਾਂ, ਜੰਗਲਾਂ, ਬੇਲਿਆਂ, ਮੰਡਾਂ ਦੀ ਭਰਪੂਰ ਜੁਆਨੀ ਝਲਕਦੀ। ਇਹਨਾਂ ਘਾਹ, ਫੂਸ, ਕਾਨਿਆਂ, ਸਰਕੰਢੇ, ਦੱਬ ਨਾਲ ਪੰਜਾਬੀ ਆਪਣੀਆਂ ਝੁੱਗੀਆਂ, ਢਾਰੇ, ਛੰਨਾਂ, ਘਰ ਅਤੇ ਚੁਬਾਰੇ, ਕੋਠੇ, ਮੰਡਪ, ਮਾੜੀਆਂ ਛੱਤ ਲੈਂਦੇ।**

ਜੇ ਪਿੰਡਾਂ ਦੇ ਵਿਕਾਸ ਤੇ ਨਜ਼ਰ ਮਾਰੀ ਜਾਏ ਤਾਂ, ਪਿੰਡ ਉਥੇ ਉਥੇ ਵਿਕਸਤ ਹੋਏ ਜਿਥੇ ਮਿੱਠੇ ਪਾਣੀ ਦੇ ਸਰੋਤ ਸਨ, ਮਿੱਟੀ 'ਚ ਉਪਜਾਊ ਤੱਤ ਸਨ, ਜੰਗਲਾਂ ਦੇ ਫੁੱਲ ਬੂਟੇ ਸਨ, ਰੰਗ ਸੀ, ਛਾਂ ਸੀ, ਫ਼ਲ ਸਨ, ਜਾਨਵਰ ਸਨ, ਪੰਛੀ ਸਨ, ਚੌਗਿਰਦੇ ਦਾ ਹੁਸਨ ਸੀ, ਮੌਸਮ ਦੀਆਂ ਨਿਆਮਤਾਂ ਸਨ। ਵੱਖੋ ਵੱਖਰੇ ਇਲਾਕੇ ਦੇ ਲੋਕਾਂ ਦੀ ਕੁਦਰਤ ਦੀਆਂ ਨਿਆਮਤਾਂ ਨੂੰ ਵਰਤ ਸਕਣ ਦੀ ਸਮਰੱਥਾ ਨੇ ਪੰਜਾਬ ਵਿਚ ਹਰ ਇਲਾਕੇ ਦੀ ਵਿਕਾਸ ਦਰ ਨੂੰ ਨਿਰਧਾਰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ। ਵਿਕਾਸ ਦੀ ਦਰ ਨਾਲ ਪੰਜਾਬੀਆਂ ਦੇ ਜੀਵਨ ਪੱਧਰ ਅਤੇ ਜੀਵਨ ਜਾਚ ਦਾ ਵਿਕਾਸ ਹੋਇਆ। ਇਸ ਜੀਵਨ ਜਾਚ (ਸਭਿਆਚਾਰ) ਵਿਚ ਮਨੁੱਖ ਦਾ ਕੁਦਰਤ ਨਾਲ ਰਿਸ਼ਤਾ, ਮੈਂ ਤੇ ਤੂੰ ਦਾ ਰਿਸ਼ਤਾ ਸੀ। ਪੰਜਾਬੀਆਂ ਨੇ ਕੁਦਰਤ ਦੀ ਰਹਿਨੁਮਾਈ ਕਬੂਲ ਕਰਦੇ ਹੋਏ ਆਪਣੇ ਜੀਵਨ ਜਾਚ ਨੂੰ ਕੁਦਰਤ ਦੇ ਨਿਯਮਾਂ ਅਨੁਸਾਰ ਢਾਲ ਲਿਆ।

ਕੁਦਰਤ ਦੀ ਕਰੋਪੀ ਤੋਂ ਬਚਣ ਲਈ ਜਿਵੇਂ ਹੜ੍ਹਾਂ, ਸੋਕੇ, ਅਤਿ ਦੀ ਗਰਮੀ ਅਤੇ ਅਤਿ ਦੀ ਸਰਦੀ ਤੋਂ ਬਚਣ ਲਈ ਪੰਜਾਬ ਖ਼ਾਸ ਕਰਕੇ ਕੁਦਰਤ ਦੇ ਉਹ ਤੱਤ ਜੋ ਤਾਕਤ ਅਤੇ ਊਰਜਾ ਨਾਲ ਜੁੜੇ ਸਨ ਉਨ੍ਹਾਂ ਪ੍ਰਤੀ ਆਦਰ ਅਤੇ ਡਰ ਪੈਦਾ ਹੋਏ ਅਤੇ ਇਸ ਆਦਰ ਅਤੇ ਡਰ ਨਾਲ ਕੁਦਰਤ ਦੇ ਵੱਖ ਵੱਖ ਤੱਤਾਂ (Elements) ਦੀ ਪੂਜਾ ਦਾ ਸੰਕਲਪ ਸ਼ੁਰੂ ਹੋਇਆ ਤੇ ਇਨ੍ਹਾਂ ਤੱਤਾਂ ਦੀ ਪੂਜਾ ਦੀ ਰਿਵਾਇਤ ਚਲੀ। ਧਾਰਮਿਕ ਰਹੁ-ਰੀਤਾਂ ਵਿਚ ਕੁਦਰਤ ਨੂੰ ਕਾਦਰ ਦਾ ਸਥਾਨ ਮਿਲਿਆ। ਧਰਤੀਆਂ, ਇੰਦਰ ਦੇਵਤਾ, 'ਪਵਨ ਗੁਰੂ', 'ਪਾਣੀ ਪਿਤਾ'[2] ਦੇ ਸੰਕਲਪ ਸਭਿਆਚਾਰਕ ਵਿਸ਼ਵਾਸਾਂ, ਪੂਜਾ ਅਤੇ ਚੇਤਨਾ ਦਾ ਅੰਗ ਬਣ ਗਏ। ਧਾਰਮਿਕ ਅਤੇ ਲੋਕ ਸਾਹਿਤ ਵਿਚ ਕੁਦਰਤੀ ਆਫ਼ਤਾਂ ਅਤੇ ਕਰੋਪੀਆਂ, ਬਖ਼ਸ਼ਿਸ਼ ਅਤੇ ਮਿਹਰਾਂ ਦਾ ਜਿਥੇ ਇਕ ਪਾਸੇ ਗੁਣ ਗਾਣ ਹੋਣ ਲੱਗਾ, ਉਥੇ ਦੂਸਰੇ ਪਾਸੇ ਲੋਕ ਕਲਾ ਦੇ ਹਰ ਖੇਤਰ ਵਿਚ ਕੁਦਰਤ ਦੇ ਹੁਸਨ, ਰੰਗ, ਆਕਾਰਾਂ ਅਤੇ ਪ੍ਰਤੀਕਾਂ ਦੀ ਵਰਤੋਂ ਹੋਣ ਲੱਗੀ। ਕੁਦਰਤੀ ਫੁੱਲਾਂ-ਬੂਟਿਆਂ, ਵੇਲਾਂ, ਜਾਨਵਰਾਂ, ਪੰਛੀਆਂ, ਦ੍ਰਿਸ਼ਾਂ ਨਾਲ ਘਰਾਂ, ਪਿੰਡਾਂ ਅਤੇ ਨਗਰਾਂ ਨੂੰ ਸ਼ਿੰਗਾਰਣ ਦਾ ਸਿਲਸਿਲਾ ਸ਼ੁਰੂ ਹੋਇਆ।

ਜੇ ਵੈਦਿਕ ਕਾਲ ਤੋਂ ਗੱਲ ਸ਼ੁਰੂ ਕੀਤੀ ਜਾਏ ਤਾਂ ਦੇਸ਼ਾਂ 'ਚ ਦੇਸ਼ ਪੰਜਾਬ, ਇੰਨਾ ਸ਼ਾਂਤ ਅਤੇ ਕੁਦਰਤੀ ਹੁਸਨ ਕਰਕੇ ਇੰਨਾ ਰਮਣੀਕ ਸੀ ਕਿ ਇਥੇ ਵੇਦਾਂ ਦੀ ਰਚਨਾ ਦੇ ਨਾਲ ਨਾਲ ਭਾਰਤੀ ਸਭਿਅਤਾ ਦਾ ਜਨਮ ਅਤੇ ਵਿਕਾਸ ਹੋਇਆ। ਕੁਦਰਤ ਅਤੇ ਪਾਉਣ ਪਾਣੀ ਸਾਫ਼ ਰੱਖਣ ਲਈ ਹਵਨ-ਯੱਗ ਅਤੇ ਹੋਮ ਹੋਣੇ ਸ਼ੁਰੂ ਹੋਏ। ਸੱਪ, ਸੂਰਜ, ਸ਼ੇਰ, ਇੰਦਰ ਦੇਵਤੇ ਦੀ ਪੂਜਾ ਸ਼ੁਰੂ ਹੋਈ ਤੇ ਇਸ ਪੂਜਾ ਨਾਲ ਬਲੀ ਦਾ ਸੰਕਲਪ ਸ਼ੁਰੂ ਹੋਇਆ "ਭਾਰਤੀ ਮੂਲ ਦੇ ਆਰੀਅਨ ਪਿੰਡ ਦਾ ਨਕਸ਼ਾ ਬਲੀ ਲਈ ਤਿਆਰ ਕੀਤੀ ਗਈ ਧਰਤੀ ਸਮ ਸਮਝਿਆ ਜਾਂਦਾ।"[3]
ਸ਼ੁਰੂ ਸ਼ੁਰੂ ਵਿਚ ਉਹਨਾਂ ਬੂਟੇ ਦਰੱਖ਼ਤ ਦੀ ਸੇਵਾ ਸੰਭਾਲ ਕੀਤੀ ਗਈ ਜਿੰਨ੍ਹਾਂ ਦੀ ਖਾਧ ਪਦਾਰਥਾਂ ਵਜੋਂ, ਦੁਆਈਆਂ ਵਜੋਂ, ਖੁਸ਼ਬੋ ਵਜੋਂ, ਰੰਗਾਂ, ਫ਼ਲਾਂ ਅਤੇ ਸੁਹੱਪਣ ਪੱਖੋਂ, ਝੁੱਗੀਆਂ, ਛੰਨਾਂ, ਢਾਰਿਆਂ, ਪਿੰਡਾਂ, ਘਰਾਂ ਅਤੇ ਨਗਰਾਂ ਨੂੰ ਸ਼ਿੰਗਾਰਣ ਵਜੋਂ ਲੋੜ ਸੀ। ਦਰੱਖ਼ਤਾਂ ਦੇ ਕੰਧ ਮੂਲ ਫ਼ਲ ਫੁੱਲ ਕਾਰਣ ਵਨਸਪਤੀ ਅਤੇ ਦਰੱਖ਼ਤਾਂ ਦੀ ਪੂਜਾ ਲਗਭਗ ਹਰ ਕਾਲ ਵਿਚ ਪੰਜਾਬੀ ਸਭਿਆਚਾਰ ਦਾ ਮੁੱਖ ਹਿੱਸਾ ਰਹੀ ਹੈ। ਭਾਵੇਂ ਇਹ ਨਿੰਮ ਤੋਂ ਪਤਾਸੇ ਵਾਰਣ ਦੀ ਰੀਝ/ਝਲਕ ਹੈ। ਭਾਵੇਂ ਘਰ ਅੱਗੇ ਸ਼ਰੀਂਹ ਦੇ ਪੱਤੇ ਬੱਝੇ ਹੋਣੇ, ਨਵ-ਜੰਮੇ ਮੁੰਡੇ ਦਾ ਚਿੰਨ੍ਹਾਤਮਕ ਸੰਕੇਤ ਹੈ। ਭਾਵੇਂ ਨਿੰਮ ਦੇ ਪੱਤਿਆਂ ਦੀ ਬਦ ਰੂਹਾਂ, ਭੂਤ ਪ੍ਰੇਤਾਂ ਤੋਂ ਨਿਜਾਤ ਲਈ ਫਾਂਡੇ ਆਦਿ ਲਈ ਵਰਤੋਂ ਹੈ, ਭਾਵੇਂ ਜੰਡਾਂ ਪੂਜਣ ਦਾ ਰਿਵਾਜ ਹੈ।[4]

ਸਦੀਆਂ ਤੋਂ ਪੰਜਾਬ ਖੇਤੀ ਪ੍ਰਧਾਨ ਇਲਾਕਾ ਹੋਣ ਕਰਕੇ ਪੰਜਾਬ ਦੇ ਸਭਿਆਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ, ਹਰ ਉਹ ਤੱਥ ਹੈ ਜੋ ਪੈਦਾਵਾਰ ਦੇ ਵਾਧੇ ਦੇ ਰੁਝਾਨ ਨੂੰ ਪ੍ਰਗਟਾਵੇ, ਇਥੋਂ ਦੀਆਂ ਕਲਾ-ਕਿਰਤਾਂ ਅਤੇ ਭਵਨ-ਉਸਾਰੀ ਦੇ ਸੁਹਜ ਸ਼ਿੰਗਾਰ ਅਤੇ ਪ੍ਰਤੀਕਾਤਮਕ ਚਿੰਨ੍ਹਾਂ ਦਾ ਆਧਾਰ ਬਣ ਗਿਆ। ਜੇਕਰ ਪੈਦਾਵਾਰ ਦਾ ਪ੍ਰਗਟਾ ਬਹੁਤਾ ਲਾਭ ਤੇ ਧੰਨ ਦੌਲਤ ਤੋਂ ਲਿਆ ਜਾਵੇ ਤਾਂ ਘਰਾਂ ਦੇ ਸੁਹਜ ਸ਼ਿੰਗਾਰ ਦੀ ਰੁਚੀ ਵਧੀ। ਰਾਜਸਥਾਨ ਦੇ ਇਲਾਕੇ ਸੇਖਾਵਤੀ ਵੱਲ ਲੋਕ ਚੇਤਨਾ ਦੀ ਸੋਚ ਹੈ ਕਿ ਜੋ ਘਰ ਪਿੰਡ ਵਿਚ ਸ਼ਿੰਗਾਰਿਆ ਨਹੀਂ ਜਾਂਦਾ, ਉਥੇ ਗਰੀਬੀ ਰਹਿੰਦੀ ਹੈ ਜਾਂ ਉਥੇ ਕੋਈ ਅਣਹੋਣੀ ਵਾਪਰੀ ਹੈ।[5] ਮਾਲ, ਡੰਗਰ, ਧੰਨ, ਦੌਲਤ, ਜੀਅ ਜੰਤ ਵਧਣ ਫੁੱਲਣ, ਇਸ ਲਈ ਘਰ ਦੇ ਮੁਖ ਦਰਵਾਜ਼ੇ ਜਾਂ ਕਈ ਕਈ ਹਾਲਤਾਂ ਵਿਚ ਹਵੇਲੀ ਦੀ ਡਿਉਢੀ ਉੱਤੇ ਸੁਹਜ ਸ਼ਿੰਗਾਰ ਲਈ ਜੋ ਚਿੱਤਰ, ਰੇਖਾ-ਚਿੱਤਰ ਬਣਾਏ ਜਾਂਦੇ ਹਨ, ਉਹ ਸਾਰੇ ਦੇ ਸਾਰੇ ਘਰ ਪਿੰਡ 'ਤੇ ਹਰ ਤਰ੍ਹਾਂ ਨਾਲ ਧੰਨ ਦੌਲਤ ਪੱਖੋਂ ਬਖ਼ਸ਼ਿਸ਼ ਹੋਵੇ, ਮਿਹਰ ਹੋਵੇ, ਲਾਭ ਹੋਵੇ, ਇਹਨਾਂ ਪੱਖਾਂ ਵੱਲ ਸੰਕੇਤ ਕਰਦੇ ਹਨ। ਜਿਵੇਂ ਓਮ, ਸਵਾਸਤਿਕ ਦੇ ਚਿੰਨ੍ਹ, ਲਖਸ਼ਮੀ, ਕੁਲਦੇਵੀ ਜਾਂ ਕੁਲ ਦੇਵਤਾ ਦੀ ਮੂਰਤੀ ਮੁੱਖ ਬੂਹੇ ਦੇ ਦੋਹੀਂ ਪਾਸੀਂ ਸ਼ਾਸਤਰਧਾਰੀ ਦੋ ਦਵਾਰਪਾਲ, ਫੁੱਲਾਂ ਨਾਲ ਫ਼ਲਾਂ ਨਾਲ ਲੱਦੇ, ਛਾਂ-ਦਾਰ ਦਰੱਖਤ ਇਨ੍ਹਾਂ ਦਰੱਖ਼ਤਾਂ ਦੇ ਚਾਰ ਚੁਫੇਰੇ ਉਡਦੇ ਭੌਰੇ, ਚਹਿਚਹਾਉਂਦੀਆਂ ਕੋਇਲਾਂ, ਤੋਤੇ, ਮੈਨਾ।[6] ਮਿਹਰਾਂ ਦੀ ਫੁੱਲਾਂ ਨਾਲ ਬਾਰਿਸ਼ ਕਰਦੀਆਂ ਪਰੀਆਂ, ਹੱਥ ਨੂੰ ਅਸੀਸ ਦੀ ਮੁਦਰਾਂ 'ਚ ਚੁੱਕ ਕੇ ਬੈਠੇ ਹੋਰ ਦੇਵਤੇ, ਨਿੱਕੇ ਨਿੱਕੇ ਬੱਚਿਆਂ ਨਾਲ ਖੇਡਦੀਆਂ, ਕਾਮ ਮਸਤ ਨਾਰੀਆਂ। ਹਰ ਉਹ ਚਿੰਨ੍ਹ, ਬਿੰਬ ਅਤੇ ਪ੍ਰਤੀਕ ਮੂਰਤੀਮਾਨ ਕੀਤਾ ਜਾਂਦਾ ਜਿਸ ਨਾਲ ਅਹਿਸਾਸ ਹੋਵੇ ਕਿ ਇਸ ਘਰ ਉੱਤੇ ਮਿਹਰ ਹੈ. ਬਖ਼ਸ਼ਿਸ਼ ਹੈ, ਘਰ ਜੀਅ ਜੰਤ ਪੱਖੋਂ, ਮਾਲ ਡੰਗਰਾਂ ਪੱਖੋਂ, ਦੁੱਧ ਪੁੱਤ ਪੱਖੋਂ, ਫ਼ਸਲਾਂ ਪੱਖੋਂ ਵਧ ਫੁੱਲ ਰਿਹਾ ਹੈ।

ਸਿੱਖ ਧਰਮ ਵਿਚ ਮੂਰਤੀ ਪੂਜਾ ਦਾ ਜਾਂ ਘਰ ਦੇ ਮੁਖ ਦਰਵਾਜ਼ੇ ਜੋ ਡਿਉਢੀ ਉੱਤੇ ਕਿਸੇ ਵੀ ਕੁਲ ਦੇਵਤਾ ਦੀ ਮੂਰਤੀ ਸਥਾਪਨਾ ਦਾ ਕੋਈ ਵੀ ਆਧਾਰ ਅਤੇ ਰਿਵਾਜ ਧਾਰਮਕ ਪਰਿਪੇਖ ਵਿਚ ਨਹੀਂ ਹੈ ਪਰ ਘਰਾਂ ਦੇ ਸੁਹਜ ਸ਼ਿੰਗਾਰ ਵਿਚ ਪੈਦਾਵਾਰ ਦੇ ਵਾਧੇ, ਧਨ ਦੌਲਤ ਦੇ ਲਾਭ ਦੀਆਂ ਜੜ੍ਹਾਂ ਸਦੀਆਂ ਗਹਿਰੀਆਂ ਹੋਣ ਕਰਕੇ, ਕਈ ਬਹੁ ਗਿਣਤੀ ਸਿੱਖ ਪਿੰਡਾਂ ਨੂੰ ਜਾਣ ਵਾਲੀਆਂ ਪਹੁੰਚ ਸੜਕਾਂ, ਅਤੇ ਕਈ ਘਰਾਂ ਦੇ ਮੁੱਖ ਦਰਵਾਜ਼ੇ ਉੱਤੇ ਸੀਮਿੰਟ ਦੀ ਜਾਲੀ ਵਿਚ ਬਣੇ ਗੁਰੂ ਨਾਨਕ ਦੇਵ ਜੀ, ਗੁਰੂ ਨਾਨਕ ਦੇਵ ਜੀ ਬਾਲੇ ਤੇ ਮਰਦਾਨੇ ਨਾਲ, ਗੁਰੂ ਗੋਬਿੰਦ ਸਿੰਘ ਬਾਜ਼ ਨਾਲ ਜਾਂ ਘੋੜੇ ਤੇ ਸਵਾਰ, ਇਸ ਤਰ੍ਹਾਂ ਦੇ ਆਕਾਰ ਆਮ ਵੇਖਣ ਨੂੰ ਮਿਲਦੇ ਹਨ।[7] ਇਸੇ ਤਰ੍ਹਾਂ ਸੀਮਿੰਟ ਦੀ ਜਾਲੀ ਵਿਚ ਜਾਂ ਸੀਮਿੰਟ ਵਿਚ ਉਕਰੇ ਹੋਏ 'ਸਤਿਨਾਮ', 'ਵਾਹਿਗੁਰੂ', '੧ਓ', ਦੋ ਕਿਰਪਾਨਾਂ ਵਿਚ ਖੰਡਾ, ਚਕਰੀ ਵੀ ਕਈ ਘਰਾਂ ਉੱਤੇ ਉਕਰੇ ਦਿਸਣ ਲਗ ਪਏ ਹਨ। ਸਿੱਖ ਧਰਮ ਦੇ ਪ੍ਰਭਾਵ ਹੇਠ ਡਿਉਢੀ ਦੇ ਮੁਖ ਦਰਵਾਜ਼ੇ ਅੱਗੇ ਦਵਾਰਪਾਲ ਦੀ ਥਾਂ ਉੱਤੇ ਸ਼ਾਸਤਰਧਾਰੀ ਨਿਹੰਗ ਸਿੰਘ ਜਾਂ ਕਿਸੇ ਮੁਹਿੰਮ ਤੇ ਜਾਂ ਘੋੜਿਆਂ ਤੇ ਸਵਾਰ ਸਿੰਘ ਵੀ ਦੇਖਣ ਨੂੰ ਮਿਲਦੇ ਹਨ। ਪੁਰਾਣੀ ਜੀ. ਟੀ. ਰੋਡ ਦੇ ਉੱਤੇ ਸਥਿਤ ਉਹ ਪਿੰਡ ਜਾਂ ਕਸਬੇ ਜਿਥੇ ਕਦੀ ਸਰਾਵਾਂ ਹੁੰਦੀਆਂ ਸਨ ਅਜਿਹੇ ਪਿੰਡਾਂ ਵਿਚ ਮੁਖ ਬੂਹੇ ਉੱਤੇ ਸੈਨਿਕਾਂ ਦਾ ਪਹਿਰਾਵਾ ਮੁਗ਼ਲ ਸ਼ੈਲੀ ਦੇ ਚਿਤਰਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵ ਦਿੰਦਾ ਹੈ।[8]

ਕੁਦਰਤ ਨਾਲ ਤਾਲਮੇਲ ਕਰਦੇ ਹੋਏ ਪੰਜਾਬੀਆਂ ਮਹਿਸੂਸ ਕੀਤਾ ਕਿ ਜੇ ਉਹ ਕਰੋਪੀਆਂ ਅਤੇ ਬਖ਼ਸ਼ਿਸ਼ਾਂ ਨੂੰ ਝੱਲਣ ਲਈ ਪਸ਼ੂਆਂ ਦੀ ਮੱਦਦ ਲੈ ਲੈਣ ਤਾਂ ਉਹਨਾਂ ਦਾ ਕੰਮ ਸੁਖਾਲਾ ਹੋ ਸਕਦਾ ਹੈ। ਜਾਨਵਰਾਂ ਨੂੰ ਪੰਜਾਬੀਆਂ ਆਵਾਜਾਈ, ਦੁੱਧ ਘਿਉ ਅਤੇ ਖੇਤੀਬਾੜੀ ਲਈ ਵਰਤਣਾ ਸ਼ੁਰੂ ਕੀਤਾ। ਬਾਅਦ ਵਿਚ ਜਦੋਂ ਮੁਗ਼ਲਾਂ ਦੇ ਆਉਣ ਨਾਲ ਸਿੰਜਾਈ ਵਾਲੇ ਖੂਹ ਦਾ ਵਿਕਾਸ ਹੋਇਆ ਤਾਂ ਪਸ਼ੂਆਂ ਨੂੰ ਸਿੰਜਾਈ ਲਈ ਵਰਤਿਆ ਜਾਣ ਲਗ ਪਿਆ। ਕੁਦਰਤ ਨਾਲ ਤਾਲਮੇਲ ਕਰਦੇ ਹੋਏ ਜਿਵੇਂ ਕੁਦਰਤ ਦੇ ਵੱਖੋ ਵੱਖਰੇ ਤੱਥਾਂ ਦੀ ਪੂਜਾ ਹੋਣੀ ਸ਼ੁਰੂ ਹੋਈ, ਇੰਜ ਜਾਨਵਰਾਂ ਨਾਲ ਤਾਲਮੇਲ ਕਰਦੇ ਹੋਏ ਜਾਨਵਰਾਂ ਦੀ ਪੂਜਾ ਜਿਵੇਂ ਗਾਂ, ਸੱਪ, ਸ਼ੇਰ. ਘੋੜੇ ਆਦਿ ਨੂੰ ਨਾ ਸਿਰਫ ਆਦਰ ਨਾਲ ਦੇਖਿਆ ਜਾਣ ਲਗ ਪਿਆ, ਜਿਵੇਂ ਸਾਨ੍ਹ ਨੂੰ ਪੇੜਾ ਦੇਣਾ, ਗਾਂ ਨੂੰ ਮਾਂ ਸਮਝਣਾ, ਆਦਿ ਦੇ ਨਾਲ ਨਾਲ ਇਨ੍ਹਾਂ ਜਾਨਵਰਾਂ, ਪਸ਼ੂਆਂ, ਪੰਛੀਆਂ ਨੂੰ ਸੁਹਜ ਅਤੇ ਸ਼ਿੰਗਾਰ ਦਾ ਅੰਗ ਸਮਝ ਕੇ ਪੰਜਾਬੀ ਸਭਿਆਚਾਰ ਨੇ ਅਪਣਾ ਲਿਆ। ਜਾਨਵਰਾਂ/ਪਸ਼ੂਆਂ ਪੰਛੀਆਂ ਨਾਲ ਤਾਲਮੇਲ ਦੋ ਤਰਫੋਂ ਸੀ। ਇਕ ਪਾਸੇ ਤਾਂ ਸਭਿਆਚਾਰ ਦੇ ਵੱਖ ਵੱਖ ਅੰਗਾਂ 'ਚ ਪਸ਼ੂਆਂ ਦੀ ਸੁਹਜ ਸ਼ਿੰਗਾਰ ਦੇ ਆਕਾਰ ਬਿੰਬਾਂ, ਪ੍ਰਤੀਕਾਂ ਵਜੋਂ ਵਰਤੋਂ ਹੋਣ ਲੱਗੀ, ਕੰਧ ਚਿਤਰਾਂ, ਧਾਰਮਿਕ ਭਵਨਾਂ-ਘਰਾਂ ਵਿਚ ਮੋਰ, ਚਿੜੀਆਂ, ਤੋਤੇ, ਘੁੱਗੀਆਂ, ਘੋੜੇ, ਊਠ, ਹਾਥੀ ਆਪਣੇ ਮਾਪ ਅਨੁਪਾਤਾਂ ਰੰਗਾਂ ਆਕਾਰਾਂ ਨਾਲ ਸੁਹਜ ਸ਼ਿੰਗਾਰ ਦਾ ਅੰਗ ਬਣ ਗਏ। ਦੂਸਰੇ ਪਾਸੇ, ਪੰਜਾਬੀਆਂ ਇਨ੍ਹਾਂ ਦੇ ਸ਼ਿੰਗਾਰ ਨੂੰ ਵੀ ਆਪਣੇ ਸੁਹਜ ਦਾ ਇਕ ਮੁਖ ਹਿੱਸਾ ਬਣਾ ਲਿਆ।

ਊਠਾਂ ਦੀਆਂ ਟੱਲੀਆਂ, ਘੋੜੀਆਂ ਦੀਆਂ ਕਾਠੀਆਂ, ਰਕਾਬਾਂ ਵਾਂਗ, ਮੱਥੇ ਉੱਤੇ ਫੁੰਮਣ, ਵਾਗਾਂ ਨਾਲ ਬੱਝੇ ਰੁਮਾਲ, ਘੋੜਿਆਂ ਦੇ ਪੈਰਾਂ ਦੇ ਸੁੰਮ ਜਦੋਂ ਘੋੜੇ ਭੱਜਦੇ ਪੱਥਰਾਂ ਨਾਲ ਟਕਰਾ ਕੇ ਚੰਗਿਆੜੇ ਉਡਾਉਂਦੇ। ਢੱਗਿਆਂ ਦੇ ਗਲਾਂ ਵਿਚ ਘੁੰਗਰੂ, ਮੇਹਲਾ, ਕੌਡੀਆਂ ਦੇ ਹਾਰ, ਰੰਗ ਬਰੰਗੀਆਂ, ਝੁੱਲਾਂ, ਨੱਥਾਂ, ਕਈ ਪਸ਼ੂਆਂ ਦੇ ਪੈਰਾਂ ਵਿਚ ਝਾਂਜਰਾਂ ਵੱਖ ਵੱਖ ਤਰ੍ਹਾਂ ਦੇ ਖੋਪੇ, ਟੱਲੀਆਂ, ਸੁਹਣੇ ਕੁੰਡੇ, ਮੱਝਾਂ ਝੋਟਿਆਂ ਦੇ ਸਿੰਗਾਂ ਨੂੰ ਚੋਪੜ ਕੇ, ਤੇਲ ਨਾਲ ਲਿਸ਼ਕਾ ਕੇ ਰਖਣਾ। ਪਸ਼ੂਆਂ ਨੂੰ ਸ਼ਗਨਾਂ ਮਨੋਰਥਾਂ ਦੁੱਖ ਸੁੱਖ ਵਿਚ ਵੀ ਸਭਿਆਚਾਰ ਦਾ ਹਿੱਸਾ ਬਣਾ ਲਿਆ। ਰਾਂਝੇ ਦਾ ਹੀਰ ਦੀਆਂ ਮੱਝਾਂ ਚਾਰਨਾ, ਪੁੰਨੂੰ ਦੇ ਊਠ, ਮਿਰਜ਼ੇ ਦੀ ਬੱਗੀ। ਘੋੜੀ ਦੀ ਵਾਂਗ ਗੁੰਦਣੀ, ਪੰਜ ਕਲਿਆਣੀ ਮੱਝ ਝੱਬੂ ਪਾ ਕੇ ਧੀ ਨੂੰ ਦਾਜ ਵਿਚ ਦੇਣੀ, "ਬਲਦ ਦੇ ਸਿੰਗ ਉੱਤੇ ਧਰਤੀ ਖਲੋਤੀ ਹੈ।" ਇਹ ਤੇ ਹੋਰ ਕਿੰਨਾ ਕੁਝ, ਪੰਜਾਬੀ ਸਭਿਆਚਾਰ ਵਿਚ ਮਨੁੱਖ ਅਤੇ ਪਸ਼ੂਆਂ ਦੀ ਇਕ ਦੂਸਰੇ ਉੱਤੇ ਟੇਕ ਦਾ ਪ੍ਰਤੀਕਾਤਮਕ ਪ੍ਰਗਟਾ ਹੈ। ਜੇ ਧਿਆਨ ਨਾਲ ਦ੍ਰਿਸ਼ਟੀਗੋਚਰ ਕੀਤਾ ਜਾਏ ਤਾਂ ਸੁਭਾਵਕ ਇਹ ਗੱਲ ਉੱਭਰਦੀ ਹੈ ਕਿ ਉਹ ਪਸ਼ੂ ਜੋ ਮਨੁੱਖਾਂ ਦੀ ਆਵਾਜਾਈ ਲਈ, ਇਕ ਥਾਂ ਤੋਂ ਦੂਸਰੇ ਥਾਂ ਜਾਂਦੇ, ਉਹਨਾਂ ਦੇ ਸ਼ਿੰਗਾਰ ਉਤੇ ਜ਼ਿਆਦਾ ਧਿਆਨ ਜਾਂਦਾ, ਜਿਵੇਂ ਦੂਰ ਦੂਰ ਤਕ ਲੈ ਕੇ ਜਾਂਦੀਆਂ ਘੋੜੀਆਂ, ਘੋੜੇ, ਊਠ, ਜ਼ਿਆਦਾ ਸ਼ਿੰਗਾਰੇ ਜਾਂਦੇ, ਉਸ ਖੋਤੇ ਦੇ ਮੁਕਾਬਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਤੇ ਭਾਰ ਲੱਦ ਕੇ ਜਿਸਦੀ ਨੇੜੇ ਤੇੜੇ ਦੇ ਖੇਤਰ ਤਕ ਆਵਾਜਾਈ ਸੀਮਿਤ ਹੁੰਦੀ । ਖੋਤੇ ਨਾਲੋਂ ਟੱਟੂ ਅਤੇ ਖੱਚਰ ਜਿਸ ਤੇ ਮਿੱਟੀ ਦੇ ਭਾਂਡੇ ਆਦਿ ਲੱਦ ਕੇ ਨੇੜੇ ਤੇੜੇ ਦੇ ਪਿੰਡਾਂ ਵਿਚ ਵੇਚਣ ਲਈ ਜਾਣਾ ਹੁੰਦਾ, ਜ਼ਿਆਦਾ ਸ਼ਿੰਗਾਰੇ ਜਾਂਦੇ । ਉਹ ਪਸ਼ੂ ਜਿੰਨ੍ਹਾਂ ਦੀ ਖੇਤੀਬਾੜੀ ਵਿਚ ਵਰਤੋਂ ਹੁੰਦੀ ਉਹਨਾਂ ਦੀ ਰੱਜਵੀਂ ਖੁਰਾਕ ਜਿਵੇਂ ਫ਼ਸਲਾਂ ਦੀ ਬਿਜਾਈ ਤੋਂ ਪਹਿਲਾਂ ਘਿਉ ਆਦਿ ਦੇਣ ਦੇ ਨਾਲ ਨਾਲ ਇਨ੍ਹਾਂ ਦੀਆਂ ਨੱਥਾਂ ਦੇ ਰੰਗ, ਘੁੰਘਰੂ ਪੈਰਾਂ ਵਿਚ ਝਾਂਜਰਾਂ ਦੀ ਆਪਣੀ ਛੱਬ ਹੁੰਦੀ । ਇਨ੍ਹਾਂ ਹੀ ਢੱਗਿਆਂ ਨੂੰ ਜਦੋਂ ਕਿਤੇ ਗੱਡੇ ਅਤੇ ਗੜਬੈਲਾਂ ਅਗੇ ਜੋ ਕੇ ਦੂਰ ਜਾਣਾ ਹੁੰਦਾ, ਇਨ੍ਹਾਂ ਉੱਤੇ ਝੁੱਲਾਂ ਪਾਈਆਂ ਜਾਂਦੀਆਂ ਜੋ ਪਿੜੀਆਂ ਪਾ ਕੇ ਸਿਉਂਈਆਂ ਜਾਂਦੀਆਂ । ਝੁਲਾਂ ਨੂੰ ਕੌਡੀਆਂ, ਸ਼ੀਸ਼ੇ ਦੇ ਟੁਕੜਿਆਂ ਨਾਲ ਮੜ੍ਹਿਆ ਜਾਂਦਾ । ਫਿਰ ਉਹ ਪਸ਼ੂ ਜੋ ਦੁੱਧ ਦਿੰਦੇ ਉਹਨਾਂ ਦਾ ਸ਼ਿੰਗਾਰ ਹੁੰਦਾ, ਦੁੱਧ ਦੇਣ ਵਾਲੇ ਪਸ਼ੂਆਂ ਨੂੰ ਜਦੋਂ ਖਰੀਦ ਕੇ ਲਿਆਂਦਾ ਜਾਂਦਾ ਤਾਂ ਘਰ/ਹਵੇਲੀ 'ਚ ਵਾੜਨ ਤੋਂ ਪਹਿਲਾਂ ਸਰੋਂ ਦਾ ਤੇਲ ਚੋ ਕੇ ਸ਼ਗਨ ਮਨਾਇਆ ਜਾਂਦਾ । ਭਾਵ ਕਿ ਹਰ ਉਹ ਪਸ਼ੂ ਜੋ ਖੇਤੀਬਾੜੀ ਵਿਚ ਸਹਾਈ ਹੁੰਦਾ, ਆਉਣ ਜਾਣ ਦਾ ਵਸੀਲਾ ਹੁੰਦਾ, ਦੁੱਧ ਦਾ ਸਰੋਤ ਹੁੰਦਾ, ਉਹਦੀ ਉਪਯੋਗਤਾ ਹੁੰਦੀ, ਉਹਦਾ ਸ਼ਿੰਗਾਰ ਹੁੰਦਾ । ਪਰ ਉਹ ਪਸ਼ੂ ਜੋ ਕਾਰਣ ਵਸ ਉਪਯੋਗੀ ਨਾ ਹੁੰਦੇ, ਨਾ ਤਾਂ ਉਹਦਾ ਸ਼ਿੰਗਾਰ ਹੁੰਦਾ ਤੇ ਨਾ ਹੀ ਉਹਦੇ ਦਾਣੇ ਪਾਣੀ ਦਾ ਖ਼ਿਆਲ ਰਖਿਆ ਜਾਂਦਾ । ਉਪਯੋਗੀ ਖੋਤੇ ਦਾ ਪਲਾਣਾ, ਰੰਗ ਬਰੰਗੇ ਸੂਤ ਅਤੇ ਵਾਲਾਂ ਆਦਿ ਨੂੰ ਕੱਤ ਕੇ ਬਣਾਇਆ ਹੁੰਦਾ ਜਦੋਂ ਕਿ ਫੰਡਰ ਮੱਝ ਜਾਂ ਬੁੱਢਾ ਢੱਗਾ ਅਣਗੌਲੇ ਰਹਿੰਦੇ । ਪਸ਼ੂਆਂ ਨੂੰ ਸ਼ਿੰਗਾਰਣ ਲਗੇ ਇਕ ਪਾਸੇ ਤੇਲ ਨਾਲ ਚੋਪੜਣ ਅਤੇ ਲਿਸ਼ਕਾਉਣ ਦਾ ਸੰਕਲਪ ਸੀ, ਵਾਗਾਂ ਗੁੰਦਣ ਅਤੇ ਮੌਲੀ ਬੰਨ੍ਹਣ ਦਾ ਸੰਕਲਪ ਸੀ, ਦੂਸਰੇ ਪਾਸੇ ਪਸ਼ੂ ਨੂੰ ਕਿਸੇ ਦੀ ਬੁਰੀ ਨਜ਼ਰ ਨਾ ਲਗੇ, ਸੂਣ ਵਾਲੀ ਮੱਝ ਗਾਂ ਦੇ ਗਲ ਵਿਚ ਟੁੱਟੇ ਛਿੱਤਰ ਨੂੰ ਪਰੋ ਕੇ ਪਾਉਣ ਦਾ ਰਿਵਾਜ ਸੀ । ਪਸ਼ੂ ਪਿਆਰੇ ਸਨ ਪਰ ਇਹ ਨਹੀਂ ਕਿ ਉਹ ਵਿਉਪਾਰਕ ਫ਼ਸਲਾਂ ਮਧੋਲਦੇ ਫਿਰਨ, ਉਜਾੜੇ ਖੋਰ ਜਾਨਵਰ ਦੇ ਗਲ ਵਿਚ ਡਾਂਗ (ਲੰਮੀ ਲੱਕੜ ਗਲ ਨਾਲ ਬੱਝੀ ਹੋਈ ਜੋ ਜਾਨਵਰ ਦੇ ਲੱਤਾਂ ਵਿਚ ਬਾਰ ਬਾਰ ਵੱਜ ਕੇ ਉਹਨੂੰ ਦੂਰ ਦਿਸਦੀਆਂ ਹਰੀਆਂ ਫ਼ਸਲਾਂ ਵੱਲ ਭੱਜਣੋਂ ਰੋਕਦੀ) ਪਾਉਣ ਦਾ ਵੀ ਸੰਕਲਪ ਸੀ । ਪਰ ਦੂਸਰੇ ਪਾਸੇ ਦੰਦੋ ਵਹਿੜਦੇ, ਪਹਿਲਣ ਝੋਟੀ ਅਤੇ ਘੋੜੀ ਨੂੰ ਤਕੜਿਆਂ ਕਰਨ ਲਈ, ਆਪ ਹੀ ਹਰੀਆਂ ਕਚੂਰ ਫ਼ਸਲਾਂ ਵਿਚ ਛੱਡ ਦਿੱਤਾ ਜਾਂਦਾ । ਭਾਵ ਵਿਉਪਾਰਕ, ਉਪਯੋਗੀ, ਲਾਭਦਾਇਕ ਮਨਭਾਉਂਦੇ ਪਸ਼ੂਆਂ ਨੂੰ ਨਾ ਸਿਰਫ ਚਿੱਤਰਾਂ, ਰੇਖਾ-ਚਿੱਤਰਾਂ ਵਿਚ ਉਲੀਕਿਆ ਜਾਂਦਾ, ਸਗੋਂ ਉਹਨਾਂ ਦੇ ਸੁਹਜ ਮਈ ਸ਼ਿੰਗਾਰ ਦਾ ਵੀ ਖਾਸ ਖ਼ਿਆਲ ਰਖਿਆ ਜਾਂਦਾ ।

ਖੇਤੀ ਵਿਚ ਪਸ਼ੂਆਂ ਦੀ ਉਪਯੋਗਤਾ ਦੇ ਪ੍ਰਤਿਕਰਮ ਵਜੋਂ, ਘਰਾਂ ਦੇ ਨਾਲ ਨਾਲ ਉਹ ਥਾਂ ਜਿਥੇ ਜਾਨਵਰ ਰਖੇ ਜਾਂਦੇ ਜੋ ਘਰ ਦਾ ਹੀ ਹਿੱਸਾ ਜਾਂ ਕਈ ਹਾਲਤਾਂ ਵਿਚ ਵੱਖਰੀ ਹਵੇਲੀ ਹੁੰਦੀ, ਹਵੇਲੀ ਦੇ ਸੁਹਜ ਸ਼ਿੰਗਾਰ ਦਾ ਵੀ ਖ਼ਿਆਲ ਰਖਿਆ ਜਾਂਦਾ । ਪਸ਼ੂਆਂ ਨਾਲ ਲੋਕਾਂ ਦਾ ਰਿਸ਼ਤਾ ਬੜਾ ਭਾਵੁਕ ਹੁੰਦਾ । ਹਵੇਲੀ ਦਾ ਵੀ ਸ਼ਿੰਗਾਰ ਕੀਤਾ ਜਾਂਦਾ । ਜਿਵੇਂ ਪਿੰਡਾਂ ਵਿਚ ਘਰ ਦਾ ਮੁੱਖ ਬੂਹਾ ਕਿਸ ਪਾਸੇ ਖੁੱਲ੍ਹੇ, ਭਾਵ ਦਿਸ਼ਾ ਪ੍ਰਣਾਲੀ ਬਾਰੇ ਸੰਕਲਪ ਮਿਲਦੇ ਹਨ । ਜਿਵੇਂ ਦੱਖਣ ਵਲ ਬੂਹਾ ਖੁਲ੍ਹਣਾ ਚੰਗਾ ਨਾ ਸਮਝਿਆ ਜਾਂਦਾ । ਇਸੇ ਤਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵੇਲੀ ਦੀ ਵਿਉਂਤਬੰਦੀ ਵਿਚ ਖੁਰਲੀ ਦਾ ਮੂੰਹ ਕਿੱਧਰ ਰਖਣਾ ਹੈ ਭਾਵ ਦੱਖਣ ਵਲ ਮੂੰਹ ਕਰਕੇ ਖੁਰਲੀ ਤੋਂ ਪੱਠੇ ਖਾਂਦਾ ਪਸ਼ੂ, ਦਿਸ਼ਾ ਪ੍ਰਣਾਲੀ ਪੱਖੋਂ ਠੀਕ ਨਹੀਂ ਸਮਝਿਆ ਜਾਂਦਾ। ਹਵੇਲੀ ਦੇ ਮੁਖ ਬੂਹੇ ਉੱਤੇ ਜਾਂ ਬੂਹੇ ਦੇ ਦੋਹੀਂ ਪਾਸੇ ਸਿਆਣੇ ਮਾਂਦਰੀ ਤੋਂ ਧਾਗੇ ਤਵੀਤ ਕਰਵਾ ਕੇ ਰਖੇ ਜਾਂਦੇ ਕਿ ਡੰਗਰਾਂ ਨੂੰ ਮੂੰਹ ਖੁਰ, ਜ਼ਹਿਰਬਾਦ ਆਦਿ ਦੀ ਬਿਮਾਰੀ ਨਾ ਹੋਵੇ। ਇਥੇ ਹੀ ਬਸ ਨਹੀਂ ਡੰਗਰਾਂ ਦੀ ਰੂੜੀ ਖੇਤੀ ਦੀ ਪੈਦਾਵਾਰ ਵਧਾਉਣ ਦਾ ਇਕ ਮੁਖ ਵਸੀਲਾ ਹੈ, ਇਸ ਲਈ ਰੂੜੀ ਵਧੇ (ਭਾਵ ਮਾਲ ਡੰਗਰ ਵਧੇ ਫੁਲੇ) ਇਸ ਲਈ ਜਿਵੇਂ ਦੀਵਾਲੀ ਨੂੰ ਸਾਰੇ ਘਰੀਂ, ਖੁਰਲੀ ਉੱਤੇ ਦੀਵਾ ਜਗਾਇਆ ਜਾਂਦਾ। ਪੰਜਾਬੀ ਸਭਿਆਚਾਰ ਵਿਚ ਪਸ਼ੂਆਂ ਦੀ ਉਪਯੋਗਤਾ ਦੀਆਂ ਭਾਵਨਾਤਮਕ ਜੜ੍ਹਾਂ ਬਹੁਤ ਗਹਿਰੀਆਂ ਹਨ। ਪੰਜਾਬੀ ਅਜੇ ਵੀ ਪਿੰਡਾਂ ਵਿਚ ਗੋਹੇ ਨਾਲ ਘਰ, ਚੁੱਲ੍ਹੇ ਚੌਂਕੇ ਨੂੰ ਲਿੰਬਦੇ, ਸ਼ਿੰਗਾਰ ਕਰਦੇ ਹਨ। ਗਰੀਬ ਘਰਾਂ ਵਿਚ ਪਸ਼ੂਆਂ ਨਾਲ ਸਿਆਲ ਵਿਚ ਉਹੀ ਕਮਰਾ ਸਾਂਝਾ ਕਰਕੇ ਸੌਣਾ, ਇਕ ਆਮ ਜਿਹੀ ਗੱਲ ਹੈ। ਵਿਦੇਸ਼ਾਂ ਤੋਂ ਸ਼ਹਿਰੀ ਵਿਉਂਤਬੰਦੀ ਪੜ੍ਹ ਕੇ ਆਏ ਮਾਹਰ ਪਸ਼ੂਆਂ ਤੇ ਮਨੁੱਖਾਂ ਨੂੰ ਸਿਆਲ ਵਿਚ ਇਕੋ ਕਮਰੇ ਨੂੰ ਸਾਂਝਾ ਵਰਤਣ ਨੂੰ ਜਿੰਨਾ ਮਰਜ਼ੀ ਹਿਕਾਰਤ ਨਾਲ ਵੇਖਣ, ਪਿੰਡਾਂ ਦੀ ਵਿਉਂਤਬੰਦੀ ਕਰਦੇ ਹੋਏ ਅਜੇ ਕਈ ਦਹਾਕੇ ਲਗਣਗੇ ਜਦੋਂ ਪਸ਼ੂਆਂ ਨੂੰ ਮਨੁੱਖਾਂ ਦੇ ਘਰਾਂ ਕੋਲੋਂ ਵੱਖਰੇ ਇਲਾਕੇ ਅਤੇ ਇਕਾਈ ਵਜੋਂ ਕਾਮਯਾਬੀ ਨਾਲ ਵਿਉਂਤਿਆ ਜਾਏਗਾ ਅਤੇ ਲੋਕ ਇਹਨੂੰ ਪਰਵਾਨ ਕਰਨਗੇ।

ਸੁਹਜ ਸ਼ਿੰਗਾਰ ਵਿਚ ਕੁਦਰਤ, ਪਸ਼ੂਆਂ ਅਤੇ ਮਨੁੱਖਾਂ ਦੇ ਤਾਲ ਮੇਲ ਦੀ ਗੱਲ ਇਥੇ ਹੀ ਖ਼ਤਮ ਨਹੀਂ ਹੁੰਦੀ। ਪਸ਼ੂਆਂ ਨੂੰ ਵਰਤ ਕੇ ਕੁਦਰਤ ਦੀਆਂ ਹਿੱਕਾਂ ਫੋਲਣ ਲਈ ਮਨੁੱਖ ਨੇ ਜਿੰਨੇ ਵੀ ਸੰਦ ਅਤੇ ਖੇਤੀ ਬਾੜੀ ਨਾਲ ਸੰਬੰਧਿਤ ਔਜਾਰ ਘੜੇ ਹਨ ਕਿਉਂਕਿ ਉਹਨਾਂ ਪੈਦਾਵਾਰ ਵਧਾਉਣ ਵਿਚ ਅਹਿਮ ਹਿੱਸਾ ਪਾਇਆ ਹੈ, ਇਸ ਲਈ ਖੂਹ ਤੋਂ ਲੈ ਕੇ ਗੱਡੇ ਤਕ ਹਰ ਸੰਦ ਦੇ ਸੁਹਜ ਸ਼ਿੰਗਾਰ ਨਾਲ ਜੁੜੇ ਸੰਕਲਪ ਵੀ ਮਿਲਦੇ ਹਨ। ਖੂਹਾਂ ਦੀਆਂ ਮਣਾਂ ਉਤੇ ਬਣੇ ਚਿਤਰ ਇਸ ਗੱਲ ਦੀ ਸ਼ਾਹਦੀ ਭਰਦੇ ਹਨ। ਗੱਡੇ, ਰੇਹੜੇ, ਗੜਬੈਲਾਂ, ਟਾਂਗੇ, ਰੱਥਾਂ ਆਦਿ ਨਾਲ ਜੁੜਿਆ ਸੁਹਜ ਸ਼ਿੰਗਾਰ ਜਿਸ ਵਿਚ ਪਿੱਤਲ ਦੇ ਕੋਕੇ ਵੀ ਹਨ, ਕੌਡੀਆਂ ਵਾਲੀਆਂ ਝਾਲਰਾਂ, ਸ਼ੀਸ਼ਿਆਂ ਨਾਲ ਜੜੇ ਪੜਦੇ ਵੀ ਇਸ ਪਾਸੇ ਸੰਕੇਤ ਕਰਦੇ ਹਨ। ਖਰਾਸ/ਘਰਾਟ, ਟਿੰਡਾਂ ਵਾਲੇ ਸਿੰਜਾਈ ਵਾਲੇ ਖੂਹ, ਬਾਉਲੀਆਂ, ਚੁਬੱਚੇ, ਪਾਣੀ ਦੀਆਂ ਨਹਾਉਣ ਵਾਲੀਆਂ ਟੂਟੀਆਂ, ਤਲਾਅ, ਢਾਬਾਂ, ਸਰੋਵਰ, ਘਾਟ ਆਦਿ ਦੇ ਸੁਹਜ ਸ਼ਿੰਗਾਰ ਨਾਲ ਪਾਣੀ ਦੀ ਉਪਯੋਗਤਾ ਅਤੇ ਸੰਦਾਂ ਨਾਲ ਜੁੜੇ ਲੋਕ ਚੇਤਨਾ ਵਿਚ ਪੂਜਾ ਦੇ ਸੰਕਲਪ ਸਹਿਜੇ ਹੀ ਕਿਆਸੇ ਜਾ ਸਕਦੇ ਹਨ। ਪਿੰਡਾਂ ਅਤੇ ਘਰਾਂ ਵਿਚ ਜੋ ਵੀ ਤਰਤੀਬ ਕੀਤਾ ਜਾਣ ਲੱਗਾ ਉਹਦੇ ਰੂਪ, ਆਕਾਰ ਅਤੇ ਨੁਹਾਰ ਲਈ ਕੁਦਰਤ ਦੇ ਰੂਪ ਅਤੇ ਆਕਾਰ ਪ੍ਰੇਰਣਾਤਮਕ ਸੰਕੇਤ ਕਰਨ ਲੱਗੇ। ਮੋਰ, ਚਿੜੀਆਂ, ਘੁੱਗੀਆਂ, ਬਾਘੜ ਬਿੱਲੇ, ਸ਼ੇਰ, ਹਾਥੀ, ਊਠ, ਘੋੜੇ, ਫੁੱਲ, ਵੇਲਾਂ, ਬੂਟੇ, ਸੂਰਜ, ਚੰਦਰਮਾਂ, ਤਾਰੇ, ਨੌਂ ਗ੍ਰਹਿ, ਰੁੱਤਾਂ ਆਦਿ ਦੇ ਰੂਪ ਅਤੇ ਆਕਾਰ ਇੰਨ ਬਿੰਨ ਮੂਲ ਰੂਪ ਵਿਚ ਸਿਰਜਣਾ ਦੀ ਪ੍ਰਕਿਰਿਆ ਦਾ ਆਧਾਰ ਬਣ ਗਏ। ਕੁਦਰਤ ਦੇ ਵੱਖੋ ਵੱਖਰੇ ਤੱਤਾਂ ਦੀ ਮੂਲ ਰੂਪ ਵਿਚ; ਪਿੰਡਾਂ ਘਰਾਂ ਅਤੇ ਹੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਅਕ ਕਲਾ ਕਿਰਤਾਂ ਦੇ ਰੂਪ ਆਕਾਰ ਅਤੇ ਬਣਤਰ ਵਿਚ ਵਰਤੋਂ ਦਾ ਇਹ ਸੰਕਲਪ ਕੁਦਰਤ ਦੀ ਬਣਤਰ ਦੇ ਸੀਮਾ ਖੇਤਰ ਵਿਚ ਆਉਂਦਾ ਹੈ। ਖੇਤੀਬਾੜੀ ਆਧਾਰਿਤ ਸਭਿਆਚਾਰ ਹੋਣ ਕਰਕੇ ਕੁਦਰਤੀ ਤੱਤਾਂ ਦੀ ਰੂਪ, ਸ਼ਕਲ, ਨੁਹਾਰ, ਪੰਜਾਬ ਦੀ ਲੋਕ ਕਲਾ ਦਾ ਆਧਾਰ ਬਣ ਗਈ। **ਪੰਜਾਬ ਦੇ ਪਿੰਡਾਂ ਅਤੇ ਘਰਾਂ ਵਿਚ ਚੌਕੇ, ਪੜਛੱਤੀਆਂ, ਦੁੱਧ ਵਾਲੀਆਂ ਭੜੋਲੀਆਂ, ਦਾਣਿਆਂ ਵਾਲੀਆਂ ਭੜੋਲੀਆਂ, ਆਲੇ, ਰੋਸ਼ ਆਦਿ ਦੀ ਬਣਤਰ ਅਤੇ ਸ਼ਿੰਗਾਰ ਲਈ ਬਣਾਏ ਗਏ ਸੁਹਜਮਈ ਮੋਰ, ਚਿੜੀਆਂ, ਫੁੱਲ, ਵੇਲਾਂ, ਬੂਟੇ, ਘੁੱਗੀਆਂ, ਬਿੱਲੇ, ਚੰਦਰਮਾਂ, ਤਾਰੇ ਇੰਨੇ ਸਜੀਵ ਸਿਰਜੇ ਜਾਂਦੇ ਹਨ ਕਿ ਲਗਦਾ ਹੈ ਜਿਵੇਂ ਮੋਰਨੀਆਂ, ਚਿੜੀਆਂ, ਘੁੱਗੀਆਂ ਹੁਣੇ ਉਡਾਰੀ ਲਾ ਜਾਣਗੀਆਂ। ਬਿੱਲਾ ਹੁਣੇ ਹੁਣੇ ਕਿਸੇ ਚੂਹੇ ਤੇ ਝਪਟ ਪਵੇਗਾ, ਫੁੱਲ, ਵੇਲਾਂ, ਬੂਟੇ ਜਿਵੇਂ ਪੁਰੇ ਦੀ ਹਵਾ ਨਾਲ ਝੂੰਮਣ ਲੱਗ ਪੈਣਗੇ।** ਸੂਰਜ ਜਿਵੇਂ ਇਨ੍ਹਾਂ ਕੁਦਰਤੀ ਤੱਤਾਂ ਦੇ ਰੂਪ ਆਕਾਰ, ਮਾਪ ਅਨੁਪਾਤ ਅਤੇ ਅੰਦਾਜ਼ ਬਿਲਕੁਲ ਸਜੀਵ ਚਿੜੀਆਂ ਘੁੱਗੀਆਂ ਬਣਾ ਕੇ ਘਰਾਂ ਦੇ ਸੁਹਜ ਸ਼ਿੰਗਾਰ ਨੂੰ ਵਧਾਉਣ ਲੱਗ ਪੈਂਦਾ। ਪੀੜ੍ਹੀ ਦਰ ਪੀੜ੍ਹੀ ਇਹ ਕਰਦੇ ਹੋਏ ਕੁਦਰਤੀ ਸ਼ਕਲਾਂ ਆਕਾਰ ਤੋਂ ਪ੍ਰਭਾਵਿਤ ਸਭਿਆਚਾਰਕ ਸਿਰਜਣਾ ਦੀ ਪ੍ਰਕ੍ਰਿਆ ਸਮੇਂ ਸਮੇਂ ਨਵੇਂ ਅਰਥਾਂ, ਨਵੇਂ ਭਾਵਾਂ, ਬਿੰਬਾਂ, ਪ੍ਰਤੀਕਾਂ ਅਤੇ ਚਿੰਨ੍ਹਾਂ ਨਾਲ ਘਰਾਂ ਅਤੇ ਪਿੰਡਾਂ ਦੀ ਨੁਹਾਰ ਨੂੰ ਸ਼ਿੰਗਾਰਣ ਲੱਗ ਪਈ।

ਕੁਦਰਤ ਮਨੁੱਖ ਅਤੇ ਪਸ਼ੂਆਂ ਦਾ ਤਾਲ ਮੇਲ ਹੋਣ ਕਰਕੇ, ਪੰਜਾਬ ਦੇ ਸੁਹਜ ਸ਼ਿੰਗਾਰ ਨਾਲ ਜੁੜੇ ਸੰਕਲਪਾਂ ਅਤੇ ਪ੍ਰਤੀਕਾਂ ਵਿਚ ਦੋ ਹੋਰ ਅਰਥ ਸੰਭਾਵਨਾਵਾਂ ਹਨ। ਪਹਿਲੀ ਅਨੁਸਾਰ, ਪਿੰਡਾਂ ਅਤੇ ਘਰਾਂ ਦਾ ਰੂਪ ਆਕਾਰ, ਬਣਤਰ ਇਮਾਰਤੀ ਸਮਾਨ ਦੀ ਵਰਤੋਂ ਚੌਗਿਰਦੇ ਨਾਲ ਸਮਰੂਪ ਅਤੇ ਸਮਤੋਲ ਹੁੰਦੀ। ਪਿੰਡਾਂ ਅਤੇ ਘਰਾਂ ਦੀ ਦਿੱਖ ਚੌਗਿਰਦੇ ਨਾਲ ਇਕ ਸੁਰ ਤਾਲ ਵਿਚ ਗੁੰਦਵੀਂ ਹੁੰਦੀ ਜੋ ਚੌਗਿਰਦੇ ਦੀ ਮਿੱਟੀ, ਪਹਾੜਾਂ, ਪੱਥਰਾਂ ਦਾ ਰੰਗ ਹੁੰਦਾ ਉਹੀ ਘਰਾਂ ਅਤੇ ਪਿੰਡਾਂ ਦਾ ਹੁੰਦਾ। ਜੋ ਬਣਤਰ ਇਮਾਰਤੀ ਸਮਾਨ ਦੀ ਹੁੰਦੀ ਘਾਹ, ਫੂਸ, ਟਾਹਲੀ, ਕਿੱਕਰ ਆਦਿ ਉਹ ਕੁਝ ਘਰਾਂ ਦੀਆਂ ਛੱਤਾਂ, ਕੰਧਾਂ, ਥਮਲਿਆਂ ਲਈ ਵਰਤਿਆ ਜਾਂਦਾ। ਇੰਜ ਪਿੰਡ ਅਤੇ ਘਰ, ਭੂ-ਦ੍ਰਿਸ਼ ਵਿਚ, ਚੌਗਿਰਦੇ ਵਿਚ ਉਗਮੇ ਲੱਗਦੇ ਨਾ ਕਿ ਇਲਾਕੇ ਉਤੇ ਰੰਗ ਆਕਾਰ, ਮਾਪ ਅਤੇ ਆਕਾਰ ਪਖੋਂ ਚੌਗਿਰਦੇ ਤੇ ਠੋਸੇ ਲਗਦੇ।

ਦੂਸਰੇ, ਪੰਜਾਬ ਦੇ ਸਭਿਆਚਾਰ ਨੇ ਇਕ ਹੋਰ ਸੰਭਾਵਨਾ ਨੂੰ ਅਪਣਾਇਆ ਜਿਸ ਇਲਾਕੇ/ਖੇਤਰ ਵਿਚ ਜੋ ਕੁਦਰਤੀ ਵਨਸਪਤਿ ਜਾਂ ਕੁਦਰਤ ਦੇ ਹੋਰ ਤੱਤ ਬਹੁਤੀ ਮਾਤਰਾ ਵਿਚ ਮਿਲਦੇ, ਉੱਥੇ ਸੁਹਜ ਸ਼ਿੰਗਾਰ ਵਿਚ ਬਹੁਤੀ ਮਾਤਰਾ ਵਿਚ ਮਿਲਦੀ ਨਿਗੁਣੀ ਵਸਤ/ਤੱਤ ਨੂੰ ਜਿਸਮ ਦੀ ਮੁਸ਼ੱਕਤ ਨਾਲ ਹੱਥਾਂ ਦੀ ਸਿਰਜਣਾ ਨਾਲ, ਲੋਕ ਗੀਤਾਂ ਦੀਆਂ ਧੁਨਾਂ ਗੁਣਗੁਣਾਉਂਦੇ, ਲੋਕ ਕਲਾ ਦੇ ਨਮੂਨੇ, ਬਿੰਬਾਂ, ਪ੍ਰਤੀਕਾਂ ਦੇ ਧਾਰਮਿਕ ਅਤੇ ਸਮਾਜਿਕ ਅਰਥ ਸੰਚਾਰ ਨਾਲ, ਲੋਕ ਕਲਾ ਦੀ ਪ੍ਰਾਪਤੀ ਵਜੋਂ ਉਘਾੜ ਕੇ ਸੁਹਜ ਸ਼ਿੰਗਾਰ ਲਈ ਵਰਤਿਆ ਜਾਂਦਾ। ਮਿਸਾਲ ਵਜੋਂ ਜਿਥੇ ਨਹਿਰਾਂ, ਖਾਲਾਂ, ਕੰਢੇ, ਖਜੂਰਾਂ ਦੇ ਖੱਗੇ ਬਹੁਲਾਤ 'ਚ ਮਿਲਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਥੇ ਖਜੂਰ ਦੇ ਖਗਿਆਂ ਨਾਲ ਚੰਗੇਰਾਂ, ਸਰਪੋਸ਼, ਛਿੱਕੂ, ਖੋਪੇ, ਛਣਕਣੇ, ਪੱਖੀਆਂ ਬਣਾਉਂਦੇ ਹੋਏ ਨਿਗੂਣੇ ਖਜੂਰ ਦੇ ਖਗਿਆਂ ਨਾਲ ਕਈ ਵਸਤਾਂ ਤਿਆਰ ਕਰ ਲਈਆਂ ਜਾਂਦੀਆਂ ਤੇ ਇਥੇ ਹੀ ਬਸ ਨਹੀਂ, ਪੱਖੀ ਨੂੰ ਨਿੱਕੀਆਂ ਘੁੰਗਰੀਆਂ ਲਾਈਆਂ ਜਾਂਦੀਆਂ ਕਿ ਹਵਾ ਝੱਲਣ ਉੱਤੇ ਜਲਤਰੰਗ ਵਜਦੀ ਮਹਿਸੂਸ ਹੋਏ। ਪੱਖੀ ਨੂੰ ਲੇਸ, ਗੋਟੇ ਤੇ ਹੋਰ ਕਈ ਕੁਝ ਲਾ ਕੇ ਨਵੇਂ ਤਜ਼ਰਬੇ ਕੀਤੇ ਜਾਂਦੇ। ਖੱਗੇ ਕੁਝ ਰੰਗ ਕੇ, ਰੰਗ ਅਤੇ ਆਕਾਰਾਂ ਦੇ ਨਵੇਂ ਤਜ਼ਰਬੇ ਸ਼ੁਰੂ ਹੋ ਜਾਂਦੇ। ਫਿਰ ਜਦੋਂ ਰੰਗੇ ਹੋਏ ਖੱਗਿਆਂ ਨਾਲ ਰੇਖਾ-ਗਣਿਤ ਦੀਆਂ ਸ਼ਕਲਾਂ ਉਭਰਦੀ ਚੰਗੇਰ ਲੈ ਕੇ ਕੋਈ ਭੂਆ, ਭਤੀਜਾ ਜੰਮਣ ਤੇ, ਕੋਈ ਭਾਬੀ ਦਿਉਰ ਵਿਆਹੁਣ ਤੇ, ਭਾਜੀ ਵੰਡਣ ਜਾਂਦੀ, ਚੰਗੇਰ ਦੇ ਰੰਗ ਭੂਆ-ਭਾਬੀ ਦੀਆਂ ਸ਼ੋਖੀਆਂ ਵਰਗੇ ਹੁੰਦੇ। ਇਹ ਸਿਰਫ ਖਗਿਆਂ ਦੀ ਮਿਸਾਲ ਸੀ ਇਸੇ ਤਰ੍ਹਾਂ ਜਿਸ ਇਲਾਕੇ ਵਿਚ ਬਹੁਕਰ ਦੇ ਤੀਲੀਆਂ ਵਾਲੀ ਦੱਬ ਹੁੰਦੀ ਉੱਥੇ ਲੋੜਾਂ ਤਾਂ ਭਾਵੇਂ ਉਹੀ ਹੁੰਦੀਆਂ, ਵਸਤਾਂ ਦਾ ਰੂਪ-ਆਕਾਰ ਬਦਲ ਜਾਂਦਾ। ਭਾਵ ਕੁਦਰਤ ਨੇ ਜਿਸ ਇਲਾਕੇ ਨੂੰ ਜਿਸ ਵੀ ਚੀਜ਼/ਵਸਤ/ਤੱਤ ਦੀ ਅਮੀਰੀ/ਬਹੁਲਾਤ ਬਖਸ਼ੀ ਹੁੰਦੀ, ਉਸੇ ਨਿਗੂਣੀ ਵਸਤ ਨੂੰ ਮਿਹਨਤ ਨਾਲ ਕਲਾਮਈ ਆਕਾਰ ਦੇ ਕੇ, ਉਸ ਉੱਤੇ ਸਭਿਆਚਾਰਕ ਬਿੰਬ, ਪ੍ਰਤੀਕ, ਉਘਾੜ ਕੇ ਨਾ ਸਿਰਫ ਵਸਤਾਂ ਦੇ ਸੁਹਜ ਨਾਲ ਘਰ ਨੂੰ ਸ਼ਿੰਗਾਰਿਆ ਜਾਂਦਾ, ਸਗੋਂ ਨਿਗੂਣੀਆਂ ਵਸਤਾਂ ਨੂੰ ਉਪਯੋਗੀ ਬਣਾ ਕੇ ਉਹਨਾਂ ਤੇ ਕਈ ਕਈ ਕਾਰਜ ਸਿੱਧ ਕੀਤੇ ਜਾਂਦੇ। ਮਿਸਾਲ ਵਜੋਂ ਜੇ ਚੰਗੇਰ ਦੀ ਹੀ ਗੱਲ ਕੀਤੀ ਜਾਏ ਤਾਂ ਤੰਦੂਰ ਤੋਂ ਲਾਹੇ ਹੋਏ, ਫੁੱਲੇ ਹੋਏ ਫੁਲਕੇ ਚੰਗੇਰ 'ਚ ਵਲੇਟੇ ਜਾਂਦੇ, ਭਾਜੀ, ਗੁੜ, ਪਤਾਸੇ, ਲੱਡੂ ਆਦਿ ਚੰਗੇਰ 'ਚ ਰੱਖ ਕੇ ਵੰਡੇ ਜਾਂਦੇ। ਪਾਠ ਜਾਂ ਅਖੰਡਪਾਠ ਵੇਲੇ ਚੰਗੇਰ 'ਗੁਰੂ ਗ੍ਰੰਥ ਸਾਹਿਬ' ਕੋਲ ਰਖੀ ਜਾਂਦੀ ਕਿ ਮੱਥਾ ਟੇਕਣ ਆਈਆਂ ਔਰਤਾਂ ਅਤੇ ਬੱਚੇ ਉਹਦੇ ਵਿਚ ਆਟਾ ਦਾਲ ਚੌਲ ਆਦਿ ਪਾ ਸਕਣ, ਵਿਆਹ ਫੇਰਿਆਂ ਵੇਲੇ ਚੰਗੇਰ 'ਚ ਗੁੱਟੇ ਦੇ ਫੁੱਲਾਂ ਦੀਆਂ ਪੱਤੀਆਂ ਤੋੜ ਕੇ ਜੋੜੀ ਉੱਤੋਂ ਵਾਰਨ ਲਈ ਵੰਡੇ ਜਾਂਦੇ।

ਉਪਰ ਕੀਤੇ ਗਏ ਵਿਸ਼ਲੇਸ਼ਣ ਤੋਂ ਸਹਿਜੇ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪੰਜਾਬ ਦੇ ਸਭਿਆਚਾਰ ਵਿਚ ਕੁਦਰਤ, ਪਸ਼ੂ ਅਤੇ ਮਨੁੱਖਾਂ ਦੇ ਤਾਲਮੇਲ ਨਾਲ ਪਿੰਡਾਂ, ਘਰਾਂ ਅਤੇ ਕਲਾ-ਕਿਰਤ ਦੀ ਸਿਰਜਣਾ ਵਿਚ ਕੁਦਰਤ ਦੇ ਮੂਲ ਰੂਪਾਂ ਨੂੰ ਸੁਹਜ ਸ਼ਿੰਗਾਰ ਲਈ ਵਰਤਿਆ ਗਿਆ ਹੈ। ਉਪਰੋਕਤ ਤਾਲਮੇਲ ਨਾਲ ਖੇਤੀ ਪ੍ਰਧਾਨ ਇਲਾਕਾ ਹੋਣ ਕਰ ਕੇ ਹਰ ਉਹ ਆਧਾਰ ਜੋ ਪੈਦਾਵਾਰ ਵਿਚ ਵਾਧਾ ਕਰੇ, ਕਿਸੇ ਨਾ ਕਿਸੇ ਰੂਪ, ਚਿੰਨ੍ਹ, ਬਿੰਬ ਜਾਂ ਪ੍ਰਤੀਕ ਵਜੋਂ ਸੁਹਜ ਸ਼ਿੰਗਾਰ ਦਾ ਹਿੱਸਾ ਬਣ ਗਿਆ।

(2) ਪਿੰਡਾਂ ਦੇ ਰੂਪ ਅਤੇ ਬਣਤਰ ਨਾਲ ਜੁੜੇ ਸੰਕਲਪ ਅਤੇ ਪ੍ਰਤੀਕ

ਪਿੰਡਾਂ ਦੀ ਰੂਪ ਅਤੇ ਬਣਤਰ ਪੰਜਾਬੀਆਂ ਦੀ ਸਦੀਆਂ ਦੀ ਜਦੋ ਜਹਿਦ, ਵਿਸ਼ਵਾਸਾਂ, ਆਦਰਸ਼ਾਂ, ਧਾਰਮਿਕ, ਸਮਾਜਿਕ ਅਕੀਦਿਆਂ ਤੇ ਮਨੁੱਖੀ ਤਜ਼ਰਬੇ ਦਾ ਆਪਣੇ ਚੌਗਿਰਦੇ ਦੀ ਰੂਪ ਅਤੇ ਨੁਹਾਰ ਨੂੰ ਸਵਾਰਣ ਦਾ ਨਿਚੋੜ ਹੈ। ਪਿੰਡ ਇਸ ਗੱਲ ਦਾ ਮੂਰਤੀਮਾਨ ਰੂਪ ਹਨ ਕਿ ਕਿਵੇਂ ਲਗਾਤਾਰ ਅਣਥੱਕ ਪੰਜਾਬੀਆਂ ਸੁਹਜ ਸ਼ਿੰਗਾਰ ਨੂੰ ਸਭਿਆਚਾਰਕ ਪ੍ਰਤੀਕਾਂ ਨਾਲ ਸੁਰ ਤਾਲ ਕਰਕੇ ਚੌਗਿਰਦੇ ਦੇ ਹੁਸਨ ਨਾਲ ਸਮਰੂਪ ਕੀਤਾ ? ਇਸ ਭਾਗ ਵਿਚ ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੰਜਾਬ ਦੇ ਪਿੰਡਾਂ ਦੀਆਂ ਥਾਵਾਂ, ਗਲੀਆਂ ਅਤੇ ਢਾਂਰਿਆਂ ਦੀ ਕਿਵੇਂ ਵਿਉਂਤਬੰਦੀ ਅਤੇ ਤਰਤੀਬ ਨੂੰ ਉਘਾੜਿਆ ਗਿਆ ਕਿ ਉਹ ਪਿੰਡਾਂ, ਥਾਂਵਾਂ, ਗਲੀਆਂ ਨਾਲ ਜੁੜੇ ਅਰਥਾਂ ਨੂੰ ਸਮੇਂ ਦੇ ਪਰਿਪੇਖ ਵਿਚ ਕਿਵੇਂ ਸੰਚਾਰ ਕਰਦੇ ਹਨ। ਪਿੰਡਾਂ ਦੀ ਵਿਉਂਤਬੰਦੀ ਅਤੇ ਤਰਤੀਬ ਕਰਦੇ ਹੋਏ ਪੰਜਾਬੀਆਂ ਛੱਜੇ, ਝਰੋਖੇ, ਅਟਾਰੀਆਂ, ਗੁਮਟੀਆਂ, ਕੋਠੇ, ਮੰਡਪ, ਮਾੜੀਆਂ, ਛੰਨਾਂ, ਢਾਰੇ ਆਦਿ ਉਸਾਰ ਕੇ ਇਕ ਅੱਖਾਂ ਦੀ ਭਾਸ਼ਾ ਸਿਰਜੀ ਹੈ। ਇਹ ਵੇਖ ਕੇ ਸਮਝਣ ਯੋਗ ਭਾਸ਼ਾ ਕੀ ਹੈ ਇਹਦੇ ਨਾਲ ਜੁੜੇ ਅਰਥ ਕੀ ਕੀ ਪ੍ਰਗਟਾਉਂਦੇ ਹਨ। ਜੋ ਪ੍ਰਗਟਾਇਆ ਜਾ ਰਿਹਾ ਹੈ ਉਹਦੇ ਪਿੱਛੇ ਕੀ ਕੀ ਸੰਕਲਪ ਅਤੇ ਪ੍ਰਤੀਕ ਹਨ। ਇਨ੍ਹਾਂ ਸੰਕਲਪਾਂ ਦੀਆਂ ਜੜ੍ਹਾਂ ਕਿਥੇ ਹਨ, ਆਦਿ ਤੱਥਾਂ ਨੂੰ ਦੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਪੰਜਾਬ ਦੇ ਪਿੰਡਾਂ ਦੇ ਰੂਪ ਅਤੇ ਬਣਤਰ ਦੀ ਪਿੱਠ ਭੂਮੀ ਵਿਚ ਵੈਦਿਕ ਅਤੇ ਪੁਰਾਣਕ ਸਾਹਿਤ ਹੈ। ਵੇਦ ਤੇ ਪੁਰਾਣ ਬਹੁਤੇ ਛਪੀ ਹੋਈ ਮਾਤਰਾ 'ਚ ਨਾ ਮਿਲਣ ਕਰਕੇ ਜਿਥੇ ਮਿਲਦੇ ਉਥੇ ਸੰਸਕ੍ਰਿਤ ਦੇ ਸਲੋਕਾਂ ਕਰਕੇ ਆਮ ਲੋਕਾਂ ਦੀ ਸਮਝ ਵਿਚ ਨਹੀਂ ਸਨ ਆਉਂਦੇ। ਇਸ ਲਈ ਪੁਰਾਣਕ ਫ਼ਲਸਫ਼ੇ ਬਾਰੇ ਪੀੜ੍ਹੀ ਦਰ ਪੀੜ੍ਹੀ ਜੋ ਵੀ ਲੋਕ ਕੰਨੋ ਕੰਨੀ ਸੁਣਦੇ ਆਏ ਉਹੀ ਪਿੰਡਾਂ ਦੀ ਵਿਉਂਤਬੰਦੀ, ਭਵਨ ਉਸਾਰੀ ਕਲਾ ਅਤੇ ਤਰਤੀਬ ਦਾ ਆਕਾਰ ਬਣ ਗਿਆ। ਸਮਰਾਂਗਣ ਸੂਤਰਧਾਰ, ਸਕੰਤ ਪੁਰਾਣ, ਮਨਸਾਰ ਆਦਿ ਵਿਚ ਮਨੁੱਖੀ ਆਬਾਦੀਆਂ ਬਾਰੇ ਮਿਲਦੇ ਸੰਕੇਤ ਆਮ ਲੋਕਾਂ ਦੇ ਜੀਵਨ ਵਿਚ ਰਚ ਮਿਚ ਕੇ ਪੰਜਾਬ ਦੇ ਲੋਕਯਾਨ ਵਿਉਂਤਬੰਦੀ ਦਾ ਆਧਾਰ ਬਣੇ।[9]

ਪਿੰਡਾਂ ਦੀ ਸਥਾਪਨਾ ਸਮੇਂ, ਪਾਣੀ ਦੇ ਸਰੋਤ, ਉਪਜਾਊ ਧਰਤੀ, ਰਮਣੀਕ ਚੌਗਿਰਦਾ, ਮੁਖ ਸ਼ਾਹ ਰਾਹ ਦੀ ਪਿੰਡ ਦੇ ਕੋਲ ਨਿਕਲਦੀ ਸਥਿਤੀ, ਸੁਰੱਖਿਆ ਆਦਿ ਥਾਂ ਦੀ ਚੋਣ ਦੇ, ਮੁਖ ਦ੍ਰਿਸ਼ਟੀਗੋਚਰੇ ਤੱਥ ਹੁੰਦੇ। ਕਰੇਮਲ ਸਟਰੈਚ ਦੀ ਕਿਤਾਬ 'ਦੀ ਹਿੰਦੂ ਟੈਂਪਲ' ਅਨੁਸਾਰ ਪੁਰਾਣਕ ਸੋਚ ਇਹ ਸੀ ਕਿ ਰਮਣੀਕ ਚੌਗਿਰਦੇ, ਨਦੀਆਂ, ਨਾਲਿਆਂ, ਫੁੱਲਾਂ, ਬਾਗ਼ ਆਦਿ ਵਿਚ ਦੇਵਤੇ ਵਾਸ ਕਰਦੇ ਹਨ ਤੇ ਪਿੰਡਾਂ, ਕਸਬਿਆਂ, ਸ਼ਹਿਰਾਂ ਤੇ ਮੰਦਿਰਾਂ ਦੀ ਉਸਾਰੀ ਲਈ ਅਜਿਹੇ ਥਾਂ ਅਤਿ ਉੱਤਮ ਸਮਝੇ ਜਾਂਦੇ। ਪੰਜਾਬ 'ਚ ਬਹੁਤ ਮਾਤਰਾ 'ਚ ਪਿੰਡਾਂ ਦੀ ਸਥਾਪਨਾ ਦਰਿਆਵਾਂ ਕੰਢੇ ਹੋਣ ਬਾਰੇ ਇਤਿਹਾਸਕ ਪ੍ਰਮਾਣ ਮਿਲਦੇ ਹਨ। ਪਾਣੀ ਇਕ ਪ੍ਰਮੁੱਖ ਸਰੋਤ ਵਜੋਂ ਪਿੰਡ ਦੀ ਸਥਾਪਨਾ ਨੂੰ ਪ੍ਰਭਾਵਿਤ ਕਰਦਾ। ਜਿਥੇ ਦਰਿਆ ਨੇੜੇ ਨਾ ਹੁੰਦਾ ਉਥੇ ਵੇਈਂ, ਨਾਲੇ, ਵੱਡੀ ਢਾਬ, ਰੋਹੀਆਂ ਆਦਿ ਕੰਢੇ ਪਿੰਡ ਵਸਾਏ ਜਾਂਦੇ। ਪੰਜਾਬ ਵਿਚ ਸਿੱਖੀ ਦੇ ਪ੍ਰਚਾਰ ਨਾਲ ਥਾਂ ਦੀ ਚੋਣ ਬਾਰੇ ਇਕ ਨਿਵੇਕਲਾ ਸੰਕਲਪ ਉਭਰਿਆ "ਜਿਥੇ ਜਾਏ ਬਹੇ ਮੇਰਾ ਸਤਿਗੁਰੂ ਸੋਈ ਥਾਨ ਸੁਹਾਵਾ ਰਾਮ ਰਾਜੇ"[10] ਭਾਵ ਕਰਤਾਰਪੁਰ ਰਾਵੀ ਤੋਂ ਲੈ ਕੇ ਆਨੰਦਪੁਰ ਸਾਹਿਬ ਤਕ ਹਰ ਵਾਰੀ ਥਾਂ ਦੀ ਚੋਣ ਮੁਖ ਸ਼ਹਿਰਾਂ ਤੋਂ ਦੂਰ, ਉੱਭੜ ਖਾਬੜ ਭੋਇੰ, ਸ਼ਾਹ ਰਾਹ ਤੋਂ ਨੇੜੇ, ਪਾਣੀ ਦੇ ਸਰੋਤਾਂ ਕੰਢੇ ਸਿੱਖ ਧਾਰਮਿਕ ਸਥਾਨਾਂ ਦਾ ਵਿਕਾਸ ਹੋਇਆ।

ਪਿੰਡਾਂ ਨਾਲ ਜੁੜੇ ਅਰਥ ਸੰਚਾਰ ਦੇ ਦ੍ਰਿਸ਼ਟੀਕੋਣ ਤੋਂ ਪਿੰਡਾਂ ਦਾ ਨਾਮਕਰਣ ਵੀ ਪਿੰਡ ਦੇ ਇਤਿਹਾਸ, ਭੂਗੋਲਿਕ ਸਥਿਤੀ, ਪਿੰਡ ਦੀ ਸੁਰੱਖਿਆ, ਸਮਾਜਿਕ ਪੱਖੋਂ ਅਹਿਮੀਅਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਉਜਾਗਰ ਕਰ ਜਾਂਦਾ ਹੈ। ਜਿਵੇਂ ਕਿਸੇ ਇਲਾਕੇ ਦੇ ਨਵੇਂ ਵੱਸਣ ਉੱਤੇ ਕਿਸੇ ਚੌਧਰੀ ਅਸਰ ਰਸੂਖ਼ ਵਾਲੇ ਪੁਰਸ਼ ਦੇ ਨਾਂ ਉੱਤੇ, ਉਹਦੀ ਜ਼ਾਤ ਦੇ ਨਾਂ ਉੱਤੇ ਪਿੰਡ ਦਾ ਨਾਂ ਰੱਖਿਆ ਜਾਣਾ, ਜਿਵੇਂ ਬਾਬਾ ਫ਼ਰੀਦ ਦੇ ਨਾਂ ਉੱਤੇ ਫਰੀਦਕੋਟ, ਗੋਇੰਦੇ ਖੱਤਰੀ ਦੇ ਨਾਂ ਉੱਤੇ ਗੋਇੰਦਵਾਲ, ਨਿਹਾਲ ਸਿੰਘ ਵਾਲਾ, ਮਾਈ ਈਸ਼ਰ ਖਾਨਾ ਆਦਿ, ਜ਼ਾਤਾਂ ਦੇ ਨਾਂ ਉੱਤੇ ਚੀਮੇ, ਬਾਠ, ਸੰਧਵਾਂ, ਗਿੱਲ ਆਦਿ। ਫਿਰ ਇਕੋ ਇਲਾਕੇ 'ਚ ਇਕੋ ਜ਼ਾਤ ਦੇ ਨਾਂ ਉੱਤੇ ਕਈ ਕਈ ਪਿੰਡਾਂ ਦੇ ਨਾਂ ਚਲਦੇ, ਇਕ ਪਿੰਡ ਦੇ ਨਾਂ ਨੂੰ ਦੂਸਰੇ ਨਾਲੋਂ ਵੱਖਰਾ ਕਰਨ ਲਈ ਪਿੰਡ 'ਚ ਕਿਸੇ ਪੱਤੀ ਮੁਹੱਲੇ ਦੀ ਜੋ ਅੱਲ ਪੈਂਦੀ ਉਸ ਨਾਂ ਨੂੰ ਜ਼ਾਤ ਦੇ ਅਗੇ ਜਾਂ ਪਿਛੇ ਜੋੜ ਕੇ ਵਖਰੇਵਾਂ ਕਰ ਲਿਆ ਜਾਂਦਾ ਜਿਵੇਂ ਚੀਮਾ ਚੋਰਾਂ ਵਾਲਾ, ਆਦਿ।

ਕਈ ਥਾਵਾਂ ਤੇ ਪਿੰਡ ਪਹਿਲਾਂ ਹੀ ਵਸਿਆ ਹੁੰਦਾ ਉਹਦਾ ਨਾਂ ਵੀ ਖੂਬ ਪ੍ਰਚਲਤ ਹੁੰਦਾ, ਵਸੋਂ ਦੇ ਵਧਣ ਨਾਲ ਉਸੇ ਪਿੰਡ ਦੇ ਕੁਝ ਟੱਬਰ ਨੇੜੇ ਹੀ ਦੂਸਰਾ ਪਿੰਡ ਜਾ ਸਥਾਪਿਤ ਕਰਦੇ। ਇੰਜ ਪਿੰਡ ਦੇ ਨਾਂ ਪਿੱਛੇ ਦੋ ਧਾਰਨਾਵਾਂ ਚਲਦੀਆਂ ਜੇ ਪਹਿਲਾ ਪ੍ਰਚਲਿਤ ਨਾਂ ਪੁਲਿੰਗ ਹੁੰਦਾ ਜਿਵੇਂ ਖੁਹਾਲਾ ਤਾਂ ਨਵੇਂ ਪਿੰਡ ਦਾ ਨਾਂ ਪੈਂਦਾ ਖੁਹਾਲੀ, ਜਾਂ ਦੂਸਰੀ ਧਾਰਨਾ ਅਨੁਸਾਰ ਪਿੰਡ ਦੇ ਨਾਂ ਨਾਲ ਕਲਾਂ ਤੇ ਖੁਰਦ ਜੋੜ ਕੇ ਛੋਟੇ ਵੱਡੇ ਦੀ ਪਹਿਚਾਣ ਕਰ ਲਈ ਜਾਂਦੀ, ਜਿਵੇਂ, ਮਹਿਲ ਕਲਾਂ, ਮਹਿਲ ਖੁਰਦ ਆਦਿ।

ਕਈ ਹਾਲਤਾਂ 'ਚ ਪਿੰਡਾਂ ਦਾ ਨਾਂ ਉਹਦੀ ਇਲਾਕਾਈ (ਭੂਗੋਲਿਕ ਸਥਿਤੀ) ਨੂੰ ਉੱਭਾਰਦਾ, ਪਿੰਡ ਦੀ ਵਸੋਂ, ਆਕਾਰ, ਪਿੰਡਾਂ ਦੀ ਸੁਰੱਖਿਆ ਤਰਤੀਬ ਨੂੰ ਉਜਾਗਰ ਕਰਦੇ, ਅਜਿਹੇ ਪਿੰਡਾਂ ਦੇ ਨਾਲ ਪੁਰ, ਕੋਟ, ਢਾਣੀ, ਬੁਰਜ, ਪੱਤਣ ਆਦਿ ਜੁੜ ਜਾਂਦੇ ਜਿਵੇਂ ਕੋਟ ਫਤਹਿ, ਕੋਟ ਕਪੂਰਾ, ਨੰਦ ਗੜ੍ਹ, ਸ਼ਾਹਪੁਰ, ਨੂਰ ਪੁਰ, ਬੁਰਜ ਕਥੂ ਕੇ, ਢਾਣੀ ਚਿਰਾਗ, ਹਰੀਕੇ ਪੱਤਣ ਆਦਿ।

ਕਿਸੇ ਕਿਸੇ ਪਿੰਡ ਦਾ ਨਾਂ ਮਿਥਿਹਾਸਕ ਘਟਨਾਵਾਂ ਵਲ ਇਸ਼ਾਰਾ ਕਰਦਾ ਜਿਵੇਂ ਕਹਿਰਵਾਲੀ[11], ਦਸੂਆ[12], ਖੂਡਾ ਅਲੀ ਸ਼ੇਰ ਆਦਿ ਪਰ ਕਈ ਹਾਲਤਾਂ 'ਚ ਪਿੰਡ ਦਾ ਨਾਂ ਦੁਕਿਆਵ ਜੁਲਮ ਜਬਰ, ਤਰਸ ਖੁਆਲ ਨੂੰ ਅੱਖੋਂ ਪਰੋਖੇ ਕਰਕੇ ਆਦਰਸ਼ਾਂ ਨਾਲ ਜੁੜੇ ਅਰਥਾਂ ਦੇ ਸੰਚਾਰ ਵਜੋਂ ਰੱਖਿਆ ਜਾਂਦਾ ਜਿਵੇਂ ਹਰੀਪੁਰ, ਰਾਮਗੜ੍ਹ, ਅਨੰਦਪੁਰ, ਤਰਨਤਾਰਨ, ਕਰਤਾਰਪੁਰ, ਆਦਿ।

ਪਿੰਡ ਦੀ ਸਥਾਪਨਾ ਕਰਦੇ ਹੋਏ ਮਿੱਟੀ ਦੀ ਪਰਖ ਇਕ ਮੁੱਢਲੀ ਪ੍ਰਕਿਰਿਆ ਸੀ। ਮਿੱਟੀ ਨੂੰ ਪਰਖਣ ਲਈ, ਮਿੱਟੀ ਦਾ ਰੰਗ, ਸੁਗੰਧ, ਸੁਆਦ, ਆਵਾਜ਼, ਢਲਾਣ, ਆਕਾਰ, ਮਿੱਟੀ ਦੇ ਕਣਾਂ ਦੀ ਇਕ ਦੂਸਰੇ ਇਕ ਜੁਟਤਾ, ਮਿੱਟੀ ਦੇ ਇਮਾਰਤਾਂ ਦਾ ਭਾਰ ਸਹਿਣ ਦੀ ਸਮਰੱਥਾ ਆਦਿ ਕਈ ਤਰ੍ਹਾਂ ਦੇ ਪਰੀਖਣ ਕੀਤੇ ਜਾਂਦੇ। ਆਮ ਤੌਰ ਤੇ ਉਹ ਮਿੱਟੀ ਜੋ ਠਕੋਰਿਆਂ ਜ਼ਿਆਦਾ ਕਰੜੀ ਆਵਾਜ਼ ਦੇਵੇ, ਜਿਹਨੂੰ ਚਾਰ ਹੱਥ ਪੁੱਟਣ ਉਤੇ ਪਾਣੀ ਨਿਕਲ ਆਏ, ਜਿਹਦੇ ਅਜਿਹੇ ਟੋਏ 'ਚ ਕਾਫੀ ਦੇਰ ਪਾਣੀ ਟਿਕਿਆ ਰਹੇ, ਟੋਇਆ ਕੱਢਣ ਉਤੇ ਜੋ ਮਿੱਟੀ ਫਿਰ ਟੋਏ 'ਚ ਪਾਈ ਜਾਏ ਜੇ ਉਹ ਟੋਇਆ ਭਰ ਕੇ ਮਿੱਟੀ ਬਚ ਜਾਏ, ਜਿਸ ਦੀ ਢਲਾਣ ਪਾਣੀ ਰੋਹੜਨ ਵਿਚ ਸਮਰੱਥ ਹੋਵੇ ਅਤੇ ਜੋ ਭਵਨਾਂ ਦਾ ਭਾਰ ਝੱਲ ਸਕਦੀ ਹੋਵੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹੀ ਮਿੱਟੀ ਪਿੰਡਾਂ ਅਤੇ ਘਰਾਂ ਦੀ ਸਥਾਪਨਾ ਲਈ ਉੱਤਮ ਸਮਝੀ ਜਾਂਦੀ। ਉਹ ਥਾਂ ਜਿਥੇ ਮਨੁੱਖੀ ਖੋਪੜੀਆਂ ਮਿਲਣ; ਉਹ ਮਿੱਟੀ ਜਿਹਦੇ 'ਚੋਂ ਚੂਨੇ ਦੇ ਅੰਸ਼ ਮਿਲਣ, ਜਿਥੇ ਖੂਹਾਂ ਦੇ ਖੰਡਰ ਹੋਣ, ਅਜਿਹੀ ਥਾਂ ਨੂੰ ਪਿੰਡਾਂ ਦੀ ਉਸਾਰੀ ਦੇ ਯੋਗ ਨਾ ਸਮਝਿਆ ਜਾਂਦਾ।

ਪਿੰਡ ਦੀ ਸਥਾਪਨਾ ਪਿੱਛੇ ਇਕ ਸੰਕਲਪ ਇਹ ਕੰਮ ਕਰਦਾ ਕਿ ਪਿੰਡ ਉਥੇ ਹੀ ਸਥਾਪਿਤ ਕਰਨਾ ਹੈ ਜਿਥੇ ਵੱਡੇ ਵਡੇਰੇ ਰਹੇ ਹੋਣ। ਇੰਜ ਉਹ ਥਾਵਾਂ ਤੇ ਥੇਹ ਜਿਥੇ ਪੁਰਾਣੇ ਪਿੰਡਾਂ ਦਾ ਮਲਬਾ ਡਿਗ ਡਿਗ ਕੇ ਥਾਂ ਚੌਗਿਰਦੇ ਨਾਲੋਂ ਉੱਚੀ ਹੋ ਗਈ ਹੋਵੇ, ਪਿੰਡਾਂ ਦੀ ਸਥਾਪਨਾ ਲਈ ਇਕ ਮੁੱਖ ਖਿੱਚ ਰਹੇ ਹਨ। ਉਹ ਥਾਵਾਂ ਜਿਥੇ ਪੁਰਾਣੇ ਘਰਾਂ ਦੀਆਂ ਇੱਟਾਂ ਮਿਲਣ, ਉਹ ਥਾਵਾਂ ਜਿਥੋਂ ਪੁਰਾਣੇ ਸਿੱਕੇ ਮਿਲਣ, ਪਿੰਡ ਦੀ ਮੋਹੜੀ ਗੱਡਣ ਵੇਲੇ ਪ੍ਰਹਿਲ ਪ੍ਰਾਪਤ ਕਰਦੇ ਰਹੇ ਹਨ। ਦਰਅਸਲ ਉੱਚੇ ਥੇਹ, ਟਿੱਬੇ, ਪਹਾੜੀਆਂ ਦਾ ਸਿਲਸਲਾ ਮੇਰੂ ਪਰਬਤ ਦਾ ਨਿੱਕਾ ਰੂਪ ਤਸੱਵਰ ਕੀਤਾ ਜਾਂਦਾ। ਇੰਜ ਟਿੱਬਿਆਂ, ਥੇਹਾਂ ਉੱਤੇ ਉਸਰਿਆ ਪਿੰਡ ਵੱਡੇ ਵਡੇਰਿਆਂ ਦੀ ਛਤਰ ਛਾਇਆ[14] ਥੱਲੇ ਰਹਿਣ ਦੇ ਨਾਲ ਮੇਰੂ ਪਰਬਤ (ਸ਼ਿਵ ਦੇ ਨਿਵਾਸ ਥਾਂ) ਦਾ ਤਸੱਵਰ ਹੋਣ ਕਰਕੇ ਧਾਰਮਿਕ ਪ੍ਰਤੀਕ ਵੀ ਹੋ ਨਿਬੜਦੇ। ਉੱਚੇ ਟਿੱਬੇ, ਥੇਹ, ਪਹਾੜੀ ਸਿਲਸਿਲੇ ਉੱਤੇ ਪਿੰਡ ਵਸਾ ਕੇ ਮੱਧਕਾਲੀਨ ਸੁਰੱਖਿਆ ਨਿਯਮਾਂ ਅਧੀਨ ਦੂਰ ਦੂਰ ਤੱਕ ਨਿਗਾਹ ਰਖੀ ਜਾ ਸਕਦੀ ਸੀ। ਜੋ ਸੁਰੱਖਿਆ ਪੱਖੋਂ ਇਕ ਜ਼ਰੂਰੀ ਲੋੜ ਸੀ। ਉੱਚੇ ਟਿੱਬੇ ਥਾਂ ਵਿਚਕਾਰੋਂ ਉੱਚੇ ਅਤੇ ਪਾਸਿਆਂ ਤੋਂ ਨੀਵੇਂ ਹੋਣ ਕਰਕੇ ਇੰਨੀ ਢਲਾਣ ਬਣਾ ਦਿੰਦੇ, ਬਾਰਿਸ਼ਾਂ ਵਿਚ ਪਿੰਡ ਦਾ ਸਾਰਾ ਗੰਦ ਮੰਦ ਰੁੜ ਜਾਂਦਾ। ਧਾਰਮਿਕ ਵਿਸ਼ਵਾਸਾਂ, ਜਾਤਾਂ, ਵਰਨਾਂ ਦੀ ਸਿਰੜੀ ਵੰਡ ਪ੍ਰਣਾਲੀ ਅਨੁਸਾਰ, ਟਿੱਬੇ ਅਤੇ ਥੇਹ ਦੀ ਉਚਾਈ ਸਮਾਜਿਕ ਮਾਪਦੰਡ ਦਾ ਵੀ ਪ੍ਰਤੀਕ ਸੀ। **ਜੋ ਜ਼ਾਤ ਅਤੇ ਧੰਦਾ ਧਾਰਮਿਕ ਅਤੇ ਸਮਾਜਿਕ ਵਰਗੀਕਰਣ ਵਿਚ ਜਿੰਨਾ ਉੱਚਾ ਸਮਝਿਆ ਜਾਂਦਾ, ਇਸ ਟਿੱਬੇ ਜਾਂ ਥੇਹ ਦੀ ਉੱਨੀ ਹੀ ਉੱਚੀ ਥਾਂ ਉੱਤੇ ਉਸ ਜ਼ਾਤ ਜਾਂ ਧੰਦੇ ਵਿਚ ਲਗੇ ਲੋਕਾਂ ਦੇ ਘਰ, ਝੁੱਗੀਆਂ, ਚੁਬਾਰਾ, ਅਟਾਰੀ, ਮਹੱਲਾ, ਕਿਲ੍ਹਾ ਕੋਟ ਹੁੰਦਾ। ਭਾਵ ਜ਼ਾਤਾਂ ਵਰਣਾਂ ਦੀ ਵੰਡ ਅਨੁਸਾਰ ਉੱਚ ਵਰਣ ਦੇ ਲੋਕ ਉੱਚੇ ਥਾਵਾਂ ਉੱਤੇ ਅਤੇ ਨੀਵੇਂ ਥਾਵਾਂ ਉੱਤੇ ਹੇਠਲੇ ਵਰਣਾਂ ਦੇ ਲੋਕਾਂ ਦੇ ਘਰ ਹੁੰਦੇ।**

ਥਾਂ ਦੀ ਚੋਣ ਤੋਂ ਬਾਅਦ ਪੰਜਾਬ ਦੇ ਪਿੰਡਾਂ ਦੀ ਸਥਾਪਨਾ ਵੇਲੇ ਇਕ ਬੜੀ ਬਲਵਾਨ ਪਰੰਪਰਾ ਮੋਹੜੀ ਗੱਡਣ ਦੀ ਰਹੀ ਹੈ।[15] ਪਿੰਡ ਉਸਾਰਨ ਤੋਂ ਪਹਿਲਾਂ ਉਹ ਇਲਾਕਾ ਜਿਥੇ ਉਸਾਰੀ ਕਰਨੀ ਹੁੰਦੀ, ਉਸ ਇਲਾਕੇ ਦੀ ਪਿੰਡ ਲਈ ਅਤੇ ਅੱਗੋਂ ਵੰਡੇ ਹੋਏ ਜ਼ਮੀਨ ਦੇ ਟੁਕੜਿਆਂ ਦੇ ਆਕਾਰ/ਸ਼ਕਲ ਨੂੰ ਵੀ ਧਿਆਨ ਗੋਚਰੇ ਕੀਤਾ ਜਾਂਦਾ। ਉਹ ਥਾਂ ਜੋ ਸ਼ਕਲ/ਆਕਾਰ ਪੱਖੋਂ ਜਿਹਦੀਆਂ ਤਿੰਨ ਬਾਹੀਆਂ, ਪੰਜ ਅਤੇ ਸੱਤ ਬਾਹੀਆਂ ਹੁੰਦੀਆਂ ਜਿਹਦਾ ਆਕਾਰ ਗਾਂ ਮੁਖਾ ਜਾਂ ਸ਼ੇਰ ਮੁਖਾ ਹੁੰਦਾ, ਜਿਹਦੀ ਸ਼ਕਲ ਮੱਛੀ ਦੀ ਪੂਛ ਵਰਗੀ, ਹਾਥੀ ਅਤੇ ਕੱਛੂ ਕੁੰਮੇ ਦੀ ਪਿੱਠ ਵਰਗੀ ਹੁੰਦੀ ਅਜਿਹੇ ਭੋਂ ਟੋਟੇ ਨੂੰ ਪਿੰਡਾਂ ਅਤੇ ਘਰਾਂ ਦੀ ਉਸਾਰੀ ਲਈ ਯੋਗ ਨਾ ਸਮਝਿਆ ਜਾਂਦਾ। ਸਗੋਂ ਗੋਲਾਕਾਰ, ਆਇਤਾਕਾਰ, ਵਰਗਾਕਾਰ ਸ਼ਕਲ ਅਤੇ ਆਕਾਰ ਵਾਲੇ ਭੋਂ ਟੋਟੇ ਨੂੰ ਪਿੰਡਾਂ ਅਤੇ ਘਰਾਂ ਦੀ ਉਸਾਰੀ ਲਈ ਯੋਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝਿਆ ਜਾਂਦਾ। ਯੋਗ ਭੋਂ ਟੋਟੇ ਦਾ ਆਕਾਰ ਅਤੇ ਸ਼ਕਲ ਵੇਖ ਕੇ ਮੁਖ ਕਾਰੀਗਰ ਪਿੰਡ ਦੀ ਮੋਹੜੀ ਗੱਡਦਾ।[16] ਦਰਅਸਲ ਮੋਹੜੀ ਗੱਡਣ ਨਾਲ ਦੋ ਕਾਰਜ ਸਿੱਧ ਹੁੰਦੇ। ਇਕ ਤੇ ਕਿਲ੍ਹੇ ਨੁਮਾ ਮੋਹੜੀ ਨੂੰ ਕੇਂਦਰ ਮੰਨ ਕੇ ਗੋਲਾ ਲਾਇਆ ਜਾਂਦਾ (ਇਕ ਚੱਕਰ ਖਿਚਿਆ ਜਾਂਦਾ) ਇਸ ਗੋਲੇ ਉੱਤੇ ਦੁਪਹਿਰ ਬਾਰਾਂ ਵਜੇ ਨੂੰ ਆਧਾਰ ਮੰਨ ਕੇ ਦੁਪਹਿਰ ਤੋਂ ਇਕ ਘੰਟਾ ਜਾਂ ਤਿੰਨ ਘੰਟੇ ਪਹਿਲਾਂ ਸੂਰਜ ਨਾਲ ਡਾਂਗ ਦਾ ਪ੍ਰਛਾਵਾਂ ਚੱਕਰ ਉੱਤੇ ਕਿਥੇ ਪੈਂਦਾ ਹੈ ਅਤੇ ਇਸੇ ਤਰ੍ਹਾਂ ਇਕ ਘੰਟਾ ਜਾਂ ਤਿੰਨ ਘੰਟੇ ਦੁਪਹਿਰ ਬਾਅਦ ਸੂਰਜ ਨਾਲ ਡਾਂਗ ਦਾ ਪ੍ਰਛਾਵਾਂ ਚੱਕਰ ਉੱਤੇ ਕਿਥੇ ਪੈਂਦਾ ਹੈ ਦੋ ਬਿੰਦੂ ਨੂੰ ਲਾ ਲਿਆ ਜਾਂਦਾ। ਇਹਨਾਂ ਦੋ ਬਿੰਦੂਆਂ ਨੂੰ ਸਿੱਧੀ ਰੇਖਾ ਨਾਲ ਮਿਲਾਉਣ ਉੱਤੇ ਪੂਰਬ ਪੱਛਮ ਦਿਸ਼ਾ ਨਿਰਧਾਰਤ ਕਰ ਲਈਆਂ ਜਾਂਦੀਆਂ। ਇੰਜ ਦਿਸ਼ਾ ਪ੍ਰਣਾਲੀ ਅਨੁਸਾਰ ਘਰਾਂ ਅਤੇ ਮੁਖ ਭਵਨਾਂ ਦੇ ਮੂੰਹ ਕਿਸ ਪਾਸੇ ਰਖਣੇ ਹਨ ਇਹ ਸੋਚ ਲਿਆ ਜਾਂਦਾ। ਦੂਸਰੇ ਮੋਹੜੀ ਗੱਡਣ ਨਾਲ ਪ੍ਰਤੀ-ਕਾਤਮਕ ਕਾਰਜ ਸਿੱਧ ਹੁੰਦਾ। ਇਸ ਕਾਰਜ ਦਾ ਆਧਾਰ ਉਸ ਮਿੱਥ ਨਾਲ ਜਾ ਜੁੜਦਾ, ਜਿਸ ਅਨੁਸਾਰ ਧਰਤੀ ਸ਼ੇਸ਼ਨਾਗ ਦੇ ਫੰਨ ਉੱਤੇ ਟਿਕੀ ਹੈ। ਕਿਲ੍ਹੇ ਨੁਮਾ ਮੋਹੜੀ ਗੱਡ ਕੇ ਮੁਖ ਕਾਰੀਗਰ ਪ੍ਰਤੀਕ ਵਜੋਂ ਇਹ ਮੋਹੜੀ ਸ਼ੇਸ਼ਨਾਗ ਦੇ ਸਿਰ ਵਿਚ ਠੋਕ ਕੇ ਇਹ ਯਕੀਨੀ ਬਣਾਉਂਦਾ ਕਿ ਹੁਣ ਕਿਉਂਕਿ ਸ਼ੇਸ਼ਨਾਗ ਦੀ ਫੰਨ ਮੋਹੜੀ ਨਾਲ ਪਰੁਚ ਗਈ ਉਹ ਫੰਨ ਨਹੀਂ ਹਿਲਾਏਗਾ ਅਤੇ ਇੰਜ ਆਉਣ ਵਾਲੇ ਸਮੇਂ ਵਿਚ ਪਿੰਡ ਵਿਚ ਕਦੀ ਵੀ ਉਹ ਭੁਚਾਲ ਜੋ ਸ਼ੇਸ਼ਨਾਗ ਦੇ ਫੰਨ ਹਿਲਾਉਣ ਤੇ ਆਉਂਦੇ ਹਨ, ਕਦੀ ਨਹੀਂ ਆਉਣਗੇ।

ਮੋਹੜੀ ਗੱਡਣ ਤੋਂ ਬਾਅਦ ਥਾਂ ਨੂੰ ਪਵਿਤਰ ਕਰਨ ਲਈ ਮੁਖ ਕਾਰੀਗਰ/ਮੁਖ ਚੌਪਰੀ ਤੇ ਹੋਰ ਬਜੁਰਗ ਯਤਨ ਕਰਦੇ। ਥਾਂ ਨੂੰ ਪਵਿਤਰ ਕਰਨ ਤੇ ਪ੍ਰੇਤਾਂ/ਬਦਰੂਹਾਂ ਤੋਂ ਮੁਕਤ ਕਰਨ ਲਈ ਕਈ ਤਰ੍ਹਾਂ ਦੀਆਂ ਧਾਰਮਿਕ ਅਤੇ ਸਮਾਜਿਕ ਰਹੁ ਰੀਤਾਂ ਕੰਮ ਕਰਦੀਆਂ। ਸ਼ਿਲਪ ਸਾਸਤਰ ਅਨੁਸਾਰ, "ਪਿੰਡ ਦੀ ਵਿਉਂਤਬੰਦੀ ਅਸਲ ਵਿਚ ਬਲੀ ਲਈ ਧਰਤੀ ਦੀ ਤਿਆਰੀ ਵਜੋਂ ਤਸੱਵਰ ਕੀਤੀ ਜਾਂਦੀ।" ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਦੇ ਦੇ ਸਭਿਆਚਾਰਾਂ ਵਾਂਗ ਪਿੰਡਾਂ ਅਤੇ ਘਰਾਂ ਦੀ ਉਸਾਰੀ ਤੋਂ ਪਹਿਲਾਂ ਇਥੇ ਵੀ ਕਿਸੇ ਨਾ ਕਿਸੇ ਰੂਪ ਵਿਚ ਬਲੀ ਦੇ ਕੇ ਪੂਜਾ ਕਰਨ ਦੀ ਰੀਤ ਰਹੀ ਹੈ। ਇਕ ਇਹੋ ਜਿਹੇ ਪਿੰਡ ਜਿਥੇ ਖੂਹ 'ਚੋਂ ਪਾਣੀ ਦੀ ਬੂੰਦ ਨਹੀਂ ਨਿਕਲੀ ਉਥੇ ਖੂਹ ਲੁਵਾਣ ਵਾਲੇ ਸਹੁਰੇ ਨੂੰ ਪੰਡਿਤ ਦਸਦੇ ਹਨ ਕਿ ਪਾਣੀ ਤਾਂ ਆਏਗਾ ਜੇ ਉਹ ਆਪਣੀ ਵੱਡੀ/ਜਠੇਰੀ ਨੂੰਹ ਨੂੰ ਖੂਹ ਦੇ ਚੱਕ ਵਿਚ ਚਿਣਵਾ ਕੇ ਬਲੀ ਦੇਵੇ। ਇਹੋ ਜਿਹੇ ਦੋ ਲੋਕ ਗੀਤ, ਕੁਲਵੰਤ ਸਿੰਘ ਔਲਖ ਵਲੋਂ ਸੰਗ੍ਰਹਿਤ ਅਤੇ ਸੰਪਾਦਿਤ ਕਿਤਾਬ 'ਮਾਝੇ ਦੇ ਲੋਕ ਗੀਤ' ਵਿਚ "ਨੂੰਹ ਦਾ ਚੱਕ" ਅਤੇ "ਇਸ ਖੂਹੀ ਦਾ ਨੀਰ ਨਾ ਪੀਵਣਾ ਜੇ" ਵਿਚ ਮਿਲਦੇ ਹਨ। ਕਈ ਥਾਵਾਂ ਉੱਤੇ ਥਾਂ ਨੂੰ ਪਵਿੱਤਰ ਕਰਨ ਲਈ ਰੇਖਾ ਗਣਿਤ ਦੀਆਂ ਸ਼ਕਲਾਂ ਉਲੀਕੀਆਂ ਜਾਂਦੀਆਂ ਹਨ ਜਿਹਨਾਂ ਦੇ ਧਾਰਮਿਕ, ਸਮਾਜਿਕ ਆਧਾਰ ਹੋਣ ਦੇ ਨਾਲ ਨਾਲ ਤਾਂਤਰਿਕ ਆਧਾਰ ਵੀ ਹੁੰਦੇ ਹਨ। ਪੁਰਾਣਾਂ ਤੋਂ ਮੰਡਲ ਦਾ ਸੰਕਲਪ ਆਉਂਦਾ ਹੈ ਜਿਸ ਅਨੁਸਾਰ ਆਇਤਕਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਵਰਗਾਕਾਰ ਇਲਾਕੇ ਵਿਚ ਦੇਵਤਿਆਂ ਨੂੰ ਤਸੱਵਰ ਕੀਤਾ ਜਾਂਦਾ ਹੈ। ਥਾਂ ਨੂੰ ਪਵਿੱਤਰ ਕਰਨ ਲਈ ਕਿਤੇ ਵਿਸ਼ਕਰਮਾਂ ਪੂਜਾ ਹੁੰਦੀ ਹੈ। ਕਈ ਥਾਈਂ ਪਸ਼ੂਆਂ ਦੇ ਗੋਹੇ ਨਾਲ ਪੋਚਾ ਮਾਰਿਆ ਜਾਂਦਾ ਹੈ ਕਈ ਹਾਲਤਾਂ ਵਿਚ ਅੰਮ੍ਰਿਤ ਦਾ ਛੱਟਾ ਦਿੱਤਾ ਜਾਂਦਾ ਹੈ। ਪਾਠ ਕਰਵਾ ਕੇ ਜਾਂ ਅਖੰਡ ਪਾਠ ਕਰਵਾ ਕੇ ਸਮਾਂ ਵੇਲਾ ਵਿਚਾਰ ਕੇ ਨੀਂਹ ਪੁੱਟਣ ਲਈ ਕਿਸੇ ਗਿਆਨੀ, ਧਿਆਨੀ, ਗੁਰਮੁਖ ਬਜ਼ੁਰਗ ਤੋਂ ਪਹਿਲਾ ਟੱਪ ਲੁਆਇਆ ਜਾਂਦਾ ਹੈ। ਬਲੀ ਦੇ ਪ੍ਰਤੀਕ ਵਜੋਂ ਨਾਰੀਅਲ ਤੋੜਿਆ ਜਾਂਦਾ ਹੈ। ਨੀਂਹ ਪੁੱਟ ਕੇ ਤੇਲ ਚੋ ਕੇ, ਨੀਂਹ ਵਿਚ ਪ੍ਰਸ਼ਾਦ, ਖਾਦ ਪਦਾਰਥਾਂ ਦੇ ਕੁਝ ਦਾਣੇ ਅਤੇ ਕੁਝ ਸਿੱਕੇ ਪਾਏ ਜਾਂਦੇ ਹਨ। ਕਈ ਥਾਈਂ ਅਚੇਤ ਹੀ ਬੱਕਰੇ ਅਤੇ ਕੁੱਕੜ ਦਾ ਮੀਟ ਬਣਾ ਕੇ ਬਲੀ ਦਾ ਪ੍ਰਤੀਕਾਤਮਕ ਰੂਪ ਸਾਕਾਰ ਕਰ ਲਿਆ ਜਾਂਦਾ ਹੈ। ਚੁਗਾਠ ਖੜੀ ਹੋਣ ਤੇ ਮੌਲੀ ਦੀਆਂ ਤੰਦਾਂ ਵੀ ਬੰਨ੍ਹੀਆਂ ਜਾਂਦੀਆਂ ਹਨ। ਭਾਵ ਬਲੀ ਕਿਸੇ ਨਾ ਕਿਸੇ ਵਸਤੂ ਚਿੰਨ੍ਹ ਬਿੰਬ ਵਜੋਂ ਅਜੇ ਵੀ ਦਿੱਤੀ ਜਾਂਦੀ ਹੈ।

ਪੰਜਾਬ ਦੇ ਪਿੰਡਾਂ ਦੇ ਰੂਪ ਅਤੇ ਬਣਤਰ ਨੂੰ ਇਥੋਂ ਦੀ ਢਲਾਣ ਅਤੇ ਮੌਸਮ ਨੇ ਵੀ ਪ੍ਰਭਾਵਿਤ ਕੀਤਾ ਹੈ। ਕੁਝ ਇਲਾਕਾਈ ਵੱਖਰੇਵਿਆਂ ਨੂੰ ਛੱਡ ਇਥੇ ਢਲਾਣ ਉਤਰ ਪੂਰਬ ਵੱਲੋਂ ਦੱਖਣ ਪੱਛਮ ਵੱਲ ਹੈ ਜਦ ਕਿ ਹਵਾ ਦੀ ਦਿਸ਼ਾ ਉੱਤਰ ਪੱਛਮ ਵੱਲੋਂ ਦੱਖਣ ਪੂਰਬ ਵੱਲ ਸਾਲ ਦੇ ਜਿਆਦਾ ਦਿਨ ਰਹਿੰਦੀ ਹੈ। ਫਿਰ ਵਰਣ ਸੰਸਕਾਰ ਤੋਂ ਇਹ ਸੋਚ ਕਿ ਸਭ ਤੋਂ ਪਹਿਲਾਂ ਸੂਰਜ ਦੀਆਂ ਕਿਰਨਾਂ ਉੱਚੀਆਂ ਜ਼ਾਤਾਂ ਭਾਵ ਬ੍ਰਾਹਮਣ ਦੇ ਘਰਾਂ ਅਤੇ ਮੱਥੇ ਲਗਣੀਆਂ ਚਾਹੀਆਂ ਹਨ। ਬ੍ਰਾਹਮਣ ਦੇ ਘਰਾਂ ਵੱਲ ਨੀਵੇਂ ਵਰਗਾਂ ਦਾ ਪਾਣੀ ਨਹੀਂ ਆਉਣਾ ਚਾਹੀਦਾ, ਨਾ ਹੀ ਹਵਾ ਬ੍ਰਾਹਮਣ ਤੇ ਹੋਰ ਉੱਚੀਆਂ ਜ਼ਾਤਾਂ ਦੇ ਘਰ ਵੱਲ ਨੀਵੇਂ ਵਰਗਾਂ ਦੇ ਘਰੋਂ ਹੋ ਕੇ ਆਉਣੀ ਚਾਹੀਦੀ ਹੈ। ਇਹ ਤਿੰਨਾਂ ਤੱਥਾਂ ਨੂੰ ਸਾਹਵੇਂ ਰੱਖ ਕੇ ਪੰਜਾਬ ਦੇ ਪਿੰਡਾਂ ਦੀ ਜੋ ਬਣਤਰ ਦੀ ਸਕੀਮ ਉੱਭਰਦੀ ਹੈ ਉਹ ਇਹ ਹੈ ਕਿ ਜੇ ਨੀਵੇਂ ਵਰਗਾਂ ਦੇ ਘਰ ਪਿੰਡ ਦੇ ਧੁਰ ਦੱਖਣ ਪੱਛਮ ਵੱਲ ਹੋਣ ਤਾਂ ਇਹੋ ਜਿਹੇ ਪਿੰਡ ਵਿਚ ਨਾ ਤਾਂ ਉਹਨਾਂ ਦੇ ਮੱਥੇ ਸਵੇਰ ਦੀਆਂ ਪਹਿਲੀਆਂ ਸੂਰਜ ਦੀਆਂ ਕਿਰਨਾਂ ਪੈਣਗੀਆਂ, ਨੀਵੇਂ ਥਾਂ ਵੱਲ ਘਰ ਹੋਣ ਕਰਕੇ ਨਾ ਹੀ ਉਹਨਾਂ ਦੇ ਘਰਾਂ ਦਾ ਪਾਣੀ ਉੱਚ ਵਰਗਾਂ ਦੇ ਘਰਾਂ ਵੱਲ ਆ ਕੇ ਉਹਨਾਂ ਨੂੰ ਭਿੱਟ ਸਕੇਗਾ। ਕਿਉਂਕਿ ਉਹਨਾਂ ਦੇ ਘਰ ਧੁਰ ਦੱਖਣ ਪੱਛਮ ਹਨ ਉਹਨਾਂ ਦੇ ਘਰਾਂ ਤੋਂ ਹੋ ਕੇ ਹਵਾ ਅਗੇ ਖੇਤਾਂ ਵੱਲ ਨਿਕਲ ਜਾਏਗੀ। ਇੰਜ ਉਹ ਹਵਾ ਨਾਲ ਵੀ ਉੱਚ ਵਰਗਾਂ ਨੂੰ ਨਹੀਂ ਭਿੱਟਣਗੇ। ਇਸ ਸਕੀਮ ਅਧੀਨ ਅਜੇ ਵੀ ਕਈ ਪਿੰਡ ਪੰਜਾਬ ਦੇ ਕਈ ਹਿੱਸਿਆਂ ਜਿਵੇਂ ਪਿੰਡ ਕੈਂਥਾਂ ਤਹਿਸੀਲ ਦਸੂਆ ਜ਼ਿਲਾ ਹੁਸ਼ਿਆਰਪੁਰ, ਬਾਂਸਾਂ ਜ਼ਿਲਾ ਕਰਨਾਲ ਤੇ ਹੋਰ ਕਈ ਥਾਵਾਂ ਤੇ ਵੇਖੇ ਜਾ ਸਕਦੇ ਹਨ। ਆਜ਼ਾਦੀ ਤੋਂ ਬਾਅਦ ਜਨਸੰਖਿਆ ਤੇ ਵਿਦਿਆ ਦੇ ਪ੍ਰਸਾਰ ਨਾਲ ਇਹ ਬਣਤਰ ਬਹੁਤ ਥਾਈਂ ਉਲਝ ਗਈ ਹੈ ਪਰ ਫਿਰ ਵੀ ਘੋਖਣ ਤੇ ਇਹਦੇ ਚਿੰਨ੍ਹ ਅਜੇ ਵੀ ਲੱਭੇ ਜਾ ਸਕਦੇ ਹਨ।

ਉਹਨਾਂ ਲਈ ਬਲੀ ਦੇ ਕੇ ਪੂਜਾ ਪਾਠ ਕਰਕੇ ਥਾਂ ਨੂੰ ਹਰ ਤਰ੍ਹਾਂ ਦੀਆਂ ਪਤਿਤ, ਪਲੀਤ ਚੀਜ਼ਾਂ ਅਤੇ ਬਦ-ਰੂਹਾਂ ਪ੍ਰੇਤਾਂ ਤੋਂ ਖਾਲੀ ਕਰਕੇ ਥਾਂ ਨੂੰ ਪਵਿੱਤਰ ਕੀਤਾ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਹ ਪਵਿੱਤਰ ਕਰਨ ਦੀ ਪ੍ਰਕ੍ਰਿਆ ਕਿਤੇ ਤਾਂ ਪਾਠ, ਅਖੰਡ ਪਾਠ ਕਰਵਾ ਕੇ ਕਿਤੇ ਵਿਸ਼ਵਕਰਮਾ ਪੂਜਾ ਕਰਕੇ, ਕਿਤੇ ਗਾਵਾਂ, ਵੱਛੇ, ਅਜਿਹੇ ਥਾਂ ਤੇ ਕੁਝ ਦਿਨ ਬੰਨ ਕੇ (ਤਾਂ ਕਿ ਉਹਨਾਂ ਦੇ ਗੋਹੇ ਅਤੇ ਪਿਸ਼ਾਬ ਨਾਲ ਥਾਂ ਦੀ ਮਹਿਕ ਦਾ ਅਹਿਸਾਸ ਬਦਲ ਜਾਏ) ਕੀਤੀ ਜਾਂਦੀ ਹੈ। ਕਈ ਹਾਲਤਾਂ ਵਿਚ ਅੰਮ੍ਰਿਤ ਦਾ ਛਿੱਟਾ ਦਿੱਤਾ ਜਾਂਦਾ ਹੈ। ਸਮਾਂ ਵੇਲਾ ਵਿਚਾਰ ਕੇ ਨੀਂਹ ਪੁੱਟਣ ਲਈ ਚਾਰ ਚੁਫੇਰੇ ਦੇ ਲੋਕ ਇਕੱਠੇ ਕਰਕੇ ਅਰਦਾਸ ਕਰਕੇ ਟੱਪ ਲਾਇਆ ਜਾਂਦਾ ਹੈ ਤੇ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਅਜੇ ਵੀ ਕਈ ਥਾਈਂ ਬਲੀ ਦੇ ਪ੍ਰਤੀਕ ਵਜੋਂ ਕੁੱਕੜ, ਬੱਕਰੇ ਦਾ ਮੀਟ ਬਣਾਇਆ ਜਾਂਦਾ ਹੈ। ਨਾਰੀਅਲ ਤੋੜਿਆ ਜਾਂਦਾ ਹੈ। ਨੀਂਹ ਪੁੱਟ ਕੇ ਸ਼ੁਰੂ ਕਰਨ ਤੋਂ ਪਹਿਲਾਂ ਤੇਲ ਚੋਇਆ ਜਾਂਦਾ ਹੈ ਤੇ ਨੀਂਹ ਵਿਚ ਪ੍ਰਸ਼ਾਦ ਜਾਂ ਖਾਦ ਪਦਾਰਥਾਂ ਦੇ ਕੁਝ ਦਾਣੇ, ਕੁਝ ਸਿੱਕੇ ਪਾਏ ਜਾਂਦੇ ਹਨ। ਚੁਗਾਠ ਨਾਲ ਮੌਲੀ ਦੀਆਂ ਤੰਦਾਂ ਬੰਨ੍ਹੀਆਂ ਜਾਂਦੀਆਂ।

ਪਿੰਡਾਂ ਅਤੇ ਘਰਾਂ ਦੀ ਵਿਉਂਤਬੰਦੀ ਅਤੇ ਤਰਤੀਬ ਨੂੰ Ergologic Folklore[17] ਦੇ ਪ੍ਰਸੰਗ ਵਿਚ ਅਧਿਐਨ ਕਰਨ ਉੱਤੇ ਜਦੋਂ ਪਿੰਡਾਂ, ਘਰਾਂ, ਥਾਵਾਂ ਅਤੇ ਗਲੀਆਂ ਨੂੰ ਨੂੰ ਅਧਿਐਨ ਕੀਤਾ ਜਾਂਦਾ ਹੈ ਤਾਂ ਇਹ ਅਧਿਐਨ Ergologic Folklore ਦੀ ਸ਼ਾਖਾ Biologic Ergology ਦੇ ਅੰਤਰਗਤ ਕੀਤਾ ਜਾ ਸਕਦਾ ਹੈ। ਪੰਜਾਬ ਦੇ ਪਿੰਡਾਂ ਨੂੰ ਇਸ ਪੱਖੋਂ ਅਧਿਐਨ ਕਰਨ ਉੱਤੇ ਪਿੰਡਾਂ ਅਤੇ ਘਰਾਂ ਵਿਚ ਮਨੁੱਖ ਜਿਸਮ ਦੀ ਪ੍ਰਤੀਕ ਵਜੋਂ ਵਰਤੋਂ ਦਾ ਸੰਕਲਪ ਉਭਰ ਕੇ ਸਾਹਮਣੇ ਆਉਂਦਾ ਹੈ। ਓਪਰੀ ਨਜ਼ਰੇ ਇਹ ਮਹਿਸੂਸ ਨਹੀਂ ਹੁੰਦਾ ਕਿਉਂਕਿ ਪਿੰਡਾਂ ਨੂੰ ਇਸ ਦ੍ਰਿਸ਼ਟੀਕੋਣ ਤੋਂ ਅਧਿਐਨ ਦਾ ਆਧਾਰ ਨਹੀਂ ਬਣਾਇਆ ਗਿਆ ਫਿਰ ਵੀ ਇਹਨੂੰ ਇੰਜ ਸਿੱਧ ਕੀਤਾ ਜਾ ਸਕਦਾ ਹੈ।

ਮਨੁੱਖੀ ਜਿਸਮ ਦੀ ਸ਼ਹਿਰਾਂ ਪਿੰਡਾਂ ਅਤੇ ਘਰਾਂ ਵਿਚ ਪ੍ਰਤੀਕ ਵਜੋਂ ਵਰਤੋਂ ਦਾ ਸੰਕਲਪ ਅੰਤਰ-ਰਾਸ਼ਟਰੀ ਪੱਧਰ ਉਤੇ ਈਸਾ ਤੋਂ 5700 ਸਾਲ ਪਹਿਲਾਂ ਤੱਕ ਯੂਗੋਸਲਾਵੀਆ ਦੀ ਇਕ ਆਬਾਦੀ ਜੋ ਉੱਨੀ ਸੌ ਸੱਠ ਦੇ ਦਹਾਕੇ ਵਿਚ ਖੁਦਾਈ ਤੋਂ ਬਾਅਦ ਨਿਕਲੀ ਨਾਲ ਜਾ ਜੁੜਦਾ ਹੈ 'ਲਿਉ-ਪੈਨਸਿੰਕੀ-ਵੀਰ' ਨਾਂ ਦੀ ਇਸ ਆਬਾਦੀ ਦੀ ਰੂਪ ਰੇਖਾ ਅਤੇ ਘਰਾਂ ਦਾ ਆਕਾਰ ਪਦਮਾਸਣ ਦੀ ਮੁਦਰਾ 'ਚ ਬੈਠੇ ਮਨੁੱਖ ਵਾਂਗ ਹੈ।[18]

ਪੁਰਾਣਿਕ ਸਾਹਿਤ ਅਨੁਸਾਰ ਵਸਤੂ ਪੁਰਸ਼ ਮੰਡਲ ਦਾ ਸੰਕਲਪ ਜਿਸ ਅਨੁਸਾਰ ਮੁੱਖ ਕਾਰੀਗਰ ਆਇਤਕਾਰ ਪਰ ਮੁੱਖ ਤੌਰ ਤੇ ਵਰਗਾਕਾਰ ਥਾਂ ਨੂੰ ਹਰ ਬਾਹੀ ਨਾਲ ਦਸ, ਨੌਂ, ਅੱਠ ਜਾਂ ਸੱਤ ਹਿੱਸਿਆਂ ਵਿਚ ਵੰਡਦਾ ਹੈ।[19] ਇੰਜ ਪ੍ਰਮੁੱਖ ਵਰਗ ਅੱਗੋਂ ਸੌ, ਇਕਾਸੀ, ਚੌਂਠ ਅਤੇ ਉਨੰਜਾ ਵਰਗਾਂ ਵਿਚ ਵੰਡੇ ਜਾਂਦੇ ਹਨ। ਇਸ ਵਰਗ ਉੱਤੇ ਵਸਤੂ ਪੁਰਸ਼ ਨੂੰ ਤਸੱਵਰ ਕਰਕੇ ਹਰ ਵਰਗ ਵਿਚ ਉਸ ਦੇਵਤੇ ਨੂੰ ਤਸੱਵਰ ਕੀਤਾ ਜਾਂਦਾ ਹੈ ਜਿਸ ਵਸਤੂ-ਪੁਰਸ਼ ਨੂੰ ਧਰਤੀ ਉੱਤੇ ਦਬਾ ਕੇ ਰੱਖਿਆ ਹੈ। ਪਿੰਡਾਂ ਘਰਾਂ ਅਤੇ ਮੰਦਿਰਾਂ ਨੂੰ ਵਿਉਂਤਦੇ ਹੋਏ ਇਹ ਖਿਆਲ ਕੀਤਾ ਜਾਂਦਾ ਹੈ ਕਿ ਥਾਂ ਵੰਡ ਉਸ ਦੇਵਤੇ ਦੇ ਸੁਭਾ ਅਨੁਰੂਪ ਹੋਏ ਜੋ ਉਸ ਵਰਗ ਦਾ ਮਾਲਿਕ ਹੈ ਜਿਥੇ ਕੋਈ ਭਵਨ ਜਾਂ ਕਿਰਿਆ ਵਿਉਂਤਣੀ ਹੈ। ਅਰਥਾਤ ਪਿੰਡ ਦੀ ਸਾਰੀ ਆਬਾਦੀ ਹੇਠਲੀ ਧਰਤੀ ਉੱਤੇ ਵਸਤੂ ਪੁਰਸ਼ ਵਰਗਾਕਾਰ ਘੇਰੇ ਵਿਚ ਨਿਸਲ ਪਿਆ ਹੈ, ਦੇਵਤਿਆਂ ਉਸ ਨੂੰ ਨੱਪ ਕੇ ਰੱਖਿਆ ਹੋਇਆ ਹੈ। ਇੰਜ ਜਿਸ ਵਰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਮਾਲਿਕ ਵਿਸ਼ਨੂੰ ਹੈ ਉਸ ਵਰਗ ਵਾਲੀ ਥਾਂ ਉੱਤੇ ਲੰਗਰ, ਰਸੋਈ, ਅੰਨ-ਭੰਡਾਰ ਆਦਿ ਭਵਨ ਉਸਾਰੇ ਜਾਂਦੇ ਸਨ। ਵਿਚਕਾਰਲੇ ਕੁਝ ਘਰ ਮੁਖ ਦੇਵਤੇ ਦੇ ਪ੍ਰਤੀਕ ਮੰਨ ਕੇ ਅੱਜ ਵੀ ਇਸ ਸੰਕਲਪ ਅਨੁਸਾਰ ਮੰਦਿਰ ਆਦਿ ਦੀ ਹਿੰਦੂ ਭਵਨ-ਨਿਰਮਾਣ ਕਲਾ ਅਨੁਸਾਰ ਉਸਾਰੀ ਹੁੰਦੀ ਹੈ।

ਔਰਤ ਸੁਰੱਖਿਆ (Security) ਵਲਗਣ (Enclouser) ਪਾਲਣ-ਪੋਸ਼ਣ (Nurture) ਗ੍ਰਹਿਣਸ਼ੀਲ (Receptivity) ਗੁਣਾਂ ਦੀ ਪ੍ਰਤੀਕ ਹੈ। ਪਿੰਡਾਂ, ਘਰਾਂ, ਮਹਲਾਂ, ਅਟਾਰੀਆਂ, ਕੋਟ, ਕਿਲ੍ਹਿਆਂ ਆਦਿ ਢਾਂਚਿਆਂ (Structured) ਦਾ ਨਿਰਮਾਣ ਤਰਤੀਬ ਅਤੇ ਵਿਉਂਤਬੰਦੀ ਵੀ ਉਪਰ ਦੱਸੇ ਚਾਰੇ ਗੁਣਾਂ ਦੇ ਅਰਥ ਨੂੰ ਸੰਚਾਰ ਕਰਦੇ ਹਨ। ਭਾਵ ਪਿੰਡਾਂ ਦੇ ਘਰਾਂ, ਹਵੇਲੀਆਂ, ਕਿਲ੍ਹੇ, ਮਹੱਲ ਆਦਿ ਔਰਤ ਦੇ ਪ੍ਰਤੀਕ ਦਾ ਪ੍ਰਗਟਾ ਹਨ। ਹਵੇਲੀ ਦਾ ਮੁੱਖ ਬੂਹਾ ਜੇ ਬੰਦ ਹੋਣ ਉੱਤੇ ਘੁੰਡ ਕੱਢੀ ਔਰਤ ਦਾ ਪ੍ਰਤੀਕ ਹੈ ਤਾਂ ਛੋਟਾ ਬੂਹਾ ਥੋੜਾ ਜਿਹਾ ਘੁੰਡ ਚੁੱਕੀ ਔਰਤ ਦਾ। ਜੇ ਅਮਰੀਕਨ ਸ਼ਹਿਰ ਵਿਉਂਤਬੰਦੀ ਦੇ ਮਾਹਿਰ ਪੱਤਰਕਾਰ ਲੁਈਸ ਪੰਪਫੋਰਡ ਦਾ ਦੁਨੀਆਂ ਦੇ ਸ਼ਹਿਰੀ ਇਤਿਹਾਸ ਦਾ ਵਿਸ਼ਲੇਸ਼ਣ ਘੋਖਿਆ ਜਾਏ ਤਾਂ ਉਹ ਕਹਿੰਦਾ ਹੈ "ਕਿ ਔਰਤ ਦੀ ਹੋਂਦ ਨੇ ਆਪਣੇ ਆਪ ਨੂੰ ਪਿੰਡ ਦੇ ਹਰ ਹਿੱਸੇ ਉੱਤੇ ਮਹਿਸੂਸ ਕਰਵਾਇਆ ਹੈ, ਨਾ ਸਿਰਫ਼ ਭੌਤਿਕ ਢਾਂਚਿਆਂ ਵਿਚ ਤੇ ਉਹਨਾਂ ਦੇ ਸੁਰੱਖਿਅਕ ਵਲਗਣਾਂ ਵਿਚ, ਜਿਹਨਾਂ ਦੇ ਪ੍ਰਤੀਕਾਤਮਕ ਅਰਥਾਂ ਦਾ ਮਨੋ-ਵਿਗਿਆਨਕ ਵਿਸ਼ਲੇਸ਼ਣ ਬੜੀ ਸੁਸਤ ਰਫਤਾਰ ਨਾਲ ਰੁਸ਼ਨਾਇਆ ਗਿਆ ਹੈ।[20] **ਗੱਲ ਇਥੇ ਹੀ ਬਸ ਨਹੀਂ ਹੁੰਦੀ, ਔਰਤ ਦਾ ਵਜੂਦ ਪੰਜਾਬ ਦੇ ਪਿੰਡਾਂ ਵਿਚ ਭੜੋਲੀਆਂ ਦੇ ਆਕਾਰ, ਉੱਖਲੀਆਂ, ਵਿਹੜੇ, ਡਿਉਢੀ, ਬਰਸਾਤੀ, ਢੋਲ, ਪੀਪਾ, ਭਾਂਡੇ, ਪਾਣੀ ਦੀ ਟੈਂਕੀ, ਘਰ ਦੀ ਇਕਾਂਤ ਨੁਕਰਾਂ ਵਿਚ ਔਰਤ ਦੀ ਨੁਹਾਰ, ਉਹਦੇ ਉੱਪਰ ਦੱਸੇ ਚਾਰੇ ਤਰ੍ਹਾਂ ਦੇ ਗੁਣਾਂ ਦੇ ਪ੍ਰਤੀਕਾਤਮਕ ਪ੍ਰਗਟਾ ਵਜੋਂ ਸਾਰੇ ਪਿੰਡ ਤੇ ਛਾਇਆ ਰਹਿੰਦਾ ਹੈ।**

ਪੰਜਾਬ ਵਿਚ ਔਰਤ ਅਤੇ ਘਰ ਲਈ ਮਹਲ ਸ਼ਬਦ ਵਰਤਿਆ ਜਾਂਦਾ ਹੈ। ਇਸ ਸਬਦ ਦੀਆਂ ਜੜਾਂ ਫ਼ਾਰਸੀ ਵਿਚ ਹਨ। ਇਥੋਂ ਤੱਕ ਕਿ ਕਈ ਵਾਰੀ ਗੁਰੂ ਕੇ ਮਹਲ ਤੋਂ ਵੀ ਇਕ ਦਮ ਇਹ ਨਿਰਣਾ ਕਰਨਾ ਮੁਸ਼ਕਿਲ ਹੁੰਦਾ ਹੈ ਕਿ ਇਸ਼ਾਰਾ ਉਹ ਇਤਿਹਾਸਕ ਥਾਵਾਂ ਹਨ, ਜਿਥੇ ਗੁਰੂ ਸਾਹਿਬ ਰਹੇ ਜਾਂ ਭਾਵ ਉਹਨਾਂ ਦੀ ਪਤਨੀ ਤੋਂ ਹੈ। ਪੰਜਾਬ ਦੇ ਧਾਰਮਿਕ ਅਤੇ ਸਾਹਿਤ ਵਿਚ ਕਾਇਆ ਨਗਰੀ, ਕਾਇਆ ਗੜ੍ਹ ਦਸਮ-ਦੁਆਰ ਆਦਿ ਕਈ ਸੰਕਲਪ ਹਨ ਜੋ ਮਨੁੱਖੀ ਸਰੀਰ ਦੀ ਭਵਨਾਂ, ਇਮਾਰਤਾਂ ਅਤੇ ਪਿੰਡਾਂ ਕਿਲ੍ਹਿਆਂ ਵਜੋਂ ਪ੍ਰਤੀਕ ਦੇ ਸੰਕਲਪ ਦੀ ਪ੍ਰੋੜ੍ਹਤਾ ਹਨ। ਇਕ ਹੋਰ ਬੜਾ ਸਪਸ਼ਟ ਸੰਕਲਪ ਦੇਖਣ ਵਿਚ ਆਉਂਦਾ ਹੈ ਜਿਥੇ ਜਗੀਰੂ ਕੀਮਤਾਂ ਭਾਰੂ ਹਨ ਉਥੇ ਭਵਨਾਂ ਪਿੰਡਾਂ ਵਿਚ ਔਰਤ ਦਾ ਪ੍ਰਤੀਕ ਘਰਾਂ ਪਿੰਡਾਂ ਲਈ ਵਰਤੋਂ ਵਿਚ ਆਉਂਦਾ ਹੈ। ਪਰ ਜਿਥੇ ਧਾਰਮਿਕ ਕੀਮਤਾਂ ਜਾਂ ਸਮਾਜਿਕ ਭਵਨਾਂ, ਮੰਦਿਰਾਂ, ਸ਼ਿਵਾਲਾਯਾ, ਦੇਵਾਲਯਾ, ਠਾਕਰਦੁਆਰੇ, ਨਾਥ ਦੁਆਰੇ, ਗੁਰੂਦੁਆਰੇ, ਭਵਨਾਂ ਦੀ ਗੱਲ ਹੁੰਦੀ ਹੈ ਇਹਨਾਂ ਦੇ ਪਿਛੋਕੜ ਵਿਚ ਮਰਦ ਦੇ ਜਿਸਮ ਦਾ ਪ੍ਰਤੀਕ ਸੰਕਲਪ ਵਜੋਂ ਉੱਭਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਵੇਂ ਜਿਵੇਂ ਜਿਸ ਇਲਾਕੇ ਵਿਚ ਕੁਦਰਤ ਨੇ ਇਮਾਰਤੀ ਸਮਾਨ ਦਿੱਤਾ, ਪਿੰਡਾਂ ਅਤੇ ਘਰਾਂ ਦੇ ਸੁਹਜ ਸ਼ਿੰਗਾਰ ਵਿਚ ਉਹੀ ਵਰਤਿਆ ਜਾਣ ਲੱਗ ਪਿਆ। ਸ਼ਿਵਾਲਕ ਪਹਾੜੀਆਂ ਤੋਂ ਪਾਰ ਕੁੱਲੂ ਮਨਾਲੀ ਵੱਲ ਲੱਕੜੀ ਜ਼ਿਆਦਾ ਹੋਣ ਕਰਕੇ ਰਾਜਿਆਂ ਦੇ ਮਹਲ ਵੀ ਲੱਕੜ ਦੇ ਹੁੰਦੇ। ਸ਼ਿਵਾਲਕ ਪਹਾੜੀਆਂ ਦੇ ਨਾਲ ਨਾਲ ਢਲਾਣ ਵਾਲੀਆਂ ਛੱਤਾਂ ਗਾਰਾ, ਮਿੱਟੀ ਘਟ ਪਰ ਗੋਲ ਪੱਥਰ ਦੀ ਜ਼ਿਆਦਾ ਵਰਤੋਂ ਹੁੰਦੀ। ਪੱਥਰਾਂ ਦਾ ਰੰਗ ਘਸਮੈਲਾ, ਲਾਲ, ਸਲੇਟੀ ਰੰਗਾ ਅਤੇ ਕਿਤੇ ਕਿਤੇ ਲਿਸ਼ਕਵੇਂ ਚਿੱਟੇ ਜਾਂ ਬਦਾਮੀ ਰੰਗੇ ਪੱਥਰ ਨਾਲ ਕੰਧਾਂ ਦੀ ਉਸਾਰੀ ਹੁੰਦੀ। ਸ਼ਿਵਾਲਕ ਪਹਾੜੀਆਂ ਤੋਂ ਥੱਲੇ ਗੁਰਦਾਸਪੁਰ, ਹੁਸ਼ਿਆਰਪੁਰ, ਰੋਪੜ ਜ਼ਿਲਿਆਂ ਵੱਲ ਪੱਥਰ ਤੇ ਲੱਕੜੀ ਦੀ ਵਰਤੋਂ ਘਟਦੀ ਜਾਂਦੀ ਹੈ। ਕੰਧਾਂ ਲਈ ਇੱਟਾਂ, ਲੋਹੇ, ਸੀਮਿੰਟ ਦੀ ਵਰਤੋਂ ਵਧਦੀ ਜਾਂਦੀ ਹੈ। ਪਰ ਇਨ੍ਹਾਂ ਇਲਾਕਿਆਂ ਵਿਚ ਦਰਿਆਵਾਂ ਦੇ ਮੰਡ ਦੇ ਨਾਲ ਨਾਲ ਬਹੁਤੇ ਪਿੰਡ ਬੇ-ਚਿਰਾਗ (Uninhabited) ਹਨ। ਮੰਡ ਦੇ ਇਲਾਕਿਆਂ ਦੇ ਨਾਲ ਸਰਕੜੇ, ਕਾਣੀਆਂ, ਘਾਹ ਫੂਸ ਦੀ ਭਰਮਾਰ ਛੰਨਾ ਢਾਰਿਆਂ ਦੀ ਉਸਾਰੀ ਵਿਚ ਵਧਦੀ ਜਾਂਦੀ ਹੈ। ਪਰ ਮੰਡ ਦੇ ਇਲਾਕੇ ਤੋਂ ਜਿਵੇਂ ਮਾਝੇ, ਦੁਆਬੇ ਦੇ ਕੇਂਦਰ ਅਤੇ ਜੀ. ਟੀ. ਰੋਡ ਵੱਲ ਜਾਈਦਾ ਹੈ ਤਾਂ ਕੰਧ ਚਿਤਰਾਂ, ਇਮਾਰਤਾਂ ਦੀ ਦਿਖ ਆਕਾਰ ਵਿਚ ਛੱਜੇ, ਝਰੋਖੇ, ਅਟਾਰੀਆਂ, ਪਾਲਕੀਆਂ ਆਦਿ ਤੱਤ ਜ਼ਿਆਦਾ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਮੁਸਲਿਮ ਵਸਤੂ ਕਲਾ ਦਾ ਪ੍ਰਭਾਵ ਹੈ। ਇਸ ਇਲਾਕੇ ਵਿਚ ਲੱਕੜੀ ਦਾ ਕੰਮ ਬੜਾ ਸੁਹਜਮਖੀ ਖਾਸ ਕਰਕੇ ਸਰਦਲ ਉੱਤੇ ਹੁੰਦਾ ਹੈ। ਮਿਨਾਰਾਂ, ਗੁਮਟੀਆਂ, ਗੁੰਬਦ, ਮਾਪ ਅਨੁਪਾਤ, ਲੋਕ ਕਲਾ ਦੇ ਬਿੰਬ ਪ੍ਰਤੀਕ ਮੁਸਲਿਮ ਕਦਰਾਂ ਕੀਮਤਾਂ, ਰਿਵਾਇਤਾਂ ਨਾਲ ਜ਼ਿਆਦਾ ਇਕਮਿਕ ਹੁੰਦੇ ਲੱਗਦੇ ਹਨ। ਸ਼ੇਰ ਸ਼ਾਹ ਸੂਰੀ ਮਾਰਗ ਤੋਂ ਦੱਖਣ ਪੱਛਮ (ਮਾਲਵੇ ਵੱਲ) ਦੂਰ ਦੂਰ ਪਿੰਡ, ਖਿੰਡਾਂ 'ਚ ਕੁਝ ਹਵੇਲੀਆਂ ਬਾਕੀ ਘਰ ਕੱਚੇ, ਮਟਮੈਲੇ, ਮਿੱਟੀ ਰੰਗ ਫੱਟਿਆਂ ਵਾਲੀਆਂ ਦੀਵਾਰਾਂ ਨਾਲ ਬਣਾਏ ਹੋਏ। ਰਾਜਸਥਾਨ ਦਾ ਇਹ ਵਿਸ਼ਵਾਸ ਕਿ ਜੋ ਘਰ ਸ਼ਿੰਗਾਰਿਆ ਨਹੀਂ ਜਾਂਦਾ, ਉਹ ਬਦਸ਼ਗਨੀ ਦਾ ਪ੍ਰਤੀਕ ਹੈ, ਇਸ ਇਲਾਕੇ ਤੇ ਅਸਰ ਕਰਦਾ ਹੈ। ਘਰਾਂ ਦਾ ਹਵੇਲੀਆਂ ਦਾ ਸ਼ਿੰਗਾਰ ਜਿਵੇਂ ਜਿਵੇਂ ਰਾਜਸਥਾਨ ਵੱਲ ਜਾਈਦਾ ਹੈ ਹੋਰ ਉੱਘੜਦਾ ਆਉਂਦਾ ਹੈ। ਇਸ ਇਲਾਕੇ ਵਿਚ ਹਵੇਲੀਆਂ ਉੱਤੇ ਲੋਹੇ ਦੇ ਨਾਲ ਨਾਲ ਪਿੱਤਲ ਵੀ ਵਰਤਿਆ ਜਾਂਦਾ ਹੈ। ਇਥੋਂ ਤੱਕ ਕਿ ਪਿੱਤਲ ਦੇ ਕਿਲ ਨੁਮਾ ਕੋਕੇ, ਗੱਡਿਆਂ ਕਾਠੀਆਂ ਆਦਿ ਉੱਤੇ ਵੀ ਵਰਤੇ ਜਾਂਦੇ ਹਨ। ਖੁਸ਼ਕ ਮੌਸਮ ਵਿਚ ਹਵਾ ਵਿਚ ਉੱਡਦੇ ਰੇਤ ਦੇ ਕਣ ਇਸ ਮੌਸਮ ਨੂੰ ਹਰ ਪਲ ਲਿਸ਼ਕਾਈ ਰੱਖਦੇ ਹਨ।

ਪਹਾੜਾਂ ਵੱਲ ਲੱਕੜ ਅਤੇ ਪੱਥਰ ਦੇ ਘਰ, ਮੰਡ ਵਿਚ ਕੱਚੇ ਕਾਨੇ ਫੂਸ ਸਰਕੜੇ ਨਾਲ ਬਣੇ ਆਰਜੀ ਢਾਂਚੇ, ਮਾਲਵੇ ਵੱਲ ਕੱਚੇ ਮਟਮੈਲੇ ਘਰ ਜਿਵੇਂ ਟਿੱਬਿਆਂ ਵਿਚੋਂ ਉਗੇ ਹੋਣ। ਭਾਵ ਇਹਨਾਂ ਇਲਾਕਿਆਂ ਦੇ ਘਰ ਅਤੇ ਪਿੰਡ ਚੌਗਿਰਦੇ ਵਿਚ ਮਿਲਦੇ ਇਮਾਰਤੀ ਸਮਾਨ ਦੀ ਭਰਪੂਰ ਵਰਤੋਂ ਕਰਦੇ ਹਨ। ਪਰ ਦੁਆਬੇ ਅਤੇ ਮਾਝੇ ਦੇ ਕੇਂਦਰਾਂ ਕੋਲ ਲੋਹਾ, ਸੀਮਿੰਟ, ਸ਼ੀਸ਼ੇ ਆਦਿ ਦੀ ਵਰਤੋਂ ਇਲਾਕੇ ਦੀ ਉਪਜ ਨਾ ਹੋ ਕੇ ਓਪਰੀ ਓਪਰੀ ਲਗਦੀ ਹੈ। ਜ਼ਿਆਦਾਤਰ ਪੰਜਾਬ ਵਿਚ ਘਰ ਚੌਗਿਰਦੇ ਦਾ ਰੰਗ ਰੂਪ, ਆਕਾਰ, ਮਾਪ ਅਨੁਪਾਤ ਅਸਮਾਨ ਛੂੰਹਦੀ ਰੇਖਾ (Sky line) ਪੱਖੋਂ ਭਰਾ ਹੀ ਲੱਗਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡਾਂ ਵਿਚ ਅਸਮਾਨ ਛੂੰਹਦੀ ਰੇਖਾ ਨੂੰ ਗੁਰਦੁਆਰੇ ਦਾ ਗੁੰਬਦ ਨਿਸ਼ਾਨ ਸਾਹਿਬ ਜਾਂ ਕਿਸੇ ਕਿਸੇ ਪਿੰਡ ਵਿਚ ਪਾਣੀ ਦੀ ਉੱਚੀ ਟੈਂਕੀ ਪ੍ਰਭਾਵਿਤ ਕਰਦੇ ਹਨ। ਜਿਥੇ ਇਹ ਤਿੰਨ ਉੱਚੇ ਨਹੀਂ ਹਨ, ਉਥੇ ਪਿੰਡ ਤੇ ਘਰ ਦਰੱਖਤਾਂ ਦੀ ਉਚਾਈ ਅਤੇ ਚੌਗਿਰਦੇ ਦੇ ਰੰਗਾਂ ਵਿਚ ਇਕਮਿਕ ਇਕਸੁਰ ਹੋ ਜਾਂਦੇ ਹਨ। ਹੁਣ ਚੰਡੀਗੜ੍ਹ ਦੇ ਪ੍ਰਭਾਵ ਥੱਲੇ ਓਪਰੇ ਰੰਗ, ਓਪਰੇ ਆਕਾਰ, ਓਪਰੇ ਮਾਪ-ਅਨੁਪਾਤ, ਓਪਰੇ ਦਰੱਖ਼ਤ ਵੇਲਾਂ ਬੂਟੇ ਘਾਹ, ਕਿਤੇ ਕਿਤੇ ਪਿੰਡਾਂ ਤੇ ਘਰਾਂ ਵਿਚ ਵਿਲੱਖਣਤਾ ਲਿਆ ਰਹੇ ਹਨ।

ਪਿੰਡਾਂ ਦੀਆਂ ਗਲੀਆਂ ਦੀ ਦਿਸ਼ਾ ਪ੍ਰਣਾਲੀ (orientation) ਅਤੇ ਪਿੰਡਾਂ ਵਿਚ ਵੱਖੋ ਵੱਖਰੇ ਧੰਦੇ, ਜ਼ਾਤਾਂ ਅਨੁਸਾਰ, ਮਨਸਾਰ ਨੇ ਪਿੰਡਾਂ ਨੂੰ ਅੱਠ ਵਰਗਾਂ ਵਿਚ ਵੰਡਿਆ ਹੈ। ਇਸ ਵਰਗ ਵੰਡ ਅਨੁਸਾਰ ਪਿੰਡ ਦੇ ਆਬਾਦੀ ਹੇਠਲੇ ਰਕਬੇ ਨੂੰ ਮੁਹੱਲਿਆਂ, ਪੱਤੀਆਂ ਵਿਚ ਵੰਡਿਆ ਜਾਂਦਾ। ਹਰ ਮੁਹੱਲੇ ਪੱਤੀ ਨਾਲ ਜ਼ਾਤ ਜਾਂ ਧੰਦੇ-ਵਿਸ਼ੇਸ਼ ਦੇ ਲੋਕਾਂ ਦਾ ਰਹਿਣ ਸਹਿਣ ਜੁੜਿਆ ਹੁੰਦਾ।

ਸਾਰੇ ਪਿੰਡ ਤੋਂ ਹਟ ਕੇ ਜਦੋਂ ਗੱਲ ਘਰਾਂ ਦੀ ਵਿਉਂਤਬੰਦੀ ਅਤੇ ਤਰਤੀਬ ਉੱਤੇ ਆਉਂਦੀ ਹੈ ਤਾਂ ਪੰਜਾਬ ਵਿਚ ਪੜਦੇ ਕਰਕੇ ਗਲੀ ਵੱਲ ਇਕੋ ਮੁੱਖ ਬੂਹਾ ਖੁੱਲ੍ਹਦਾ। ਇਸ ਬੂਹੇ ਦੇ ਅੰਦਰ ਇਕ ਪਾਸੇ ਬੈਠਕ ਅਤੇ ਦੂਸਰੇ ਪਾਸੇ ਪਸ਼ੂਆਂ ਲਈ ਥਾਂ ਹੁੰਦੀ। ਉਸ ਹਾਲਤ ਵਿਚ ਜਦੋਂ ਪਸ਼ੂਆਂ ਲਈ ਵੱਖਰੀ ਹਵੇਲੀ ਨਾ ਹੁੰਦੀ। ਇੰਜ ਘਰ ਦੇ ਪੰਜ ਮੁੱਖ ਹਿੱਸੇ ਹੁੰਦੇ। ਆਏ ਗਏ ਲਈ ਬੈਠਕ, ਪਸ਼ੂਆਂ ਲਈ ਥਾਂ, ਵਿਹੜਾ, ਚੌਂਕਾ ਅਤੇ ਰਹਿਣ ਸਹਿਣ ਲਈ ਕਮਰੇ। ਕੰਮੀ ਕੁਮੀਣਾ ਦੇ ਘਰ ਇਕ ਸਾਂਝੇ ਵਿਹੜੇ ਦੇ ਦੁਆਲੇ ਵਿਉਂਤੇ ਜਾਂਦੇ ਜਾਂ ਗਲੀ ਦੇ ਦੋਹੀਂ ਪਾਸੀਂ ਉਸਰਦੇ। ਕਈ ਹਾਲਤਾਂ 'ਚ ਗਰੀਬਾਂ ਦੇ ਘਰਾਂ ਵਿਚ ਵਿਹੜੇ ਦੀ ਅਣਹੋਂਦ ਹੁੰਦੀ। ਇਕ ਕਮਰੇ ਤੋਂ ਬਹੁ-ਮੁਖੀ ਕਾਰਜ ਸਾਧ ਲਏ ਜਾਂਦੇ।

ਪਿੰਡਾਂ ਦੇ ਘਰਾਂ ਵਿਚ ਪਾਵਨਤਾ (sacred) ਦਾ ਸੰਕਲਪ ਕੰਮ ਕਰਦਾ, ਹਰ ਥਾਂ, ਹਰ ਨੁੱਕਰ ਦੀ ਆਪਣੀ ਸੁੱਚ, ਪਾਵਨਤਾ ਦੀ ਮਹਾਨਤਾ ਹੁੰਦੀ। ਚੌਂਕਾ ਸੁੱਚਾ ਹੈ, ਦੁੱਧ ਸੁੱਚਾ ਹੈ, ਪਾਣੀ ਪਵਿੱਤਰ ਹੈ। ਬਾਬਾ ਜੀ ਦੇ ਕਮਰੇ ਅੱਗੋਂ ਸਿਰ ਝੁਕਾ ਕੇ ਲੰਘਣਾ ਹੈ। ਉਹ ਕਮਰਾ ਜਿਥੇ ਬਜ਼ੁਰਗ ਬੈਠੇ ਹੋਣ ਉਹਦੇ ਅੱਗੋਂ ਸ਼ੋਰ ਕਰਕੇ ਨਹੀਂ, ਸਿਰ ਤੇ ਕਪੜਾ ਲੈ ਕੇ, ਸਿਰ ਝੁਕਾ ਕੇ ਲੰਘਣਾ ਹੈ। ਬਾਹਰ ਦੇ ਮੁੱਖ ਬੂਹੇ ਤੋਂ ਲੈ ਕੇ ਘਰ ਦੇ ਚੌਂਕੇ ਤਕ ਦਾ ਫ਼ਾਸਲਾ ਇਕ ਮਾਪ ਦੰਡ ਹੁੰਦਾ। ਜਿਥੇ ਚੌਂਕੇ ਨੂੰ ਵਿਹੜੇ ਤੋਂ ਉੱਚਾ ਕੀਤਾ ਹੁੰਦਾ, ਕਈ ਜ਼ਾਤਾਂ/ਵਰਣਾਂ ਦੇ ਲੋਕ ਉਸ ਤੋਂ ਅੱਗੇ ਨਾ ਆ ਸਕਦੇ। ਘਰ ਦੇ ਲੋਕਾਂ ਦੀ ਜ਼ਾਤ ਪਾਤ ਦੇ ਕੋਈ ਜਿੰਨਾ ਨੇੜੇ ਹੁੰਦਾ ਉਨਾਂ ਹੀ ਉਹ ਘਰ ਦੇ ਅੰਦਰਲੇ ਕਮਰਿਆਂ ਤੱਕ ਆ ਸਕਦਾ। ਨਹੀਂ ਤੇ ਉਸ ਨੂੰ ਰਸਮੀ ਗੱਲਬਾਤ ਕਰਕੇ ਬਾਹਰ ਦੇ ਮੁੱਖ ਦਰਵਾਜ਼ੇ, ਬੈਠਕ ਅਤੇ ਉੱਚੇ ਕੀਤੇ ਗਏ ਚਬੂਤਰੇ ਨੁਮਾ ਵਿਹੜੇ ਤੋਂ ਪਰ੍ਹਾਂ ਪਰ੍ਹਾਂ ਹੀ ਰੱਖਿਆ ਜਾਂਦਾ। ਘਰ ਦੇ ਜੀਆਂ ਦੀ ਉਮਰ ਰੁਤਬੇ ਮਰਦਾਵੇਂ ਜਨਾਨੇ ਅਨੁਸਾਰ ਘਰ ਦੀ ਭੋਂ-ਵਰਤੋਂ ਕੀਤੀ ਜਾਂਦੀ।

ਵਿਹੜੇ ਦੀ ਵਰਤੋਂ ਦਿਨ ਵਿਚ ਸੂਰਜ ਦੇ ਸਫ਼ਰ ਅਤੇ ਮੌਸਮ ਅਨੁਸਾਰ ਆਈਆਂ ਫ਼ਸਲਾਂ ਨਾਲ ਜੁੜੇ ਸਭਿਆਚਾਰ ਅਨੁਸਾਰ ਬਲਦਲੀ ਰਹਿੰਦੀ। ਉੱਚ ਵਰਗ ਦੇ ਵੱਡੇ ਘਰਾਂ ਦੇ ਕਈ ਕਈ ਵਿਹੜੇ ਪੌੜੀਆਂ ਹੁੰਦੀਆਂ। ਜਾਨਵਰਾਂ ਲਈ ਵੱਖਰਾ, ਮਰਦਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਵੱਖਰਾ, ਤ੍ਰੀਮਤਾਂ ਲਈ, ਔਰਤਾਂ ਲਈ ਵੱਖਰਾ । ਕਈ ਹਾਲਤਾਂ 'ਚ ਵਿਆਹੇ ਜੋੜੇ ਕਮਰਿਆਂ ਦੀ ਘਾਟ ਕਰਕੇ ਰਾਤ ਬਰਾਤੇ ਚੋਰੀ-ਛਿਪੇ ਮਿਲਦੇ । ਜਿਥੇ ਘਰ ਦੀ ਆਰਥਿਕਤਾ ਪੱਖੋਂ ਸੰਭਵ ਹੁੰਦਾ, ਉਥੇ ਨਵ-ਵਿਆਹੇ ਜੋੜੇ ਨੂੰ ਚੁਬਾਰੇ ਵਿਚ ਰੱਖਿਆ ਜਾਂਦਾ । ਸ਼ਰਮ, ਪੜਦੇ ਪੱਖੋਂ, ਨੂੰਹ ਚੌਂਕੇ ਚੁੱਲ੍ਹੇ ਦਾ ਕੰਮ ਸਾਂਭ ਕੇ ਹਨੇਰੇ ਵਿਚ ਹੀ ਚੁਬਾਰੇ ਦੀਆਂ ਪੌੜੀਆਂ ਚੜ੍ਹਦੀ ਅਤੇ ਸਵੇਰੇ ਭਾਈ ਦੇ ਬੋਲਣ ਵੇਲੇ ਫਿਰ ਚੌਂਕੇ ਚੁੱਲ੍ਹੇ ਦੇ ਕਾਰ ਵਿਹਾਰ 'ਚ ਆ ਲਗਦੀ ।

ਘਰ ਦੀ ਉਹ ਕੰਧ ਜੋ ਗਲੀ ਵੱਲ ਲਗਦੀ, ਚੁਬਾਰੇ ਦਾ ਉਹ ਪਾਸਾ ਜੋ ਗਲੀ ਤੋਂ ਦੂਰ ਦਿਸਦਾ ਆਦਿ ਦੇ ਸ਼ਿੰਗਾਰ ਉੱਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ । ਗਲੀ ਵੱਲ ਲਗਦੇ ਛੱਜੇ ਇੰਜ ਵਧਾਏ ਜਾਂਦੇ ਕਿ ਉਹ ਮਹੱਲ, ਪਾਲਕੀਆਂ ਅਤੇ ਕਈ ਹਾਲਤਾਂ 'ਚ ਦਿੱਖ ਨੂੰ ਰਾਜੇ ਦੇ ਮੁਕਟ ਵਾਂਗ ਸ਼ਿੰਗਾਰਿਆ ਜਾਂਦਾ ।

ਪਿੰਡ ਦੀ ਗਲੀ ਵਿਚ ਵਿੰਗ-ਤਿੜੰਗੇ ਮੋੜ ਹੁੰਦੇ । ਇਹ ਗਲੀ ਵਿਚ ਅਜੀਬ ਖਿੱਚ ਪੈਦਾ ਕਰਦੇ । ਪਿੰਡ ਦੀ ਗਲੀ ਦਾ ਮਾਪ ਮਨੁੱਖ ਸਿਰ ਤੇ ਪੰਡ ਲੈ ਕੇ ਲੰਘ ਸਕੇ, ਖੋਤੇ ਉਤੇ ਸਮਾਨ ਘਰਾਂ ਵਿਚ ਆ ਜਾ ਸਕੇ, ਅਤੇ ਗੱਡੇ ਆ ਜਾ ਸਕਣ ਇਹਨਾਂ ਤਿੰਨਾਂ ਦੇ ਮਾਪ ਅਨੁਸਾਰ ਪ੍ਰਭਾਵਿਤ ਹੁੰਦਾ । ਇਹ ਵਲੇਵੇਂ ਮੋੜ ਖਾਂਦੀ ਗਲੀ ਜਿਵੇਂ ਥੋੜ੍ਹੇ ਜਿਹੇ ਕੱਢੇ ਘੁੰਡ ਵਾਲੀ ਔਰਤ, ਜਿਵੇਂ ਚਿਲਮਨ ਓਹਲੇ ਕਿਸੇ ਪ੍ਰਛਾਵੇਂ ਬਾਰੇ ਉਤਸੁਕਤਾ, ਇਹ ਗਲੀ ਇਕ ਜਗਿਆਸਾ, ਇਕ ਅਚੰਭਾ ਪੈਦਾ ਕਰਦੀ ਭੀੜੀ ਤੰਗ ਗਲੀ ਅੰਦਾਜ਼ਾ ਹੀ ਨਹੀਂ ਸੀ ਹੁੰਦਾ ਕਿ ਕਦੋਂ ਇਕ ਡਰਾਮਾਈ ਅੰਦਾਜ਼ 'ਚ ਖੁਲ੍ਹ ਕੇ ਚੌਂਕ ਵਿਚ, ਪਿੰਡ ਦੀ ਸੱਥ ਵਿਚ ਜਾਂ ਉਸ ਨੁੱਕਰ ਤੇ ਪੁੱਜ ਜਾਏਗੀ ਜਿਥੇ ਸਕੂਲ, ਗੁਰਦੁਆਰਾ, ਦੁਕਾਨਾਂ ਜਾਂ ਖੂਹ ਹੁੰਦਾ । ਇਸ ਇਕਦਮ ਫੈਲੀ ਹੋਈ ਥਾਂ ਤੇ ਜਿਥੇ ਗਲੀ ਚੌੜੀ ਹੁੰਦੀ । ਕਿਸੇ ਘਰ ਦਾ ਉੱਚੇ ਚਬੂਤਰੇ ਨੁਮਾ ਥੜਾ ਹੁੰਦਾ ਨੀਵੇਂ ਥਾਂ ਉੱਤੇ ਦਾਣੇ ਭੁੰਨਣ ਵਾਲੀ ਭੱਠੀ ਹੁੰਦੀ । ਸਿਆਲ ਵਿਚ ਹਨੇਰਾ ਹੁੰਦੇ ਹੀ ਇਸ ਭੱਠੀ ਦੇ ਚਾਰ ਚੁਫੇਰੇ ਲੋਕ-ਕਥਾਵਾਂ ਦੀਆਂ ਚਿਣਗਾਂ ਦੇ ਸ਼ਰਾਰੇ ਉੱਡਣ ਲਗ ਪੈਂਦੇ ।

ਮੁੱਖ ਬੂਹੇ ਨੂੰ ਛੱਡ ਕੇ, ਜਿੱਥੋਂ ਘਰ ਨੂੰ ਆਉਣਾ ਹੁੰਦਾ, ਗਲੀ ਤੇ ਘਰ ਦਾ ਇਕ ਦੂਸਰੇ ਤੋਂ ਪੜਦਾ ਹੁੰਦਾ । ਗਲੀ ਕਿਉਂਕਿ ਮਨੁੱਖੀ ਪੈਰਾਂ ਦੇ ਮਾਪ (Padesterian Scale) ਤੇ ਵਿਉਂਤੀ ਜਾਂਦੀ, ਗਲੀ 'ਚ ਤੁਰਦਾ ਮਨੁੱਖ ਕੰਧਾਂ ਉੱਤੇ ਉਕਰੇ ਚਿੱਤਰ, ਰੇਖਾ-ਚਿੱਤਰ ਵੇਖ ਸਕਦਾ, ਮਾਣ ਸਕਦਾ, ਉਹ ਆਕਾਰਾਂ ਦੀ ਖ਼ੂਬਸੂਰਤੀ ਨੂੰ ਸਮਝ ਸਕਦਾ । ਇਸ ਲਈ ਗਲੀ ਵਿਚ ਜਾਲੀਆਂ, ਬੂਹੇ, ਝਰੋਖੇ, ਚੌਂਕੀਆਂ, ਕੰਧਾਂ, ਚੁਬਾਰੇ, ਗੁਮਟੀਆਂ, ਅਟਾਰੀਆਂ, ਬੈਠਕਾਂ ਹਰ ਉਹ ਦ੍ਰਿਸ਼ ਜੋ ਵਿਚੋਂ ਦੇਖਿਆ ਜਾ ਸਕਦਾ, ਉਸਨੂੰ ਸ਼ਿੰਗਾਰਨ ਲਈ ਪੂਰੀ ਪੂਰੀ ਵਾਹ ਲਾਈ ਜਾਂਦੀ । ਗਲੀ ਨੂੰ ਸ਼ਿੰਗਾਰਨ ਲਈ ਮਿਥਿਹਾਸਕ ਕਥਾਵਾਂ, ਧਾਰਮਿਕ ਚਿੰਨ੍ਹ, ਮੂਰਤੀਆਂ, ਰੇਖਾ ਗਣਿਤ ਦੀ ਸ਼ਕਲ/ਆਕਾਰ ਆਪੋ ਆਪਣੇ ਇਲਾਕੇ ਦੇ ਪ੍ਰਤੀਕ ਆਪੋ ਆਪਣੀ ਵਿਲੱਖਣਤਾ ਲਈ ਇੰਜ ਉਘਾੜੇ ਜਾਂਦੇ ਕਿ ਤੁਰਦਾ ਫਿਰਦਾ ਮਨੁੱਖ ਇਹਨਾਂ ਦੇ ਅਰਥ ਸਮਝ ਸਕੇ । **ਗਲੀ ਇਕ ਅੱਖਾਂ ਦੀ ਭਾਸ਼ਾ** (Visual Language) **ਸਿਰਜਦੀ ਹੈ । ਇਸ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰਜਣਾ ਤੋਂ ਪ੍ਰੇਰਨਾ ਵੀ ਮਿਲਦੀ, ਉਪਦੇਸ਼ ਵੀ ਤੇ ਪ੍ਰਾਪਤੀ ਦਾ ਅਹਿਸਾਸ ਵੀ। ਗੱਲ ਗਲੀ ਦੇ ਕੰਧ ਚਿਤਰਾਂ ਉੱਤੇ ਹੀ ਨਹੀਂ ਮੁੱਕ ਜਾਂਦੀ, ਲੱਕੜੀ ਦਾ ਕੰਮ, ਸ਼ੀਸ਼ੇ ਦਾ ਕੰਮ, ਇੱਟਾਂ ਦੀ ਕਲਾਮਈ ਉਸਾਰੀ; ਪੱਥਰ ਕੱਟ ਕੱਟ ਬਣਾਈਆਂ ਜਾਲੀਆਂ, ਲੱਕੜ ਤਰਾਸ਼ ਤਰਾਸ਼ ਕੇ ਬਣਾਈਆਂ ਸਰਦਲਾਂ, ਚੁਗਾਠਾਂ, ਰੋਸ਼ਨਦਾਨਾਂ, ਬਾਰੀਆਂ ਬੂਹਿਆਂ ਦੇ ਨਮੂਨੇ ਹਰ ਇਕ ਉੱਤੇ ਇੰਨੀ ਕਲਾ ਪੂਰਨ ਵਿਲੱਖਣਤਾ, ਸੁਹਜਮਈ ਆਕਾਰ ਅਤੇ ਪ੍ਰਤੀਕਾਂ ਦਾ ਪ੍ਰਗਟਾ ਹੈ ਕਿ ਹਰ ਇਮਾਰਤੀ ਸਾਮਾਨ ਵੱਖੋ ਵੱਖਰੇ ਲੇਖਾਂ ਦਾ ਵਿਸ਼ਾ ਹੈ।

ਉਪਰੋਕਤ ਤੋਂ ਇਹ ਵੀ ਅਰਥ ਨਹੀਂ ਲਿਆ ਜਾਣਾ ਚਾਹੀਦਾ ਕਿ ਸੰਕਲਪ ਪੈਸੇ ਦੇ ਵਿਖਾਵੇ ਦਾ ਹੀ ਸੀ। ਜਿਥੇ ਆਰਥਿਕ ਥੁੜਾਂ ਸਨ, ਗਲਾਂ ਉਥੇ ਵੀ ਸ਼ਿੰਗਾਰੀ ਜਾਂਦੀ। ਗੋਹੇ 'ਚ ਚੀਕਨੀ ਮਿੱਟੀ ਰਲਾ ਕੇ ਕੰਧਾਂ ਲਿੰਬੀਆਂ ਪੋਚੀਆਂ ਜਾਂਦੀਆਂ, ਜੇ ਚਿੱਟਾ ਉੱਘੜਦਾ ਤੇ ਗੇਰੂਏ ਰੰਗ ਨਾਲ ਕੰਧ ਤੇ ਆਕਾਰ ਬਣਾਏ ਜਾਂਦੇ। ਜੇ ਲਿੰਬੀ ਪੋਚੀ ਕੰਧ ਦਾ ਰੰਗ ਘਸਮੈਲਾ ਹੁੰਦਾ ਤਾਂ ਗੋਹੇ ਨਾਲ ਹਰੀ ਪੀਲੀ ਭਾਅ ਮਾਰਦੇ ਆਕਾਰ ਬਣਾਏ ਜਾਂਦੇ। ਜਿਸ ਇਲਾਕੇ ਦੀ ਚੀਕਨੀ ਮਿੱਟੀ ਗੂਹੜੇ ਸਲੇਟੀ ਰੰਗ ਦੀ ਭਾਅ ਮਾਰਦੀ, ਉਥੇ ਚਿੱਟੀ ਕਲੀ/ਚੂਨੇ ਨਾਲ ਗਲੀ ਸ਼ਿੰਗਾਰੀ ਜਾਂਦੀ। ਇੰਜ ਗਲੀ ਵਿਚ ਫਿਰਦਾ ਮਨੁੱਖ ਇਕ ਪਾਸੇ ਜਿਥੇ ਆਪਣੇ ਵਿਰਸੇ ਨਾਲ ਜੁੜਦਾ, ਦੂਸਰੇ ਪਾਸੇ ਗਲੀ ਉਹਨੂੰ ਘਰਾਂ ਮੁਹੱਲੇ ਅਤੇ ਪਿੰਡ ਦੀ ਸਾਂਝ ਨਾਲ ਜਾ ਜੋੜਦੀ। ਇਹ ਸਾਂਝ ਘਰਾਂ ਨੂੰ ਘਰਾਂ ਨਾਲ ਜੋੜਣ, ਦਿਲਾਂ ਨੂੰ ਦਿਲਾਂ ਨਾਲ ਜੋੜਣ ਤੋਂ ਅੱਗੇ ਪਿੰਡਾਂ ਨੂੰ ਇਲਾਕੇ ਨਾਲ ਜੋੜਣ ਦੀ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੀ। ਗਲੀ 'ਚ ਫਿਰਦਾ ਪੰਜਾਬੀ ਆਪਣੇ ਜਿਸਮ ਦੇ ਆਕਾਰ ਨਾਲ ਇਕ ਨਿੱਘ (Intimacy) ਦਾ ਅਹਿਸਾਸ ਮਹਿਸੂਸ ਕਰਦਾ, ਆਪਣੇ ਚੌਗਿਰਦੇ ਦਾ ਇਕ ਹਿੱਸਾ ਬਣਿਆ ਮਹਿਸੂਸ ਕਰਦਾ।

ਜਿਵੇਂ ਪਿੰਡ ਦੀ ਸਾਦ-ਮੁਰਾਦੀ ਜ਼ਿੰਦਗੀ ਪਿੱਛੇ ਬੜੇ ਗਹਿਰੇ ਅਰਥ ਲੁਕੇ ਹੁੰਦੇ, ਇੰਜੇ ਭੀੜੀ ਤੰਗ ਵਲੇਵੇਂ ਖਾਂਦੀ ਗਲੀ ਵਿਚ ਅਪਣੱਤ ਵੀ ਸੀ, ਸ਼ਿੰਗਾਰ ਵੀ, ਸਭਿਆਚਾਰਕ ਵਿਰਸਾ ਵੀ, ਉਸ ਵੇਲੇ ਦੇ ਸੰਦਰਭ ਵਿਚ, ਪੜਦਾ ਵੀ, ਠੰਡਕ ਵੀ ਤੇ ਸੁਰੱਖਿਆ ਦਾ ਅਹਿਸਾਸ ਵੀ।[21]

ਘਰ ਤੋਂ ਬਾਹਰ ਪਿੰਡਾਂ ਦਾ ਸਭਿਆਚਾਰ, ਖੇਤਾਂ ਦੇ ਫੈਲਾਅ ਜਿੰਨਾ ਵਿਸ਼ਾਲ ਦਰਿਆਵਾਂ ਦੇ ਪਾਣੀ ਵਾਂਗ ਰਵਾਨਗੀ ਭਰਿਆ, ਅਸਮਾਨ ਦੀ ਨੀਲ ਰੰਗੀ ਉਚਾਈ ਜਿੰਨਾ ਗਹਿਰਾ, ਹਿਰਨਾ ਦੀਆਂ ਚੁੰਗੀਆਂ ਵਾਂਗ ਅਲਮਸਤ ਹੁੰਦਾ। ਪਿੰਡ ਦੀ ਗਲੀ ਤੋਂ ਲੈ ਕੇ ਇਹ ਖੇਤਾਂ, ਖੂਹਾਂ, ਖਰਾਸ, ਗਊਚਾਰਾ ਲਈ ਰਾਖਵੀਆਂ ਥਾਵਾਂ ਪਿੰਡ ਵਿਚ ਜੁੜ ਬੈਠਣ ਦੇ ਖੁਲ੍ਹੇ ਥਾਵਾਂ, ਛੱਪੜਾਂ, ਢਾਬਾਂ, ਨਹਿਰਾਂ, ਖਾਲਾਂ ਦੇ ਕਿਨਾਰਿਆਂ ਨਾਲ ਲੱਗਦੇ ਖੁਲ੍ਹੇ ਥਾਵਾਂ (Open Spaces) ਤਕ ਪਸਰਿਆ ਹੁੰਦਾ।

ਇਹਨਾਂ ਥਾਵਾਂ ਨਾਲ ਇਤਿਹਾਸ ਵੀ ਜੁੜਿਆ ਹੁੰਦਾ, ਮਿਥ ਵੀ, ਸਮਾਜਿਕ ਰਹੁ-ਰੀਤਾਂ ਵੀ, ਭਰਮ, ਭਉ, ਡਰ ਵੀ, ਧਾਰਮਿਕ ਵਿਸ਼ਵਾਸ ਵੀ, ਆਦਰ ਵੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਚਾਇਤ ਦਾ ਮਾਣ ਵੀ, ਤੇ ਡੰਗਰ ਚਾਰਦੇ ਹੋਏ ਕਿਸੇ ਵਾਗੀ ਦੀ 'ਪੂਰਨ ਭਗਤ' ਦੀ ਹੇਕ ਵੀ। ਕਈ ਥਾਈਂ ਪੀਂਘਾਂ ਪੈਂਦੀਆਂ, ਤੀਆਂ ਲੱਗਦੀਆਂ, ਪੀਰ, ਖ਼ਾਨਗਾਹ ਦੀ ਥਾਂ ਹੁੰਦੀ। ਪਿੰਡ ਦਾ ਚੌਕ/ਸੱਥ ਹੁੰਦੀ। ਕਿਸੇ ਕਿਸੇ ਪਿੰਡ ਖਾਸ ਮੱਸਿਆ, ਤਿਉਹਾਰ ਉੱਤੇ ਮੇਲਾ ਲੱਗਦਾ, ਡੰਗਰਾਂ ਦੀ ਮੰਡੀ ਲੱਗਦੀ।

ਪਿੰਡ ਦਾ ਖੁੱਲ੍ਹਾ ਥਾਂ ਭਾਵੇਂ ਕੋਈ ਵੀ ਹੁੰਦਾ, ਉਹਦੀ ਵਰਤੋਂ ਦਿਨ ਵਿਚ ਬਦਲਦੀ ਰਹਿੰਦੀ। ਭਾਵੇਂ ਇਹ ਛੱਪੜ ਦਾ ਕੰਢਾ ਹੁੰਦਾ, ਭਾਵੇਂ ਪਿੰਡ ਦੀ ਸੱਥ ਵਿਚ ਹੁੰਦੀ। ਕਦੀ ਇਥੇ ਸਰਕਾਰੀ ਕਰਿੰਦੇ, ਥਾਣੇਦਾਰ, ਪਟਵਾਰੀ, ਤਹਿਸੀਲਦਾਰ, ਕਾਨੂੰਗੋ ਆ ਕੇ ਬੈਠਦੇ, ਕਦੀ ਬੁੱਢੇ ਬਜ਼ੁਰਗ ਆਪਣੇ ਦੁੱਖ ਸੁੱਖ ਕਰਦੇ। ਕਦੀ ਬੱਚੇ ਖਿੱਦੋ ਖੂੰਡੀ ਖੇਡਣ ਲਗ ਪੈਂਦੇ, ਕਦੀ ਉਹ ਕਿਰਦਾਰ ਜੋ ਸਮਾਜਿਕ ਮਾਨਤਾਵਾਂ ਨੂੰ ਰਾਸ ਨਾ ਆਉਣ ਕਰਕੇ ਵਿਹਲੇ ਰਹਿੰਦੇ, ਤਾਸ਼, ਬਾਰਾਂ ਟਾਹਣੀ, ਚੌਪੜ ਖੇਡਦੇ।

ਕਦੀ ਕਦੀ ਇਹਨਾਂ ਚੌਂਕਾਂ ਵਿਚ, ਪਿੰਡ ਕਿਸੇ ਅਹਿਮ ਮਸਲੇ ਲਈ ਜੁੜ ਕੇ ਬੈਠਦਾ, ਕਦੀ ਮਰਾਸੀ ਨਕਲਾਂ ਕਰਦੇ। ਨਵੇਂ ਪੜ੍ਹੇ ਮੁੰਡੇ ਡਰਾਮੇ ਕਰਦੇ, ਲੋਹੜੀ, ਦਿਵਾਲੀ ਵਿਸਾਖੀ ਨੂੰ ਇਸ ਚੌਂਕ ਵਿਚ ਗਭਰੂਆਂ ਦੀਆਂ ਢਾਣੀਆਂ ਲੜ ਵੀ ਪੈਂਦੀਆਂ। ਕਿਤੇ ਸੱਥ ਕੋਲ ਗੁਰਦੁਆਰਾ ਹੁੰਦਾ, ਕਿਤੇ ਹੱਟੀ ਹੁੰਦੀ, ਕਿਤੇ ਖੂਹ ਹੁੰਦਾ, ਕਿਤੇ ਸਕੂਲ, ਭਾਵ ਸੱਥ ਦੇ ਇਸ ਖੁੱਲ੍ਹੇ ਚੌਂਕ ਕੋਲ ਪਿੰਡ ਦੇ ਸਮਾਜਿਕ ਜੀਵਨ ਦੇ ਫ਼ੈਸਲੇ ਹੁੰਦੇ।

ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਪਿੰਡਾਂ ਦੇ ਨੁਹਾਰ ਬਣਤਰ ਅਤੇ ਰੂਪ ਬਾਰੇ ਜੁੜੇ ਸੰਕਲਪ ਅਤੇ ਪ੍ਰਤੀਕਾਂ ਬਾਰੇ ਕੁਝ ਸੰਕੇਤ ਅਤੇ ਇਸ਼ਾਰੇ ਹੀ ਮਿਲਦੇ ਹਨ। ਇਹ ਵਿਸ਼ਾ ਏਨਾ ਵਿਸ਼ਾਲ ਹੈ ਕਿ ਇਕ ਲੇਖ ਦਾ ਸੀਮਾ ਖੇਤਰ ਨਹੀਂ ਕਿਸੇ ਪੂਰੀ ਸੰਸਥਾ ਦਾ ਧਿਆਨ ਲਗਨ ਅਤੇ ਵਸੀਲੇ ਮੰਗਦਾ ਹੈ।

(3) ਘਰਾਂ ਨੂੰ ਸ਼ਿੰਗਾਰਨ ਵਿਚ ਪੰਜਾਬੀ ਮੁਟਿਆਰਾਂ ਦਾ ਯੋਗਦਾਨ

ਦੇਸ਼ ਦੇ ਇਸ ਭਾਗ ਵਿਚ ਘਰਾਂ ਨੂੰ ਸ਼ਿੰਗਾਰਦੀਆਂ ਪੰਜਾਬੀ ਮੁਟਿਆਰਾਂ ਲੋਕ ਕਲਾ ਦੇ ਵੱਖੋ ਵੱਖਰੇ ਤੱਤਾਂ ਨੂੰ ਸਿਰਜਣਾਤਮਕ ਪ੍ਰਕਿਰਿਆ ਵਿਚ ਘੜਦੀਆਂ, ਪ੍ਰਤੀਕਾਂ ਨੂੰ ਕਿਵੇਂ ਨਵੇਂ ਅਰਥਾਂ ਦੀ ਰੋਸ਼ਨੀ ਵਿਚ ਉਘਾੜਦੀਆਂ ਹਨ। ਇਹ ਸਿਰਜਣਾ ਕਰਦੇ ਹੋਏ ਪੀੜ੍ਹੀ-ਦਰ-ਪੀੜ੍ਹੀ ਲੋਕ ਕਲਾ ਦੇ ਵੱਖੋ ਵੱਖਰੇ ਤੱਤਾਂ ਨੂੰ ਉਹ ਕਿਵੇਂ ਸਜੀਵ ਕਰਦੀਆਂ ਹਨ, ਇਹ ਸਿਰਜਣਾ ਕਰਦੇ ਹੋਏ ਕਦੋਂ ਉਹ ਲੋਕ ਗੀਤ ਗਾਉਂਦੀਆਂ ਆਪਣੀ ਮੁਸ਼ੱਕਤ ਭੁੱਲ ਜਾਂਦੀਆਂ, ਆਪਣਾ ਅਕੇਵਾਂ ਭੁੱਲ ਜਾਂਦੀਆਂ ਤੇ ਕਿਵੇਂ ਘਰਾਂ ਨੂੰ ਸ਼ਿੰਗਾਰਨ ਲਗੇ ਇਕ ਪੱਖ ਛੱਡ ਕੇ, ਉਹ ਅਚਨਚੇਤ ਦੂਸਰਾ ਪੱਖ/ਰੂਪ ਵਿਚ ਸਿਰਜਣਾ ਕਰਨ ਲਗ ਪੈਂਦੀਆਂ। ਖੁਸ਼ੀਆਂ ਗਮੀਆਂ, ਮਿਲਣ ਵਿਛੜਨ, ਤੀਆਂ ਤ੍ਰਿੰਞਣ ਦੇ ਮੇਲ ਤੇ ਉਹ ਕਿਵੇਂ ਦੇ ਵਲਵਲੇ ਸਨ ਜੋ ਨਾ ਸਿਰਫ਼ ਮੁਹੱਲੇ, ਪੱਤੀ, ਪਿੰਡ ਦੀਆਂ ਮੁਟਿਆਰਾਂ ਨੂੰ ਇਕ ਵਿਹੜੇ, ਇਕ ਛੱਤ, ਇਕ ਘਰ, ਇਕੱਠਾ ਕਰ ਦਿੰਦੇ ਸਗੋਂ ਇਸ ਇਕੱਠ ਵਿਚ ਉਹ ਲੋਕ-ਗੀਤ ਗਾਉਂਦੀਆਂ, ਇਕ ਦੂਸਰੀ ਤੋਂ ਨਮੂਨੇ ਸਿੱਖ ਲੈਂਦੀਆਂ, ਨਮੂਨੇ ਵਟਾ ਲੈਂਦੀਆਂ, ਰੰਗਾਂ ਦੇ ਸੁਮੇਲ ਬਾਰੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝ ਲੈਂਦੀਆ ।

ਘਰਾਂ ਨੂੰ ਸ਼ਿੰਗਾਰਣ ਵਿਚ ਪੰਜਾਬੀ ਮੁਟਿਆਰਾਂ ਦਾ ਯੋਗਦਾਨ ਤਿੰਨ ਤਰ੍ਹਾਂ ਦਾ ਹੈ :

(i) ਇਲਾਕੇ 'ਚ ਬਹੁਲਤਾ ਵਿਚ ਮਿਲਦੇ ਵਸੀਲਿਆਂ ਤੋਂ ਉਪਯੋਗੀ ਵਸਤਾਂ ਸਿਰਜ ਕੇ ।

(ii) ਦਾਜ ਨਾਲ ਜੁੜੀਆਂ ਵਸਤਾਂ ਨਾਲ ਘਰ ਨੂੰ ਸ਼ਿੰਗਾਰਣਾ

(iii) ਘਰ, ਚੁਲ੍ਹੇ, ਚੌਂਕੇ ਨੂੰ ਲਿੰਬ ਪੋਚ ਕੇ ਸ਼ਿੰਗਾਰਣਾ

(i) ਇਲਾਕੇ 'ਚ ਬਹੁਲਤਾ ਵਿਚ ਮਿਲਦੇ ਵਸੀਲਿਆਂ ਤੋਂ ਉਪਯੋਗੀ ਵਸਤਾਂ ਸਿਰਜ ਕੇ : ਪੰਜਾਬੀ ਮੁਟਿਆਰਾਂ ਦੇ ਸੁਹਜ ਦੀ ਮੁੱਖ ਵਿਸ਼ੇਸ਼ਤਾ ਚੌਗਿਰਦੇ ਵਿਚ ਮਿਲਦੀ ਹਰ ਉਸ ਚੀਜ਼ ਨੂੰ ਜੋ ਲਗਭਗ ਮੁਫਤ ਜਦੋਂ ਜਿੰਨੀ ਚਾਹੋ ਮਿਲ ਸਕੇ, ਦੇ ਮੁਢਲੇ ਸਿਧਾਂਤ ਅਨੁਸਾਰ ਨਿਗੁਣੀਆਂ ਬੇਕਦਰੀਆਂ ਕੁਦਰਤੀ ਚੀਜ਼ਾਂ ਨੂੰ ਵਸੀਲੇ (Resources) ਵਜੋਂ ਵਰਤਣ ਦੀ ਸੀ । ਇੰਜ ਕਰਦੇ ਹੋਏ ਪੰਜਾਬੀ ਮੁਟਿਆਰਾਂ ਤਨ ਦੀ ਮੁਸ਼ੱਕਤ, ਮਨ ਦੇ ਵਲਵਲੇ/ਅਹਿਸਾਸ ਹੱਥਾਂ ਦਾ ਹੁਨਰ, ਧਾਰਮਿਕ ਵਿਸ਼ਵਾਸ. ਲੋਕ ਕਲਾ ਦੇ ਸਭਿਆਚਾਰਕ ਪ੍ਰਵਾਣਿਤ ਨਮੂਨੇ ਅਤੇ ਸ਼ੈਲੀਆਂ ਨੂੰ ਪ੍ਰਤੀਕਾਂ, ਬਿੰਬਾਂ, ਰੰਗਾਂ ਦੀ ਚੋਣ ਕਰਕੇ ਜੋ ਵੀ ਨਵਾਂ ਸਿਰਜਦੀਆਂ, ਉਸ ਨਾਲ ਵਸਤਾਂ ਨੂੰ ਕਲਾਮਈ ਆਕਾਰ, ਰੰਗਾਂ ਦਾ ਸੁਮੇਲ, ਪੂਰਣਤਾ ਦਾ ਅਹਿਸਾਸ ਦਿਵਾਏ ਮਾਪ ਅਨੁਪਾਤ ਮਿਲਦੇ, ਨਵੀਆਂ ਸਿਰਜੀਆਂ ਵਸਤਾਂ ਖ਼ੂਬਸੂਰਤ ਉਪਯੋਗੀ ਅਤੇ ਘਰ ਦਾ ਸ਼ਿੰਗਾਰ ਬਣ ਜਾਂਦੀਆਂ । ਇੰਜ ਕਿ ਹਰ ਵਸਤੂ ਦੇ ਬਹੁ-ਪੱਖੀ ਉਪਯੋਗ ਹੋ ਸਕੇ ।

ਕਿਸੇ ਇਲਾਕੇ ਵਿਚ ਦੱਬ ਜ਼ਿਆਦਾ ਹੈ ਤਾਂ ਉਹਦੇ ਤੀਲਿਆਂ ਨਾਲ ਬਹੁਕਰਾਂ, ਛਿੱਕੂ, ਛਣਕਣੇ ਬਣਾ ਲਏ ਜਾਂਦੇ, ਕਿਸੇ ਇਲਾਕੇ ਵਿਚ ਕਾਨੇ ਜ਼ਿਆਦਾ ਹਨ ਤਾਂ ਕਾਨਿਆਂ ਨਾਲ ਮੂੜ੍ਹੇ, ਚਿੱਕਾਂ, ਸਿਰਕੀਆਂ, ਛੱਜ ਛੱਜਲੀਆਂ, ਬੱਚਿਆਂ ਲਈ ਛਣਕਣੇ ਬਣਾ ਲਏ ਜਾਂਦੇ, ਗੱਡਿਆਂ ਉੱਤੇ ਤੂੜੀ ਢੋਣ ਲਈ ਕਾਨਿਆਂ ਦੀ ਪਤਲ ਬਣਾ ਲਈ ਜਾਂਦੀ । ਕੁੱਕੜਾਂ ਦੇ ਖੁੱਡੇ, ਦੁੱਧ ਦੀ ਕਾੜ੍ਹਨੀ ਲਈ ਭੜੋਲੀ, ਤੰਦੂਰ ਦੀ ਥੜੀ, ਚੌਂਕੇ ਦੀ ਕੰਧ, ਪੜਛੱਤੀ ਦੇ ਦੇ ਵਧਾਅ ਆਦਿ ਦੀ ਉਸਾਰੀ ਤੇ ਸ਼ਿੰਗਾਰ ਕਰਦੇ ਹੋਏ ਕਾਨਿਆਂ ਨੂੰ ਚਿਣ ਦਿੱਤਾ ਜਾਂਦਾ ਸੀ ਕਾਨਿਆਂ ਲਈ ਨਮੂਨੇ (Patterns) ਉਘਾੜ ਲਏ ਜਾਂਦੇ। ਕਿਸੇ ਇਲਾਕੇ ਵਿਚ ਖਾਲਾਂ, ਨਹਿਰਾਂ ਕੰਢੇ ਖਜੂਰਾਂ ਜ਼ਿਆਦਾ ਹੁੰਦੀਆਂ ਤਾਂ ਹਰੇ ਖਜੂਰਾਂ ਦੇ ਖੱਗੇ ਵੱਢ ਕੇ ਸੁਕਾਏ ਜਾਂਦੇ, ਤੇ ਫਿਰ ਚੰਗੇਰਾਂ, ਛਿੱਕੂ, ਸਰਪੋਸ, ਪੱਖੀਆਂ, ਮੂਹੜੇ ਵਸਤਾਂ ਦਾ ਇਕ ਲੰਮਾ ਸਿਲਸਿਲਾ ਚਲ ਪੈਂਦਾ, ਖੱਗਿਆਂ ਨਾਲ ਹਾਰੇ, ਮਖੇਰਨੇ, ਖੱਪੇ ਬਣਾ ਲਏ ਜਾਂਦੇ ।

ਇਹ ਸਾਰੀ ਸਿਰਜਣਾ ਅਤੇ ਇਹਦੀ ਸਿਰਜਣਾਤਮਕ ਪ੍ਰਕਿਰਿਆ ਬੜਾ ਨਿੱਠ ਕੇ ਬੈਠਣ, ਸਿਰ ਜੋੜ ਕੇ ਕੰਮ ਕਰਨ, ਲਗਨ ਸਮਾਂ ਅਤੇ ਧਿਆਨ ਮੰਗਦੀਆਂ । ਨਤੀਜੇ ਵਜੋਂ ਕੁੜੀਆਂ ਇਕੱਠੀਆਂ ਹੋ ਕੇ ਇਕ ਦੂਜੇ ਤੋਂ ਨਮੂਨੇ ਸਿੱਖਦੀਆਂ, ਰੰਗਾਂ ਦੇ ਸੁਮੇਲ ਸਿੱਖਦੀਆਂ, ਬੁਣਾਈ ਦਾ ਹੁਨਰ/ਇਲਮ ਸਿੱਖਦੀਆਂ, ਉਹ ਨਮੂਨੇ ਜਿਹਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਬਣਾਉਣ ਲੱਗੇ ਕੋਈ ਅੱਖਾਂ ਅੱਗੇ ਤਸੱਵਰ 'ਚ ਨੱਚ ਉੱਠਦਾ। ਉਹ ਨਮੂਨੇ ਵੱਸ ਲੱਗਦੇ ਇਕ ਦੂਸਰੇ ਨੂੰ ਨਾ ਦਿੱਤੇ ਜਾਂਦੇ। ਸਹੁਰਿਆਂ ਦੇ ਪਿੰਡੋਂ ਜੋ ਜਠਾਣੀ/ਦਰਾਣੀ ਤੋਂ, ਨਨਾਣ ਤੋਂ, ਕਿਸੇ ਗੁਆਂਢਣ ਤੋਂ ਨਮੂਨਾ ਸਿੱਖਿਆ ਹੁੰਦਾ, ਉਹ ਕਿਸੇ ਸਹੇਲੀ ਜਾਂ ਭੈਣ ਭਤੀਜੀ ਨੂੰ ਦੱਸਿਆ ਜਾਂਦਾ। ਲੰਬੜਾਂ ਦੀ ਨੂੰਹ ਦੀ ਝਾਲਰਾਂ ਵਾਲੀ ਪੱਖੀ ਦਾ ਨਮੂਨਾ ਹੌਲਦਾਰਾਂ ਦੀ ਗੁਲਾਬੋ ਨੇ ਅੱਜੀਂ ਪੱਜੀਂ ਤਾਰਾਂ ਗਿਣਕੇ ਲਾਹ ਲਿਆ, ਬਸ ਹੋ ਗਏ ਮੂੰਹ ਮੋਟੇ। ਚਾਹੁੰਦੇ ਨਾ ਚਾਹੁੰਦੇ ਹੋਏ ਵੀ ਇਹ ਨਮੂਨੇ, ਇਹ ਕਲਾਮਈ ਬਿੰਬ, ਇਹ ਮੋਰ, ਕਾਂ, ਚਿੱੜੀਆਂ, ਇਹ ਤਿਤਲੀਆਂ, ਇਹ ਸੂਰਜ, ਇਹ ਸ਼ੇਰ, ਆਹ ਫੁੱਲ, ਉਹ ਵੇਲ, ਇਹ ਤਾਜ ਮਹਿਲ ਇਹ 'ਅੰਬਰਸਰ', ਇਹ ਦਰਸ਼ਨੀ ਡਿਉਢੀ, ਆਦਿ ਨਮੂਨੇ ਬਨੇਰਿਆਂ ਤੋਂ ਟੱਪਦੇ, (ਕੁੜੀਆਂ, ਚਿੜੀਆਂ, ਗਲੀਆਂ ਵਿਚ ਪਰਦੇ ਕਰਕੇ ਘੱਟ ਫਿਰਦੀਆਂ) ਦਿਮਾਗ ਵਿਚ ਨੱਚਦੇ, ਪੋਟਿਆਂ ਵਿਚ ਸੁਲਝਦੇ, ਰੰਗਾਂ ਦੇ ਸੁਮੇਲ ਵਿਚ ਗੁਟਕਦੇ, ਨਵੇਂ ਅਨੁਪਾਤ, ਨਵੇਂ ਰੰਗ ਸੁਮੇਲ ਨਵੇਂ ਅਰਥਾਂ ਨਾਲ ਮਚਲਦੇ ਅੱਗੇ ਹੀ ਅੱਗੇ ਇਕ ਘਰੋਂ, ਇਕ ਬਨੇਰਿਉਂ ਦੂਸਰੇ ਬਨੇਰਿਉਂ ਤੀਜੇ ਘਰ, ਤੀਜੀ ਗਲੀ ਹੁੰਦੇ ਹੋਏ ਇਕ ਪਿੰਡ, ਇਕ ਇਲਾਕੇ, ਵਿਚ ਫੈਲ ਜਾਂਦੇ।

ਇਹ ਸਾਰੀ ਰਚਨਾਤਮਕ ਪ੍ਰਕਿਰਿਆ ਅਲਜਬਰੇ ਦੇ ਸਿਰ ਸੜੇ ਸੁਆਲ ਵਾਂਗ ਕਦੇ ਵੀ ਅਕਾਉਣ ਤੇ ਥਕਾਉਣ ਵਾਲੀ ਨਾ ਹੁੰਦੀ। ਜਦੋਂ ਲੋਕ ਕਲਾ ਮੁਟਿਆਰਾਂ ਦੇ ਹੱਥੋਂ ਹੱਥ ਅਗੇ ਤੁਰਦੀ ਇਸ ਪ੍ਰਕਿਰਿਆ ਕੋਲ ਲੋਕ ਗੀਤ ਵੀ ਹੁੰਦੇ, ਜਜ਼ਬਾ ਵੀ ਤੇ ਹੇਕਾਂ ਵੀ ਤੇ ਹੂਕਾਂ ਵੀ। ਮਹਿੰਦੀ ਨਾਲ ਸ਼ਿੰਗਾਰੇ ਹੱਥ ਜਦੋਂ ਨਵੀਂ ਵੇਲ ਦਾ ਨਮੂਨਾ, ਚੰਗੇਰ ਤੇ ਬਣਾ ਰਹੇ ਹੁੰਦੇ, ਕੱਜਲ ਨਾਲ ਭਰੀਆਂ ਅੱਖਾਂ ਹੈਰਾਨੀ ਨਾਲ ਕਿਸੇ ਸਹੇਲੀ ਦੇ ਹੱਥਾਂ ਦੇ ਚਰਖੇ ਨੂੰ ਘੂਕਰ ਦਿੰਦਾ ਛੋਹਲਾਪਣ ਵੇਖ ਰਹੀਆਂ ਹੁੰਦੀਆਂ। ਰਾਂਗਲੀ ਦਾਤਣ ਕਰਕੇ ਰੰਗੇ ਬੁਲ੍ਹ, ਹਿੱਕ ਵਿਚ ਖੌਰੂ ਪਾਉਂਦੀ ਬੋਲੀ ਨੂੰ ਪਹਿਲਾਂ ਹੌਲੀ ਹੌਲੀ ਹੇਕ ਨਾਲ ਗੁਣਗੁਣਾਉਂਦੇ। ਹੇਕ ਦੀ ਮਸਤੀ ਨੂੰ ਕਿਆਸ ਕੇ ਕੋਈ ਸਹੇਲੀ ਬੋਲੀ ਦੇ ਅਰਥਾਂ ਬਾਰੇ ਟਿੱਚਰ ਕਰਦੀ। ਫਿਰ ਕੋਈ ਗੁੰਗੀ ਬੋਲੀ ਆਖ ਚਰਖੇ ਦੇ ਹੱਥ ਤੋਂ ਹੱਥ ਚੁੱਕ ਕੰਨਾਂ ਕੋਲ ਲਿਆ ਬੋਲੀ ਦੇ ਲਰਜਦੇ ਤੜਫਦੇ ਬੋਲਾਂ ਨੂੰ ਹਵਾ ਵਿਚ ਥਰਥਰਾਉਂਦੀ ਝਾਂਜਰਾਂ ਵਾਲੇ ਪੈਰਾਂ ਨੂੰ ਧਰਤੀ ਤੇ ਮਾਰ ਛੜਕਾਟਾ ਪਾਉਂਦੀ, ਫਿਰ ਕਸੀਦਾ, ਕੱਤਣਾ, ਰੰਗ ਭਰਨਾ, ਸਿੱਧਾ ਤੋਪਾ, ਦਸੂਤੀ ਦੀਆਂ ਚਾਦਰਾਂ, ਰੇਸ਼ਮ ਨਾਲ ਬੁਣਦੀਆਂ, ਬਣਤਰ ਲਾਹੁਣ ਲਈ ਜੋੜੀਆਂ ਕਾਨੀਆਂ, ਸਭ ਇਕ ਪਾਸੇ ਹੋ ਜਾਂਦਾ। ਪਿੜ ਬਣ ਜਾਂਦਾ, ਉਹ ਨੱਚਣ ਲੱਗ ਪੈਂਦੀਆਂ, ਧਰਤੀ ਉਹਨਾਂ ਦੇ ਪੈਰਾਂ ਥੱਲੇ, ਜਿਵੇਂ ਵਿਛ ਜਾਂਦੀ। ਉਹ ਗਾ ਗਾ ਕੇ ਰੱਜਦੀਆਂ ਨਾ, ਸ਼ਬਦਾਂ ਨੂੰ ਉਕਸਾਉ ਮੋੜ ਦੇ ਕੇ ਨੱਚਦੀਆਂ, ਸਮਾਂ ਠਹਿਰ ਗਿਆ ਲੱਗਦਾ, ਪਰ ਸਮਾਂ ਤੇ ਉੱਡਣ ਲੱਗ ਪੈਂਦਾ, ਸਿਰਜਣਾ, ਸੰਗੀਤ ਤੇ ਨਾਚ–ਲੋਕ ਕਲਾ ਦੀ ਸਿਰਜਣਾ ਜਿਵੇਂ ਲੋਕ ਸੰਗੀਤ ਨੂੰ ਨਵੇਂ ਬੁਲ੍ਹ, ਨਵੀਆਂ ਹੇਕਾਂ, ਨਵੇਂ ਅਰਥਾਂ ਨਾਲ ਨਵੀਆਂ ਬੋਲੀਆਂ ਇਕ ਹੋਰ ਪੁਲਾਂਘ ਅੱਗੇ ਲੈ ਆਂਦਾ ਹੁੰਦਾ।

ਇਹ ਸਾਰੀ ਸਿਰਜਣਾ ਕਰਦੇ ਹੋਏ ਲੋਕ ਗੀਤਾਂ, ਲੋਕ ਸਾਹਿਤ ਨੇ ਲੋਕ ਕਲਾਵਾਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਘਾੜਣ ਵਿਚ ਜ਼ਿਆਦਾ ਹਿੱਸਾ ਪਾਇਆ ਜਾਂ ਉਸ ਵਕਤ ਜਦੋਂ ਇਹ ਸਭ ਕੁਝ ਸਿਰਜਿਆ ਜਾ ਰਿਹਾ ਸੀ, ਉਸ ਵਕਤ ਨੂੰ ਲੋਕ ਗੀਤਾਂ ਦੇ ਉਪਯੋਗ ਨੇ ਲੋਕ ਸਾਹਿਤ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਵੰਡਿਆ ਹੈ। ਉਹਨੂੰ ਅੱਗੇ ਤੋਰਿਆ ਉਹਨੂੰ ਵਿਕਸਿਤ ਕੀਤਾ ਤੇ ਉਹਦਾ ਪ੍ਰਸਾਰ ਕੀਤਾ ਹੈ। ਇਸਦੀ ਸਥਾਪਤੀ ਪ੍ਰਸਾਰ ਅਤੇ ਸੰਭਾਲ ਵਿਚ ਕਿਸਦਾ ਜ਼ਿਆਦਾ ਹੱਥ ਹੈ; ਲੋਕ ਗੀਤਾਂ, ਲੋਕ ਕਲਾਵਾਂ ਨੂੰ ਉਘਾੜਿਆ ਜਾਂ ਲੋਕ ਕਲਾਵਾਂ ਲੋਕ ਗੀਤ ਨੂੰ ਨਵੀਆਂ ਹੇਕਾਂ ਨਵੇਂ ਅਰਥ ਦਿੱਤੇ, ਕਿਸ ਨੇ ਕਿਸ ਦਾ ਪ੍ਰਸਾਰ ਕੀਤਾ ਹੈ, ਨਿਰਣਾ ਕਰਨਾ ਔਖਾ ਹੈ।

(ii) ਦਾਜ ਨਾਲ ਜੁੜੀਆਂ ਵਸਤਾਂ ਨਾਲ ਘਰ ਨੂੰ ਸ਼ਿੰਗਾਰਣਾ : ਘਰ ਨੂੰ ਸ਼ਿੰਗਾਰਣ ਨਾਲ ਦੂਸਰਾ ਜੋ ਸੰਕਲਪ ਸੀ ਉਹ ਇਹ ਸੀ ਕਿ ਮੁਟਿਆਰਾਂ ਦਾਜ ਬਣਾਉਣ ਦੇ ਬਹਾਨੇ ਸੂਈ, ਸਿਲਾਈ, ਦਰੀਆਂ. ਖੇਸ, ਨਵਾਰ, ਨਾਲਿਆਂ ਦੀ ਬੁਣਾਈ ਕਰਕੇ, ਫੁੱਲਕਾਰੀ, ਬਾਗ, ਸਰ੍ਹਾਣੇ, ਪਲੰਘ ਪੋਸ਼, ਮੇਜ਼ ਪੋਸ਼, ਸਰ੍ਹਾਣੇ ਆਦਿ ਦੀ ਕਢਾਈ ਕਰਕੇ, ਸਿਲਮੇ ਸਿਤਾਰੇ, ਲੈਸਾਂ, ਕਰੋਸੀਏ ਨਾਲ ਕੱਢ ਕੇ ਆਪਣੇ ਘਰ ਨੂੰ ਸ਼ਿੰਗਾਰ ਸਕਣ। ਕਿਉਂਕਿ ਇਥੇ ਸੰਕਲਪ ਦਾਜ ਨਾਲ ਜਾ ਜੁੜਦਾ, ਇਥੇ ਵਸ ਲੱਗਦੇ ਮਹਿੰਗੀ ਤੋਂ ਮਹਿੰਗੀ, ਜ਼ਿਆਦਾ ਤੋਂ ਜ਼ਿਆਦਾ ਚਿਲਕਦੀ, ਚਮਕਦੀ ਵਸਤੂ ਤਿਆਰ ਕਰਨ ਦਾ ਸੰਕਲਪ ਸੀ। ਇਸ ਲਈ ਮੇਲੇ ਮੱਸਿਆ ਤੋਂ, ਨੇੜੇ ਦੇ ਕਸਬੇ ਤੋਂ, ਰੰਗ ਬਿਰੰਗੇ ਧਾਗੇ, ਮੋਤੀ, ਸ਼ੀਸ਼ੇ, ਸਿਲਮੇ ਸਿਤਾਰੇ, ਗੋਟੇ, ਮਣਕੇ. ਕੌਡੀਆਂ, ਮਾਲਾ ਆਦਿ ਵਸਤਾਂ ਨੂੰ ਆਪ ਜਾ ਕੇ ਜਾਂ ਆਉਂਦੇ ਜਾਂਦੇ ਤੋਂ ਮੰਗਾਇਆ ਜਾਂਦਾ। ਜੇ ਗਹੁ ਨਾਲ ਵੇਖਿਆ ਜਾਵੇ ਤਾਂ ਦਾਜ ਨਾਲ ਜੁੜੀਆਂ ਬਹੁਤੀਆਂ ਵਸਤਾਂ ਦੀ ਪ੍ਰਿਸ਼ਠ-ਭੂਮੀ ਵਿਚ ਚਰਖੇ, ਸੂਤੀ ਧਾਗੇ ਦੇ ਕੱਟਣ, ਅਟੇਰਣ, ਰੰਗਣ, ਉਨਾਈ ਬੁਨਾਈ ਨਾਲ ਜੁੜੇ ਸੰਕਲਪ ਉੱਭਰਦੇ। ਭਾਵ ਦਾਜ ਨਾਲ ਜੁੜੀਆਂ ਬਹੁਤੀਆਂ ਵਸਤਾਂ ਦਾ ਸਭਿਆਚਾਰਕ ਆਧਾਰ ਕਪਾਹ ਅਤੇ ਸੂਤੀ ਕਪੜੇ ਨਾਲ ਜੁੜੀ ਦਸਤਕਾਰੀ ਰਹੀ ਹੈ। ਜਿਸ ਇਲਾਕੇ ਵਿਚ ਕਪਾਹ ਨਰਮਾ ਨਾ ਵੀ ਹੁੰਦਾ ਕਿਸੇ ਦੂਰ ਦੇ ਰਿਸ਼ਤੇਦਾਰ ਤੋਂ ਵਿਆਹ/ਦਾਜ ਲਈ ਕੁਝ ਬੋਰੀਆਂ ਰੂੰ ਲੈਣਾ ਕਰ ਲਿਆ ਜਾਂਦਾ, ਫਿਰ ਰੂੰ ਆਉਂਦੇ ਹੀ, ਰੂੰ ਕੱਤਣ, ਅਟੇਰਣ, ਰੰਗਣ ਦਾ ਸਿਲਸਿਲਾ ਚਲ ਪੈਂਦਾ, ਫਿਰ ਸੂਤਰੀ ਪਲੰਘ, ਨਵਾਰੀ ਪਲੰਘ, ਨਾਲੇ, ਪਰਾਂਦੇ, ਬਾਗ. ਫੁੱਲਕਾਰੀਆਂ, ਪੱਖੀਆਂ, ਧਾਗੇ ਨੂੰ ਕਰੋਸ਼ੀਏ ਨਾਲ ਕੱਢ ਕੇ ਮੇਜ਼ ਪੋਸ਼, ਗੱਦੀਆਂ, ਸਿਰ੍ਹਾਣੇ, ਦਰੀਆਂ. ਖੇਸ ਆਦਿ ਬਣਾਉਣ ਦਾ ਸਿਲਸਿਲਾ ਚਲ ਪੈਂਦਾ। ਇਹਨਾਂ ਸਭ ਨਮੂਨਿਆਂ ਵਿਚ ਨਿਵੇਕਲਾ ਭਾਵ ਜ਼ਿਆਦਾ ਕੰਮ ਕਰਦਾ ਸੰਕਲਪ ਇਹ ਸੀ ਕਿ ਰੂੰ ਕੱਤਣ ਅਟੇਰਣ ਆਦਿ ਤਕ ਤਾਂ ਕੁੜੀਆਂ/ਮੁਟਿਆਰਾਂ ਤ੍ਰਿੰਞਣ ਵਿਚ ਇਕੱਠਾ ਬਹਿੰਦੀਆਂ ਖਲੋਂਦੀਆਂ ਕੰਮ ਕਰਦੀਆਂ, ਫਿਰ ਕਿਉਂਕਿ ਵਿਆਹ ਨੇੜੇ ਆ ਗਿਆ ਹੁੰਦਾ, ਘਰੋਂ ਮੁਟਿਆਰ ਦਾ ਨਿਕਲਣਾ ਘਟ ਜਾਂਦਾ। ਤੇ ਉਹ ਘਰ ਦੀਆਂ ਇਕ ਦੋ ਮੁਟਿਆਰਾਂ ਇਕੱਠੀਆਂ ਹੋ ਕੇ ਸੂਈ ਸਿਲਾਈ ਦਾ ਕੰਮ ਕਰਦੀਆਂ, ਇਥੇ ਸੋਚ ਇਕ ਦਮ ਵੱਖਰਾ ਨਮੂਨਾ ਉਘਾੜਣ ਦੀ, ਜਿਵੇਂ ਦਾ ਕਿਸੇ ਨਾ ਪਾਇਆ ਹੋਵੇ, ਹੁੰਦੀ। ਕਿਉਂਕਿ ਸਹੁਰੇ ਘਰ ਜਾਂਦੇ ਹੀ ਇਹ ਨਮੂਨੇ ਵਿਖਾਲੇ ਪੈ ਜਾਣੇ ਹੁੰਦੇ।। ਵਿਖਾਲੇ ਦੇ ਪ੍ਰਭਾਵ ਨੇ ਨੂੰਹ ਧੀ ਨੂੰ ਸੁਚੱਜੀ ਸਥਾਪਿਤ ਕਰਨਾ ਹੁੰਦਾ। ਫਿਰ ਇਹ ਉਹ ਸਮਾਂ ਹੁੰਦਾ ਜਦੋਂ ਹੋਣ ਵਾਲੇ ਹਾਣੀ ਦੇ ਰੂਪ ਆਕਾਰ ਕੱਦ ਕਾਠ ਬਾਰੇ ਘਰ ਵਿਚ ਕੰਮ ਕਰਦੇ ਕੰਨਸੋਅ ਮਿਲਦੀ। ਖਿਆਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਚ ਤਸੱਵਰ ਨੱਚਦਾ ਤੇ ਕਸੀਦੇ ਦੀ ਸੂਈ ਪੋਟੇ 'ਚ ਖੁਭ ਜਾਂਦੀ । ਫਿਰ ਅੱਖਾਂ ਵਿਚ ਸੁਰਮਾਂ ਤੇ ਬੁੱਲਾਂ ਉੱਤੇ ਪਿਆਰ ਨਾਲ ਆ ਗਈ ਜੁਆਨੀ ਮਾਹੀਆ, ਗਈ ਬਹਾਰ ਗਾਉਂਦੀ । ਉਹ ਮੁਟਿਆਰ ਕਈ ਕੁਝ ਕੱਢੀ ਜਾਂਦੀ । ਫਿਰ ਜਿਵੇਂ ਜਿਵੇਂ ਵਿਆਹ ਨੇੜੇ ਆਉਂਦਾ, ਨੇੜੇ ਦੀਆਂ ਰਿਸ਼ਤੇਦਾਰ ਭੈਣਾਂ ਭਤੀਜੀਆਂ, ਵਿਆਹ ਤੋਂ ਪਹਿਲਾਂ ਆ ਕੇ ਦਾਜ਼ ਦੀ ਰਹਿੰਦੀ ਕਸਰ ਪੂਰੀ ਕਰ ਦਿੰਦੀਆਂ ।

(iii) ਘਰ ਚੁੱਲ੍ਹੇ ਚੌਂਕੇ ਨੂੰ ਲਿੰਬ ਪੋਚ ਕੇ ਸ਼ਿੰਗਾਰਣਾ : ਪੰਜਾਬ ਦੇ ਸਭਿਆਚਾਰ ਵਿਚ ਮੁਟਿਆਰਾਂ ਕੋਲ ਲੋਕ ਕਲਾ ਦੀ ਸਿਰਜਣਾਤਮਕ ਰੁਚੀ ਨੂੰ ਪ੍ਰਗਟਾਉਣ ਦਾ ਤੀਜਾ ਵਸੀਲਾ ਹੁੰਦਾ ਗੋਹਾ, ਚੀਕਣੀ ਮਿੱਟੀ, ਕੱਚੀਆਂ ਪੱਕੀਆਂ ਇੱਟਾਂ, ਪੁਰਾਣੀ ਮਟਮੈਲੀ ਤੂੜੀ, ਕਾਨੇ, ਕਪਾਹ ਦੀਆਂ ਛਿੱਟੀਆਂ, ਆਦਿ ਦੇ ਸੁਮੇਲ ਨਾਲ ਘਰ ਨੂੰ ਪੋਚਾ ਮਾਰਨਾ, ਚੌਂਕੇ-ਚੁੱਲ੍ਹੇ, ਆਲੇ, ਭੜੋਲੇ, ਦੁਆਂਖੇ, ਪੜਛੱਤੀਆਂ, ਕੁੱਕੜਾਂ ਦੇ ਖੁੱਡੇ, ਚਾਂਵੇਂ ਚੁੱਲ੍ਹੇ, ਚਾਟੀਆਂ, ਕਾੜ੍ਹਨੀਆਂ ਰੱਖਣ ਵਾਲੇ ਰੌਂਸ, ਆਦਿ ਨੂੰ ਲੈ ਦੇ ਕੇ ਉਸਾਰਨਾ । ਗਾਰੇ ਦੇ ਗਿੱਲੇ ਹੋਣ ਕਰਕੇ ਉਹਨਾਂ ਦੇ ਆਠਰ ਜਾਣ ਦਾ ਇੰਤਜ਼ਾਰ, ਫਿਰ ਦੂਜਾ ਵਾਰ, ਤੀਜਾ ਵਾਰ ਤੇ ਜਦੋਂ ਇਹ ਸਭ ਮਾਪ ਅਨੁਪਾਤ ਅਨੁਸਾਰ ਪੂਰਾ ਹੁੰਦਾ, ਫਿਰ ਇਹ ਨੂੰ ਕਲਾਤਮਕ ਛੂਹਾਂ ਦੇ ਕੇ, ਇਹਦੇ ਉੱਤੇ ਕਿੰਗਰੇ, ਫੁੱਲ-ਬੂਟੇ, ਵੇਲਾਂ, ਕਬੂਤਰ, ਬਿੱਲੇ, ਤੋਤੇ ਆਦਿ ਨੂੰ ਖਿੱਚ ਪਾਊ ਅੰਦਾਜ਼ ਵਿਚ ਉਘਾੜਨਾ ।

ਘਰ ਚੁੱਲ੍ਹੇ ਚੌਂਕੇ ਨੂੰ ਲਿੰਬਣ ਪੋਚਣ ਦਾ ਕੰਮ ਆਮ ਤੌਰ ਤੇ ਇਕਸਾਰ ਚਲ ਰਹੀ ਜ਼ਿੰਦਗੀ ਵਿਚ, ਆਮ ਕਾਰ ਵਿਹਾਰ ਵਿਚ, ਦੈਨਿਕ ਕੰਮ ਸੀ । ਜਿੰਨਾ ਘਰਾਂ ਵਿਚ ਸੁੱਚ ਤੇ ਜ਼ਿਆਦਾ ਜ਼ੋਰ ਹੁੰਦਾ, ਉਥੇ ਸਵੇਰੇ ਉੱਠ ਕੇ ਮੁਟਿਆਰਾਂ ਚੁੱਲ੍ਹੇ ਵਿਚ ਧੁਖਦੀ ਅੱਗ ਨੂੰ (ਜੋ ਮਾਚਿਸ ਦੀਆਂ ਤੀਲਾਂ ਘੱਟ ਬਾਲਣ ਦੇ ਸਰਫੇ ਵਜੋਂ ਰਾਤ ਸਾਰੀ ਗੋਹੇ ਧੁਖਾ ਕੇ ਧੁਖਦੀ ਰੱਖੀ ਜਾਂਦੀ) ਕਿਸੇ ਭੜੋਲੀ ਆਦਿ, ਜਾਂ ਚੱਪਣੀ ਉੱਤੇ ਪਾ ਕੇ ਸਾਰੇ ਚੁੱਲ੍ਹੇ ਨੂੰ ਚੀਕਣੀ ਮਿੱਟੀ ਦਾ ਪਰੋਲਾ ਫੇਰਿਆ ਜਾਂਦਾ, ਕਾਲਾ ਧੂੰਆਂਖੇ ਰੰਗਾ ਚੁੱਲ੍ਹਾ ਸਲੇਟੀ ਰੰਗਾ ਹੋ ਜਾਂਦਾ, ਫਿਰ ਚੁੱਲ੍ਹੇ 'ਚ ਅੱਗ ਬਾਲ ਕੇ ਘਰ ਦਾ ਖਾਣ ਪੀਣ ਦਾ ਸਮਾਨ ਤਿਆਰ ਹੋਣ ਲੱਗ ਪੈਂਦਾ । ਹਫਤੇ ਦਸਾਂ ਦਿਨਾਂ ਬਾਅਦ ਵਿਹੜੇ ਅਤੇ ਕੱਚੇ ਫ਼ਰਸ਼ ਵਾਲੇ ਕਮਰਿਆਂ ਵਿਚ ਵੀ ਗੋਹੇ ਦਾ ਪੋਚਾ ਫੇਰਿਆ ਜਾਂਦਾ ।

ਪਰ ਜਦੋਂ ਪਿੰਡ ਵਿਚ ਤਿਉਹਾਰ ਹੁੰਦੇ, ਜਦੋਂ ਗੁਰਪੁਰਬ ਆਉਣ ਵਾਲਾ ਹੁੰਦਾ, ਜਦੋਂ ਵਿਸਾਖੀ ਦਿਵਾਲੀ ਆਉਣ ਵਾਲੇ ਹੁੰਦੇ, ਜਦੋਂ ਵੀਰ ਘਰ ਪੁੱਤ ਜੰਮਦਾ, ਜਦੋਂ ਇਹ ਖਿਆਲ ਇਕ ਉਡੀਕ ਵਾਂਗ ਦਿਲ ਵਿਚ ਧੁੱਖਦਾ ਕਿ ਪਤਾ ਨਹੀਂ ਕਦੋਂ ਵਿਚੋਲੀ ਮਾਸੀ ਨਾਲ ਕੋਈ ਸਹੁਰੇ ਪਿੰਡੋਂ ਔਰਤ ਉਹਨੂੰ ਤੇ ਘਰ ਨੂੰ ਵੇਖਣ ਆ ਜਾਵੇ । ਬਸ ਇਹੋ ਜਿਹੇ ਵੇਲੇ ਮੁਟਿਆਰ ਰੰਬਾ ਲੈ ਕੇ ਚੌਂਕੇ-ਚੁੱਲੇ ਪੜਛੱਤੀਆਂ ਦੇ ਸਾਰੇ ਲੇਅ ਲਾਹ ਸੁੱਟਦੀ, ਇਸ ਪ੍ਰਕਿਰਿਆ ਵਿਚ ਛਾਂਗੇ ਜਾਂਦੇ ਉਹ ਸਾਰੇ ਮੋਰ, ਘੁੱਗੀਆਂ, ਕਬੂਤਰ ਜੋ ਮੁਟਿਆਰ ਦੀਆਂ ਨਜ਼ਰਾਂ 'ਚ ਘਰ ਵਾਲੇ ਉਤਸਵ ਦੇ ਮਹੱਤਵ ਅਨੁਸਾਰ ਹੁਣ ਪੁਰਾਣੇ ਪੁਰਾਣੇ ਬੁਸੇ ਬੁਸੇ ਲਗਦੇ । ਉਹ ਸਹੇਲੀਆਂ ਨਾਲ ਕਿਸੇ ਢਾਬ, ਟੋਭੇ ਕੰਢਿਉਂ ਚੀਕਣੀ ਮਿੱਟੀ ਦੇ ਬੱਠਲ ਲਿਆਉਂਦੀ, ਤੂੜੀ ਲਾ ਕੇ ਮਣਛਿਟੀ, ਗੋਹਾ ਇਕੱਠਾ ਕਰਦੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਤ ਸਾਰੀ ਪ੍ਰਕਿਰਿਆ ਵਿਚ ਜਦੋਂ ਵੀ ਉਹ ਹਮ-ਉਮਰ ਮੁਟਿਆਰਾਂ ਨਾਲ ਹੁੰਦੀ ਜਾਂ ਇਕੱਲੀ ਹੁੰਦੀ ਤਾ ਉਹ ਗੁਣਗੁਣਾਉਂਦੀ, ਕੋਈ ਖਿੱਚ ਪਾਉਂਦਾ, ਉਹਦੀ ਬਿਹਬਲਤਾ, ਉਹਦੀ ਇਕੱਲਤਾ ਕਦੀ ਕਦੀ ਉਹਦੀ ਉਦਾਸੀ, ਉਹਦੇ ਵਿਛੋੜੇ ਨੂੰ ਪ੍ਰਗਟਾਉਂਦਾ ਗੀਤ। ਫਿਰ ਉਂਗਲਾਂ ਗਾਰੇ ਨੂੰ ਇਕ ਗੋਲਾਈ ਦਿੰਦੀਆਂ, ਦਿਮਾਗ਼ ਵਿਚ ਨੱਠ ਉੱਠਦੇ ਕੁਦਰਤ ਆਧਾਰਿਤ ਕੁਦਰਤੀ ਬੂਟੇ, ਵੇਲਾਂ ਦੇ ਆਕਾਰ, ਪਸ਼ੂ ਪੰਛੀਆਂ ਦੇ ਕੱਦ ਕਾਠ, ਸੂਰਜ, ਚੰਦ, ਤਾਰਿਆਂ ਦੇ ਪ੍ਰਤੀਕ, ਜੋ ਚੌਂਕੇ ਦੀ ਕੰਧ, ਖੁੱਡੇ ਦੀ ਕੰਧ, ਭੜੋਲੀ ਦੇ ਆਕਾਰ ਦੀ ਉਸਾਰੀ ਦੇ ਨਾਲ ਨਾਲ ਉਘਾੜਨੇ ਹੁੰਦੇ। ਅੱਖਾਂ ਨੇ ਜੋ ਵੀ ਸੁਹਣਾ ਕਿਤੇ ਵੇਖਿਆ ਹੁੰਦਾ, ਹੱਥਾਂ ਦੇ ਸੁਹਜ ਨਾਲ ਉਹਨੂੰ ਨਵੇਂ ਪਰਿਪੇਖ ਵਿਚ, ਉਹ ਉਘਾੜ ਲੈਂਦੀ। ਫਿਰ ਤਜ਼ਰਬੇ ਤੋਂ ਜਾਂ ਅਚੇਤ ਹੀ ਵੱਡੀਆਂ ਭੈਣਾਂ, ਭੂਆ, ਮਾਮੀਆਂ, ਮਾਸੀਆਂ ਨੂੰ, ਕੁਝ ਬਣਾਉਂਦੇ ਵੇਖ ਕੇ ਜੋ ਸਿਖਿਆ ਹੁੰਦਾ, ਉਸ ਤੋਂ ਪਤਾ ਹੁੰਦਾ ਕਿ ਚੌਂਕੇ ਦੀ ਕੰਧ ਜਦੋਂ ਅੱਖਾਂ ਦੀ ਉਚਾਈ ਤੇ ਆ ਜਾਵੇ, ਉਹਦੇ 'ਚ ਵਿਚ ਵਿਚ ਮੋਰੀਆਂ ਰੱਖਣੀਆਂ ਹਨ। ਤੰਦੂਰ ਦੇ ਗਲਮੇ ਕੋਲ ਦੋ ਕੁ ਫੁੱਟ ਦਾ ਵਰਗਾਕਾਰ ਚੌਕੀ ਨੁਮਾ ਵਧਾਅ ਰੱਖਣਾ ਹੈ ਤਾਂ ਕਿ ਉਸ ਉੱਤੇ ਚੰਗੇਰ ਵਿਚ ਫੁਲਕੇ ਰੱਖੇ ਜਾ ਸਕਣ। ਕੁੱਕੜਾਂ ਦੇ ਖੁੱਡੇ ਦੀ ਮੋਰੀ ਇੰਨੀ ਰੱਖਣੀ ਹੈ ਕਿ ਉਸ ਵਿਚੋਂ ਹਵਾ ਤਾਂ ਅੰਦਰ ਜਾਏ ਪਰ ਬਿੱਲੀ, ਨਿਉਲਾ ਅੰਦਰ ਨਾ ਜਾ ਸਕੇ। ਪੜਛੱਤੀ ਬਣਾਉਂਦੇ ਹੋਏ ਅੱਗੇ ਅੱਟਣ ਨੁਮਾ ਵਧਾਅ ਬਣਾਉਣਾ ਹੈ ਕਿ ਕੈਂਹਿ ਦਾ ਇਕ ਥਾਲ ਲਾਹੁਣ ਲੱਗੇ ਦੂਸਰਾ ਜੇ ਰਿੜ੍ਹ ਵੀ ਜਾਏ ਤਾਂ ਵਧਾਅ ਨਾਲ ਅੜ ਕੇ ਪੜਛੱਤੀ ਉਤੇ ਹੀ ਟਿਕਿਆ ਰਹੇ ਥਲੇ ਨਾ ਡਿੱਗੇ।

ਹਰ ਵਾਰੀ ਉਪਰੋਕਤ ਦੱਸੀ ਸਿਰਜਣਾ, ਇਕ ਨਵਾਂ ਅਨੁਭਵ ਹੁੰਦੀ। ਅਜਿਹੇ ਵੇਲੇ ਮੁਟਿਆਰ ਇਕੋ ਵੇਲੇ ਵਸਤੂਕਾਰ (Architect), ਥਾਂ ਥਿਪ ਦੀ ਯੋਜਨਾਕਾਰ (Site Planner), ਮੂਰਤਾਂ ਘੜਨ ਦੀ ਮਾਹਿਰ (Sculpturist), ਅੰਦਰਲੀ ਸਜਾਵਟ ਦੀ ਮਾਹਿਰ (Interrior Decorates), ਲੋਕ ਕਲਾ ਦੀ ਮਾਹਿਰ (Folk Artist), ਇਹ ਸਾਰੇ ਵੱਖੋ ਵੱਖਰੇ ਤਰਤੀਬ ਵਿਉਂਤਬੰਦੀ ਨਾਲ ਜੁੜੇ ਵੱਖਰੇ ਵੱਖਰੇ ਵਿਭਾਗ, ਇਕੋ ਵਿਅਕਤੀ ਵਿਸ਼ੇਸ਼ ਵਿਚ ਸਮਾ ਜਾਂਦਾ। ਫਿਰ ਜੋ ਉਹ ਸਿਰਜਦੀ ਉਹਦੇ ਵਿਚ ਧਾਰਮਿਕ ਵਿਸ਼ਵਾਸ ਵੀ ਹੁੰਦੇ, ਸਮਾਜਿਕ ਰਹਿਣ ਸਹਿਣ ਵੀ, ਲੋਕ ਕਲਾ ਦੇ ਬਿੰਬ ਤੇ ਪ੍ਰਤੀਕ ਵੀ, ਹੁਸਨ ਵੀ, ਸਾਦਗੀ ਵੀ ਤੇ ਕੁਦਰਤ ਦੇ ਰੂਪ ਦੇ ਆਕਾਰ ਅਤੇ ਚੌਗਿਰਦੇ ਨਾਲ ਸੁਰਤਾਲ ਅਤੇ ਇਕਸੁਰਤਾ ਵੀ। ਭਾਵੇਂ ਸੁਹਜ ਸ਼ਿੰਗਾਰ ਕਿੰਨਾ ਵੀ ਕੀਤਾ ਜਾਂਦਾ ਹੁੰਦਾ, ਇਹ ਹੁੰਦਾ ਉਪਯੋਗੀ ਧਰਾਤਲ ਉਤੇ।

ਪਿੰਡਾਂ ਦੇ ਸੁਹਜ ਸ਼ਿੰਗਾਰ ਨਾਲ ਜੁੜੇ ਸੰਕਲਪਾਂ ਅਤੇ ਪ੍ਰਤੀਕਾਂ ਵਿਚ ਕਲਾ, ਕਲਾ ਲਈ, ਫ਼ਲਸਫ਼ੇ ਲਈ ਕੋਈ ਥਾਂ ਨਹੀਂ ਪਿੰਡ ਵਿਚ ਕਲਾ ਜ਼ਿੰਦਗੀ ਲਈ ਹੈ, ਇਹਦਾ ਉਪਯੋਗ ਹੈ, ਇਸ ਲੋਕ ਕਲਾ ਦਾ ਸਿਖਰ ਚੁੱਲ੍ਹਾ ਤੇ ਚੌਕਾ ਹੋ ਨਿੱਬੜਦਾ, ਕਿੱਥੇ ਘੜੇ ਰੱਖਣੇ ਹਨ ਤੇ ਕਿਥੇ ਘੜਵੰਜੀ ਟਿਕਾਈ ਜਾਏਗੀ, ਕਿਥੇ ਚਾਟੀ, ਕਿਥੇ ਕਾਹੜਨੀ ਰੱਖਣੀ ਹੈ, ਕਿਥੇ ਅਚਾਰ ਵਾਲਾ ਘੜਾ ਜਾਂ ਮਰਤਬਾਨ ਰੱਖਣਾ ਹੈ, ਕਿਥੇ ਭਾਂਡਿਆਂ ਵਾਲਾ ਟੋਕਰਾ, ਕਿਥੇ ਪਾਣੀ ਵਾਲੀ ਬਾਲਟੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸ ਲਈ ਕਿਸ ਪਾਸੇ ਕਿੰਨੀ ਥਾਂ ਚਾਹੀਦੀ ਹੈ। ਉਹਦੀ ਦਿੱਖ, ਉਹਦਾ ਸ਼ਿੰਗਾਰ ਕਿਵੇਂ ਕਰਨਾ ਹੈ। ਕਈ ਵਾਰੀ ਤਾਂ ਕਿਸੇ ਸੁਹਜਮਈ ਚੌਂਕੇ ਦੀ ਹੂ ਬ ਹੂ ਨਕਲ ਕਰ ਲਈ ਜਾਂਦੀ। ਪਰ ਜਿਥੇ ਤਜ਼ਰਬੇ ਕਰਨ ਦਾ ਸ਼ੌਂਕ ਹੁੰਦਾ ਉਥੇ ਹਰ ਵਾਰੀ ਚੌਂਕੇ ਦੀ ਦਿੱਖ ਇਕ ਨਵਾਂ ਨਮੂਨਾ ਹੁੰਦਾ, ਰੇਖਾ ਗਣਿਤ ਦੀਆਂ ਸ਼ਕਲਾਂ, ਚੰਨ, ਸੂਰਜ, ਤਾਰੇ, ਪਸ਼ੂ ਪੰਛੀ ਸਾਰੇ ਇਕੋ ਕੰਧ ਨੂੰ ਸ਼ਿੰਗਾਰ ਜਾਂਦੇ। ਇਹ ਚੁੱਲ੍ਹਾ, ਚੌਂਕਾ ਆਪਣੇ ਆਪ ਇਕ ਨਵੇਕਲੀ ਇਕਾਈ ਹੋ ਨਿੱਬੜਦਾ, ਜਿਹਦੇ ਤੱਤ (Elements) ਤੱਥ (Aspects) ਪ੍ਰਤੀਕ ਤਾਂ ਭਾਵੇਂ ਉਹੀ ਹੁੰਦੇ ਜੋ ਆਮ ਘਰਾਂ ਵਿਚ ਹੁੰਦੇ ਪਰ ਉਹਦੀ ਦਿੱਖ ਵਿਲੱਖਣ ਹੁੰਦੀ, ਵੇਲਾਂ ਤੇ ਫੁੱਲਾਂ ਦੀ ਸਮਰੂਪਤਾ ਕਰਕੇ, ਮੋਰਾਂ ਘੁੱਗੀਆਂ ਦੇ ਚਹਿਚਹਾਉਂਦੇ ਆਕਾਰਾਂ ਕਰਕੇ, ਸੂਰਜ, ਚੰਨ ਦੇ ਰੌਸ਼ਨੀ ਕਰਕੇ ਕਈ ਥਾਵਾਂ ਤੇ ਸੂਰਜ ਦਾ ਅਹਿਸਾਸ ਉਘਾੜਨ ਲਈ ਸ਼ੀਸ਼ੇ ਦੇ ਗੋਲ ਟੁਕੜੇ ਨੂੰ ਮਿੱਟੀ ਵਿਚ ਚਿਣਕੇ ਉਹ ਦੇ ਚਾਰ ਚੁਫੇਰੇ ਕਿਰਨਾਂ ਉਘਾੜੀਆਂ ਜਾਂਦੀਆਂ। ਹੁਣ ਤਾਂ ਕਈ ਥਾਵਾਂ ਤੇ ਬੇਕਾਰ ਹੋ ਗਏ ਬਿਜਲੀ ਦੇ ਬਲਬ ਅਸਮਾਨ ਵੱਲ ਮੂੰਹ ਕਰਕੇ ਚਿਣੇ ਜਾਂਦੇ ਵੀ ਵੇਖਣ ਨੂੰ ਮਿਲਦੇ ਹਨ। ਇਹਨਾਂ ਦੀ ਗੋਲਾਈ, ਚੁਲ੍ਹੇ ਦੀ ਉਤਲੀ ਕੰਧ ਉਤੇ ਕਿੰਗਰਿਆਂ ਦੇ ਨਵੇਂ ਮਾਪਦੰਡ ਸਥਾਪਿਤ ਕਰਦੀ ਹੈ। ਇਸ ਵਿਲੱਖਣ ਦਿੱਖ ਵਿਚ ਮੁਟਿਆਰਾਂ ਦੇ ਸੁਹਜ ਕਲਾ ਦੇ ਅਹਿਸਾਸ ਉੱਘੜ ਆਉਂਦੇ ਤੇ ਜਦੋਂ ਇਹ ਚੁੱਲ੍ਹਾ ਚੌਂਕਾ ਬਣ ਕੇ ਤਿਆਰ ਹੁੰਦਾ, ਇਹ ਪੂਰਣਤਾ ਦਾ ਅਹਿਸਾਸ ਦੁਆਂਦਾ ਇਕ ਇਕਾਈ ਹੋ ਨਿਬੜਦਾ। ਇੰਨੀ ਪਵਿੱਤਰ ਇਕਾਈ ਜਿਹਦੀ ਹਕੂਮਤ ਮੁਟਿਆਰ ਸੁਆਣੀ ਦੇ ਹੱਥ ਹੁੰਦੀ। ਪਰ ਉਹਦੀ ਮਹਿਕ ਵਿਹੜੇ ਵਿਚ ਪਸਰ ਜਾਂਦੀ, ਉਹਦੀ ਕਲਾ ਸ਼ਿੰਗਾਰ ਦੀਆਂ ਗੱਲਾਂ ਹੁੰਦੀਆਂ ਤੇ ਇਹ ਇੰਨਾ ਪਵਿੱਤਰ ਲੱਗਣ ਲੱਗਦਾ ਕਿ ਚੌਂਕੇ ਤੋਂ ਬਾਹਰ ਜੁੱਤੀ ਲਾਹ ਕੇ ਜਾਣਾ ਮੁਕੱਦਸ ਫ਼ਰਜ਼ ਬਣ ਜਾਂਦਾ। ਇਸ ਚੌਂਕੇ ਵਿਚ ਅੰਨ ਪੱਕਣ ਦੀ ਵਾਸ਼ਨਾ ਵੀ ਹੁੰਦੀ, ਲੋਕ ਕਲਾ ਦਾ ਹੁਸਨ ਵੀ ਤੇ ਜਿੰਨਾ ਇਹ ਚੌਂਕਾ ਸ਼ਿੰਗਾਰਿਆ ਹੁੰਦਾ, ਉਨਾ ਸੁਹਜ ਸੁਆਦ ਵੀ। ਇਸ ਚੌਂਕੇ ਕੋਲ ਆ ਕੇ ਜ਼ਿੰਦਗੀ ਦੇ ਸਾਰੇ ਤਣਾਅ (Tensions) ਅੱਖੋਂ ਪਰੋਖੇ ਹੋ ਜਾਂਦੇ।[22]

ਪਿੰਡਾਂ ਦੇ ਸੁਹਜ ਸ਼ਿੰਗਾਰ ਨਾਲ ਜੁੜੇ ਸੰਕਲਪ ਅਤੇ ਪ੍ਰਤੀਕ ਮੁਟਿਆਰਾਂ ਦੇ ਸੁਹਜਮਈ ਹੱਥਾਂ ਨਾਲ ਜਦੋਂ ਉਘਾੜੇ ਜਾਂਦੇ ਹਨ ਤਾਂ ਇਹਨਾਂ ਵਿਚੋਂ ਕਲਾ ਤਾਂ ਝਲਕਦੀ ਹੀ ਹੈ। ਸੰਗੀਤ ਦੇ ਚਸ਼ਮੇ ਵੀ ਫੁੱਟਦੇ ਨਜ਼ਰ ਆਉਂਦੇ ਹਨ। ਇਸ ਲਈ ਇਸ ਲੇਖ ਦਾ ਇਹ ਭਾਗ ਪੰਜਾਬੀ ਮੁਟਿਆਰਾਂ ਦੇ ਹੁਨਰ ਨੂੰ ਸਮਰਪਿਤ ਹੈ। ਜੇ ਸਿਰਫ਼ ਇਕ ਫੁੱਲਕਾਰੀ ਉੱਤੇ ਇਕ ਤੋਂ ਵੱਧ ਥੀਸਿਸ ਹੋ ਸਕਦੇ ਹਨ ਤਾਂ ਬਾਕੀ ਸੁਹਜ ਕ੍ਰਿਤਾਂ ਉੱਤੇ ਅਨੇਕਾਂ ਥੀਸਿਸ ਲਿਖੇ ਜਾ ਸਕਦੇ ਹਨ। ਜੇਕਰ ਇਹ ਲੇਖ ਇਸ ਗੱਲ ਨੂੰ ਉਜਾਗਰ ਕਰ ਸਕਿਆ ਹੈ ਤਾਂ ਲੇਖਕ ਆਪਣਾ ਯਤਨ ਸਫ਼ਲ ਸਮਝੇਗਾ।

7786

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Access on 17-6-93
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Samaj Foundation Chenn



ਪਿੰਡ ਵਿਉਂਤ ਅਤੇ ਸਭਿਆਚਾਰ

ਮਨਜੀਤ ਸਿੰਘ

omain. Gurukul Kangri Co